
Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Now April 30
-Travelers -Progressive -Fidelity Access -Safeco-Victoria -Fidelity Access -Mapfre -GMAC -Kemper Preferred

Gurdawar Singh Mann
Phone: 510-487-1000 Email: mann@ggiausa.com
License # 0D74334 Certified Agent


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਇੰਸ਼ੋਰੈਂਸ ਕਰਵਾਓ, 2015 ਦੇ ਟੈਕਸ ਵਿਚ ਜੁਰਮਾਨੇ ਤੋਂ ਬਚੋ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672 Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 16, April 18, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਧੂਰੀ ਨੇ ਸੁਖਬੀਰ ਦਾ ਚਿੱਤ ਫਿਰ ਡੁਲ੍ਹਾਇਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਧੂਰੀ ਵਿਧਾਨ ਸਭਾ ਦੀ ਉਪ ਚੋਣ ਵਿਚ ਫਤਿਹ ਹਾਸਲ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਵਿਚ ਬਹੁਮਤ ਹਾਸਲ ਕਰ ਲਿਆ ਹੈ। ਪਹਿਲਾਂ ਅਕਾਲੀ ਦਲ ਕੋਲ ਆਪਣੇ 58 ਵਿਧਾਇਕ ਸਨ ਅਤੇ ਵਿਧਾਨ ਸਭਾ ਵਿਚ ਬਹੁਮਤ ਸਾਬਤ ਕਰਨ ਲਈ ਇਸ ਨੂੰ ਇਕ ਵਿਧਾਇਕ ਦੀ ਲੋੜ ਸੀ ਜਿਸ ਨੂੰ ਧੂਰੀ ਜ਼ਿਮਨੀ ਚੋਣ ਨੇ ਪੂਰਾ ਕਰ ਦਿੱਤਾ ਹੈ। ਇਸ ਜਿੱਤ ਨਾਲ ਅਕਾਲੀ ਦਲ, ਭਾਜਪਾ ਦੇ 'ਚੁੰਗਲ' ਵਿਚੋਂ ਵੀ ਆਜ਼ਾਦ ਹੋ ਗਿਆ ਹੈ। ਇਸ ਦੇ ਨਾਲ ਹੀ ਇਕ ਵਾਰ ਫਿਰ ਸ. ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੀ ਗੱਦੀ ਨੇੜੇ ਲੱਗਣ ਲੱਗ ਪਈ ਹੈ, ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਉਨ੍ਹਾਂ (ਸੁਖਬੀਰ) ਦੇ ਮੁੱਖ ਮੰਤਰੀ ਬਣਨ ਦੇ ਰਾਹ ਵਿਚ ਭਾਜਪਾ ਹੀ ਵੱਡਾ ਰੋੜਾ ਹੈ। ਉਧਰ, ਭਾਜਪਾ ਨੂੰ ਵੀ ਐਤਕੀਂ ਅਕਾਲੀ ਦਲ ਦੀ ਜਿੱਤ ਦੇ ਸਿੱਟਿਆਂ ਬਾਰੇ ਪੂਰਾ ਗਿਆਨ ਸੀ। ਇਸ ਲਈ ਭਾਜਪਾ ਇਨ੍ਹਾਂ ਚੋਣਾਂ ਤੋਂ ਦੂਰ ਹੀ ਰਹੀ।

ਕਾਂਗਰਸ ਦਾ ਆਪਸੀ ਕਲੇਸ਼ ਤੇ ਆਮ ਆਦਮੀ ਪਾਰਟੀ ਦਾ ਇਸ ਚੋਣ ਤੋਂ ਲਾਂਭੇ ਰਹਿਣਾ ਅਕਾਲੀ ਦਲ ਦੇ ਹੱਕ ਵਿਚ ਭੁਗਤਿਆ। ਅਕਾਲੀ ਉਮੀਦਵਾਰ ਗੋਬਿੰਦ ਸਿੰਘ ਲੌਂਗੋਵਾਲ ਨੇ ਕਾਂਗਰਸ ਦੇ ਉਮੀਦਵਾਰ ਸਿਮਰ ਪ੍ਰਤਾਪ ਸਿੰਘ ਬਰਨਾਲਾ ਤੋਂ ਪਹਿਲੇ ਗੇੜ ਵਿਚ ਹੀ 4067 ਵੋਟਾਂ ਦੀ ਲੀਡ ਲੈ ਲਈ ਸੀ ਅਤੇ ਫਿਰ ਹਰ ਗੇੜ ਦੀ ਗਿਣਤੀ ਪਿੱਛੋਂ ਇਹ ਲੀਡ ਵਧਦੀ ਹੀ ਗਈ। ਆਖਰਕਾਰ ਉਨ੍ਹਾਂ ਸ. ਸਿਮਰ ਪ੍ਰਤਾਪ ਸਿੰਘ ਬਰਨਾਲਾ ਨੂੰ 37501 ਵੋਟਾਂ ਦੇ ਫਰਕ ਨਾਲ ਪਛਾੜ ਦਿੱਤਾ। ਕਾਂਗਰਸ ਨੂੰ ਇਹ ਆਸ ਉਕਾ ਨਹੀਂ ਸੀ ਕਿ

(ਬਾਕੀ ਸਫਾ 6 'ਤੇ)


ਸਿਮਰ ਪ੍ਰਤਾਪ ਸਿੰਘ ਬਰਨਾਲਾ


ਗੋਬਿੰਦ ਸਿੰਘ ਲੌਂਗੋਵਾਲ


## ਹਰ ਸਿਆਸੀ ਧਿਰ ਨੂੰ ਮਿਲਿਆ ਮੌਕਾ

ਧੂਰੀ ਤੋਂ ਵੱਖ-ਵੱਖ ਪਾਰਟੀਆਂ ਦੇ ਆਗੂ ਜਿੱਤਦੇ ਰਹੇ ਹਨ। 1957 ਵਿਚ ਕਾਂਗਰਸ ਦੇ ਜਸਦੇਵ ਸਿੰਘ, 1962 ਵਿਚ ਸੀ.ਪੀ.ਆਈ. ਦੇ ਭਾਨ ਸਿੰਘ, 1967 ਵਿਚ ਕਾਂਗਰਸ ਦੇ ਟੀ ਸਿੰਘ, 1969 ਵਿਚ ਕਾਂਗਰਸ ਦੇ ਸੰਤ ਸਿੰਘ, 1972 ਵਿਚ ਸੀ.ਪੀ.ਆਈ. ਦੇ ਅੱਛਰਾ ਸਿੰਘ, 1977 ਤੇ 1980 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਤ ਸਿੰਘ, 1985 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੁਰਿੰਦਰ ਸਿੰਘ, 1992 ਤੇ 1997 ਵਿਚ ਕਾਂਗਰਸ ਤੇ ਆਜ਼ਾਦ ਤੌਰ ਉਤੇ ਧਨਵੰਤ ਸਿੰਘ, 2002 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਗਗਨਜੀਤ ਸਿੰਘ ਬਰਨਾਲਾ, 2007 ਵਿਚ ਆਜ਼ਾਦ ਉਮੀਦਵਾਰ ਇਕਬਾਲ ਸਿੰਘ ਅਤੇ 2012 ਵਿਚ ਕਾਂਗਰਸ ਆਗੂ ਅਰਵਿੰਦ ਖੰਨਾ ਇਸ ਸੀਟ ਤੋਂ ਜਿੱਤੇ ਸਨ।

# 'ਆਪ' ਆਗੂਆਂ ਦੀਆਂ ਦੂਰੀਆਂ ਹੋਰ ਵਧੀਆਂ

## ਬਾਗੀਆਂ ਵਲੋਂ 'ਸਵਰਾਜ ਅਭਿਆਨ' ਚਲਾਉਣ ਦਾ ਐਲਾਨ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਬਾਗੀ ਆਗੂਆਂ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਵੱਲੋਂ ਭਵਿੱਖ ਲਈ ਰਣਨੀਤੀ ਤੈਅ ਕਰਨ ਲਈ ਕਰਵਾਏ 'ਸਵਰਾਜ ਸੰਵਾਦ' ਪ੍ਰੋਗਰਾਮ ਵਿਚ ਨਵੀਂ ਪਾਰਟੀ ਬਣਾਉਣ ਦਾ ਫੈਸਲਾ ਛੇ ਮਹੀਨਿਆਂ ਲਈ ਟਾਲ ਦਿੱਤਾ ਗਿਆ ਅਤੇ ਨਾਲ ਹੀ 'ਸਵਰਾਜ ਅਭਿਆਨ' ਨਾਂ ਦਾ ਗਰੁੱਪ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਨਵੀਂ ਪਾਰਟੀ ਬਣਾਉਣ ਬਾਰੇ ਕਰਵਾਈ ਰਾਇਸ਼ੁਮਾਰੀ ਵਿਚ 70 ਫੀਸਦੀ ਵਰਕਰਾਂ ਨੇ ਪਾਰਟੀ ਵਿਚ ਰਹਿ ਕੇ ਹੀ ਆਪਣੇ ਹੱਕ ਲਈ ਲੜਨ ਦੀ ਗੱਲ ਆਖੀ। ਦੂਜੇ ਪਾਸੇ ਅਰਵਿੰਦ ਕੇਜਰੀਵਾਲ ਨੇ ਇਸ ਸਮਰੋਹ ਵਿਚ ਸ਼ਿਰਕਤ ਕਰਨ ਵਾਲਿਆਂ ਖਿਲਾਫ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। 'ਆਪ' ਦੇ ਸੀਨੀਅਰ ਆਗੂ ਸੰਜੇ ਸਿੰਘ ਨੇ ਕਿਹਾ ਕਿ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਅਤੇ ਕੌਮੀ ਕਾਰਜਕਾਰਨੀ ਇਸ ਪ੍ਰਸੰਗ ਵਿਚ ਅਗਲੇ ਕਦਮ ਬਾਰੇ ਫੈਸਲਾ ਕਰੇਗੀ। ਉਨ੍ਹਾਂ ਕਿਹਾ ਕਿ 'ਸਵਰਾਜ ਸੰਵਾਦ' ਪਾਰਟੀ ਦਾ ਸਮਰੋਹ ਨਹੀਂ ਹੈ।




'ਆਪ' ਦੇ ਵੱਡੀ ਗਿਣਤੀ ਆਗੂ ਤੇ ਅਹਿਮ ਹਸਤੀਆਂ ਬਾਗੀਆਂ ਦੀ ਇਸ ਕਨਵੈਕਸ਼ਨ ਤੋਂ ਲਾਂਭੇ ਹੀ ਰਹੇ, ਪਰ ਉਨ੍ਹਾਂ ਨੇ ਲਿਖਤੀ ਬਿਆਨਾਂ ਰਾਹੀਂ ਇਕਜੁੱਟਤਾ ਪ੍ਰਗਟਾਈ। ਪਾਰਟੀ ਦੇ ਪਟਿਆਲਾ ਤੋਂ ਸੰਸਦ ਮੈਂਬਰ

(ਬਾਕੀ ਸਫਾ 6 'ਤੇ)


Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067

Jassi Gill
CA DRE Lic.#01180969
CA DRE# 00966763


Raja SWEETS & CATERING
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloode Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ੴ ਸਤਿਗੁਰ ਪ੍ਰਸਾਦਿ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

## ਗੁਰਦੁਅਰਾ ਸਾਹਿਬ ਐਲ ਸਬਰਾਂਟੇ ਦੀ ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਨੂੰ

# ਖਾਲਸਾ ਸਿਰਜਣਾ ਦਿਵਸ ਦੀ ਬੇਅੰਤ ਬੇਅੰਤ ਵਧਾਈ ਹੋਵੇ ਜੀ




ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਪੰਥ ਦਾ ਸਿਰਜਣਾ ਦਿਵਸ 19 ਅਪਰੈਲ 2015 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਖਾਲਸਾ ਪੰਥ ਦੇ ਸਿਰਜਣਾ ਦਿਹਾੜੇ 'ਤੇ 18 ਅਪਰੈਲ, ਸਨਿਚਰਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਬੇਨਤੀ ਹੈ ਕਿ ਵੱਧ ਤੋਂ ਵੱਧ ਸਿੰਘ ਤੇ ਸਿੰਘਣੀਆਂ ਸਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

17 ਅਪਰੈਲ, ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸਤਨਾਮ ਸਿੰਘ ਅਤੇ ਸਮੂਹ ਪਰਿਵਾਰ ਵਲੋਂ ਹੋਵੇਗੀ। ਅਖੰਡ ਪਾਠ ਦਾ ਭੋਗ ਐਤਵਾਰ, 19 ਅਪਰੈਲ ਨੂੰ ਸਵੇਰੇ 9:30 ਵਜੇ ਪਵੇਗਾ। ਤਿੰਨੋ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਐਤਵਾਰ, 19 ਅਪਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 8 ਵਜੇ ਹੋਵੇਗੀ। ਇਸ ਦਿਨ ਖਾਸ ਤੌਰ 'ਤੇ ਦਸ਼ਮੇ ਪਾਤਸ਼ਾਹ ਵਲੋਂ ਪੀਰ ਬੁਧੂ ਸ਼ਾਹ ਦੇ ਪਰਿਵਾਰ ਨੂੰ ਬਖਸ਼ਿਸ਼ ਕੀਤੇ ਹੋਏ ਕੰਘਾ ਸਾਹਿਬ, ਕਿਰਪਾਨ ਸਾਹਿਬ, ਦਸਤਾਰ ਸਾਹਿਬ ਅਤੇ ਹਥ ਲਿਖਤ ਹੁਕਮਨਾਮਾ ਸਾਹਿਬ ਦੇ ਦਰਸ਼ਨ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ, ਕੈਲੀਫੋਰਨੀਆ, ਯੂ ਐਸ ਏ ਦੇ ਸਹਿਯੋਗ ਨਾਲ ਕਰਵਾਏ ਜਾਣਗੇ।

ਵਿਸਾਖੀ ਸਮਾਗਮ ਵਿਚ ਭਾਈ ਹਰਬਲਜੀਤ ਸਿੰਘ ਜੀ, ਭਾਈ ਬਲਵਿੰਦਰ ਸਿੰਘ ਜੀ, ਕਥਾਵਾਚਕ ਗਿਆਨੀ ਪੂਰਨ ਸਿੰਘ ਜੀ ਅਤੇ ਹੋਰ ਪੰਥ ਪ੍ਰਸਿਧ ਪ੍ਰਚਾਰਕ ਹਾਜ਼ਰੀ ਭਰਨਗੇ। 19 ਅਪਰੈਲ ਨੂੰ ਖਾਸ ਤੌਰ 'ਤੇ ਗਤਕੇ ਦੇ ਜੌਹਰ ਵਿਖਾਏ ਜਾਣਗੇ ਜਿਸ ਵਿਚ ਵੱਖ ਵੱਖ ਟੀਮਾਂ ਗਤਕੇ ਦੇ ਜੌਹਰ ਵਿਖਾਉਣਗੀਆਂ ਅਤੇ ਬੱਚਿਆਂ ਨੂੰ ਇਨਾਮ ਵੰਡੇ ਜਾਣਗੇ। ਸਮੂਹ ਸੰਗਤਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**
ਭਾਈ ਇੰਦਰਜੀਤ ਸਿੰਘ 510-774-4118, ਭਾਈ ਵਰਿੰਦਰ ਸਿੰਘ 510-928-4625
ਭਾਈ ਕੁਲਵਿੰਦਰ ਸਿੰਘ 510-472-2749, ਨਿਹੰਗ ਬਾਬਾ ਜੀ 510-734-5277

# ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਕੈਲੀਫੋਰਨੀਆ

**3550 Hillcrest Rd., El Sobrante, CA 94804**


ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ (ਪਹਿਲੀ ਜਨਵਰੀ 2000-2015)

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸ਼ੁਭਚਿੰਤਕਾਂ ਵਲੋਂ ਸਭ ਨੂੰ

# ਖਾਲਸਾ ਸਾਜਨਾ ਦਿਵਸ ਵਿਸਾਖੀ ਦੀ ਲੱਖ ਲੱਖ ਵਧਾਈ

*ਪਿਛਲੇ 15 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਸਿੰਘ ਥਿਆੜਾ | ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ



*ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ*

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਕਾਨਾ ਸਿੰਘ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ*


**ਪੰਜਾਬ ਟਾਈਮਜ਼**

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

**Published simultaneously from Chicago, California & New York.**

**Ph: 847-359-0746**

*e-mail: punjabtimes1@sbcglobal.net, website: www.punjabtimesusa.com*

# ਕਤਲੇਆਮ 84 ਵਾਲੇ ਕੇਸਾਂ 'ਚ ਉਡਾਈਆਂ ਕਾਨੂੰਨ ਦੀਆਂ ਧੱਜੀਆਂ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਵਿਚ ਹੋਏ ਨੁਕਸਾਨ ਦਾ ਕੋਈ ਰਿਕਾਰਡ ਉਪਲਬਧ ਨਹੀਂ ਹੈ ਤੇ ਸਾਲ 1984 ਦੇ ਅਪਰਾਧ ਰਜਿਸਟਰ ਮੁਤਾਬਕ ਕਿਸੇ ਸਿੱਖ ਦੀ ਹੱਤਿਆ ਨਹੀਂ ਹੋਈ। ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਮੰਗੀ ਗਈ ਜਾਣਕਾਰੀ ਦੇ ਜਵਾਬ ਵਿਚ ਥਾਣਾ ਕੋਤਵਾਲੀ ਕਾਨਪੁਰ ਨਗਰ (ਉੱਤਰ ਪ੍ਰਦੇਸ਼) ਦੇ ਮੁਖੀ ਨਿਰੀਖਿਕ ਵੱਲੋਂ ਉਪਰੋਕਤ ਜਾਣਕਾਰੀ ਉਪਲੱਬਧ ਕਰਵਾਈ ਗਈ ਹੈ। ਇਸ ਮਾਮਲੇ ਦਾ ਖ਼ੁਲਾਸਾ ਕਰਦਿਆਂ ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ ਦੇ ਕੌਮੀ ਪ੍ਰਧਾਨ ਕੁਲਦੀਪ ਸਿੰਘ ਭੋਗਲ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਹੋਰਨਾਂ ਸੂਬਿਆਂ ਵਿਚ ਕਤਲੇਆਮ ਦਾ ਸ਼ਿਕਾਰ ਹੋਏ ਬੇਗੁਨਾਹ ਪੀੜਤ ਹਾਲੇ ਵੀ ਇਨਸਾਫ਼ ਲਈ ਖੱਜਲ-ਖੁਆਰ ਹੋ ਰਹੇ ਹਨ ਪਰ ਹਕੂਮਤਾਂ ਨੇ ਸਿੱਖਾਂ ਨੂੰ ਇਨਸਾਫ਼ ਦਿਵਾਉਣ ਤੋਂ ਬਿਲਕੁਲ ਪਾਸਾ ਵੱਟਿਆ ਹੋਇਆ ਹੈ। ਉਪਰੋਕਤ ਮਸਲੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਆਰ.ਟੀ.ਆਈ ਤਹਿਤ ਮਿਲੀ ਜਾਣਕਾਰੀ ਸੱਚਮੁਚ ਹੀ ਹੈਰਾਨ ਕਰਨ ਵਾਲੀ ਹੈ, ਕਿਉਂਕਿ ਜਿਸ ਦੇਸ਼ ਵਿਚ ਜਲ੍ਹਿਆਂ ਵਾਲਾ ਬਾਗ ਕਾਂਡ ਤੋਂ ਲੈ ਕੇ ਇੰਦਰਾ ਗਾਂਧੀ ਹੱਤਿਆ ਕਾਂਡ ਤੱਕ ਦੇ ਸਾਰੇ ਪੁਲਿਸ ਰਿਕਾਰਡ ਮੌਜੂਦ ਹੋਣ, ਉਥੇ ਇਹ ਕਹਿਣਾ ਕਿ 1984 ਦੇ ਦੰਗਿਆਂ ਨਾਲ ਸਬੰਧਤ ਰਿਕਾਰਡ ਨਸ਼ਟ ਕਰ ਦਿੱਤੇ ਗਏ ਹਨ, ਇਹ ਸਿੱਖ ਕੌਮ ਨਾਲ ਵਿਤਕਰਾ ਤੇ ਜਮੂਹਰੀਅਤ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਇਸ ਤੋਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਸਿੱਖਾਂ ਨੂੰ ਇਨਸਾਫ਼ ਦਿਵਾਉਣ ਪ੍ਰਤੀ ਪ੍ਰਸ਼ਾਸਨ ਬਿਲਕੁਲ ਵੀ ਗੰਭੀਰ ਨਹੀਂ। ਭੋਗਲ ਨੇ ਸਵਾਲ ਉਠਾਇਆ ਕਿ ਇਕ ਪਾਸੇ ਰਿਕਾਰਡ ਮੁਤਾਬਕ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਕੋਈ ਸਿੱਖ ਨਹੀਂ ਮਾਰਿਆ ਗਿਆ, ਜਦ ਕਿ ਦੂਜੇ ਪਾਸੇ ਕਿਹਾ ਜਾ ਰਿਹਾ ਹੈ ਕਿ ਥਾਣੇ ਦਾ ਰਿਕਾਰਡ ਹੀ ਖ਼ਤਮ ਕਰ ਦਿੱਤਾ ਗਿਆ ਤਾਂ ਫਿਰ ਇਸ ਜਾਣਕਾਰੀ ਦਾ ਆਧਾਰ ਕੀ ਹੈ। ਉਨ੍ਹਾਂ ਕਿਹਾ ਕਿ ਇਹ ਜਵਾਬ ਦੇ ਕੇ ਕਾਨੂੰਨ ਵਿਵਸਥਾ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਸ. ਭੋਗਲ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਅਪੀਲ ਕੀਤੀ ਹੈ ਕਿ ਇਸ ਬਾਰੇ ਤੁਰੰਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਤੋਂ ਬਾਅਦ ਸਭ ਤੋਂ ਜ਼ਿਆਦਾ ਹਿੰਸਾ ਕਾਨਪੁਰ ਵਿਚ ਹੋਈ ਸੀ, ਜਿਥੇ 300 ਦੇ ਕਰੀਬ ਸਿੱਖ ਕਤਲ ਕਰ ਦਿੱਤੇ ਗਏ ਸਨ। ਜਦਕਿ ਸਰਕਾਰੀ ਅੰਕੜੇ ਸਿਰਫ਼ 127 ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕਰਦੇ ਹਨ। ਕਾਨਪੁਰ ਵਿਚ 2700 ਸਿੱਖਾਂ ਦੀਆਂ ਜਾਇਦਾਦਾਂ ਦਾ ਵੀ ਨੁਕਸਾਨ ਹੋਇਆ ਸੀ, ਜਿਸ ਦੀ ਭਰਪਾਈ ਲਈ ਫਾਰਮ ਭਰੇ ਗਏ ਪਰ 31 ਵਰ੍ਹੇ ਬੀਤਣ ਉਤੇ ਵੀ 1300 ਸਿੱਖਾਂ ਨੂੰ ਅੱਧਾ-ਅਧੂਰਾ ਮੁਆਵਜ਼ਾ ਦਿੱਤਾ ਗਿਆ ਹੈ।

### ਆਰ.ਟੀ.ਆਈ. ਜਾਣਕਾਰੀ ਵਿਚ ਹੋਏ ਅਹਿਮ ਖੁਲਾਸੇ



### ਗ੍ਰਹਿ ਮੰਤਰਾਲੇ ਕੋਲ 5 ਸਿੱਖ ਫੌਜੀ ਮਾਰੇ ਜਾਣ ਦੀ ਸੂਚਨਾ

**ਚੰਡੀਗੜ੍ਹ:** ਗ੍ਰਹਿ ਮੰਤਰਾਲੇ ਅਨੁਸਾਰ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਵਿਚ ਜੇ.ਸੀ.ਓ. ਪੱਧਰ ਦੇ ਸਿਰਫ ਪੰਜ ਸਿੱਖ ਫੌਜੀ ਅਧਿਕਾਰੀ ਹੀ ਮਾਰੇ ਗਏ ਹਨ। ਹਾਲਾਂਕਿ ਫੌਜ ਹੈਡਕੁਆਰਟਰ ਅਨੁਸਾਰ ਇਸ ਕਤਲੇਆਮ ਵਿਚ 15 ਸਿੱਖ ਫੌਜੀ ਮਾਰੇ ਗਏ, ਜਿਨ੍ਹਾਂ ਵਿਚੋਂ ਪੰਜ ਫੌਜ, ਅੱਠ ਹਵਾਈ ਫੌਜ ਤੇ ਦੋ ਸਮੁੰਦਰੀ ਫੌਜ ਦੇ ਅਧਿਕਾਰੀ ਸਨ। ਸੂਚਨਾ ਅਧਿਕਾਰ ਐਕਟ ਤਹਿਤ ਕੇਂਦਰੀ ਗ੍ਰਹਿ ਮੰਤਰਾਲਾ ਤੇ ਦਿੱਲੀ ਸਥਿਤ ਫੌਜੀ ਮੁੱਖ ਦਫ਼ਤਰ ਵੱਲੋਂ ਦਿੱਤੇ ਗਏ ਵੇਰਵੇ ਹੀ ਆਪਸ ਵਿਚ ਮੇਲ ਨਹੀਂ ਖਾ ਰਹੇ। ਇਹ ਜਾਣਕਾਰੀ ਪ੍ਰਾਪਤ ਕਰਨ ਵਾਲੀ ਸੰਸਥਾ ਆਲ ਇੰਡੀਆ ਡਿਫੈਂਸ ਬ੍ਰਦਰਹੁੱਡ ਨੇ ਕਿਹਾ ਹੈ ਕਿ ਅਸਲੀਅਤ ਇਹ ਹੈ ਕਿ ਇਸ ਕਤਲੇਆਮ ਵਿਚ ਸੈਂਕੜੇ ਫੌਜੀ ਜਵਾਨ ਤੇ ਫੌਜੀ ਅਧਿਕਾਰੀ ਮਾਰੇ ਗਏ ਤੇ ਸੈਂਕੜੇ ਹੀ ਅਜੇ ਤੱਕ ਲਾਪਤਾ ਹਨ, ਜਿਨ੍ਹਾਂ ਬਾਰੇ ਕੋਈ ਵੀ ਸਰਕਾਰੀ ਵਿਭਾਗ ਕੋਈ ਸੂਚਨਾ ਦੇਣ ਲਈ ਤਿਆਰ ਨਹੀਂ ਹੈ।

# ਸਰਕਾਰ ਦੀ ਨਾਲਾਇਕੀ ਕਾਰਨ ਕਿਸਾਨਾਂ ਨੂੰ ਲੱਗਾ 70 ਕਰੋੜ ਦਾ ਰਗੜਾ

**ਬਠਿੰਡਾ:** ਪੰਜਾਬ ਦੇ ਕਿਸਾਨ ਸੱਤ ਮਹੀਨੇ ਪਹਿਲਾਂ ਬਾਰਸ਼ ਕਾਰਨ ਫਸਲਾਂ ਦੇ ਹੋਏ ਖਰਾਬੇ ਦਾ ਮੁਆਵਜ਼ਾ ਉਡੀਕ ਰਹੇ ਹਨ ਕਿਉਂਕਿ ਸੂਬਾ ਸਰਕਾਰ ਦੀ ਨਾਲਾਇਕੀ ਕਾਰਨ ਕਿਸਾਨਾਂ ਦੀ ਤਕਰੀਬਨ 70 ਕਰੋੜ ਦੀ ਮੁਆਵਜ਼ਾ ਰਾਸ਼ੀ ਲੈਪਸ ਹੋ ਗਈ ਹੈ।

ਮਾਲ ਵਿਭਾਗ ਨੇ ਹੁਣ ਇਹ ਮੁਆਵਜ਼ਾ ਰਾਸ਼ੀ ਨਵੇਂ ਬਜਟ ਵਿਚ ਮਨਜ਼ੂਰ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਸਾਲ 2014-15 ਲਈ 203.22 ਕਰੋੜ ਦੇ ਫੰਡ ਪੰਜਾਬ ਲਈ ਨਿਰਧਾਰਤ ਕੀਤੇ ਸਨ, ਜਿਨ੍ਹਾਂ ਵਿਚੋਂ 101.61 ਕਰੋੜ ਰੁਪਏ ਰਿਲੀਜ਼ ਵੀ ਕਰ ਦਿੱਤੇ ਸਨ ਪਰ ਇਹ ਫੰਡ ਪ੍ਰਭਾਵਿਤ ਕਿਸਾਨਾਂ ਤੱਕ ਨਹੀਂ ਪੁੱਜੇ, ਜਿਸ ਕਾਰਨ ਜਾਰੀ ਹੋਈ ਰਾਸ਼ੀ ਵਿਚੋਂ 70 ਕਰੋੜ ਰੁਪਏ ਲੈਪਸ ਹੋ ਗਏ ਹਨ।

ਪੰਜਾਬ ਸਰਕਾਰ ਨੇ ਰਾਜ ਦੇ ਪੰਜ ਜ਼ਿਲ੍ਹਿਆਂ ਲਈ ਮੁਆਵਜ਼ਾ ਰਾਸ਼ੀ ਮਨਜ਼ੂਰ ਕੀਤੀ ਸੀ ਪਰ ਖ਼ਜ਼ਾਨੇ ਵਿਚੋਂ ਇਹ ਫੰਡ ਰਿਲੀਜ਼ ਨਾ ਹੋ ਸਕੇ। ਰਾਜ ਸਰਕਾਰ ਵੱਲੋਂ ਵਰਤੋਂ ਸਰਟੀਫਿਕੇਟ ਨਾ ਦਿੱਤੇ ਜਾਣ ਕਰਕੇ ਮੁਆਵਜ਼ਾ ਰਾਸ਼ੀ ਦੀ ਦੂਜੀ ਕਿਸ਼ਤ ਕੇਂਦਰ ਤੋਂ ਨਾ ਮਿਲ ਸਕੀ। ਪੰਜਾਬ ਵਿਚ ਸਤੰਬਰ 2014 ਵਿਚ ਭਾਰੀ ਮੀਂਹ ਪਿਆ ਸੀ, ਜਿਸ ਨਾਲ ਮਾਨਸਾ, ਬਠਿੰਡਾ, ਮੁਕਤਸਰ, ਫਾਜ਼ਿਲਕਾ ਤੇ ਫ਼ਿਰੋਜ਼ਪੁਰ ਵਿਚ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਸੀ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਮਾਨਸਾ ਦੇ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਦਾ ਕਹਿਣਾ ਹੈ ਕਿ ਬਾਰਸ਼ ਨੇ ਦੂਜੀ ਦਫਾ ਮਾਰ ਪਾ ਦਿੱਤੀ ਹੈ ਪਰ ਸਰਕਾਰ ਨੇ ਪਿਛਲੇ ਖਰਾਬੇ ਦਾ ਮੁਆਵਜ਼ਾ ਹਾਲੇ ਤੱਕ ਨਹੀਂ ਭੇਜਿਆ। ਪੰਜਾਬ ਸਰਕਾਰ ਨੇ 23 ਫਰਵਰੀ 2015 ਨੂੰ ਜ਼ਿਲ੍ਹਾ ਫਾਜ਼ਿਲਕਾ ਨੂੰ 19.33 ਕਰੋੜ, ਮੁਕਤਸਰ ਲਈ 22.79 ਕਰੋੜ, ਮਾਨਸਾ ਲਈ 2.20 ਕਰੋੜ ਤੇ ਫ਼ਿਰੋਜ਼ਪੁਰ ਲਈ 8.26 ਲੱਖ ਰੁਪਏ ਮਨਜ਼ੂਰ ਕਰ ਦਿੱਤੇ ਸਨ। ਮਾਨਸਾ ਜ਼ਿਲ੍ਹੇ ਨੂੰ 44 ਲੱਖ ਰੁਪਏ ਵੱਖਰੇ ਪ੍ਰਾਪਤ ਹੋਏ ਸਨ, ਜੋ 444 ਨੁਕਸਾਨੇ ਘਰਾਂ ਲਈ ਪ੍ਰਭਾਵਿਤ ਪਰਿਵਾਰਾਂ ਨੂੰ ਵੰਡ ਦਿੱਤੇ ਗਏ ਸਨ। ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਨੂੰ ਮਨਜ਼ੂਰ ਕੀਤੇ ਮੁਆਵਜ਼ਾ ਵਾਲਾ ਪੱਤਰ ਤਾਂ ਮਿਲ ਗਿਆ ਪਰ ਖ਼ਜ਼ਾਨੇ ਵਿਚੋਂ ਪੈਸਾ ਜਾਰੀ ਨਹੀਂ ਹੋ ਸਕਿਆ।

ਡਿਪਟੀ ਕਮਿਸ਼ਨਰ ਮੁਕਤਸਰ ਜਸਕਿਰਨ ਸਿੰਘ ਦਾ ਕਹਿਣਾ ਹੈ ਕਿ ਮਨਜ਼ੂਰ ਰਾਸ਼ੀ 31 ਮਾਰਚ ਤੱਕ ਖ਼ਜ਼ਾਨੇ ਵਿਚੋਂ ਰਿਲੀਜ਼ ਨਹੀਂ ਹੋ ਸਕੀ, ਜਿਸ ਕਰ ਕੇ ਫੰਡ ਲੈਪਸ ਹੋ ਗਏ ਹਨ। ਮਾਨਸਾ ਦੇ ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੁਬਾਰਾ ਸਰਕਾਰ ਤੋਂ ਮੁਆਵਜ਼ਾ ਰਾਸ਼ੀ ਦੀ ਮਨਜ਼ੂਰੀ ਮੰਗੀ ਹੈ ਕਿਉਂਕਿ 31 ਮਾਰਚ ਨੂੰ ਪੈਸਾ ਡਰਾਅ ਨਹੀਂ ਹੋ ਸਕਿਆ ਸੀ। ਫਾਜ਼ਿਲਕਾ ਦੇ ਵਧੀਕ ਡਿਪਟੀ ਕਮਿਸ਼ਨਰ ਚਰਨਦੇਵ ਸਿੰਘ ਮਾਨ ਨੇ ਵੀ ਮੁਆਵਜ਼ਾ ਰਾਸ਼ੀ ਰਿਲੀਜ਼ ਨਾ ਹੋਣ ਦੀ ਪੁਸ਼ਟੀ ਕੀਤੀ। ਵੇਰਵਿਆਂ ਅਨੁਸਾਰ ਪੰਜਾਬ ਵਿਚ ਸਾਲ 2014-15 ਦੌਰਾਨ 1.06 ਲੱਖ ਹੈਕਟੇਅਰ ਫਸਲ ਦਾ ਮੀਂਹਾਂ ਕਾਰਨ ਨੁਕਸਾਨ ਹੋਇਆ ਸੀ, ਜਦੋਂ ਕਿ 14,494 ਘਰਾਂ ਦਾ ਨੁਕਸਾਨ ਹੋਇਆ। ਲੰਘੇ ਵਿੱਤੀ ਸਾਲ ਵਿਚ ਮੁਆਵਜ਼ੇ ਵਾਸਤੇ ਐਸ.ਡੀ.ਆਰ.ਐਫ. ਤਹਿਤ 270.96 ਕਰੋੜ ਦੇ ਫੰਡ ਨਿਰਧਾਰਤ ਹੋਏ ਸਨ, ਜਿਸ ਵਿਚ 67.74 ਕਰੋੜ ਦੀ ਰਾਜ ਸਰਕਾਰ ਦੀ ਹਿੱਸੇਦਾਰੀ ਵੀ ਸ਼ਾਮਲ ਸੀ।

ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥

# ਗੁਰਦੁਆਰਾ ਫਰੀਮਾਂਟ 'ਚ ਖਾਲਸੇ ਦੇ ਸਾਜਨਾ ਦਿਵਸ ਦੀ ਖੁਸ਼ੀ ਵਿਚ ਸੈਮੀਨਾਰ

## 18 ਅਪਰੈਲ 2015, ਸਨਿਚਰਵਾਰ

*ਦੁਪਹਿਰ 12 ਵਜੇ ਤੋਂ 4 ਵਜੇ ਤੀਕ*

**ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਖਾਲਸੇ ਦੇ 316ਵੇਂ ਸਾਜਨਾ ਦਿਵਸ ਦੀ ਖੁਸ਼ੀ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜੋ 18 ਅਪਰੈਲ 2015 ਦਿਨ ਸਨਿਚਰਵਾਰ ਨੂੰ ਦੁਪਹਿਰ 12:00 ਵਜੇ ਤੋਂ ਲੈ ਕੇ ਸ਼ਾਮ 4:00 ਵਜੇ ਤੱਕ ਹੋਵੇਗਾ।**



### ਸੈਮੀਨਾਰ ਦਾ ਵਿਸ਼ਾ ਇਨ੍ਹਾਂ ਇਲਾਹੀ ਹੁਕਮਾਂ ਅਨੁਸਾਰ ਹੋਵੇਗਾ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥
ਅਤੇ
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨ ਕਰੋਂ ਇਨਕੀ ਪ੍ਰਤੀਤ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਦੀ ਆਗਿਆ ਅਨੁਸਾਰ ਖਾਲਸੇ ਦੀ ਸਿਰਜਣਾ ਕਰਕੇ ਇਕ ਅਦੁੱਤੀ ਇਤਿਹਾਸ ਰਚਿਆ ਹੈ। ਪੰਜ ਪਵਿੱਤਰ ਕੱਕਾਰਾਂ ਰਾਹੀ ਖਾਲਸੇ ਦੀ ਸ਼ਖਸੀਅਤ ਨੂੰ ਸਾਕਾਰ ਕਰਨ ਦੀ ਪਿੱਠ ਭੂਮੀ ਪਿਛੇ ਸਦੀਆਂ ਦੇ ਇਤਿਹਾਸ ਦੀ ਘਾਲ ਕਮਾਈ ਹੈ। ਇਹ ਕੱਕਾਰ ਸਿੱਖ ਧਰਮ ਦੇ ਫਲਸਫੇ ਅਤੇ ਸੋਚ ਨੂੰ ਗੈਬੀ ਦਿਬ ਦ੍ਰਿਸ਼ਟੀ ਰਾਹੀ ਕਿਵੇਂ ਰੂਪਮਾਨ ਕਰਦੇ ਹਨ? ਇਨ੍ਹਾਂ ਸਵਾਲਾਂ ਦਾ ਜਵਾਬ ਢੂੰਡਣ ਦਾ ਯਤਨ ਇਸ ਸੈਮੀਨਾਰ ਵਿਚ ਕੀਤਾ ਜਾਵੇਗਾ। ਪੰਜਾਬੀ ਤੇ ਅੰਗਰੇਜ਼ੀ ਵਿਚ ਵੱਖ ਵੱਖ ਬੁਲਾਰਿਆਂ ਦੇ ਖੋਜੀ ਵਿਚਾਰਾਂ ਨੂੰ ਸੁਣਨ ਲਈ ਸਮੂਹ ਸਾਧ ਸੰਗਤ ਨੂੰ ਵਿਚਾਰ ਗੋਸ਼ਟੀ ਵਾਲੇ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਜੀ।

**ਬੁਲਾਰੇ:**
1. ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ, 2. ਭਾਈ ਰਾਮ ਸਿੰਘ (ਸਾਬਕਾ ਸੁਪਰੀਮ ਕੌਂਸਲ ਮੈਂਬਰ, ਗੁਰਦੁਆਰਾ ਸਾਹਿਬ ਫਰੀਮਾਂਟ), 3. ਭਾਈ ਮਨਵਿੰਦਰ ਸਿੰਘ, 4. ਬਲਵਿੰਦਰਪਾਲ ਸਿੰਘ ਖਾਲਸਾ (ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਵਲੋਂ) ਅਤੇ 5. ਡਾਕਟਰ ਸੰਦੀਪ ਸਿੰਘ

**ਕਿਸੇ ਵੀ ਸੂਚਨਾ ਲਈ ਸੰਪਰਕ ਕਰੋ**
**ਭਾਈ ਰਾਮ ਸਿੰਘ 408-667-3116**
**ਗੁਰਦੁਆਰਾ ਸਾਹਿਬ 510-790-0177**

## ਨਦੀਆਂ ਜੋੜਨ ਲਈ ਟਾਸਕ ਫੋਰਸ ਬਣਾਈ

**ਨਵੀਂ ਦਿੱਲੀ:** ਨਦੀਆਂ ਜੋੜਨ ਦੀ ਯੋਜਨਾ ਦੇ ਰਾਹ ਵਿਚ ਮੁਸ਼ਕਿਲਾਂ ਦੂਰ ਕਰਨ ਲਈ ਕੇਂਦਰ ਨੇ ਵੱਖ ਵੱਖ ਰਾਜਾਂ ਵਿਚਾਲੇ ਆਮ ਸਹਿਮਤੀ ਕਾਇਮ ਕਾਰਨ ਲਈ ਟਾਸਕ ਫੋਰਸ ਬਣਾਈ ਹੈ। ਕੇਂਦਰੀ ਜਲ ਤੇ ਸਰੋਤ ਮੰਤਰਾਲੇ ਦਾ ਇਹ ਫੈਸਲਾ ਨਦੀਆਂ ਨੂੰ ਜੋੜਨ ਦੇ ਮਾਮਲੇ ਵਿਚ ਕੁਝ ਰਾਜਾਂ ਵੱਲੋਂ ਵਿਰੋਧ ਕੀਤੇ ਜਾਣ ਕਾਰਨ ਆਇਆ ਹੈ। ਜਾਰੀ ਕੀਤੇ ਬਿਆਨ ਵਿਚ ਕਿਹਾ ਗਿਆ ਹੈ ਕਿ ਟਾਸਕ ਫੋਰਸ ਦੇ ਮੁਖੀ ਬੀ.ਐਨ. ਨਵਲਵਾਲਾ ਹੋਣਗੇ ਤੇ ਇਹ ਟਾਸਕ ਫੋਰਸ ਦੇਸ਼ ਵਿਚ ਨਦੀਆਂ ਨੂੰ ਜੋੜਨ ਦੇ ਕੰਮ ਵਿਚ ਤੇਜ਼ੀ ਲਿਆਉਣ ਦੇ ਸਾਰੇ ਮੁੱਦੇ ਵਿਚਾਰੇਗੀ।

## ਠਾਕੁਰ ਦਲੀਪ ਸਿੰਘ ਹਰਿਮੰਦਰ ਸਾਹਿਬ ਨਤਮਸਤਕ



**ਅੰਮ੍ਰਿਤਸਰ:** ਨਾਮਧਾਰੀ ਸੰਪਰਦਾ ਦੇ ਆਗੂ ਠਾਕੁਰ ਦਲੀਪ ਸਿੰਘ ਨੇ ਆਪਣੇ ਸੈਂਕੜੇ ਸਮਰਥਕਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿਖੇ ਉਨ੍ਹਾਂ ਦੀ ਆਮਦ ਨੂੰ ਸਿੱਖ ਪੰਥ ਨਾਲ ਹੋ ਰਹੀ ਨੇੜਤਾ ਵਜੋਂ ਦੇਖਿਆ ਜਾ ਰਿਹਾ ਹੈ। ਨਾਮਧਾਰੀ ਸੰਪਰਦਾ ਵੱਲੋਂ ਇਥੇ ਪਟਾਕਾ ਮਾਰਕੀਟ ਵਿਖੇ ਵਿਸਾਖੀ ਪੁਰਬ ਸਬੰਧੀ ਸਮਾਗਮ ਕੀਤਾ ਗਿਆ ਸੀ। ਸਮਾਗਮ ਤੋਂ ਬਾਅਦ ਸੰਪਰਦਾ ਦੇ ਸ਼ਰਧਾਲੂ ਪੈਦਲ ਮਾਰਚ ਕਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਤੇ ਮੱਥਾ ਟੇਕਿਆ। ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਸਮੇਂ ਗੁਰਬਾਣੀ ਦਾ ਕੀਰਤਨ ਵੀ ਸੁਣਿਆ ਤੇ ਜੋੜਾ ਘਰ ਵਿਖੇ ਸੰਗਤਾਂ ਦੇ ਜੋੜਿਆਂ ਦੀ ਸੇਵਾ ਵੀ ਕੀਤੀ।

ਇਸ ਮੌਕੇ ਉਨ੍ਹਾਂ ਆਖਿਆ ਕਿ ਵਿਸ਼ਵ ਵਿਚ ਖਾਲਸਾ ਰਾਜ ਦੀ ਸਥਾਪਤੀ ਲਈ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਦੀ ਲੋੜ ਹੈ। ਖਾਲਸਾ ਰਾਜ ਦਾ ਮਤਲਬ ਕੋਈ ਵੱਖਰਾ ਰਾਜ ਨਹੀਂ ਸਗੋਂ ਦੁਨੀਆ ਵਿਚ ਬਰਾਬਰਤਾ ਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲਾ ਰਾਜ ਸਥਾਪਤ ਕਰਨਾ ਹੈ। ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਨਾਲ ਹੀ ਸਮਾਜ ਵਿਚ ਬਰਾਬਰੀ, ਆਪਸੀ ਭਾਈਚਾਰਾ ਤੇ ਸਦਭਾਵਨਾ ਕਾਇਮ ਹੋ ਸਕਦੀ ਹੈ।

## ਕ੍ਰਦਰਜ਼ ਗੁਰੂਘਰ 'ਚ ਵਿਸਾਖੀ ਮੇਲਾ 18 ਨੂੰ

**ਫਰਿਜ਼ਨੋ (ਬਿਊਰੋ):** ਪੈਸਿਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ, ਕ੍ਰਦਰਜ਼ ਦੇ ਗੁਰਦੁਆਰਾ ਸਾਹਿਬ ਵਿਖੇ ਵਿਸਾਖੀ ਮੇਲਾ 18 ਅਪ੍ਰੈਲ, ਸਨਿਚਰਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਮੇਲੇ ਵਿਚ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਤੋਂ ਇਲਾਵਾ ਹੋਰ ਖੇਡਾਂ, ਦਸਤਾਰ ਮੁਕਾਬਲੇ, ਲੰਮੇ ਵਾਲਾਂ ਦੇ ਮੁਕਾਬਲੇ ਅਤੇ ਸੱਭਿਆਚਾਰਕ ਪ੍ਰੋਗਰਾਮ ਪ੍ਰਮੁੱਖ ਖਿੱਚ ਦਾ ਕੇਂਦਰ ਹੋਣਗੇ।

ਇਸ ਮੌਕੇ ਪੁਰਾਤਨ ਰਵਾਇਤੀ ਵਸਤਾਂ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਫਰੀ ਮੈਡੀਕਲ ਚੈਕਅਪ ਅਤੇ ਵੱਖ ਕੰਪਨੀਆਂ ਦੇ ਬੂਥ ਤੇ ਨੁਮਾਇਸਾਂ ਵੀ ਹੋਣਗੇ। ਗੁਰੂਘਰ ਅੰਦਰ ਫਰੀ ਪਾਰਕਿੰਗ ਅਤੇ ਲੰਗਰਾਂ ਦਾ ਪ੍ਰਬੰਧ ਹੋਵੇਗਾ। ਮੇਲੇ ਦਾ ਸਿੱਧਾ ਪ੍ਰਸਾਰਣ ਗਲੋਬਲ ਪੰਜਾਬ ਟੀ. ਵੀ. 'ਤੇ ਦਿਖਾਇਆ ਜਾਵੇਗਾ।

## ਪੰਜਾਬੀ ਸਾਹਿਤ ਸਭਾ ਦੀ ਸਾਲਾਨਾ ਕਾਨਫਰੰਸ 9 ਮਈ ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ-ਯੂਬਾ ਸਿਟੀ ਵਲੋਂ ਸਤਾਰਵੀਂ ਸਾਲਾਨਾ ਕਾਨਫਰੰਸ ਆਉਂਦੀ 9 ਮਈ ਨੂੰ ਵੈਸਟ ਸੈਕਰਾਮੈਂਟੋ ਦੇ ਸੰਗਮ ਹਾਲ (2920 ਵੈਸਟ ਕੈਪੀਟਲ ਐਵਨਿਊ) ਵਿਚ ਕਰਵਾਈ ਜਾਵੇਗੀ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਕਾਨਫਰੰਸ ਦੀ ਪ੍ਰਧਾਨਗੀ ਡਾ. ਉਂਕਾਰ ਸਿੰਘ ਬਿੰਦਰਾ ਕਰਨਗੇ। ਅਖਬਾਰ 'ਜੱਗ ਬਾਣੀ' ਦੇ ਮੈਗਜ਼ੀਨ ਐਡੀਟਰ ਕੁਲਦੀਪ ਸਿੰਘ ਬੇਦੀ, ਗ਼ਜ਼ਲਗੋ ਹਰਭਜਨ ਸਿੰਘ ਬੈਂਸ, ਆਜ਼ਾਦ ਜਲੰਧਰੀ ਤੇ ਈਸ਼ਰ ਸਿੰਘ ਮੋਮਨ ਵਿਸ਼ੇਸ਼ ਮਹਿਮਾਨ ਹੋਣਗੇ।

ਕਾਨਫਰੰਸ ਦੌਰਾਨ ਸਵੇਰੇ 10 ਤੋਂ 11 ਵਜੇ ਤੱਕ ਕਹਾਣੀ ਦਰਬਾਰ ਹੋਵੇਗਾ, 11 ਤੋਂ 11:30 ਵਜੇ ਤੱਕ ਪਰਚੇ ਪੜ੍ਹੇ ਜਾਣਗੇ ਅਤੇ ਉਪਰੰਤ ਪ੍ਰਧਾਨਗੀ ਭਾਸ਼ਨ ਤੇ ਹੋਰ ਮਹਿਮਾਨਾਂ ਦੀਆਂ ਤਕਰੀਰਾਂ ਹੋਣਗੀਆਂ। ਬਾਅਦ ਵਿਚ ਗੀਤ-ਸੰਗੀਤ, ਕਵੀ ਦਰਬਾਰ ਅਤੇ ਮਾਣ-ਸਨਮਾਨ ਦਾ ਦੌਰ ਚੱਲੇਗਾ।

ਭਾਰਤੀ ਰੈਸਟੋਰੈਂਟ ਵਿਕਾਊ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 80 ਸੀਟਾਂ ਵਾਲਾ ਭਾਰਤੀ ਰੈਸਟੋਰੈਂਟ ਵਿਕਾਊ ਹੈ
New India Restaurant For Sale
■80 Seats ■Cater Large/Small Parties
■Liquor Licenses ■Free Parking For Customers
ਸੰਪਰਕ ਕਰੋ: 317-313-9651
15-16

Upgrade your Security Cameras to High Definition at very reasonable prices




For a Free Demo of our new HD Cameras Please Contact us
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Installation Available

Pinnacle Carriers, Inc
Now Hiring Drivers
ਡਰਾਈਵਰਾਂ ਦੀ ਲੋੜ ਹੈ



*Team or Solo*
$2000 starting to Midwest
$300 quarterly driver safety bonus
$50 dot inspection bonus
$1000 sign in bonus (1 year)
*Requirements:*
*2 year old licensee *Reefer experience
*Clean DMV printout
Year round dedicated 1 pick 1 drop
Make $6000 - $7000 per month
$70,000 to $80,000 per year
Brand new equipment
Please Contact
Ph: (916) 833-5022
April

*"Ask us about the...*
**AARP® Auto Insurance Program from The Hartford."**
*NOW AVAILABLE IN YOUR AREA!*
Find out more about the Special Benefits of The Hartford's Program for AARP members and our Competitive Rates!



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*
Call today for your FREE, no-obligation quote:
+1-408-771-2438
Satwant Singh: 2774 Aborn Rd, San Jose, CA 95121
satwant@satwantins.com
www.satwantins.com
CA License# 0H11256
AARP | Auto Insurance Program from THE HARTFORD
The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।


**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰਜ਼ੇ ਵਿਚ ਧਸਿਆ ਪਾਵਰਕਾਮ



**ਜਲੰਧਰ:** ਪੰਜਾਬ ਸਮੇਤ ਹੋਰ ਕਈ ਸੂਬਿਆਂ ਦੀਆਂ ਬਿਜਲੀ ਕੰਪਨੀਆਂ ਨੂੰ ਇਕ ਵਾਰ ਘਾਟੇ ਵਿਚੋਂ ਕੱਢਣ ਲਈ ਕੇਂਦਰ ਸਰਕਾਰ ਦੁਬਾਰਾ ਯਤਨ ਸ਼ੁਰੂ ਕਰ ਸਕਦੀ ਹੈ। ਇਕ ਲੱਖ ਕਰੋੜ ਦੇ ਕਰੀਬ ਘਾਟੇ ਕਰਕੇ ਨਾ ਸਿਰਫ਼ ਬਿਜਲੀ ਕੰਪਨੀਆਂ ਦੀ ਹਾਲਤ ਦਿਨੋਂ ਦਿਨ ਹੋਰ ਵੀ ਮਾੜੀ ਹੁੰਦੀ ਜਾ ਰਹੀ ਹੈ ਸਗੋਂ ਕੇਂਦਰ ਦਾ ਖਪਤਕਾਰਾਂ ਨੂੰ ਸਸਤੀ ਬਿਜਲੀ ਦੇਣ ਦਾ ਸੁਪਨਾ ਵੀ ਪੂਰਾ ਹੁੰਦਾ ਨਜ਼ਰ ਨਹੀਂ ਆਉਂਦਾ।

ਇਕੱਲੇ ਪੰਜਾਬ ਵਿਚ ਹੀ ਪਾਵਰਕਾਮ ਦਾ ਘਾਟਾ 23000 ਕਰੋੜ ਦੇ ਕਰੀਬ ਦੱਸਿਆ ਜਾ ਰਿਹਾ ਹੈ। ਹੋਰ ਘਾਟੇ ਵਾਲੇ ਰਾਜਾਂ ਵਿਚ ਉੱਤਰ ਪ੍ਰਦੇਸ਼ ਤੇ ਹਰਿਆਣਾ ਵੀ ਸ਼ਾਮਲ ਹੈ। ਬਿਜਲੀ ਐਕਟ-2003 ਬਣਨ ਤੋਂ ਬਾਅਦ ਹੀ ਰਾਜਾਂ ਵਿਚ ਬਿਜਲੀ ਬੋਰਡ ਤੋੜ ਕੇ ਬਿਜਲੀ ਕੰਪਨੀਆਂ ਬਣਾ ਦਿੱਤੀਆਂ ਗਈਆਂ ਸਨ। ਜਦੋਂ ਪੰਜਾਬ ਰਾਜ ਬਿਜਲੀ ਬੋਰਡ ਟੁੱਟਿਆ ਸੀ ਤਾਂ ਉਸ ਵੇਲੇ ਘਾਟਾ 17000 ਕਰੋੜ ਰੁਪਏ ਦਾ ਸੀ ਜਦ ਕਿ ਹੁਣ ਇਹ ਘਾਟਾ ਲਗਾਤਾਰ ਵਧਦਾ ਹੋਇਆ 23000 ਕਰੋੜ ਦੇ ਕਰੀਬ ਪੁੱਜ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਘਾਟੇ ਨੂੰ ਇਕ ਵਾਰ ਦੂਰ ਕਰ ਦਿੱਤਾ ਜਾਵੇ ਤਾਂ ਬਿਜਲੀ ਕੰਪਨੀਆਂ ਦੀ ਵਿੱਤੀ ਹਾਲਤ ਕੁਝ ਹੱਦ ਤੱਕ ਸੁਧਰ ਸਕਦੀ ਹੈ। ਸੰਸਾਰ ਬੈਂਕ, ਕੇਂਦਰ ਤੇ ਸੂਬਾ ਸਰਕਾਰਾਂ ਆਪਣਾ 33-33 ਫ਼ੀਸਦੀ ਯੋਗਦਾਨ ਪਾ ਕੇ ਬਿਜਲੀ ਕੰਪਨੀਆਂ ਨੂੰ ਘਾਟੇ ਤੋਂ ਉਭਾਰ ਸਕਦੀਆਂ ਹਨ। ਕੇਂਦਰ ਸਰਕਾਰ ਨੇ ਤਿੰਨ ਸਾਲ ਪਹਿਲਾਂ ਵੀ ਪੰਜਾਬ ਸਮੇਤ ਹੋਰ ਰਾਜਾਂ ਨੂੰ ਬਿਜਲੀ ਕੰਪਨੀਆਂ ਦਾ ਘਾਟਾ ਦੂਰ ਕਰਨ ਲਈ ਪੇਸ਼ਕਸ਼ ਕੀਤੀ ਸੀ ਜਿਸ ਦੇ ਬਦਲੇ ਵਿਚ ਕੇਂਦਰ ਨੇ ਕਿਹਾ ਸੀ ਕਿ ਬਿਜਲੀ ਕੰਪਨੀਆਂ ਦੇ ਕੰਮਕਾਜ ਵਿਚ ਰਾਜ ਸਰਕਾਰਾਂ ਦਾ ਦਖ਼ਲ ਨਹੀਂ ਹੋਏਗਾ ਤੇ ਉਹ ਖ਼ੁਦਮੁਖਤਿਆਰ ਸੰਸਥਾ ਬਣ ਜਾਣਗੀਆਂ।

# ਧੂਰੀ ਨੇ ਸੁਖਬੀਰ ਦਾ ਚਿੱਤ ਫਿਰ ਡੁਲ੍ਹਾਇਆ

*(ਸਫਾ ਇਕ ਦੀ ਬਾਕੀ)*

ਇਸ ਹਾਰ ਦਾ ਫਰਕ ਇੰਨਾ ਜ਼ਿਆਦਾ ਹੋਵੇਗਾ। ਇਸ ਚੋਣ ਅਖਾੜੇ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਸੁਰਜੀਤ ਸਿੰਘ ਕਾਲਾਬੂਲਾ, ਜੈ ਜਵਾਨ ਜੈ ਕਿਸਾਨ ਪਾਰਟੀ ਵੱਲੋਂ ਮਨਜੀਤ ਕੌਰ, ਸੀ.ਪੀ.ਆਈ. ਵੱਲੋਂ ਸੁਖਦੇਵ ਸ਼ਰਮਾ, ਆਜ਼ਾਦ ਉਮੀਦਵਾਰ ਵਜੋਂ ਵਿਕਰਮ ਸਿੰਘ ਧਨੌਲਾ, ਜ਼ੋਰਾ ਸਿੰਘ, ਰਣਜੀਤ ਭਸੀਨ, ਰਤਨ ਲਾਲ, ਗੁਰਮੀਤ ਸਿੰਘ ਪੇਧਨੀ, ਸਰਬਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਨਿੱਤਰੇ ਸਨ।

ਇਸ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੀ ਇਸ ਵੱਡੀ ਜਿੱਤ ਨੇ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਵੀ ਭਾਜਪਾ ਨੂੰ ਸ਼ੀਸ਼ਾ ਵਿਖਾ ਦਿੱਤਾ ਹੈ। ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਭਾਜਪਾਈਆਂ ਵੱਲੋਂ ਅਕਾਲੀਆਂ ਨੂੰ ਲਗਾਤਾਰ ਅੱਖਾਂ ਵਿਖਾਈਆਂ ਜਾ ਰਹੀਆਂ ਸਨ ਤੇ ਲੋਕ ਸਭਾ ਚੋਣਾਂ ਵਿਚ ਅਕਾਲੀਆਂ ਦੀ ਮਾੜੀ ਕਾਰਗੁਜ਼ਾਰੀ ਵਿਚੋਂ ਪੰਜਾਬ ਵਿਚ ਆਪਣਾ ਸਿਆਸੀ ਭਵਿੱਖ ਵੇਖਿਆ ਜਾ ਰਿਹਾ ਸੀ। ਭਾਜਪਾ ਨੇ ਲੋਕ ਸਭਾ ਚੋਣਾਂ ਪਿੱਛੋਂ ਪੰਜਾਬ ਵਿਚ ਵੀ ਵੱਡੇ ਪੱਧਰ 'ਤੇ ਮੈਂਬਰ ਭਰਤੀ ਮੁਹਿੰਮ ਛੇੜੀ ਹੋਈ ਹੈ ਤੇ ਕਿਆਸਅਰਾਈਆਂ ਸਨ ਕਿ ਭਾਜਪਾ ਆਪਣੇ ਦਮ 'ਤੇ ਪੰਜਾਬ ਵਿਚ ਚੋਣਾਂ ਲੜੇਗੀ, ਪਰ ਧੂਰੀ ਚੋਣਾਂ ਨੇ ਅਕਾਲੀ ਦਲ ਦੀ ਲੱਤ ਫਿਰ ਉਤੇ ਕਰ ਦਿੱਤੀ ਹੈ। ਦੂਜੇ ਪਾਸੇ ਇਨ੍ਹਾਂ ਚੋਣਾਂ ਵਿਚ ਜਿੱਤ ਨਾਲ ਅਕਾਲੀ ਦਲ ਭਾਜਪਾ ਦੀ ਮੁਥਾਜੀ ਤੋਂ ਵੀ ਬਚ ਗਿਆ ਹੈ।

ਧੂਰੀ ਚੋਣ ਵਿਚ ਕਾਂਗਰਸ ਵੱਲੋਂ ਸਾਂਝੇ ਮੋਰਚੇ ਨਾਲ ਗੱਠਜੋੜ ਕਰ ਕੇ ਸਾਬਕਾ ਮੁੱਖ ਮੰਤਰੀ ਪੰਜਾਬ ਸੁਰਜੀਤ ਸਿੰਘ ਬਰਨਾਲਾ ਦੇ ਪੋਤਰੇ ਸਿਮਰ ਪ੍ਰਤਾਪ ਸਿੰਘ ਬਰਨਾਲਾ ਨੂੰ ਚੋਣ ਮੈਦਾਨ ਵਿਚ ਉਤਾਰ ਕੇ ਨਵਾਂ ਚਿਹਰਾ ਲੋਕਾਂ ਅੱਗੇ ਲਿਆਂਦਾ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸੱਤ ਵਾਰ ਚੋਣ ਲੜ ਕੇ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਤਜਰਬੇਕਾਰ ਆਗੂ ਗੋਬਿੰਦ ਸਿੰਘ ਲੌਂਗੋਵਾਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਕਾਂਗਰਸ ਤੇ ਸਾਂਝੇ ਮੋਰਚੇ ਦੇ ਉਮੀਦਵਾਰ ਦੀ ਚੋਣ ਮੁਹਿੰਮ ਨੂੰ ਭਖਾਉਣ ਲਈ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ ਸਿੰਘ ਵੱਲੋਂ ਇਕ ਸਟੇਜ ਉਤੇ ਇਕੱਠੇ ਹੋ ਕੇ ਪਾਰਟੀ ਨੂੰ ਇਕਮੁੱਠਤਾ ਦਾ ਪਾਠ ਤਾਂ ਪੜ੍ਹਾਇਆ ਗਿਆ, ਪਰ ਕੁਝ ਦਿਨਾਂ ਬਾਅਦ ਹੀ ਇਨ੍ਹਾਂ ਦੋਵੇਂ ਆਗੂਆਂ ਵਿਚਾਲੇ ਤਣਾਅ ਸਾਫ ਤੌਰ ਉਤੇ ਦਿਖਾਈ ਦਿੱਤਾ ਜਿਸ ਦਾ ਅਕਾਲੀਆਂ ਨੇ ਰੱਜ ਕੇ ਫਾਇਦਾ ਲਿਆ।

ਕਾਂਗਰਸ ਦਾ ਚੋਣ ਪ੍ਰਚਾਰ ਵੀ ਖਾਸਾ ਸੁਸਤ ਚਾਲ ਚੱਲਿਆ ਜਿਸ ਕਾਰਨ ਇਹ ਜ਼ਿਮਨੀ ਚੋਣ ਸਰਕਾਰ ਨਾਲ ਦੋਸਤਾਨਾ ਮੈਚ ਖੇਡਣ ਵਾਂਗ ਜਾਪੀ। ਕੁਝ ਕਾਂਗਰਸੀ, ਬਰਨਾਲਾ ਪਰਿਵਾਰ ਨੂੰ ਟਿਕਟ ਦੇਣ ਤੋਂ ਵੀ ਨਾਖ਼ੁਸ਼ ਹਨ। ਕਾਂਗਰਸ ਆਗੂਆਂ ਦਾ ਕਹਿਣਾ ਸੀ ਕਿ ਜੇ ਬਰਨਾਲਾ ਜਾਂ ਮਨਪ੍ਰੀਤ ਸਿੰਘ ਬਾਦਲ ਵਰਗਿਆਂ ਦੀ ਹੀ ਕਾਂਗਰਸ ਵਿਚ ਵੀ ਚੱਲਣੀ ਹੈ, ਤਾਂ ਫਿਰ ਉਹ ਸਿੱਧੇ ਅਕਾਲੀ ਦਲ ਵਿਚ ਕਿਉਂ ਨਾ ਜਾਣ। ਕਾਂਗਰਸ ਦੀ ਪਾਟੋਧਾੜ ਨੂੰ ਦੂਰ ਕਰਨ ਲਈ ਪਹਿਲਾਂ ਕੇਂਦਰੀ ਲੀਡਰਸ਼ਿਪ ਵੱਲੋਂ ਵੀ ਕੋਈ ਕਦਮ ਨਹੀਂ ਉਠਾਇਆ ਗਿਆ। ਬਾਅਦ ਵਿਚ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਡਾ. ਸ਼ਕੀਲ ਅਹਿਮਦ ਨੇ ਕਈ ਕੋਸ਼ਿਸ਼ਾਂ ਕੀਤੀਆਂ ਪਰ ਇਹ ਕੋਸ਼ਿਸ਼ਾਂ ਵੀ ਪੰਜਾਬ ਕਾਂਗਰਸ ਦੀ ਧੜੇਬੰਦੀ ਨੂੰ ਤੋੜ ਨਾ ਸਕੀਆਂ।

ਕਾਂਗਰਸ ਦੇ ਧੂਰੀ ਤੋਂ ਅਧਵਾਟੇ ਅਸਤੀਫ਼ਾ ਦੇ ਗਏ ਵਿਧਾਇਕ ਅਰਵਿੰਦ ਖੰਨਾ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਗੋਬਿੰਦ ਸਿੰਘ ਨੂੰ 12473 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਇਸ ਚੋਣ ਵਿਚ ਕਾਂਗਰਸ ਨੂੰ 51536 ਤੇ ਅਕਾਲੀ ਦਲ ਨੂੰ 39063 ਵੋਟਾਂ ਮਿਲੀਆਂ ਸਨ। 2014 ਦੀਆਂ ਲੋਕ ਸਭਾ ਚੋਣਾਂ ਵਿਚ ਸੰਗਰੂਰ ਲੋਕ ਸਭਾ ਸੀਟ ਦੇ ਹਿੱਸੇ ਵਜੋਂ ਧੂਰੀ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਦਾ ਬਹੁਤ ਬੁਰਾ ਹਾਲ ਹੋਇਆ ਸੀ। ਉਦੋਂ ਇਸ ਹਲਕੇ ਤੋਂ 'ਆਪ' ਨੂੰ 63189, ਅਕਾਲੀ ਦਲ ਨੂੰ 29352 ਵੋਟਾਂ ਅਤੇ ਕਾਂਗਰਸ ਨੂੰ ਸਿਰਫ 17398 ਵੋਟਾਂ ਹੀ ਮਿਲੀਆਂ ਸਨ।

# 'ਆਪ' ਆਗੂਆਂ ਦੀਆਂ ਦੂਰੀਆਂ ਹੋਰ ਵਧੀਆਂ

*(ਸਫਾ ਇਕ ਦੀ ਬਾਕੀ)*

ਧਰਮਵੀਰ ਗਾਂਧੀ ਨੇ ਪੱਤਰ ਲਿਖ ਕੇ ਪਾਰਟੀ ਦੇ ਮੁੱਖ ਆਦਰਸ਼ਾਂ ਨੂੰ ਮਜ਼ਬੂਤ ਕਰਨ ਉਤੇ ਜ਼ੋਰ ਦਿੱਤਾ। ਕੌਮੀ ਕਾਰਜਕਾਰਨੀ ਵਿਚੋਂ ਕੱਢੀ ਗਈ ਕ੍ਰਿਸਟੀਨਾ ਸਾਮੀ, ਸਮਾਜਕ ਕਾਰਕੁਨ ਅਰੁਨਾ ਰਾਏ, ਮੇਧਾ ਪਾਟੇਕਰ ਦੀ ਗੈਰਹਾਜ਼ਰੀ ਵੀ ਰੜਕ ਰਹੀ ਸੀ।

ਇਸ ਮੌਕੇ ਸ੍ਰੀ ਯਾਦਵ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਬਹੁਤੇ ਲੋਕ ਸਮਝਦੇ ਹਨ ਕਿ ਨਵੀਂ ਪਾਰਟੀ ਕਾਇਮ ਕਰਨ ਨਾਲ ਮਸਲਾ ਹੱਲ ਹੋ ਜਾਏਗਾ, ਪਰ ਇਸ ਲਈ ਅਸੀਂ ਤਿਆਰ ਨਹੀਂ ਹਾਂ। ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕਰਦੇ ਹੋਏ ਕਿਹਾ ਕਿ ਲੋਕ ਇਸ ਪਾਰਟੀ ਨਾਲ 'ਸੈਟਿੰਗ ਤੇ ਦਲਾਲੀ' ਕਰਨ ਲਈ ਨਹੀਂ ਜੁੜੇ ਸਨ।ਸ੍ਰੀ ਪ੍ਰਸ਼ਾਂਤ ਭੂਸ਼ਨ ਨੇ ਕੇਜਰੀਵਾਲ 'ਤੇ ਪਾਰਟੀ ਉਤੇ ਕਬਜ਼ਾ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਜਿਹੜੇ ਸਿਧਾਂਤਾਂ ਤੇ ਨੀਤੀਆਂ ਲਈ ਇਹ ਪਾਰਟੀ ਬਣਾਈ ਗਈ ਸੀ, ਉਨ੍ਹਾਂ ਨੂੰ ਪਿੱਛੇ ਛੱਡ ਦਿੱਤਾ ਗਿਆ ਹੈ ਤੇ ਮੌਜੂਦਾ ਸਮੇਂ ਪਾਰਟੀ ਸਿਰਫ ਮੁੱਠੀ ਭਰ ਲੋਕਾਂ ਦੇ ਹੱਥਾਂ ਵਿਚ ਸਿਮਟ ਕੇ ਰਹਿ ਗਈ ਹੈ। ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੇ ਉਨ੍ਹਾਂ ਦੀ ਚੌਕੜੀ ਦੀ ਨਹੀਂ ਹੈ, ਬਲਕਿ ਲੱਖਾਂ ਲੋਕਾਂ ਨੇ ਸਖ਼ਤ ਮਿਹਨਤ ਨਾਲ ਇਸ ਨੂੰ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕਈ ਲੋਕ ਇਹ ਮੰਨਦੇ ਹਨ ਕਿ ਸਾਨੂੰ ਚੋਣ ਕਮਿਸ਼ਨ ਕੋਲ ਪਹੁੰਚ ਕਰਨੀ ਚਾਹੀਦੀ ਹੈ, ਕਿਉਂਕਿ ਜਿਸ ਪਾਰਟੀ ਨੂੰ ਅਸੀਂ ਬਣਾਇਆ, ਉਸ ਉਤੇ ਕੁਝ ਲੋਕਾਂ ਨੇ ਕਬਜ਼ਾ ਕਰ ਲਿਆ ਹੈ। ਵੱਖਰੀ ਪਾਰਟੀ ਬਣਾਉਣ ਦਾ ਸੰਕੇਤ ਦਿੰਦਿਆਂ ਉਨ੍ਹਾਂ ਕਿਹਾ ਕਿ ਜੇ ਅਸੀਂ ਪਾਰਟੀ ਤੋਂ ਕਬਜ਼ਾ ਹਟਾਉਣ ਦੀ ਕੋਸ਼ਿਸ਼ ਕਰਾਂਗੇ, ਤਾਂ ਸਾਨੂੰ ਚੋਣ ਕਮਿਸ਼ਨ ਤੇ ਅਦਾਲਤ ਵਿਚ ਲੰਮੀ ਲੜਾਈ ਲੜਨੀ ਪਵੇਗੀ।

ਉਨ੍ਹਾਂ ਤੇ ਹੋਰ ਸਹਿਯੋਗੀਆਂ ਨੇ ਪਾਰਟੀ ਵਿਚ ਅੰਦਰੂਨੀ ਲੋਕਤੰਤਰ ਤੇ ਸਵਰਾਜ ਦੀ ਮੰਗ ਚੁੱਕੀ ਸੀ ਜਿਸ ਦੀ ਸਜ਼ਾ ਉਨ੍ਹਾਂ ਨੂੰ ਪੀ.ਏ.ਸੀ. ਤੇ ਕੌਮੀ ਕਾਰਜਕਾਰਨੀ ਤੋਂ ਬਾਹਰ ਕੱਢ ਕੇ ਦਿੱਤੀ ਗਈ ਹੈ। ਬੈਠਕ ਵਿਚ ਇਕ ਘੰਟੇ ਬਾਅਦ ਐਡਮਿਰਲ ਐਲ. ਰਾਮਦਾਸ ਦਾ ਆਡੀਓ ਸੁਨੇਹਾ ਮੰਚ ਤੋਂ ਸੁਣਾਇਆ ਗਿਆ। ਰਾਮਦਾਸ ਨੂੰ ਹਾਲ ਹੀ ਵਿਚ ਪਾਰਟੀ ਦੇ ਅੰਦਰੂਨੀ ਲੋਕਪਾਲ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਸੁਨੇਹੇ ਵਿਚ ਰਾਮਦਾਸ ਨੇ ਕਿਹਾ ਕਿ ਸੰਵਾਦ ਨੂੰ ਪਾਰਟੀ ਵਿਰੋਧੀ ਗਤੀਵਿਧੀ ਦੇ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ ਅਤੇ ਲੋਕਾਂ ਨੂੰ ਲੋਕਤੰਤਰ ਵਿਚ ਬੋਲਣ ਦੀ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ।

# ਮੁਸਲਮਾਨਾਂ ਤੋਂ ਵੋਟ ਦਾ ਅਧਿਕਾਰ ਖੋਹਿਆ ਜਾਵੇ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਦੇ ਸੀਨੀਅਰ ਆਗੂ ਸੰਜੇ ਰਾਊਤ ਨੇ ਵਿਵਾਦਤ ਬਿਆਨ ਦੇ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸੰਜੇ ਰਾਊਤ ਨੇ ਕਿਹਾ ਕਿ ਮੁਸਲਮਾਨਾਂ ਤੋਂ ਵੋਟ ਦਾ ਅਧਿਕਾਰ ਖੋਹ ਲੈਣਾ ਚਾਹੀਦਾ ਹੈ, ਤਾਂ ਹੀ ਮੁਸਲਿਮ ਵੋਟ ਦੀ ਰਾਜਨੀਤੀ ਖਤਮ ਹੋਵੇਗੀ। ਸ਼ਿਵ ਸੈਨਾ ਦੇ ਮੁੱਖ ਪੱਤਰ ਵਿਚ ਸੰਜੇ ਰਾਊਤ ਨੇ ਲਿਖਿਆ ਕਿ ਮੁਸਲਿਮ ਰਾਜਨੀਤੀ ਨੂੰ ਲੈ ਕੇ ਰਾਜਨੀਤਿਕ ਦਲਾਂ 'ਤੇ ਤੁਸ਼ਟੀਕਰਨ ਦੇ ਦੋਸ਼ ਲੱਗਦੇ ਰਹਿੰਦੇ ਹਨ। ਇਸ ਲਈ ਇਨ੍ਹਾਂ ਗੱਲਾਂ ਨੂੰ ਰੋਕਣਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਸ਼ਿਵ ਸੈਨਾ ਕੌਮੀ ਜਮਹੂਰੀ ਗਠਜੋੜ ਸਰਕਾਰ ਵਿਚ ਭਾਈਵਾਲ ਹੈ ਤੇ ਸ਼ਿਵ ਸੈਨਾ ਸਮੇਂ-ਸਮੇਂ ਉਤੇ ਅਜਿਹੇ ਬਿਆਨ ਦੇ ਕੇ ਸਰਕਾਰ ਲਈ ਮੁਸ਼ਕਲਾਂ ਪੈਦਾ ਕਰਦੀ ਰਹਿੰਦੀ ਹੈ।

# ਹਿਲੇਰੀ ਕਲਿੰਟਨ ਵਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਦਾਅਵੇਦਾਰੀ

**ਵਾਸ਼ਿੰਗਟਨ:** ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ 2016 ਦੀਆਂ ਚੋਣਾਂ ਲਈ ਡੈਮੋਕਰੇਟਿਕ ਪਾਰਟੀ ਵਿਚ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰੀ ਲਈ ਦਾਅਵਾ ਪੇਸ਼ ਕੀਤਾ ਹੈ। ਭਾਰਤ-ਅਮਰੀਕਾ ਦੇ ਮਜ਼ਬੂਤ ਸਬੰਧਾਂ ਦੀ ਖ਼ੈਰਖਾਹ ਹਿਲੇਰੀ ਨੇ ਪਹਿਲਾਂ ਵੀ ਦਾਅਵੇਦਾਰੀ ਪੇਸ਼ ਕੀਤੀ ਸੀ, ਪਰ ਉਹ ਬਰਾਕ ਓਬਾਮਾ ਤੋਂ ਪਿੱਛੇ ਰਹਿ ਗਏ ਸਨ।



67 ਸਾਲਾ ਹਿਲੇਰੀ ਨੇ ਕਿਹਾ ਕਿ ਉਹ ਰਾਸ਼ਟਰਪਤੀ ਦੀ ਚੋਣ ਲੜਨਾ ਚਾਹੁੰਦੀ ਹੈ। ਉਨ੍ਹਾਂ ਲੋਕਾਂ ਨੂੰ "ਹੁਣ ਇਹ ਤੁਹਾਡਾ ਸਮਾਂ ਹੈ" ਕਹਿੰਦਿਆਂ ਆਪਣੀ ਚੋਣ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਵੱਲੋਂ ਜਾਰੀ ਇਕ ਵੀਡੀਓ ਵਿਚ ਮੱਧ ਵਰਗੀ ਲੋਕ ਆਪਣੀ ਜ਼ਿੰਦਗੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਉਤੇ ਚਰਚਾ ਕਰਦੇ ਨਜ਼ਰ ਆਉਂਦੇ ਹਨ ਅਤੇ ਹਿਲੇਰੀ ਕਲਿੰਟਨ ਉਨ੍ਹਾਂ ਨੂੰ ਦੱਸ ਰਹੀ ਹੈ ਕਿ ਉਹ ਕਿਉਂ ਚੋਣ ਲੜਨਾ ਚਾਹ ਰਹੀ ਹੈ, ਤੇ ਉਹ ਇਸ ਵਰਗ ਦੀ ਬਿਹਤਰੀ ਲਈ ਕੀ-ਕੀ ਕਰ ਸਕਦੀ ਹੈ। ਹਿਲੇਰੀ ਦਾ ਮੰਨਣਾ ਹੈ ਕਿ ਜੇ ਪਰਿਵਾਰ ਮਜ਼ਬੂਤ ਹਨ ਤਾਂ ਅਮਰੀਕਾ ਆਪੇ ਮਜ਼ਬੂਤ ਹੁੰਦਾ ਹੈ।

# ਮੁੰਬਈ ਹਮਲੇ ਕੇਸ ਦਾ ਨਿਬੇੜਾ ਦੋ ਮਹੀਨੇ ਵਿਚ ਕਰਨ ਦੇ ਹੁਕਮ

**ਇਸਲਾਮਾਬਾਦ:** ਇਸਲਾਮਾਬਾਦ ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ 2008 ਦੇ ਮੁੰਬਈ ਹਮਲਿਆਂ ਦੇ ਕੇਸ ਦਾ ਦੋ ਮਹੀਨੇ ਵਿਚ ਨਿਬੇੜਾ ਕਰਨ ਦੇ ਨਿਰਦੇਸ਼ ਦਿੱਤੇ ਹਨ ਤੇ ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਨੇ ਅਜਿਹਾ ਨਾ ਕੀਤਾ ਤਾਂ ਇਹ ਪਾਕਿਸਤਾਨ ਸਰਕਾਰ ਦੀ ਲਸ਼ਕਰ-ਇ-ਤੋਇਬਾ ਦੇ ਕਮਾਂਡਰ ਜ਼ਕੀ-ਉਰ-ਰਹਿਮਾਨ ਦੀ ਜ਼ਮਾਨਤ ਰੱਦ ਕਰਨ ਦੀ ਬੇਨਤੀ ਮਨਜ਼ੂਰ ਕਰ ਲਵੇਗੀ।

ਇਸ ਕੇਸ ਵਿਚ ਮੁੰਬਈ ਹਮਲਿਆਂ ਦਾ ਮੁੱਖ ਸਾਜ਼ਿਸ਼ੀ ਲਖਵੀ ਤੇ ਛੇ ਹੋਰ ਸ਼ਾਮਲ ਹਨ। ਇਸ ਬੈਂਚ ਵੱਲੋਂ 55 ਸਾਲਾ ਲਖਵੀ ਦੀ ਜ਼ਮਾਨਤ ਰੱਦ ਕੀਤੇ ਜਾਣ ਦੀ ਸਰਕਾਰ ਦੀ ਅਰਜ਼ੀ ਉਤੇ ਸੁਣਵਾਈ ਕੀਤੀ ਜਾ ਰਹੀ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਰਾਹੁਲ ਗਾਂਧੀ ਦੀ ਤਾਜਪੋਸ਼ੀ ਤੋਂ ਪੰਜਾਬ ਕਾਂਗਰਸ ਵਿਚ ਘਮਾਸਾਣ

**ਚੰਡੀਗੜ੍ਹ:** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਬਾਰੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਈ ਸਟੈਂਡ ਕਾਰਨ ਪੰਜਾਬ ਕਾਂਗਰਸ ਵਿਚ ਘਮਸਾਣ ਸ਼ੁਰੂ ਹੋ ਗਿਆ ਹੈ। ਇਸ ਮੁੱਦੇ ਉਤੇ ਪੰਜਾਬ ਦੇ 33 ਵਿਧਾਇਕ ਕੈਪਟਨ ਦੇ ਹੱਕ ਵਿਚ ਆ ਗਏ ਹਨ, ਜਦੋਂ ਕਿ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਸਮੇਤ ਪੰਜਾਬ ਕਾਂਗਰਸ ਦੇ 25 ਆਗੂਆਂ ਨੇ ਦੋਸ਼ ਲਾਇਆ ਹੈ ਕਿ ਕੈਪਟਨ ਸਾਜ਼ਿਸ਼ ਤਹਿਤ ਜਿਥੇ ਰਾਹੁਲ ਗਾਂਧੀ ਦੇ ਅਕਸ ਨੂੰ ਢਾਹ ਲਾ ਰਹੇ ਹਨ, ਉਥੇ ਪਾਰਟੀ ਦੀ 19 ਅਪਰੈਲ ਨੂੰ ਦਿੱਲੀ ਵਿਚ ਹੋ ਰਹੀ ਕਿਸਾਨ ਰੈਲੀ ਨੂੰ ਵੀ ਸਾਬੋਤਾਜ ਕਰਨ ਦਾ ਯਤਨ ਕਰ ਰਹੇ ਹਨ।



ਪੰਜਾਬ ਕਾਂਗਰਸ ਦੇ 33 ਵਿਧਾਇਕਾਂ ਨੇ ਕੈਪਟਨ ਨੂੰ ਪਾਰਟੀ ਵਿਚੋਂ ਕੱਢਣ ਦੀ ਮੰਗ ਕਰਨ ਉਤੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਨਿੰਦਾ ਕੀਤੀ। ਵਿਧਾਇਕਾਂ ਨੇ ਕਿਹਾ ਕਿ ਬਹੁਤ ਮੰਦਭਾਗਾ ਹੈ ਕਿ ਸ੍ਰੀ ਬਾਜਵਾ ਵਰਗੇ ਕਾਂਗਰਸ ਦੇ ਸਭ ਤੋਂ ਘੱਟ ਹਰਮਨਪਿਆਰੇ ਆਗੂ ਪੰਜਾਬ ਵਿਚ ਸਭ ਤੋਂ ਵੱਧ ਹਰਮਨਪਿਆਰੇ ਆਗੂ ਕੈਪਟਨ ਨੂੰ ਪਾਰਟੀ ਵਿਚੋਂ ਕੱਢਣ ਦੀ ਮੰਗ ਕਰ ਰਹੇ ਹਨ। ਜੇਕਰ ਸ੍ਰੀ ਬਾਜਵਾ ਸਮਝਦੇ ਹਨ ਕਿ ਕੈਪਟਨ ਖ਼ਿਲਾਫ਼ ਬੋਲ ਕੇ ਕੋਈ ਸਿਆਸੀ ਫਾਇਦਾ ਲੈ ਸਕਦੇ ਹਨ ਤਾਂ ਇਹ ਉਨ੍ਹਾਂ ਦੀ ਵੱਡੀ ਭੁੱਲ ਹੈ। ਪਿਛਲੇ ਸਮੇਂ ਤੋਂ ਕੈਪਟਨ ਵਿਰੁੱਧ ਚੱਲਦੇ ਆ ਰਹੇ ਅਮਲੋਹ ਦੇ ਵਿਧਾਇਕ ਰਣਦੀਪ ਨਾਭਾ ਨੇ ਵੀ ਇਸ ਆਗੂ ਦੇ ਹੱਕ ਵਿਚ ਸਟੈਂਡ ਲੈਂਦਿਆਂ ਸ੍ਰੀ ਬਾਜਵਾ ਉਪਰ ਵਾਰ ਕੀਤਾ।

ਉਂਜ ਕੈਪਟਨ ਦੇ ਅਤਿ ਨਜ਼ਦੀਕੀ ਤੇ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਦਾ ਇਹ ਬਿਆਨ ਦਾਗਣ ਵਾਲਿਆਂ ਵਿਚ ਨਾਮ ਨਹੀਂ ਹੈ। ਦੂਜੇ ਪਾਸੇ ਕੈਪਟਨ ਨੇ ਦੁਹਰਾਇਆ ਕਿ ਉਹ ਰਾਹੁਲ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ ਖ਼ਿਲਾਫ਼ ਨਹੀਂ ਹਨ ਪਰ ਇਹ ਉਨ੍ਹਾਂ ਲਈ ਪ੍ਰਧਾਨਗੀ ਸੰਭਾਲਣ ਦਾ ਢੁਕਵਾਂ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਬਾਜਵਾ ਪਾਰਟੀ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਹੁਣ ਉਨ੍ਹਾਂ ਦੀ ਵਿਦਾਈ ਨੇੜੇ ਆ ਗਈ ਹੈ। ਕਾਂਗਰਸ ਵਿਧਾਇਕ ਦਲ ਦੇ ਆਗੂ ਸ੍ਰੀ ਜਾਖੜ ਨੇ ਇਸ ਮੁੱਦੇ ਉਪਰ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ। ਬਾਜਵਾ ਦੇ ਧੜੇ ਨੇ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਮੋਰਚਾ ਖੋਲ੍ਹਦਿਆਂ ਉਨ੍ਹਾਂ ਨੂੰ ਪਾਰਟੀ ਅਨੁਸ਼ਾਸਨ ਵਿਚ ਰਹਿ ਕੇ ਬੋਲਣ ਦੀ ਸਲਾਹ ਦਿੱਤੀ ਹੈ। ਪਾਰਟੀ ਦੀ ਸੂਬਾਈ ਤਰਜਮਾਨ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਰਾਹੁਲ ਗਾਂਧੀ ਕਾਂਗਰਸ ਦੇ ਨਿਰਵਿਵਾਦ ਆਗੂ ਹਨ, ਉਨ੍ਹਾਂ ਬਾਰੇ ਟਿੱਪਣੀਆਂ ਕਰਨ ਤੋਂ ਪਹਿਲਾ ਕੈਪਟਨ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਨੇ ਕਿਹਾ ਸੀ ਕਿ ਕਾਂਗਰਸ ਦੀ ਅਗਵਾਈ ਸੋਨੀਆ ਗਾਂਧੀ ਨੂੰ ਹੀ ਕਰਨੀ ਚਾਹੀਦੀ ਹੈ ਤੇ ਰਾਹੁਲ ਗਾਂਧੀ ਨੂੰ ਪ੍ਰਧਾਨ ਬਣਨ ਲਈ ਹੋਰ ਇੰਤਜ਼ਾਰ ਕਰਨਾ ਚਾਹੀਦਾ ਹੈ। ਇਸ ਬਿਆਨ ਤੋਂ ਬਾਅਦ ਪੰਜਾਬ ਕਾਂਗਰਸ ਵਿਚ ਹੋਰ ਘੜਮੱਸ ਪੈਦਾ ਹੋਣ ਦੀਆਂ ਸੰਭਾਵਨਾਵਾਂ ਹਨ।

ਉਧਰ ਕੈਪਟਨ ਨੇ ਸ੍ਰੀ ਬਾਜਵਾ ਦੇ ਬਿਆਨ ਉਪਰ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਹ ਸਮਾਂ ਰਾਹੁਲ ਦੇ ਪਾਰਟੀ ਦੀ ਕਮਾਂਡ ਸੰਭਾਲਣ ਦੇ ਅਨਕੂਲ ਨਹੀਂ ਹੈ। ਉਹ ਆਪਣੇ ਬੇਟੇ ਵਾਂਗ ਰਾਹੁਲ ਨਾਲ ਪੂਰੀ ਹਮਦਰਦੀ ਰੱਖਦੇ ਹਨ ਪਰ ਮੌਜੂਦਾ ਸਿਆਸੀ ਹਾਲਾਤ ਸੋਨੀਆ ਗਾਂਧੀ ਤੋਂ ਹੀ ਪ੍ਰਧਾਨਗੀ ਜਾਰੀ ਰੱਖਣ ਦੀ ਮੰਗ ਕਰਦੇ ਹਨ। ਉਨ੍ਹਾਂ ਸ੍ਰੀ ਬਾਜਵਾ ਨੂੰ ਆਪਣੀਆਂ ਹੱਦਾਂ ਵਿਚ ਰਹਿਣ ਦੀ ਨਸੀਹਤ ਦਿੰਦਿਆਂ ਕਿਹਾ ਕਿ ਉਹ ਹਕੀਕਤ ਨੂੰ ਸਮਝੇ ਬਿਨਾਂ ਹੀ ਬਿਆਨ ਦਾਗ ਰਹੇ ਹਨ, ਜਿਸ ਵਿਚੋਂ ਉਨ੍ਹਾਂ ਨੂੰ ਕੁਝ ਨਹੀਂ ਲੱਭਣਾ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਦੇ ਇਸ ਸੰਕਟਮਈ ਸਮੇਂ ਦੌਰਾਨ ਕਾਂਗਰਸ ਨੂੰ ਕਿਸੇ ਲੰਮੇ ਤਜਰਬੇ ਵਾਲੇ ਤੇ ਸੁਲਝੇ ਆਗੂ ਦੀ ਲੋੜ ਹੈ।

## ਆਪਣਾ ਵੇਲਾ ਯਾਦ ਕਰੇ ਕੈਪਟਨ ਅਮਰਿੰਦਰ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਉਸ ਸਮੇਂ ਆਪਣੀ ਸ਼ਾਗਿਰਦੀ ਵੀ ਪੂਰੀ ਨਹੀਂ ਕੀਤੀ ਸੀ ਜਦੋਂ 14 ਸਾਲ ਅਕਾਲੀ ਦਲ ਵਿਚ ਰਹਿਣ ਤੋਂ ਬਾਅਦ ਸਾਲ 1998 ਵਿਚ ਮੁੜ ਕਾਂਗਰਸ ਵਿਚ ਸ਼ਾਮਲ ਹੋਣ ਮਗਰੋਂ ਚਾਰ ਮਹੀਨਿਆਂ ਅੰਦਰ ਹੀ ਸੂਬਾਈ ਪ੍ਰਧਾਨ ਬਣਾ ਦਿੱਤਾ ਗਿਆ ਸੀ। ਇਸ ਲਈ ਬਿਹਤਰ ਹੋਵੇਗਾ ਕਿ ਪਹਿਲਾਂ ਕੈਪਟਨ ਅਮਰਿੰਦਰ ਆਪਣੇ ਇਤਿਹਾਸ ਵੱਲ ਝਾਤ ਮਾਰਨ। ਸੂਬਾਈ ਪ੍ਰਧਾਨ ਨੇ ਕਿਹਾ ਕਿ ਇੰਦਰਾ ਗਾਂਧੀ ਨੂੰ ਪਾਰਟੀ ਵਿਚ ਬਤੌਰ ਪ੍ਰਧਾਨ ਦੀ ਜ਼ਿੰਮੇਵਾਰੀ 1959 ਵਿਚ ਮਿਲੀ ਸੀ, ਜਦੋਂ ਉਹ ਸਿਰਫ਼ 42 ਸਾਲਾਂ ਦੇ ਸਨ ਤੇ ਉਨ੍ਹਾਂ 49 ਸਾਲ ਦੀ ਉਮਰ ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ। ਕੈਪਟਨ ਨੂੰ ਘੱਟੋ ਘੱਟ ਪਾਰਟੀ ਦੇ ਇਤਿਹਾਸ ਬਾਰੇ ਆਪਣੀ ਜਾਣਕਾਰੀ ਵਧਾਉਣ ਦੀ ਲੋੜ ਹੈ।

## ਪੱਤਰਕਾਰ ਕੰਵਰ ਸੰਧੂ 19 ਅਪਰੈਲ ਤੋਂ ਅਮਰੀਕਾ ਦੌਰੇ 'ਤੇ

**ਫਰੀਮਾਂਟ (ਬਿਊਰੋ):** ਪ੍ਰਸਿੱਧ ਪੱਤਰਕਾਰ ਸ. ਕੰਵਰ ਸੰਧੂ 19 ਅਪਰੈਲ ਨੂੰ ਅਮਰੀਕਾ ਆ ਰਹੇ ਹਨ। ਇਸ ਦੌਰਾਨ ਉਹ ਗਲੋਬਲ ਪੰਜਾਬ ਟੀ. ਵੀ. 'ਤੇ ਆਪਣੇ ਲਾਈਵ ਸ਼ੋਅ ਪੇਸ਼ ਕਰਨਗੇ।



*ਕੰਵਰ ਸੰਧੂ*

ਵਰਣਨਯੋਗ ਹੈ ਕਿ ਕੰਵਰ ਸੰਧੂ ਗਲੋਬਲ ਪੰਜਾਬ ਟੀ. ਵੀ. 'ਤੇ ਸੋਮਵਾਰ ਤੋਂ ਸ਼ੁਕਰਵਾਰ ਤੱਕ 'ਹੈਲੋ ਗਲੋਬਲ ਪੰਜਾਬ' ਸ਼ੋਅ ਦਾ ਚੰਡੀਗੜ੍ਹ ਤੋਂ ਸਿੱਧਾ ਪ੍ਰਸਾਰਨ ਕਰਦੇ ਹਨ।

ਗਲੋਬਲ ਪੰਜਾਬ ਟੀ. ਵੀ. ਚੈਨਲ ਵਲੋਂ ਦਿੱਤੀ ਜਾਣਕਾਰੀ ਅਨੁਸਾਰ 20 ਅਪਰੈਲ ਤੋਂ ਕੰਵਰ ਸੰਧੂ ਦੇ ਪ੍ਰੋਗਰਾਮ 'ਹੈਲੋ ਗਲੋਬਲ ਪੰਜਾਬ' ਦਾ ਅਮਰੀਕਾ ਤੋਂ ਹੀ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਸ. ਸੰਧੂ 20 ਅਪਰੈਲ ਨੂੰ ਵਾਸ਼ਿੰਗਟਨ ਡੀ.ਸੀ., 21 ਨੂੰ ਨਿਊ ਯਾਰਕ, 22 ਨੂੰ ਨਿਊ ਜਰਸੀ, 23 ਨੂੰ ਲੌਂਗ ਆਈਲੈਂਡ, 24 ਨੂੰ ਨਿਊ ਜਰਸੀ, 27 ਨੂੰ ਸੈਕਰਾਮੈਂਟੋ, 28 ਨੂੰ ਬੇਕਰਜ਼ਫੀਲਡ, 29 ਨੂੰ ਫਰਿਜ਼ਨੋ, 30 ਅਪਰੈਲ ਨੂੰ ਬੇ-ਏਰੀਆ ਅਤੇ ਪਹਿਲੀ ਮਈ ਨੂੰ ਟੋਰਾਂਟੋ ਤੋਂ 'ਹੈਲੋ ਗਲੋਬਲ ਪੰਜਾਬ' ਸ਼ੋਅ ਦਾ ਸਿੱਧਾ ਪ੍ਰਸਾਰਨ ਕਰਨਗੇ।

ਚੈਨਲ ਅਨੁਸਾਰ ਗਲੋਬਲ ਪੰਜਾਬ ਟੀ. ਵੀ. 15 ਅਪਰੈਲ ਤੋਂ 29 ਅਪਰੈਲ ਤੱਕ ਡਿਸ਼ ਨੈਟਵਰਕ ਦੇ ਚੈਨਲ ਨੰਬਰ 739 'ਤੇ 24 ਘੰਟੇ ਮੁਫ਼ਤ ਉਪਲਬਧ ਰਹੇਗਾ। ਗਲੋਬਲ ਪੰਜਾਬ ਟੀ. ਵੀ. ਦਾ 24/7 ਸਿੱਧਾ ਪ੍ਰਸਾਰਨ (ਅਮਰੀਕਾ ਨੂੰ ਛੱਡ ਕੇ) www.GlobalPunjabTv.com 'ਤੇ ਵੇਖਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਜਗਦੇਵ ਸਿੰਘ ਭੰਡਾਲ ਨਾਲ 916-543-1313 ਜਾਂ ਗਿੱਲ ਪਰਦੀਪ ਨਾਲ ਫੋਨ 646-520-6706 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com


## ਬੱਦੋਵਾਲ ਬੀਬੀਆਂ ਦਾ ਢਾਡੀ ਜਥਾ ਐਟਲਾਂਟਾ ਪੁਜਾ

**ਸ਼ਿਕਾਗੋ (ਬਿਊਰੋ):** ਸ਼ਾਨਾਂਮੱਤਾ ਸਿੱਖ ਇਤਿਹਾਸ ਪੇਸ਼ ਕਰਨ ਵਾਲਾ ਬੱਦੋਵਾਲ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਖਾਲਸਾ ਸਿਰਜਣਾ ਦਿਵਸ ਦੇ ਵਿਸ਼ੇਸ਼ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਇੰਡੀਆ ਤੋਂ ਉਚੇਚੇ ਤੌਰ 'ਤੇ ਐਟਲਾਂਟਾ ਪਹੁੰਚਿਆ ਹੈ। ਇਥੇ ਉਹ 19 ਅਤੇ 26 ਅਪ੍ਰੈਲ ਨੂੰ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਖਾਲਸੇ ਦਾ ਸ਼ਾਨਾਂਮੱਤਾ ਇਤਿਹਾਸ ਸਰਵਣ ਕਰਵਾਏਗਾ।

ਹਾਸਲ ਜਾਣਕਾਰੀ ਅਨੁਸਾਰ 25 ਅਪ੍ਰੈਲ, ਸਨਿਚਰਵਾਰ ਨੂੰ ਜਥਾ ਲੈਨਸਿੰਗ, ਮਿਸ਼ੀਗਨ ਵਿਖੇ ਸਜਾਏ ਜਾ ਰਹੇ ਸਾਲਾਨਾ ਨਗਰ ਕੀਰਤਨ ਵਿਚ ਚੜ੍ਹਦੀ ਕਲਾ ਨਾਲ ਸਿੱਖ ਇਤਿਹਾਸ ਦੀਆਂ ਵਾਰਾਂ ਪੇਸ਼ ਕਰੇਗਾ।

ਇਹ ਜਥਾ ਨਿਊ ਯਾਰਕ, ਕੈਲੀਫੋਰਨੀਆ ਤੇ ਹੋਰ ਸਟੇਟਾਂ ਵਿਚ ਵੀ ਜਾਏਗਾ। ਜਥੇ ਵਲੋਂ ਵੀਡੀਓ, ਡੀ.ਵੀ.ਡੀ ਅਤੇ ਐਮ.ਪੀ-3 ਸਿੱਖੀ ਦੇ ਪ੍ਰਚਾਰ ਲਈ ਭੇਟਾ ਰਹਿਤ ਸਿੱਖ ਸੰਗਤਾਂ ਨੂੰ ਦਿੱਤੀਆਂ ਜਾਣਗੀਆਂ। ਜਥੇ ਨਾਲ ਸੰਪਰਕ ਫੋਨ 516-710-2424 (ਅਮਰੀਕਾ) ਜਾਂ 91-98558-79288 (ਇੰਡੀਆ) ਰਾਹੀਂ ਕੀਤਾ ਜਾ ਸਕਦਾ ਹੈ।

## ਨੇਹਾ ਵਾਲੀਆ ਪੀ ਏ ਓ ਦੇ ਨਵੇਂ ਪ੍ਰਧਾਨ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ 'ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ' (ਪੀ ਏ ਓ) ਨੇ ਨੇਹਾ ਵਾਲੀਆ



ਨੂੰ ਸਾਲ 2015-17 ਲਈ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਸਬੰਧੀ ਫੈਸਲਾ ਸੰਸਥਾ ਵਲੋਂ ਪਿਛਲੇ ਦਿਨੀਂ ਇਕ ਮੀਟਿੰਗ ਦੌਰਾਨ ਕੀਤਾ ਗਿਆ। ਡੀਪੌਲ ਯੂਨੀਵਰਸਿਟੀ ਤੋਂ ਬੀ.ਐਸਸੀ ਨੇਹਾ ਨਾਨ ਪਰਾਫਿਟ ਸੰਸਥਾਵਾਂ ਲਈ ਕੰਮ ਕਰਦੀ ਰਹੀ ਹੈ ਅਤੇ ਪੀ ਏ ਓ ਦੇ ਹੋਂਦ ਵਿਚ ਆਉਣ ਦੇ ਵੇਲੇ ਤੋਂ ਇਸ ਦੀ ਬੋਰਡ ਮੈਂਬਰ ਰਹੀ ਹੈ। ਕਿੱਤੇ ਵਜੋਂ ਨੇਹਾ ਸੀ ਵੀ ਐਸ ਹੈਲਥ ਵਿਚ ਕੰਸਲਟੈਂਟ ਹੈ ਅਤੇ ਉਹ ਦੋ ਭੈਣਾਂ ਤੇ ਇਕ ਭਰਾ ਹਨ।

ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਵਲੋਂ ਇਸ ਸਾਲ ਤੀਆਂ ਦਾ ਮੇਲਾ ਆਉਂਦੀ 26 ਜੁਲਾਈ ਐਤਵਾਰ ਨੂੰ ਬਰਿਸਟਲ ਬੈਂਕੁਇਟ ਹਾਲ, ਮਾਊਂਟ ਪ੍ਰਾਸਪੈਕਟ ਵਿਚ ਕਰਵਾਇਆ ਜਾਵੇਗਾ। ਹੋਰ ਜਾਣਕਾਰੀ ਲਈ ਨੇਹਾ ਵਾਲੀਆ, ਮਿਨੀ ਮੁਲਤਾਨੀ, ਨੈਨਾ ਸਿੰਘ, ਸੁੱਖੀ ਸਿੰਘ ਅਤੇ ਪੀ ਏ ਓ ਦੇ ਕਿਸੇ ਵੀ ਬੋਰਡ ਆਫ ਡਾਇਰੈਕਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕੀਰਤਨ ਕਰਦਿਆਂ ਰਾਗੀ ਸਿੰਘ ਦੀ ਮੌਤ

**ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਲੰਘੀ 11 ਅਪਰੈਲ ਨੂੰ ਕੀਰਤਨ ਕਰਦਿਆਂ ਰਾਗੀ ਭਾਈ ਮਲਕੀਤ ਸਿੰਘ ਬਟਾਲਾ ਦੀ ਮੌਤ ਹੋ ਗਈ। ਉਹ ਆਪਣੇ ਜਥੇ ਨਾਲ ਗੁਰਦੁਆਰਾ ਸਾਹਿਬ 'ਚ ਸ਼ਾਮ ਦੇ ਸਮੇਂ ਕੀਰਤਨ ਕਰ ਰਹੇ ਸਨ ਕਿ ਉਨ੍ਹਾਂ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ।



ਜਾਣਕਾਰੀ ਅਨੁਸਾਰ ਕੀਰਤਨ ਕਰਦਿਆਂ ਭਾਈ ਬਟਾਲਾ ਦੀ ਆਵਾਜ਼ ਇਕ ਦਮ ਮੱਧਮ ਹੋ ਗਈ ਅਤੇ ਉਨ੍ਹਾਂ ਇਕ ਦਮ ਆਪਣਾ ਸਰੀਰ ਢਿੱਲਾ ਛੱਡ ਦਿਤਾ। ਉਨ੍ਹਾਂ ਨਾਲ ਕੀਰਤਨ ਦੌਰਾਨ ਸਾਥ ਦੇ ਰਹੇ ਤਬਲਾਵਾਦਕ ਨੇ ਉਨ੍ਹਾਂ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ ਪਰ ਭਾਈ ਬਟਾਲਾ ਪਿਛੇ ਨੂੰ ਡਿੱਗ ਗਏ। ਇਸੇ ਦੌਰਾਨ ਸਟੇਜ ਦੇ ਲਾਗੇ ਬੈਠੇ ਇਕ ਸੰਗਤ ਮੈਂਬਰ ਨੇ ਉਨ੍ਹਾਂ ਦੀ ਛਾਤੀ ਦੀ ਮਾਲਿਸ਼ ਕੀਤੀ ਪਰ ਭਾਈ ਬਟਾਲਾ ਪਲਾਂ 'ਚ ਹੀ ਸੁੱਧ-ਬੁੱਧ ਖੋ ਬੈਠੇ। ਭਾਈ ਬਟਾਲਾ ਦੇ ਅਕਾਲ ਚਲਾਣੇ ਦਾ ਕੀਰਤਨ ਸੁਣ ਰਹੀਆਂ ਸੰਗਤਾਂ ਨੂੰ ਵੀ ਡੂੰਘਾ ਸਦਮਾ ਪੁੱਜਾ।

ਭਾਈ ਬਟਾਲਾ ਦੇ ਅਕਾਲ ਚਲਾਣੇ ਦੀ ਖਬਰ ਪੰਜਾਬ ਰਹਿੰਦੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਰ ਦਿੱਤੀ ਗਈ ਹੈ। ਭਾਈ ਬਟਾਲਾ ਦੀ ਮ੍ਰਿਤਕ ਦੇਹ ਨੂੰ ਭਾਰਤ ਭੇਜਣ ਦੇ ਯਤਨ ਵਜੋਂ ਫੰਡ ਇਕੱਤਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਫੋਨ 718-846-3333 ਜਾਂ 718-974-4827 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


Matrimonial

ਕੰਨਿਆ ਦੀ ਲੋੜ

Wanted suitable match for US born, handsome Sikh clean shaven Bachelor, MBA, 37, 6'-0", runs his own business. Contact: 513-546-7246, e-mail: sunjeet1@hotmail.com

14-17



ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ ਤੇ ਵੇਟਰ ਦੀ ਫੌਰੀ ਤੌਰ 'ਤੇ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ *ਸਹੀ ਵਿਅਕਤੀ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ

Restaurant Help

Immediately hiring CURRY COOK & WAITER for Indian restaurant in Indiana.

*Good salary and free accommodation.

*Sponsorship is available for right candidate.

ਟੋਨੀ, ਫੋਨ: 317-340-1470

14-16

# ਕਾਂਗਰਸ ਨੇ ਉਭਾਰੇ ਭੂਮੀ ਬਿੱਲ ਅਤੇ ਨਸ਼ਿਆਂ ਦੇ ਮੁੱਦੇ

**ਤਲਵੰਡੀ ਸਾਬੋ:** ਵਿਸਾਖੀ ਮੌਕੇ ਕਾਂਗਰਸ ਪਾਰਟੀ ਵੱਲੋਂ ਕੀਤੀ ਕਾਨਫਰੰਸ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਧੜਾ ਗਾਇਬ ਰਿਹਾ ਜਦੋਂ ਕਿ ਬੀਬੀ ਰਾਜਿੰਦਰ ਕੌਰ ਭੱਠਲ ਵੀ ਗ਼ੈਰਹਾਜ਼ਰ ਹੀ ਰਹੇ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭੂਮੀ ਗ੍ਰਹਿਣ ਬਿੱਲ ਕਾਂਗਰਸ ਦੀ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਹੱਕ ਵਿਚ ਬਣਾਇਆ ਸੀ ਪਰ ਹੁਣ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਸੋਧਾਂ ਕਰ ਕੇ ਇਸ ਨੂੰ ਕਿਸਾਨ ਮਾਰੂ ਅਤੇ ਕਾਰਪੋਰੇਟ ਘਰਾਣਿਆਂ ਪੱਖੀ ਬਣਾ ਦਿੱਤਾ ਹੈ।

ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਖੂੰਡੇ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਉਹ ਖੂੰਡਾ ਖੜਕਾਉਣ ਦੀ ਗੱਲ ਨਹੀਂ ਕਰਨਗੇ, ਪਰ ਕਾਂਗਰਸ ਦੇ ਸੱਤਾ ਸੰਭਾਲਣ 'ਤੇ ਦੱਸਣਗੇ ਕਿ ਅਕਾਲੀਆਂ ਨਾਲ ਦੋ ਹੱਥ ਕਿਵੇਂ ਕਰਨੇ ਹਨ।

ਸਾਬਕਾ ਮੰਤਰੀ ਲਾਲ ਸਿੰਘ ਨੇ ਕਿਹਾ ਕਿ ਪੰਜਾਬ ਸਿਰ ਅਕਾਲੀ ਦਲ ਨੇ ਇੰਨਾ ਕਰਜ਼ਾ ਚੜ੍ਹਾ ਦਿੱਤਾ ਹੈ ਕਿ ਇਹ ਕਿਸੇ ਵੀ ਤਰ੍ਹਾਂ ਉਤਰ ਨਹੀਂ ਸਕਦਾ। ਅਕਾਲੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਵਿਚੋਂ ਵੱਡੇ ਪੱਧਰ 'ਤੇ ਸਨਅਤਾਂ ਜਾਂ ਤਾਂ ਬੰਦ ਹੋ ਗਈਆਂ ਜਾਂ ਫਿਰ ਦੂਜੇ ਰਾਜਾਂ ਵਿਚ ਚਲੀਆਂ ਗਈਆਂ ਹਨ।

ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਕੇਂਦਰ ਵਿਚ ਹਰਸਿਮਰਤ ਕੌਰ ਬਾਦਲ ਨੂੰ ਇੱਕ ਡੱਬੇ ਵਾਲਾ ਮੰਤਰੀ ਬਣਾਉਣ ਲਈ ਪੰਜਾਬ ਅਤੇ ਕਿਸਾਨਾਂ ਦੇ ਹਿੱਤ ਮੋਦੀ ਸਰਕਾਰ ਨੂੰ ਵੇਚ ਦਿੱਤੇ ਹਨ। ਉਨ੍ਹਾਂ ਆਮ ਆਦਮੀ ਪਾਰਟੀ ਬਾਰੇ ਕਿਹਾ ਕਿ ਸ਼ਹੀਦ ਭਗਤ ਸਿੰਘ ਵਰਗੀ ਪੱਗ ਬੰਨ੍ਹ ਕੇ ਕੋਈ ਸ਼ਹੀਦਾਂ ਦੀ ਪਾਰਟੀ ਨਹੀਂ ਬਣ ਜਾਂਦੀ। ਕਾਨਫਰੰਸ ਵਿਚੋਂ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ, ਅਜਾਇਬ ਸਿੰਘ ਭੱਟੀ, ਸਾਬਕਾ ਵਿਧਾਇਕ ਮੱਖਣ ਸਿੰਘ, ਸ਼ੇਰ ਸਿੰਘ ਗਾਗੋਵਾਲ ਅਤੇ ਹਰਮੰਦਰ ਸਿੰਘ ਜੱਸੀ ਵੀ ਗ਼ੈਰਹਾਜ਼ਰ ਰਹੇ।

# 'ਆਪ' ਦੀ ਅੱਖ ਅਗਲੀਆਂ ਚੋਣਾਂ 'ਤੇ

ਦਮਦਮਾ ਸਾਹਿਬ (ਬਠਿੰਡਾ): ਆਮ ਆਦਮੀ ਪਾਰਟੀ (ਆਪ) ਨੇ ਇਥੇ ਵਿਸਾਖੀ ਮੌਕੇ ਆਪਣੀ ਕਾਨਫਰੰਸ ਵਿਚ ਵਿਧਾਨ ਸਭਾ ਚੋਣਾਂ 2017 ਵਾਸਤੇ ਜ਼ਮੀਨ ਤਿਆਰ ਕੀਤੀ। ਪਾਰਟੀ ਬੁਲਾਰਿਆਂ ਨੇ ਹਾਕਮ ਧਿਰ ਨੂੰ ਨਿਸ਼ਾਨੇ 'ਤੇ ਰੱਖਿਆ ਅਤੇ ਲੋਕਾਂ ਨੂੰ ਹੁਣ ਤੋਂ ਹੀ ਅਗਾਮੀ ਚੋਣਾਂ ਦੀ ਤਿਆਰੀ ਵਿਚ ਜੁਟਣ ਦੀ ਨਸੀਹਤ ਦਿੱਤੀ। ਆਗੂਆਂ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਵਿਚੋਂ ਬਾਦਲਾਂ ਨੂੰ ਬਦਲਣ ਲਈ ਮੈਦਾਨ ਵਿਚ ਨਿੱਤਰਨ। 'ਆਪ' ਦੀ ਸਿਆਸੀ ਕਾਨਫਰੰਸ ਪ੍ਰਤੀ ਲੋਕਾਂ ਦਾ ਉਤਸ਼ਾਹ ਕਾਫੀ ਸੀ ਜਿਸ ਕਰ ਕੇ ਕਾਂਗਰਸ ਦੀ ਕਾਨਫਰੰਸ ਨੂੰ ਵੀ ਵੱਡੀ ਸੱਟ ਵੱਜੀ। ਉਂਝ, ਪਾਰਟੀ ਦੇ ਪੰਜਾਬ ਵਿਚਲੇ ਤਿੰਨ ਸੰਸਦ ਮੈਂਬਰ ਗ਼ੈਰਹਾਜ਼ਰ ਰਹੇ, ਸੰਸਦ ਮੈਂਬਰ ਭਗਵੰਤ ਮਾਨ ਹਾਜ਼ਰ ਸਨ।

'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਆਖਿਆ ਕਿ ਪੰਜਾਬ ਵਿਚ ਅਗਾਮੀ ਵਿਧਾਨ ਸਭਾ ਚੋਣਾਂ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ। ਦਿੱਲੀ ਚੋਣਾਂ ਦੀ ਜਿੱਤ ਦਾ ਪੰਜਾਬ ਵਿਚ ਅਗਾਮੀ ਚੋਣਾਂ 'ਤੇ ਅਸਰ ਪਵੇਗਾ। ਉਨ੍ਹਾਂ ਦੇਸ਼ ਦੀ ਸਿਆਸਤ ਵਿਚ ਫੈਲ ਰਹੇ ਪਰਿਵਾਰਵਾਦ ਦੀ ਚਰਚਾ ਕੀਤੀ। ਪਾਰਟੀ ਦੇ ਸੂਬਾਈ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ ਪੰਜਾਬ ਦੀ ਕਿਸਾਨੀ ਤੇ ਪਾਣੀਆਂ ਦੇ ਮਸਲੇ ਉਠਾਏ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਭੂਮੀ ਗ੍ਰਹਿਣ ਬਿੱਲ ਦੀ ਹਮਾਇਤ ਕਰ ਕੇ ਆਪਣਾ ਕਿਸਾਨ ਵਿਰੋਧੀ ਚਿਹਰਾ ਦਿਖਾ ਦਿੱਤਾ ਹੈ। ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਤੇ ਸਰਕਾਰ ਚੁੱਪ ਬੈਠੀ ਹੈ। ਬਾਦਲ ਨੇ ਆਪਣੇ ਪਰਿਵਾਰ ਮੋਹ ਵਾਸਤੇ ਕਿਸਾਨਾਂ ਦੇ ਹਿੱਤ ਦਾਅ 'ਤੇ ਲਾ ਦਿੱਤੇ ਹਨ। ਸੰਸਦ ਮੈਂਬਰ ਭਗਵੰਤ ਮਾਨ ਨੂੰ ਸੁਣਨ ਲਈ ਇਕੱਠ ਉਤਾਵਲਾ ਰਿਹਾ। ਉਹਨੇ ਪੰਜਾਬ ਦੇ ਲੋਕਾਂ ਨੂੰ ਹਲੂਣਦਿਆਂ ਆਖਿਆ ਕਿ ਸਾਲ 2017 ਦੀਆਂ ਚੋਣਾਂ ਪੰਜਾਬ ਦੇ ਲੋਕਾਂ ਲਈ ਆਖਰੀ ਮੌਕਾ ਹਨ ਤੇ ਜੇ ਲੋਕਾਂ ਨੇ ਇਹ ਮੌਕਾ ਖੁੰਝਾ ਦਿੱਤਾ ਤਾਂ ਪੰਜਾਬ ਫਿਰ ਦੁਨੀਆਂ ਦੇ ਨਕਸ਼ੇ ਵਿਚ ਕਿਤੇ ਨਹੀਂ ਲੱਭਣਾ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਗੁੰਡਾ ਰਾਜ ਹੈ ਅਤੇ ਕਿਤੇ ਵੀ ਬਿਨਾਂ ਰਿਸ਼ਵਤ ਕੰਮ ਨਹੀਂ ਹੁੰਦਾ। ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਤਾਂ ਬਣਾ ਦਿੱਤੀ ਹੈ ਪਰ ਦੋ ਮਹੀਨਿਆਂ ਵਿਚ ਇਸ ਟੀਮ ਨੇ ਕੋਈ ਕੰਮ ਨਹੀਂ ਕੀਤਾ।

ਪਾਰਟੀ ਦੀ ਕਾਨਫਰੰਸ ਵਿਚ ਧੜੇਬੰਦੀ ਵੀ ਵੇਖਣ ਨੂੰ ਮਿਲੀ। ਬਠਿੰਡਾ ਸੰਸਦੀ ਹਲਕੇ ਤੋਂ ਉਮੀਦਵਾਰ ਰਹੇ ਜੱਸੀ ਜਸਰਾਜ ਨੂੰ ਸਟੇਜ ਤੋਂ ਬੋਲਣ ਸਮੇਂ ਟੋਕਿਆ ਗਿਆ। ਸਟੇਜ ਸੰਚਾਲਨ ਹਲਕਾ ਤਲਵੰਡੀ ਸਾਬੋ ਦੀ ਇੰਚਾਰਜ ਪ੍ਰੋ. ਬਲਜਿੰਦਰ ਕੌਰ ਤੇ ਹਰਮੇਲ ਸਿੰਘ ਨੇ ਕੀਤਾ। 'ਆਪ' ਦੀ ਕਾਨਫਰੰਸ ਵਿਚ ਪਾਰਟੀ ਦੇ ਆਗੂ ਹਿੰਮਤ ਸਿੰਘ ਸ਼ੇਰਗਿੱਲ, ਬਠਿੰਡਾ ਜ਼ਿਲ੍ਹੇ ਦੇ ਪ੍ਰਧਾਨ ਗੁਰਜੀਤ ਸਿੰਘ ਅਤੇ ਸੰਗਰੂਰ ਦੇ ਪ੍ਰਧਾਨ ਜੱਸੀ ਸੇਖੋਂ ਹਾਜ਼ਰ ਸਨ।

# ਅਕਾਲੀਆਂ ਨੇ ਕਾਂਗਰਸੀ ਖਿਲਾਫ ਭੜਾਸ ਕੱਢੀ

**ਦਮਦਮਾ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਨੇ ਇਥੇ ਵਿਸਾਖੀ ਮੌਕੇ ਸਿਆਸੀ ਕਾਨਫਰੰਸ ਵਿਚ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਦਾ ਸੱਦਾ ਦਿੱਤਾ। ਤਖ਼ਤ ਦਮਦਮਾ ਸਾਹਿਬ ਦੇ ਦੀਵਾਨ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚੱਲੀ ਸਿਆਸੀ ਕਾਨਫਰੰਸ ਵਿਚ ਅਕਾਲੀ ਲੀਡਰਸ਼ਿਪ ਨੇ ਵਿਸਾਖੀ ਦਿਹਾੜੇ ਦੇ ਮਹੱਤਵ ਦੀ ਗੱਲ ਕਰਦਿਆਂ ਸਿੱਖ ਕੌਮ ਨੂੰ ਮੁਬਾਰਕਬਾਦ ਦਿੱਤੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੇ ਐਲਾਨੇ ਸਰਕਾਰੀ ਭਾਅ ਨੂੰ ਮਾਮੂਲੀ ਦੱਸਦਿਆਂ ਅਪੀਲ ਕੀਤੀ ਕਿ ਕੇਂਦਰ ਸਰਕਾਰ ਹੁਣ ਖੇਤੀ ਨੂੰ ਮੁਨਾਫ਼ੇ ਵਾਲਾ ਧੰਦਾ ਬਣਾਉਣ ਲਈ ਉਚ-ਤਾਕਤੀ ਕਮੇਟੀ ਕਾਇਮ ਕਰੇ। ਉਨ੍ਹਾਂ ਕਿਹਾ ਕਿ ਲਾਗਤ ਤੇ ਭਾਅ ਕਮਿਸ਼ਨ ਨੇ ਹਾਲੇ ਤਕ ਕਿਸਾਨਾਂ ਨੂੰ ਹੁਨਰਮੰਦ ਨਹੀਂ ਮੰਨਿਆ ਹੈ ਅਤੇ ਨਾ ਹੀ ਜ਼ਮੀਨ ਦੇ ਠੇਕੇ ਨੂੰ ਲਾਗਤ ਕੀਮਤਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਸ ਬਾਰੇ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਿਲ ਰਹੇ ਹਨ। ਉਨ੍ਹਾਂ ਕਾਂਗਰਸ ਬਾਰੇ ਤਾਂ ਖ਼ੂਬ ਭੜਾਸ ਕੱਢੀ, ਪਰ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ ਖ਼ਿਲਾਫ਼ ਇਕ ਵੀ ਲਫ਼ਜ਼ ਨਾ ਬੋਲਿਆ। ਉਨ੍ਹਾਂ ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਚੁੱਪ ਵੱਟੀ ਰੱਖੀ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨੂੰ ਸਾਜ਼ਿਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਰਾਹੁਲ ਗਾਂਧੀ ਨੇ ਪੰਜਾਬ ਦੇ 70 ਫੀਸਦੀ ਲੋਕਾਂ ਨੂੰ ਨਸ਼ੇੜੀ ਆਖ ਕੇ ਇਸ ਦਾ ਮੁੱਢ ਬੰਨ੍ਹਿਆ ਸੀ। ਉਨ੍ਹਾਂ ਵਾਰ ਵਾਰ ਆਮ ਆਦਮੀ ਪਾਰਟੀ (ਆਪ) ਨੂੰ ਨਿਸ਼ਾਨਾ ਬਣਾਇਆ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਭਰੂਣ ਹੱਤਿਆ ਤੇ ਦਾਜ ਦਹੇਜ ਵਰਗੀ ਅਲਾਮਤ ਖ਼ਿਲਾਫ਼ ਲੜਨ ਦਾ ਸੱਦਾ ਦਿੱਤਾ।

ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਪੰਜਾਬ ਦੇ ਪਾਣੀਆਂ ਦੇ ਮਾਮਲੇ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਨੁਕਤਾਚੀਨੀ ਕੀਤੀ। ਸਟੇਜ ਸੰਚਾਲਨ ਕਰ ਰਹੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਆਖਿਆ ਕਿ ਪੰਚਾਇਤਾਂ ਵੱਲੋਂ ਠੇਕੇ ਬੰਦ ਕਰਨ ਵਾਸਤੇ ਪਾਏ ਜਾਂਦੇ ਪੰਚਾਇਤੀ ਮਤੇ ਨਸ਼ੇ ਰੋਕਣ ਵਾਸਤੇ ਕਾਫੀ ਨਹੀਂ ਹਨ, ਬਲਕਿ ਪਿੰਡਾਂ ਨੂੰ ਨਸ਼ਾਮੁਕਤ ਕਰਨ ਲਈ ਲੋਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਹੋਣਾ ਪਵੇਗਾ। ਅਕਾਲੀ ਦਲ ਦੀ ਸਿਆਸੀ ਕਾਨਫਰੰਸ ਵਿਚੋਂ ਭਾਜਪਾ ਗ਼ੈਰਹਾਜ਼ਰ ਰਹੀ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਗੁਰਬਿੰਦਰ ਸਿੰਘ ਭਗਤਾ ਨੇ ਕਿਹਾ ਕਿ ਭਾਜਪਾ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।

# ਕਾਲੀ ਵੇਈਂ ਉਤੇ ਪ੍ਰਦੂਸ਼ਣ ਦੀ ਮਾਰ ਪਹਿਲਾਂ ਨਾਲੋਂ ਵੀ ਵਧੀ

**ਜਲੰਧਰ:** ਪਵਿੱਤਰ ਕਾਲੀ ਵੇਈਂ ਵਿਚ ਪੈ ਰਹੇ ਗੰਦੇ ਪਾਣੀਆਂ ਦਾ ਮੁੱਦਾ ਇਕ ਵਾਰ ਫਿਰ ਗਰਮਾ ਗਿਆ ਹੈ। ਸ੍ਰੀ ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ ਵੱਲੋਂ ਵੇਈਂ ਦੇ ਪਾਣੀਆਂ ਬਾਰੇ ਦਿੱਤੀ ਰਿਪੋਰਟ ਨੇ ਜਿਥੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਕਾਰਗੁਜ਼ਾਰੀ ਉਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ ਉਥੇ ਅਜੇ ਵੀ 22 ਪਿੰਡਾਂ ਤੇ ਚਾਰ ਸ਼ਹਿਰਾਂ ਦਾ ਗੰਦਾ ਪਾਣੀ ਪਵਿੱਤਰ ਨਦੀ ਵਿਚ ਪੈ ਰਿਹਾ ਹੈ। ਇਨ੍ਹਾਂ ਗੰਦੇ ਪਾਣੀਆਂ ਨਾਲ ਹੀ ਆਕਸੀਜਨ ਘੱਟ ਹੋਈ ਜਿਸ ਕਾਰਨ ਮੱਛੀਆਂ ਮਰ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੇ ਬਣਾਏ ਗਏ ਛੇ ਟਰੀਟਮੈਂਟ ਪਲਾਂਟ ਚੱਲ ਨਹੀਂ ਰਹੇ। ਉਧਰ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਿੰਡਾਂ ਦੇ ਛੱਪੜਾਂ ਦੇ ਗੰਦੇ ਪਾਣੀਆਂ ਨੂੰ ਖੇਤੀ ਲਈ ਵਰਤਣ ਲਈ ਮੋਟਰਾਂ ਲਾਏ ਜਾਣ ਦੀ ਮੰਗ ਨੂੰ ਮੁੜ ਦੁਹਰਾਇਆ ਹੈ।

ਪਵਿੱਤਰ ਕਾਲੀ ਵੇਈਂ ਵਿਚ ਗੰਦੇ ਪਾਣੀਆਂ ਬਾਰੇ ਕੀਤੇ ਪਹਿਲੇ ਸਰਵੇ ਵਿਚ ਕਪੂਰਥਲਾ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ 44 ਦੇ ਕਰੀਬ ਅਜਿਹੇ ਪਿੰਡ ਸਨ ਜਿਨ੍ਹਾਂ ਦਾ ਸਿੱਧੇ ਤੌਰ ਉਤੇ ਗੰਦਾ ਪਾਣੀ ਨਦੀ ਵਿਚ ਪੈ ਰਿਹਾ ਸੀ। ਸਾਲ 2005 ਵਿਚ ਪੰਜਾਬ ਸਰਕਾਰ ਨੇ ਇਨ੍ਹਾਂ ਪਿੰਡਾਂ ਦੇ ਗੰਦੇ ਪਾਣੀ ਨੂੰ ਰੋਕਣ ਲਈ ਪ੍ਰੋਜੈਕਟ ਵੀ ਬਣਾਇਆ ਸੀ। ਸਾਲ 2006 ਵਿਚ ਇਨ੍ਹਾਂ ਪਿੰਡਾਂ ਵਿਚ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਦੀ ਅਗਵਾਈ ਹੇਠ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਹੋਇਆ ਸੀ ਉਦੋਂ ਰਿਕਾਰਡ ਸਮੇਂ ਇਕ ਮਹੀਨੇ ਵਿਚ 18 ਪਿੰਡਾਂ ਵਿਚ ਛੱਪੜ ਪੁੱਟ ਕੇ ਸੀਵਰੇਜ ਪਾਏ ਗਏ ਸਨ। ਅਗਸਤ 2006 ਵਿਚ ਉਸ ਵੇਲੇ ਦੇ ਰਾਸ਼ਟਰਪਤੀ ਡਾ ਏ.ਪੀ.ਜੇ ਅਬਦੁਲ ਕਲਾਮ ਨੇ ਪਹਿਲੀ ਵਾਰ ਪਵਿੱਤਰ ਵੇਈਂ ਉਤੇ ਆ ਕੇ ਇਸ ਨੂੰ ਨੋਬਲ ਕਾਰਜ ਦੱਸਿਆ ਸੀ।

ਇਸੇ ਤਰ੍ਹਾਂ ਭੁੱਲਥ, ਬੇਗੋਵਾਲ ਦੇ ਟਰੀਟਮੈਂਟ ਪਲਾਂਟ ਤਾਂ ਬਣ ਕੇ ਤਿਆਰ ਹੋ ਗਏ ਹਨ ਪਰ ਅਜੇ ਤੱਕ ਇਨ੍ਹਾਂ ਟਰੀਟਮੈਂਟ ਪਲਾਂਟਾਂ ਨਾਲ ਇਨ੍ਹਾਂ ਕਸਬਿਆਂ ਦੇ ਗੰਦੇ ਪਾਣੀਆਂ ਨੂੰ ਨਹੀਂ ਜੋੜਿਆ ਗਿਆ। ਦਸੂਹਾ ਸ਼ਹਿਰ ਦਾ ਟਰੀਟਮੈਂਟ ਪਲਾਂਟ ਸੰਤ ਸੀਚੇਵਾਲ ਨੇ ਬਣਾ ਕੇ 2009 ਵਿਚ ਚਾਲੂ ਕੀਤਾ ਸੀ ਤੇ ਗੰਦੇ ਪਾਣੀ ਨੂੰ ਸੋਧ ਕੇ ਖੇਤੀ ਲਈ ਵਰਤਣ ਵਾਸਤੇ ਪੰਜ ਕਿਲੋਮੀਟਰ ਪਾਈਪ ਲਾਈਨ ਪਾਈ ਸੀ ਜੋ ਚੰਗੀ ਤਰ੍ਹਾਂ ਚੱਲ ਰਹੀ ਹੈ ਪਰ ਸ਼ਹਿਰ ਦੇ ਬਹੁਤ ਸਾਰੇ ਹਿੱਸੇ ਦਾ ਗੰਦਾ ਪਾਣੀ ਅਜੇ ਵੀ ਟਰੀਟਮੈਂਟ ਪਲਾਂਟ ਤੱਕ ਨਹੀਂ ਪਹੁੰਚਦਾ। ਸੁਲਤਾਨਪੁਰ ਲੋਧੀ ਵਿਚ ਬਣਿਆ ਟਰੀਟਮੈਂਟ ਪਲਾਂਟ ਕੰਮ ਕਰ ਰਿਹਾ ਹੈ ਪਰ ਸੁਲਤਾਨਪੁਰ ਰੂਰਲ ਤੇ ਸ਼ਹਿਰ ਦੇ ਬਹੁਤ ਸਾਰੇ ਹਿੱਸੇ ਦਾ ਗੰਦਾ ਪਾਣੀ ਸਿੱਧਾ ਵੇਈਂ ਵਿਚ ਪਾਇਆ ਜਾ ਰਿਹਾ ਹੈ। ਇਸ ਪਲਾਂਟ ਦੇ ਸੋਧੇ ਹੋਏ ਪਾਣੀ ਨੂੰ ਖੇਤਾਂ ਤੱਕ ਪਹੁੰਚਦਾ ਕਰਨ ਲਈ ਸੰਤ ਸੀਚੇਵਾਲ ਨੇ ਅੱਠ ਕਿਲੋਮੀਟਰ ਤੱਕ ਪਾਈਪ ਲਾਈਨ ਪਾਈ ਸੀ। ਇਸੇ ਤਰ੍ਹਾਂ ਕਪੂਰਥਲਾ ਸ਼ਹਿਰ ਦੇ ਟਰੀਟਮੈਂਟ ਪਲਾਂਟ ਦਾ ਗੰਦਾ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਪੰਜ ਕਿਲੋਮੀਟਰ ਤੱਕ ਪਾਈਪ ਲਾਈਨ ਪਾਈ ਗਈ ਹੈ ਪਰ ਕਪੂਰਥਲਾ ਦਾ ਟਰੀਟਮੈਂਟ ਪਲਾਂਟ ਹੀ ਨਹੀਂ ਚੱਲ ਰਿਹਾ।

2007 ਵਿਚ ਬਣੀ ਅਕਾਲੀ-ਭਾਜਪਾ ਸਰਕਾਰ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਵੇਈਂ ਬਾਰੇ ਹੋਈਆਂ ਮੀਟਿੰਗਾਂ ਵਿਚ ਫੈਸਲਾ ਕੀਤਾ ਗਿਆ ਸੀ ਕਿ ਨਦੀ ਵਿਚ ਜਿਨ੍ਹਾਂ ਪਿੰਡਾਂ ਦੇ ਗੰਦੇ ਪਾਣੀ ਪੈ ਰਹੇ ਹਨ ਉਨ੍ਹਾਂ ਦੇ ਛੱਪੜਾਂ ਦਾ ਪਾਣੀ ਖੇਤੀ ਲਈ ਵਰਤੇ ਜਾਣ ਲਈ ਮੋਟਰ ਲਾਈ ਜਾਵੇਗੀ ਤੇ ਬਿਜਲੀ ਦੇ ਕੁਨੈਕਸ਼ਨ ਜਾਰੀ ਕੀਤੇ ਜਾਣਗੇ। ਫੈਸਲੇ ਅਨੁਸਾਰ ਕਪੂਰਥਲਾ ਦੇ ਸਿਰਫ ਇਕ ਪਿੰਡ ਸ਼ਾਹਵਾਲ ਅੰਦਰੀਸਾ 'ਚ ਹੀ ਅਮਲ ਕੀਤਾ ਗਿਆ ਸੀ।

### ਟਰੀਟਮੈਂਟ ਪਲਾਂਟ ਵਾਲਾ ਫਾਰਮੂਲਾ ਫੇਲ੍ਹ

ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੇ ਬਣਾਏ ਗਏ ਛੇ ਟਰੀਟਮੈਂਟ ਪਲਾਂਟ ਚੱਲ ਨਹੀਂ ਰਹੇ। ਭੁੱਲਥ, ਬੇਗੋਵਾਲ ਦੇ ਟਰੀਟਮੈਂਟ ਪਲਾਂਟ ਤਾਂ ਬਣ ਕੇ ਤਿਆਰ ਹੋ ਗਏ ਹਨ ਪਰ ਅਜੇ ਤੱਕ ਇਨ੍ਹਾਂ ਟਰੀਟਮੈਂਟ ਪਲਾਂਟਾਂ ਨਾਲ ਇਨ੍ਹਾਂ ਕਸਬਿਆਂ ਦੇ ਗੰਦੇ ਪਾਣੀਆਂ ਨੂੰ ਨਹੀਂ ਜੋੜਿਆ ਗਿਆ। ਸੁਲਤਾਨਪੁਰ ਲੋਧੀ ਵਿਚ ਬਣਿਆ ਟਰੀਟਮੈਂਟ ਪਲਾਂਟ ਕੰਮ ਕਰ ਰਿਹਾ ਹੈ ਪਰ ਸੁਲਤਾਨਪੁਰ ਰੂਰਲ ਤੇ ਸ਼ਹਿਰ ਦੇ ਬਹੁਤ ਸਾਰੇ ਹਿੱਸੇ ਦਾ ਗੰਦਾ ਪਾਣੀ ਸਿੱਧਾ ਵੇਈਂ ਵਿਚ ਪਾਇਆ ਜਾ ਰਿਹਾ ਹੈ। ਇਸ ਪਲਾਂਟ ਦੇ ਸੋਧੇ ਹੋਏ ਪਾਣੀ ਨੂੰ ਖੇਤਾਂ ਤੱਕ ਪਹੁੰਚਦਾ ਕਰਨ ਲਈ ਸੰਤ ਸੀਚੇਵਾਲ ਨੇ ਅੱਠ ਕਿਲੋਮੀਟਰ ਤੱਕ ਪਾਈਪ ਲਾਈਨ ਪਾਈ ਸੀ। ਇਸੇ ਤਰ੍ਹਾਂ ਕਪੂਰਥਲਾ ਸ਼ਹਿਰ ਦੇ ਟਰੀਟਮੈਂਟ ਪਲਾਂਟ ਦਾ ਗੰਦਾ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਪੰਜ ਕਿਲੋਮੀਟਰ ਤੱਕ ਪਾਈਪ ਲਾਈਨ ਪਾਈ ਗਈ ਹੈ ਪਰ ਕਪੂਰਥਲਾ ਦਾ ਟਰੀਟਮੈਂਟ ਪਲਾਂਟ ਹੀ ਨਹੀਂ ਚੱਲ ਰਿਹਾ।


# ਪਾਤਾਲਪੁਰੀ ਸਾਹਿਬ ਲਈ ਕਾਗਜ਼ੀ ਪ੍ਰਾਜੈਕਟਾਂ ਤੱਕ ਹੀ ਸੀਮਤ ਰਹੀ ਸਰਕਾਰ

**ਚੰਡੀਗੜ੍ਹ:** ਪੰਜਾਬ ਕੋਲ ਸਿੱਖ ਧਰਮ ਦੇ ਪ੍ਰਮੁੱਖ ਧਾਰਮਿਕ ਅਸਥਾਨ ਸ੍ਰੀ ਪਤਾਲਪੁਰੀ ਸਾਹਿਬ (ਕੀਰਤਪੁਰ ਸਾਹਿਬ) ਲਈ ਵੀ ਲੋੜੀਂਦਾ ਪਾਣੀ ਨਹੀਂ ਹੈ। ਪੰਜਾਬ ਸਰਕਾਰ ਕਈ ਸਾਲਾਂ ਤੋਂ ਇਸ ਮੁੱਦੇ ਉਪਰ ਕਾਗਜ਼ੀ ਪ੍ਰੋਜੈਕਟ ਬਣਾਉਣ ਤੱਕ ਹੀ ਸੀਮਤ ਹੈ। ਇਸ ਕਾਰਨ ਦੇਸ਼-ਵਿਦੇਸ਼ ਤੋਂ ਆਪਣੇ ਵਿਛੜਿਆਂ ਦੀਆਂ ਅਸਥੀਆਂ ਪ੍ਰਵਾਹ ਕਰਨ ਆਉਂਦੀ ਸੰਗਤ ਨੂੰ ਇਥੇ ਪਾਣੀ ਦੀ ਥੁੜ ਭਾਰੀ ਠੇਸ ਲਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਪੰਜਵੀਂ ਪਾਰੀ ਦੌਰਾਨ ਵੀ ਫਿਲਹਾਲ ਇਸ ਅਸਥਾਨ ਲਈ ਲੋੜੀਂਦੇ ਹੋਰ 200 ਕਿਊਸਿਕ ਪਾਣੀ ਦਾ ਪ੍ਰਬੰਧ ਨਹੀਂ ਕਰਵਾ ਸਕੇ।

ਪੰਜਾਬ ਸਰਕਾਰ ਨੇ ਸੂਚਨਾ ਦੇ ਅਧਿਕਾਰ ਤਹਿਤ ਦਿੱਤੀ ਜਾਣਕਾਰੀ ਰਾਹੀਂ ਕਬੂਲ ਕੀਤਾ ਹੈ ਕਿ ਅੱਜ ਤੱਕ ਵੀ ਅਸਥਘਾਟ ਸ੍ਰੀ ਪਤਾਲਪੁਰੀ ਸਾਹਿਬ ਨੂੰ ਲੋੜੀਂਦਾ ਪਾਣੀ ਨਹੀਂ ਜੁੜਿਆ, ਜਿਸ ਕਾਰਨ ਕਈ ਵਾਰ ਪਾਣੀ ਦੀ ਘਾਟ ਕਾਰਨ ਪ੍ਰਵਾਹ ਕੀਤੀਆਂ ਅਸਥੀਆਂ ਉਥੇ ਹੀ ਘੁੰਮਣਘੇਰੀ ਵਿਚ ਫਸ ਜਾਂਦੀਆਂ ਹਨ। ਇਸ ਵੇਲੇ ਅਸਥਘਾਟ ਸ੍ਰੀ ਪਤਾਲਪੁਰੀ ਸਾਹਿਬ ਲਈ 100-200 ਕਿਊਸਿਕ ਪਾਣੀ ਨੰਗਲ ਹਾਈਡੈਲ ਚੈਨਲ ਦੀ ਅਸਕੇਪ ਦੀਆਂ ਗੇਜਾਂ ਅਨੁਸਾਰ ਨੱਕੀਆਂ ਖੱਡ ਵਿਚ ਛੱਡਿਆ ਜਾ ਰਿਹਾ ਹੈ, ਜੋ ਲੋੜੀਂਦੇ ਪਾਣੀ ਤੋਂ ਬਹੁਤ ਘੱਟ ਹੈ। ਅਸਥਘਾਟ ਪਤਾਲਪੁਰੀ ਸਾਹਿਬ ਨੂੰ ਅਸਥੀਆਂ ਦੇ ਯੋਗ ਪ੍ਰਵਾਹ ਲਈ ਦਹਾਕਿਆਂ ਤੋਂ ਮੌਜੂਦਾ ਪਾਣੀ ਨਾਲੋਂ 200 ਕਿਊਸਿਕ ਵਾਧੂ ਪਾਣੀ ਲੋੜੀਂਦਾ ਹੈ। ਸਰਕਾਰ ਅੱਜ ਤੱਕ ਇਸ ਅਹਿਮ ਧਾਰਮਿਕ ਅਸਥਾਨ ਲਈ 200 ਕਿਊਸਿਕ ਵਾਧੂ ਪਾਣੀ ਦਾ ਪ੍ਰਬੰਧ ਕਰਨ ਤੋਂ ਅਸਮਰੱਥ ਹੈ। ਮਿਲੀ ਜਾਣਕਾਰੀ ਅਨੁਸਾਰ ਨੰਗਲ ਹਾਈਡੈਲ ਚੈਨਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਅਧੀਨ ਆਉਂਦੀ ਹੈ। ਭਾਵੇਂ ਪੰਜਾਬ ਸਰਕਾਰ ਨੇ ਬੀ.ਬੀ.ਐਮ.ਬੀ. ਕੋਲ ਕਈ ਵਾਰ ਪਹੁੰਚ ਕਰਕੇ ਇਸ ਨਹਿਰ ਵਿਚੋਂ ਵੱਧ ਪਾਣੀ ਛੱਡਣ ਲਈ ਕਿਹਾ ਹੈ ਪਰ ਇਹ ਅਦਾਰਾ ਬਾਰਸ਼ਾਂ ਆਦਿ ਦੇ ਆਧਾਰ ਉਤੇ ਫਾਲਤੂ ਪਾਣੀ ਹੋਣ ਦੀ ਸੂਰਤ ਵਿਚ ਹੀ ਚੈਨਲ ਤੋਂ 100-200 ਕਿਊਸਿਕ ਪਾਣੀ ਛੱਡਦਾ ਹੈ।

ਸਿੰਜਾਈ ਵਿਭਾਗ ਨੇ ਮੰਨਿਆ ਕਿ ਅਸਥਘਾਟ ਪਤਾਲਪੁਰੀ ਸਾਹਿਬ ਲਈ ਛੱਡਿਆ ਜਾਣ ਵਾਲਾ ਪਾਣੀ ਕਿਸੇ ਤਰ੍ਹਾਂ ਵੀ ਬੇਅਰਥ ਨਹੀਂ ਹੁੰਦਾ ਤੇ ਇਹ ਪਾਣੀ ਅੱਗੇ ਰੋਪੜ ਹੈਡਵਰਕਸ ਤੋਂ ਨਿਕਲਣ ਵਾਲੀਆਂ ਦੋ ਨਹਿਰਾਂ ਰਾਹੀਂ ਬਕਾਇਦਾ ਸਿੰਜਾਈ ਲਈ ਵਰਤਿਆ ਜਾਂਦਾ ਹੈ। ਕੁੱਲ ਮਿਲਾ ਕੇ ਇਹ ਪਾਣੀ ਅਖੀਰ ਸਤਲੁਜ ਦਰਿਆ ਵਿਚ ਹੀ ਜਾਂਦਾ ਹੈ ਪਰ ਇਸ ਦੇ ਬਾਵਜੂਦ ਸਰਕਾਰ ਦਹਾਕਿਆਂ ਤੋਂ ਪਾਣੀ ਦਾ ਪ੍ਰਬੰਧ ਨਹੀਂ ਕਰ ਸਕੀ। ਹੁਣ ਦੇਸ਼-ਵਿਦੇਸ਼ ਦੀ ਸਿੱਖ ਸੰਗਤ ਨੂੰ ਪੰਜਾਬ ਊਰਜਾ ਵਿਕਾਸ ਏਜੰਸੀ ਉਪਰ ਕੁਝ ਆਸ ਬੱਝੀ ਹੈ। ਇਸ ਏਜੰਸੀ ਵੱਲੋਂ ਨੱਕੀਆਂ ਖੱਡ ਉਪਰ ਮਾਈਕਰੋ ਹਾਈਡਲ ਪ੍ਰੋਜੈਕਟ ਲਾਉਣ ਦੀ ਤਜਵੀਜ਼ ਬਣਾਈ ਹੈ। ਇਸ ਪ੍ਰੋਜੈਕਟ ਤੋਂ 30 ਕਿਲੋਵਾਟ ਬਿਜਲੀ ਪੈਦਾ ਕੀਤੀ ਜਾਵੇਗੀ। ਇਸ ਪ੍ਰੋਜੈਕਟ ਤਹਿਤ ਬਿਜਲੀ ਬੋਰਡ ਪੰਜਾਬ ਅਧੀਨ ਆਉਂਦੀ ਆਨੰਦਪੁਰ ਹਾਈਡੈਲ ਚੈਨਲ ਵਿਚੋਂ 200 ਕਿਊਸਿਕ ਵਾਧੂ ਪਾਣੀ ਨੱਕੀਆਂ ਖੱਡ ਵਿਚ ਛੱਡਣ ਦੀ ਤਜਵੀਜ਼ ਬਣਾਈ ਗਈ ਹੈ। ਏਜੰਸੀ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ ਤੇ ਅਗਲੀ ਕਾਰਵਾਈ ਚੱਲ ਰਹੀ ਹੈ, ਜਿਸ ਤਹਿਤ ਇਸ 200 ਕਿਊਸਿਕ ਪਾਣੀ ਨੂੰ ਮਾਈਕਰੋ ਹਾਈਡੈਲ ਪ੍ਰਜੈਕਟ ਲਈ ਵਰਤਣ ਤੋਂ ਬਾਅਦ ਨੱਕੀਆਂ ਖੱਡ ਰਾਹੀਂ ਅਸਥਘਾਟ ਪਤਾਲਪੁਰੀ ਸਾਹਿਬ ਛੱਡਣ ਦੀ ਤਜਵੀਜ਼ ਬਣਾਈ ਗਈ ਹੈ। ਜਿਥੇ ਇਹ ਪਾਣੀ ਅਸਥਘਾਟ ਦੀ ਲੋੜ ਨੂੰ ਪੂਰਾ ਕਰਨ ਉਪਰੰਤ ਲੋਹੰਡ ਖੱਡ ਵਿਚ ਪੈਣ ਤੋਂ ਬਾਅਦ ਸਤਲੁਜ ਦਰਿਆ ਵਿਚ ਜਾਵੇਗਾ। ਸਿੰਜਾਈ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਨੇ ਆਖਿਆ ਕਿ ਇਸ ਧਾਰਮਿਕ ਅਸਥਾਨ ਲਈ ਲੋੜੀਂਦੇ ਪਾਣੀ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੁੱਦੇ ਨੂੰ ਨਿੱਜੀ ਤੌਰ ਉਤੇ ਘੋਖਣ ਉਪਰੰਤ ਬਿਨਾਂ ਦੇਰੀ ਤੋਂ ਲੋੜੀਂਦੇ ਪਾਣੀ ਦਾ ਪ੍ਰਬੰਧ ਕਰ ਲਿਆ ਜਾਵੇਗਾ।

### ਪਵਿੱਤਰ ਸਥਾਨ ਨੂੰ ਲੋੜੀਂਦੇ ਪਾਣੀ ਲਈ ਅੱਜ ਵੀ ਜੱਦੋ-ਜਹਿਦ



# ਪੰਜਾਬੀ ਰੇਡੀਓ ਯੂਐਸਏ ਦਾ 13ਵਾਂ ਸਟੇਸ਼ਨ ਮਰਸਡ ਤੋਂ ਸ਼ੁਰੂ

**ਸਟਾਕਟਨ (ਬਿਊਰੋ):** ਪੰਜਾਬੀ ਰੇਡੀਓ ਨੇ ਆਪਣਾ 13ਵਾਂ ਸਟੇਸ਼ਨ ਮਰਸਡ ਵਿਚ ਸ਼ੁਰੂ ਕਰ ਦਿੱਤਾ ਹੈ। ਹੁਣ ਸਰੋਤੇ ਪੰਜਾਬੀ ਰੇਡੀਓ ਯੂਐਸਏ ਦੇ ਸੈਟਾਂ ਉਪਰ ਮਰਸਡ ਐਟਵਾਟਰ, ਲਿਵਿੰਗਸਟਨ, ਹਿਲਮੋਰ, ਡੇਲੀ, ਟਰਲਕ ਅਤੇ ਲਾਸ ਬੇਨੋਸ ਏਰੀਏ ਵਿਚ ਸੁਣ ਸਕਦੇ ਹਨ।

ਰੇਡੀਓ ਪ੍ਰਬੰਧਕਾਂ ਅਨੁਸਾਰ ਰੇਡੀਓ ਦੀ ਟੀਮ 18 ਅਪਰੈਲ ਨੂੰ ਕ੍ਰਦਰਜ਼ ਮੇਲੇ ਅਤੇ 19 ਅਪਰੈਲ ਨੂੰ ਸੈਲਮਾ ਤੇ ਬੇਕਰਜ਼ਫੀਲਡ ਨਗਰ ਕੀਰਤਨ ਵਿਚ ਆਪਣਾ ਸਟਾਲ ਲਾਵੇਗੀ। ਪੰਜਾਬੀ ਰੇਡੀਓ ਯੂਐਸਏ ਉਪਰ ਪਿਛਲੇ ਦੋ ਹਫਤਿਆਂ ਤੋਂ ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰਦੁਆਰਾ ਸਟਾਕਟਨ ਤੋਂ ਲਾਈਵ ਪ੍ਰੋਗਰਾਮ ਦਿੱਤੇ ਗਏ ਜਿਸ ਵਿਚ ਭਾਈ ਅਮਰੀਕ ਸਿੰਘ ਚੰਡੀਗੜ੍ਹ, ਭਾਈ ਹਰਪ੍ਰੀਤ ਸਿੰਘ ਦਰਬਾਰ ਸਾਹਿਬ ਵਾਲੇ, ਭਾਈ ਸਰੂਪ ਸਿਘ ਕਡਿਆਲ ਦੇ ਜਥਿਆਂ ਦੇ ਪ੍ਰੋਗਰਾਮ ਦਾ ਸੰਗਤਾਂ ਨੇ ਲਾਈਵ ਪ੍ਰੋਗਰਾਮ ਸੁਣ ਕੇ ਅਨੰਦ ਮਾਣਿਆ। ਨਗਰ ਕੀਰਤਨ ਵਾਲੇ ਦਿਨ ਪੰਜਾਬੀ ਰੇਡੀਓ ਦੇ ਸਟਾਲ 'ਤੇ ਸੰਗਤ ਰੇਡੀਓ ਦੇ ਪ੍ਰੋਗਰਾਮ ਦੀ ਸ਼ਲਾਘਾ ਕਰਦੀ ਰਹੀ ਅਤੇ ਟੀਮ ਮੈਂਬਰਾਂ ਨਾਲ ਵਿਚਾਰ ਸਾਂਝੇ ਕੀਤੇ। ਹੋਰ ਜਾਣਕਾਰੀ ਫੋਨ 408-722-7698 ਤੋਂ ਲਈ ਜਾ ਸਕਦੀ ਹੈ।



*ਪੰਜਾਬੀ ਰੇਡੀਓ ਯੂਐਸਏ ਦੀ ਟੀਮ*

## ਨਾਨਕਸ਼ਾਹੀ ਕੈਲੰਡਰ ਦੀ ਪੈਰਵੀ ਬਦਲੇ ਨੰਦਗੜ੍ਹ ਦਾ ਸਨਮਾਨ

**ਅੰਮ੍ਰਿਤਸਰ:** ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸਮਰਥਨ ਕਰਨ ਲਈ ਇਕ ਪਾਸੇ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਕੋਲੋਂ ਜਥੇਦਾਰ ਦਾ ਅਹੁਦਾ ਤੇ ਸੇਵਾਵਾਂ ਵਾਪਸ ਲੈ ਲਈਆਂ ਸਨ ਪਰ ਦੂਜੇ ਪਾਸੇ ਕੈਲੰਡਰ ਦੀ ਪੈਰਵੀ ਕਰਨ ਬਦਲੇ ਇਥੇ ਸਿੱਖ ਜਥੇਬੰਦੀਆਂ ਨੇ ਜਥੇਦਾਰ ਨੰਦਗੜ੍ਹ ਨੂੰ ਇਕ ਕਾਰ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ।

ਪੰਥਕ ਤਾਲਮੇਲ ਸੰਗਠਨ ਦੇ ਝੰਡੇ ਹੇਠ ਹੋਏ ਇਕ ਸਮਾਗਮ ਦੌਰਾਨ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੇ ਸਿੱਖ ਆਗੂਆਂ ਨੇ ਸੁਜ਼ੂਕਾ ਐਰਟਿਗਾ ਕਾਰ ਦੀਆਂ ਚਾਬੀਆਂ ਜਥੇਦਾਰ ਨੰਦਗੜ੍ਹ ਨੂੰ ਸੌਂਪੀਆਂ। ਉਨ੍ਹਾਂ ਆਖਿਆ ਕਿ ਸਿੱਖ ਕੌਮ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਉਸ ਨੂੰ ਪੰਥ ਆਸਰੇ ਨਿਭਾਉਣ ਲਈ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਹਟਣਗੇ।

ਜਥੇਦਾਰ ਨੰਦਗੜ੍ਹ ਨੇ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਨੂੰ 'ਕਤਲ' ਕਰਕੇ ਬਿਕਰਮੀ ਕੈਲੰਡਰ ਲਾਗੂ ਕਰਨ ਦੇ ਯਤਨਾਂ ਨੂੰ ਸਿੱਖ ਸੰਗਤ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਦੱਸਿਆ ਇਹ ਪਹਿਲਾਂ ਮੌਕਾ ਹੈ ਜਦੋਂ ਸਿੱਖ ਸੰਗਤ ਮੂਲ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਆਪ ਮੁਹਾਰੇ ਖੜ੍ਹੀ ਹੈ।

# ਸ਼ਿਵ ਸੈਨਾ ਆਗੂ ਨੂੰ ਗੋਲੀ ਮਾਰੀ

**ਗੁਰਦਾਸਪੁਰ:** ਸ਼ਿਵ ਸੈਨਾ (ਬਾਲ ਠਾਕਰੇ) ਦੇ ਸੂਬਾਈ ਸਕੱਤਰ ਹਰਵਿੰਦਰ ਸੋਨੀ ਨੂੰ ਐਤਵਾਰ ਸਵੇਰੇ ਫਿਸ਼ ਪਾਰਕ ਵਿਚ ਇਕ ਨੌਜਵਾਨ ਨੇ ਗੋਲੀ ਮਾਰ ਦਿੱਤੀ। ਹਮਲਾਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਸ੍ਰੀ ਸੋਨੀ ਦੇ ਦੋ ਸੁਰੱਖਿਆ ਕਰਮੀਆਂ ਤੇ ਮੌਕੇ ਉਤੇ ਪੁੱਜੀ ਪੁਲਿਸ ਪਾਰਟੀ ਨੇ ਘਟਨਾ ਵਾਲੀ ਥਾਂ ਤੋਂ ਤਕਰੀਬਨ 200 ਮੀਟਰ ਦੂਰ ਘੇਰਾਬੰਦੀ ਕਰਕੇ ਮੁਲਜ਼ਮ ਨੂੰ ਕਾਬੂ ਕਰ ਲਿਆ। ਹਮਲੇ ਨੂੰ 29 ਮਾਰਚ 2012 ਵਿਚ ਗੁਰਦਾਸਪੁਰ ਦੇ ਤਿੱਬੜੀ ਰੋੜ ਉੱਤੇ ਵਾਪਰੇ ਪੁਲਿਸ ਗੋਲੀਕਾਂਡ ਵਾਲੀ ਘਟਨਾ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਮੁਲਜ਼ਮ ਦੀ ਪਛਾਣ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ ਦੇ ਪਿੰਡ ਗਲਵੱਢੀ ਵਾਸੀ ਕਸ਼ਮੀਰ ਸਿੰਘ (25) ਵਜੋਂ ਹੋਈ ਹੈ। ਥਾਣਾ ਸਿਟੀ ਵਿਚ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਹਰ ਹਾਲ ਕਾਇਮ ਰੱਖੀ ਜਾਵੇਗੀ। ਉਹ ਇਥੇ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਦਾ ਹਾਲ ਪੁੱਛਣ ਆਏ ਸਨ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਹਾਈਕੋਰਟ ਵਲੋਂ 'ਨਾਨਕ ਸ਼ਾਹ ਫਕੀਰ' ਉਤੇ ਰੋਕ ਤੋਂ ਨਾਂਹ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਫਿਲਮ 'ਨਾਨਕ ਸ਼ਾਹ ਫਕੀਰ' ਦੇ ਪ੍ਰਦਰਸ਼ਨ ਉਤੇ ਰੋਕ ਨਹੀਂ ਲਾਈ ਪਰ ਨਾਲ ਹੀ ਪੰਜਾਬ ਸਰਕਾਰ ਤੇ ਹੋਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਇਸ ਫਿਲਮ ਦੇ ਪ੍ਰਦਰਸ਼ਨ 'ਤੇ ਪਾਬੰਦੀ ਲਾਉਣ ਦੀ ਮੰਗ ਕਰਦੀ ਪਟੀਸ਼ਨ ਉਤੇ ਜਾਰੀ ਕੀਤਾ ਗਿਆ ਹੈ।

ਪਟੀਸ਼ਨ 'ਤੇ ਕਾਰਵਾਈ ਕਰਦਿਆਂ ਛੁੱਟੀਆਂ ਵਿਚ ਕਾਰਜਸ਼ੀਲ ਬੈਂਚ ਦੇ ਜਸਟਿਸ ਹਰਿੰਦਰ ਸਿੰਘ ਸਿੱਧੂ ਨੇ ਕੇਸ ਦੀ ਸੁਣਵਾਈ ਵੀ 23 ਅਪਰੈਲ ਉਤੇ ਪਾ ਦਿੱਤੀ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਾਈ ਪਟੀਸ਼ਨ ਵਿਚ ਲੁਧਿਆਣਾ ਵਾਸੀ ਸਤਪਾਲ ਸਿੰਘ ਨੇ ਪਹਿਲਾਂ ਇਸ ਆਧਾਰ 'ਤੇ ਪਾਬੰਦੀ ਲਾਏ ਜਾਣ ਦੀ ਮੰਗ ਕੀਤੀ ਸੀ ਕਿ ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਨੂੰ 'ਮਨੁੱਖੀ ਜਾਮੇ' ਵਿਚ ਦਿਖਾਏ ਜਾਣ ਦੀ ਮਨਾਹੀ ਹੈ। ਪਟੀਸ਼ਨ ਵਿਚ ਪਟੀਸ਼ਨਰ ਸਤਪਾਲ ਸਿੰਘ ਨੇ ਆਪਣੇ ਵਕੀਲ ਰੰਜਨ ਲਖਨਪਾਲ ਰਾਹੀਂ ਦਾਅਵਾ ਕੀਤਾ ਸੀ ਕਿ ਗੁਰੂ ਨਾਨਕ ਦੇਵ ਨੂੰ 'ਮਨੁੱਖ ਦੇ ਰੂਪ' ਵਿਚ ਪੇਸ਼ ਕਰਨ ਨਾਲ ਦੁਨੀਆ ਭਰ ਵਿਚ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਅਫਸਰਸ਼ਾਹੀ ਨੇ ਰਾਜ ਭਾਸ਼ਾ ਐਕਟ ਨੂੰ ਵੀ ਟਿੱਚ ਸਮਝਿਆ

**ਚੰਡੀਗੜ੍ਹ:** ਰਾਜ ਭਾਸ਼ਾ (ਤਰਮੀਮ) ਐਕਟ-2008 ਵੀ ਅਫਸਰਸ਼ਾਹੀ ਨੂੰ ਪੰਜਾਬੀ ਭਾਸ਼ਾ ਵਿਚ ਕੰਮ ਕਰਨ ਲਈ ਪਾਬੰਧ ਨਹੀਂ ਕਰ ਸਕਿਆ। ਪੰਜਾਬ ਸਰਕਾਰ ਨੇ ਪੰਜਾਬੀ ਭਾਸ਼ਾ ਤੋਂ ਬੇਮੁੱਖ ਕਿਸੇ ਵੀ ਅਧਿਕਾਰੀਆਂ ਵਿਰੁੱਧ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ। ਭਾਸ਼ਾ ਵਿਭਾਗ ਪੰਜਾਬ ਤੋਂ ਹਾਸਲ ਜਾਣਕਾਰੀ ਅਨੁਸਾਰ ਸਮੂਹ ਸਰਕਾਰੀ ਤੇ ਅਰਧ-ਸਰਕਾਰੀ ਅਦਾਰਿਆਂ ਵਿਚ ਪਿਛਲੇ ਚਾਰ ਸਾਲਾਂ ਦੌਰਾਨ 31 ਮੁਲਾਜ਼ਮ ਤੇ ਅਧਿਕਾਰੀ ਹੀ ਪੰਜਾਬੀ ਦੀ ਥਾਂ ਅੰਗਰੇਜ਼ੀ ਭਾਸ਼ਾ ਵਿਚ ਕੰਮ ਕਰਦੇ ਫੜੇ ਗਏ। 31 ਜਣਿਆਂ ਵਿਚੋਂ ਸਿਰਫ ਚਾਰ ਅਧਿਕਾਰੀ ਹਨ ਜਦਕਿ ਬਾਕੀ ਸਭ ਹੇਠਲੇ ਪੱਧਰ ਦੇ ਮੁਲਾਜ਼ਮ ਹਨ।

ਇਨ੍ਹਾਂ ਵਿਚ ਅੰਮ੍ਰਿਤਸਰ ਦੇ ਵਣ ਮੰਡਲ ਅਫ਼ਸਰ ਤੇ ਇਕ ਮਿਊਂਸਪਲ ਟਾਊਨ ਪਲੈਨਰ, ਸੀਵਰੇਜ ਬੋਰਡ ਦਾ ਐਸਡੀਓ ਤੇ ਕਾਰਜਕਾਰੀ ਇੰਜਨੀਅਰ ਤੇ ਇਕ ਡਾਕਟਰ ਸ਼ਾਮਲ ਹੈ। ਬਾਕੀਆਂ ਵਿਚ ਕਲਰਕ, ਸੀਨੀਅਰ ਸਹਾਇਕ, ਖ਼ਜ਼ਾਨਚੀ, ਸੁਪਰਵਾਈਜ਼ਰ, ਲੇਖਾਕਾਰ ਤੇ ਸੁਪਰਡੈਂਟ ਸ਼ਾਮਲ ਹਨ। ਭਾਸ਼ਾ ਵਿਭਾਗ ਦੀ ਇਸ ਸੂਚੀ ਵਿਚ ਇਕ ਵੀ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ., ਪੀ.ਪੀ.ਐਸ. ਜਾਂ ਹੋਰ ਉਚ ਅਧਿਕਾਰੀ ਸ਼ਾਮਲ ਨਹੀਂ ਹੈ। ਪੰਜਾਬ ਸਕੱਤਰੇਤ ਦੇ ਸੂਤਰਾਂ ਅਨੁਸਾਰ ਕਈ ਉਚ ਅਧਿਕਾਰੀ ਆਮ ਤੌਰ 'ਤੇ ਦਫ਼ਤਰੀ ਕੰਮ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਕਰਦੇ ਹਨ ਤੇ ਕਈ ਹੋਰ ਮੁਲਾਜ਼ਮਾਂ ਨੂੰ ਅੰਗਰੇਜ਼ੀ ਵਿਚ ਕੰਮ ਕਰਨ ਲਈ ਮਜਬੂਰ ਕਰਦੇ ਹਨ। ਭਾਸ਼ਾ ਵਿਭਾਗ ਨੂੰ ਪੰਜਾਬੀ ਭਾਸ਼ਾ ਤੋਂ ਬੇਮੁੱਖ ਸਾਲ 2011 ਵਿਚ 10, 2013 ਵਿਚ ਤਿੰਨ ਤੇ ਸਾਲ 2014 ਵਿਚ ਸਿਰਫ 10 ਮੁਲਾਜ਼ਮ ਤੇ ਅਧਿਕਾਰੀ ਨਜ਼ਰ ਆਏ। ਪਿਛਲੇ ਚਾਰ ਸਾਲਾਂ ਦੌਰਾਨ ਫੜੇ 31 ਅਧਿਕਾਰੀ/ਮੁਲਾਜ਼ਮ ਛੇ ਜ਼ਿਲ੍ਹਿਆਂ ਕਪੂਰਥਲਾ, ਪਟਿਆਲਾ, ਰੂਪਨਗਰ, ਤਰਨਤਾਰਨ, ਚੰਡੀਗੜ੍ਹ, ਜਲੰਧਰ ਤੇ ਅੰਮ੍ਰਿਤਸਰ ਨਾਲ ਸਬੰਧਤ ਹਨ। ਭਾਸ਼ਾ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਹੁਣ ਤੱਕ ਕਿੰਨੇ ਮੁਲਾਜ਼ਮਾਂ ਤੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ।

### ਮਾਂ-ਬੋਲੀ ਤੋਂ ਬੇਮੁੱਖ ਅਫਸਰਾਂ ਖਿਲਾਫ ਕੋਈ ਕਾਰਵਾਈ ਨਹੀਂ



ਸੂਬਾ ਸਰਕਾਰ ਨੇ ਭਾਸ਼ਾ ਪ੍ਰੇਮੀਆਂ ਵੱਲੋਂ 'ਰਾਜ ਭਾਸ਼ਾ ਸੋਧਿਆ ਕਾਨੂੰਨ-2008' ਵਿਚ ਸਜ਼ਾ ਦੀ ਧਾਰਾ ਜੋੜਨ ਤੇ ਪੰਜਾਬ ਰਾਜ ਭਾਸ਼ਾ ਟ੍ਰਿਬਿਊਨਲ ਬਣਾਉਣ ਬਾਰੇ ਮੰਗਾਂ ਤੋਂ ਵੀ ਟਾਲਾ ਵੱਟਣ ਦੀ ਨੀਤੀ ਅਪਣਾਈ ਜਾ ਰਹੀ ਹੈ। ਅਸਲ ਵਿਚ ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ. ਚੇਤਨ ਸਿੰਘ ਇਹ ਤਰਕ ਦੇ ਰਹੇ ਹਨ ਕਿ ਉਹ ਡਰਾਵੇ ਦੀ ਥਾਂ ਪਿਆਰ ਤੇ ਪ੍ਰੇਰਨਾ ਨਾਲ ਪੰਜਾਬੀ ਲਾਗੂ ਕਰਾਉਣ ਲਈ ਯਤਨਸ਼ੀਲ ਹਨ ਪਰ ਸੂਬੇ ਦੀ ਅਫਸਰਸ਼ਾਹੀ ਪਿਆਰ ਦੀ ਭਾਸ਼ਾ ਸਮਝਣ ਲਈ ਤਿਆਰ ਨਹੀਂ ਹੈ।

ਸਰਕਾਰ ਵੱਲੋਂ ਇਕ ਗਸ਼ਤੀ ਪੱਤਰ ਜਾਰੀ ਕਰਕੇ ਭਾਵੇਂ ਸਾਰੇ ਸਰਕਾਰੀ ਦਫ਼ਤਰਾਂ, ਅਦਾਰਿਆਂ ਵਿਚ ਕੰਮ-ਕਾਜ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਬਾਰੇ ਨਿਰਦੇਸ਼ ਦਿੱਤੇ ਗਏ ਹਨ ਪਰ ਫਿਰ ਵੀ ਇਸ ਦਾ ਬਹੁਤਾ ਅਸਰ ਦਿਖਾਈ ਨਹੀਂ ਦਿੰਦਾ। ਪੰਜਾਬ ਰਾਜ ਭਾਸ਼ਾ ਸੋਧ ਐਕਟ 2008 ਨੂੰ ਪੰਜਾਬ ਵਿਚ ਲਾਗੂ ਕੀਤਾ ਗਿਆ ਹੈ, ਜਿਸ ਦੇ ਤਹਿਤ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰਨੇ ਲਾਜ਼ਮੀ ਹਨ। ਪੰਜਾਬ ਵਿਚ ਚੱਲ ਰਹੇ ਕੁਝ ਸਕੂਲ ਅਜਿਹੇ ਹਨ, ਜਿਥੇ ਬੱਚਿਆਂ ਤੇ ਅਧਿਆਪਕਾਂ ਨੂੰ ਆਪਸੀ ਗੱਲਬਾਤ ਪੰਜਾਬੀ ਵਿਚ ਕਰਨ ਦੀ ਸਖ਼ਤ ਮਨਾਹੀ ਹੈ। ਇਸੇ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿਚ ਹਜ਼ਾਰਾਂ ਬੱਚੇ ਪੰਜਾਬੀ ਵਿਸ਼ੇ ਵਿਚੋਂ ਪਾਸ ਨਹੀਂ ਹੋ ਸਕੇ। ਇਵੇਂ ਹੀ ਪੰਜਾਬੀ ਵਿਸ਼ੇ ਦੀ ਪ੍ਰਾਈਵੇਟ ਐਮ.ਏ ਕਰਨ ਵਾਲੇ ਪ੍ਰੀਖਿਆਰਥੀ ਕਈ ਵਾਰ ਇਕ ਤੋਂ ਵੱਧ ਪੇਪਰਾਂ ਵਿਚੋਂ ਮਾਰ ਖਾ ਜਾਂਦੇ ਹਨ।

ਭਾਸ਼ਾ ਵਿਭਾਗ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕੰਮ ਰਾਜ ਭਾਸ਼ਾ ਐਕਟ ਦੀ ਕੁਤਾਹੀ ਕਰਨ ਵਾਲੇ ਮੁਲਾਜ਼ਮਾਂ ਤੇ ਅਧਿਕਾਰੀਆਂ ਦੀ ਜਾਣਕਾਰੀ ਸਬੰਧਤ ਵਿਭਾਗ ਨੂੰ ਭੇਜਣ ਤੱਕ ਸੀਮਤ ਹੈ ਤੇ ਕਾਰਵਾਈ ਕਰਨ ਦਾ ਅਧਿਕਾਰ ਸਬੰਧਤ ਵਿਭਾਗ ਕੋਲ ਹੀ ਹੈ। ਭਾਸ਼ਾ ਐਕਟ ਦੀ ਧਾਰਾ 8-ਡੀ ਵਿਚ ਸਾਫ਼ ਹੈ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ/ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਹੈ ਤਾਂ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮ-1970 ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਸੂਤਰਾਂ ਅਨੁਸਾਰ ਉਚ ਅਧਿਕਾਰੀਆਂ ਵੱਲੋਂ ਭਾਸ਼ਾ ਐਕਟ ਦੀ ਉਲੰਘਣਾ ਕਰਨ ਦੇ ਬਾਵਜੂਦ ਫਿਲਹਾਲ ਸਰਕਾਰ ਨੇ ਅਜਿਹੇ ਕਿਸੇ ਅਧਿਕਾਰੀ ਵਿਰੁੱਧ ਧਾਰਾ 8-ਡੀ ਤਹਿਤ ਕਾਰਵਾਈ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਕਈ ਸਾਲਾਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਐਕਟ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਪਹਿਲੀ ਵਾਰ ਹੀ ਕਾਰਵਾਈ ਕਰਨ ਲਈ ਧਾਰਾ ਵਿਚ ਸੋਧ ਕੀਤੀ ਜਾਵੇ ਪਰ ਸਰਕਾਰ ਨੇ ਇਸ ਬਾਰੇ ਕੁਝ ਨਹੀਂ ਕੀਤਾ। ਲੋਕ ਸੰਪਰਕ ਵਿਭਾਗ ਵੀ ਅਕਸਰ ਰਾਤ ਵੇਲੇ ਮਾਂ ਬੋਲੀ ਨੂੰ ਭੁੱਲ ਜਾਂਦਾ ਹੈ। ਜਦੋਂ ਕਦੇ ਵਿਭਾਗ ਨੂੰ ਰਾਤ ਵੇਲੇ ਪ੍ਰੈੱਸ ਬਿਆਨ ਭੇਜਣਾ ਪੈਂਦਾ ਹੈ ਤਾਂ ਅਧਿਕਾਰੀ ਸਿਰਫ ਅੰਗਰੇਜ਼ੀ ਵਿਚ ਬਿਆਨ ਜਾਰੀ ਕਰ ਦਿੰਦੇ ਹਨ। ਕਾਂਗਰਸ ਨੇ ਪੰਜਾਬ ਵਿਚ ਮੁਕੰਮਲ ਤੌਰ 'ਤੇ ਪੰਜਾਬੀ ਭਾਸ਼ਾ ਲਾਗੂ ਕਰਨ ਜਾਂ ਯੂ.ਟੀ. ਚੰਡੀਗੜ੍ਹ ਵਿਚ ਮਾਂ ਬੋਲੀ ਵੱਲ ਧਿਆਨ ਨਾ ਦਿੱਤੇ ਜਾਣ ਬਾਰੇ ਹਾਅ ਦਾ ਨਾਅਰਾ ਨਹੀਂ ਮਾਰਿਆ। ਭਾਵੇਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਪ੍ਰੈੱਸ ਬਿਆਨ ਜਾਰੀ ਕਰਦੇ ਹਨ ਪਰ ਪਾਰਟੀ ਦੇ ਵਿਧਾਇਕਾਂ ਤੇ ਹੋਰ ਆਗੂਆਂ ਵੱਲੋਂ ਜਾਰੀ ਕੀਤੇ ਜਾਂਦੇ ਬਿਆਨ ਸਿਰਫ ਅੰਗਰੇਜ਼ੀ ਵਿਚ ਹੀ ਹੁੰਦੇ ਹਨ।

### ਰਾਜ ਭਾਸ਼ਾ ਐਕਟ ਵਿਚ ਵੀ ਕਈ ਚੋਰ-ਮੋਰੀਆਂ

ਰਾਜ ਭਾਸ਼ਾ ਐਕਟ ਵਿਚ ਵੀ ਕਈ ਚੋਰ ਮੋਰੀਆਂ ਰੱਖੀਆਂ ਗਈਆਂ ਹਨ ਜੋ ਮਾਂ ਬੋਲੀ ਨੂੰ ਲਾਗੂ ਕਰਨ ਦੇ ਰਾਹ ਵਿਚ ਰੋੜ ਬਣ ਰਹੀਆਂ ਹਨ। ਇਕ ਪਾਸੇ ਤਾਂ ਰਾਜ ਭਾਸ਼ਾ ਐਕਟ ਦੇ ਦਾਇਰੇ ਵਿਚ ਸੂਬਾ ਪੱਧਰੀ ਉੱਚ ਨਿਆਇਕ ਸੰਸਥਾ ਹਾਈਕੋਰਟ ਤੱਕ ਨੂੰ ਪੰਜਾਬੀ ਦੀ ਵਰਤੋਂ ਦਾ 'ਪਾਬੰਦ' ਕੀਤਾ ਗਿਆ ਹੈ ਤੇ ਦੂਜੇ ਪਾਸੇ ਉਲੰਘਣਾ ਦੀ ਸੂਰਤ ਵਿਚ ਕਾਰਵਾਈ ਕਰਨ ਦਾ ਅਖ਼ਤਿਆਰ ਡਾਇਰੈਕਟਰ ਭਾਸ਼ਾ ਵਿਭਾਗ ਦੀ 'ਸਿਫ਼ਾਰਸ਼ਾਂ' ਤੱਕ ਮਹਿਦੂਦ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀ ਸੂਰਤ ਵਿਚ 'ਕਾਰਵਾਈ' ਦੀ 'ਤੀਬਰਤਾ' ਬਾਰੇ ਖਦਸ਼ੇ ਖੜੇ ਹੋਣੇ ਸੁਭਾਵਿਕ ਹਨ। ਮਾਹਿਰਾਂ ਦਾ ਮਤ ਹੈ ਕਿ ਪੰਜਾਬੀ ਰਾਜ-ਭਾਸ਼ਾ ਐਕਟ ਦੀ ਉਲੰਘਣਾ ਦੀ ਸੂਰਤ ਵਿਚ ਕਾਰਵਾਈ ਦਾ ਪੱਧਰ ਘੱਟੋ-ਘੱਟ ਕਿਸੇ ਸੇਵਾ ਮੁਕਤ ਜੱਜ ਦੀ ਅਗਵਾਈ ਵਾਲੀ ਅਥਾਰਿਟੀ ਤੱਕ ਤਾਂ ਜ਼ਰੂਰ ਹੋਵੇ ਤਾਂ ਜੋ ਪੰਜਾਬੀ ਭਾਸ਼ਾ ਨੂੰ ਅਣਗੌਲਣ ਦੀ ਸੂਰਤ ਵਿਚ ਪੱਕਾ ਹੱਥ ਪਾਇਆ ਜਾ ਸਕੇ।

# ਸਹਿਜਧਾਰੀ ਵੋਟ ਮਾਮਲਾ: ਸਾਰੀਆਂ ਧਿਰਾਂ ਨੂੰ ਜਵਾਬ ਦੇਣ ਲਈ 35 ਦਿਨ ਦਾ ਸਮਾਂ

**ਨਵੀਂ ਦਿੱਲੀ:** ਸ਼੍ਰੋਮਣੀ ਕਮੇਟੀ ਵੱਲੋਂ ਸਹਿਜਧਾਰੀ ਸਿੱਖਾਂ ਦੇ ਵੋਟ ਅਧਿਕਾਰ ਬਾਰੇ ਸੁਪਰੀਮ ਕੋਰਟ ਦੇ ਰਜਿਸਟਰਾਰ ਕੋਲ ਪਾਈ ਅਪੀਲ 'ਤੇ ਸ਼੍ਰੋਮਣੀ ਕਮੇਟੀ ਸਮੇਤ ਸਾਰੀਆਂ ਧਿਰਾਂ ਨੂੰ ਲਿਖਤੀ ਜਵਾਬ ਦਾਇਰ ਕਰਨ ਲਈ 35 ਦਿਨਾਂ ਦਾ ਸਮਾਂ ਦਿੱਤਾ ਹੈ। ਇਸ ਉਪਰੰਤ ਅਗਲੀ ਸੁਣਵਾਈ ਦੀ ਤਾਰੀਕ ਤੈਅ ਹੋਵੇਗੀ।

ਦੱਸਣਯੋਗ ਹੈ ਕਿ ਸਾਲ 2003 ਵਿਚ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਸਹਿਜਧਾਰੀ ਸਿੱਖਾਂ ਦਾ ਸ਼੍ਰੋਮਣੀ ਕਮੇਟੀ ਵਿਚ ਵੋਟ ਦਾ ਅਧਿਕਾਰ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਦੇ ਹੋਏ ਇਕ ਨੋਟੀਫਿਕੇਸ਼ਨ ਰਾਹੀਂ ਰੱਦ ਕਰ ਦਿੱਤਾ ਸੀ, ਜਿਸ ਨੂੰ ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਚੁਣੌਤੀ ਦਿੱਤੀ ਤੇ 2012 ਵਿਚ ਹਾਈਕੋਰਟ ਨੇ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਤੇ ਸਹਿਜਧਾਰੀ ਸਿੱਖਾਂ ਦਾ ਵੋਟ ਅਧਿਕਾਰ ਬਹਾਲ ਕਰ ਦਿੱਤਾ। ਇਸੇ ਦੌਰਾਨ 2011 ਵਿਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਵੀ ਰੱਦ ਮੰਨੀ ਗਈ, ਜਿਸ ਕਾਰਨ ਜਿੱਤੇ ਹੋਏ 150 ਸ਼੍ਰੋਮਣੀ ਕਮੇਟੀ ਮੈਂਬਰ ਕਾਰਜਸ਼ੀਲ ਨਹੀਂ ਹੋ ਸਕੇ।

ਸ਼੍ਰੋਮਣੀ ਕਮੇਟੀ ਨੇ ਹਾਈਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਪਰ ਅਦਾਲਤ ਨੇ ਹਾਈਕੋਰਟ ਦੇ ਫ਼ੈਸਲੇ 'ਤੇ ਕੋਈ ਸਟੇਅ ਨਹੀਂ ਦਿੱਤਾ ਤੇ ਸਿਰਫ ਪੁਰਾਣੇ ਹਾਊਸ ਦੀ ਸ. ਅਵਤਾਰ ਸਿੰਘ ਦੀ ਪ੍ਰਧਾਨਗੀ ਵਾਲੀ ਕਾਰਜਕਾਰਨੀ ਕਮੇਟੀ ਨੂੰ ਆਰਜ਼ੀ ਤੌਰ ਉਤੇ ਕੰਮ ਕਾਜ ਕਰਨ ਦੀ ਇਜਾਜ਼ਤ ਦਿੱਤੀ। ਹੁਣ ਇਸ ਕੇਸ ਵਿਚ ਜੇਕਰ ਅਦਾਲਤ ਦਾ ਫ਼ੈਸਲਾ ਸ਼੍ਰੋਮਣੀ ਕਮੇਟੀ ਦੇ ਉਲਟ ਹੋ ਜਾਂਦਾ ਹੈ ਤਾਂ ਛੇਤੀ ਹੀ ਇਹ ਚੋਣ ਦੁਬਾਰਾ ਹੋਵੇਗੀ।

# ਕਤਲ-ਏ-ਆਮ 84 ਦੇ ਪੀੜਤਾਂ ਲਈ ਮੰਗਿਆ ਇਨਸਾਫ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਆਗੂ ਤੇ ਵਕੀਲ ਐਚ.ਐਸ. ਫੂਲਕਾ ਵੱਲੋਂ ਦਿੱਲੀ ਇਥੇ 31 ਕਿਲੋਮੀਟਰ ਲੰਬੀ ਸਾਈਕਲ ਰੈਲੀ ਕੱਢੀ ਗਈ, ਜਿਸ ਵਿਚ ਸੈਂਕੜੇ ਵਿਅਕਤੀਆਂ ਨੇ ਸ਼ਿਰਕਤ ਕੀਤੀ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਲਈ ਇਨਸਾਫ਼ ਦੀ ਮੰਗ ਕੀਤੀ। 31 ਸਾਲ ਪਹਿਲਾਂ ਹੋਏ ਇਸ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਇਹ ਰੈਲੀ ਜੰਤਰ-ਮੰਤਰ ਤੱਕ ਪੁੱਜ ਕੇ ਸਭਾ ਵਿਚ ਬਦਲ ਗਈ।



ਦੋਸ਼ੀਆਂ ਨੂੰ ਢੁੱਕਵੀਆਂ ਸਜ਼ਾਵਾਂ ਦੇਣ ਦੀ ਮੰਗ ਕਰਦਾ ਹੋਇਆ ਇਕ ਯਾਦ ਪੱਤਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਂ ਭੇਜਿਆ ਗਿਆ। ਇਸ ਮੌਕੇ ਕਿਹਾ ਗਿਆ ਕਿ ਨਾਂਗਲੋਈ ਪੁਲਿਸ ਸਟੇਸ਼ਨ ਦੀ ਐਫ.ਆਈ.ਆਰ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ ਤੇ ਵਿਸ਼ੇਸ਼ ਜਾਂਚ ਟੀਮ ਰਾਹੀਂ ਰਹਿੰਦੇ 237 ਮਾਮਲੇ ਮੁੜ ਖੋਲ੍ਹੇ ਜਾਣ ਤੇ ਸਮਾਂਬੱਧ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਗਈ। ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਦੇ ਮਾਮਲੇ ਨੂੰ ਮੁੜ ਖੋਲ੍ਹਣ ਦੀ ਮੰਗ ਕੀਤੀ ਗਈ। ਇਹ ਵੀ ਮੰਗ ਕੀਤੀ ਕਿ ਨਵੰਬਰ 84 ਦੇ ਮੁਕੱਦਮਿਆਂ ਬਾਰੇ ਕੇਂਦਰ ਭਾਰਤ ਦੇ ਚੀਫ ਜਸਟਿਸ ਨੂੰ ਛੇ ਮਹੀਨਿਆਂ ਵਿਚ ਫ਼ੈਸਲਾ ਦੇਣ ਲਈ ਆਖੇ। ਇਹ ਰੈਲੀ ਤਿਲਕ ਨਗਰ ਤੋਂ ਸ਼ੁਰੂ ਹੋਈ ਤੇ ਰਾਜਾ ਗਾਰਡਨ, ਮਾਇਆਪੁਰੀ ਚੌਕ, ਧੌਲਾ ਕੂੰਆਂ, ਡਿਫੈਂਸ ਕਲੋਨੀ, ਪ੍ਰਗਤੀ ਮੈਦਾਨ, ਭਗਵਾਨ ਦਾਸ ਰੋਡ, ਮੰਡੀ ਹਾਊਸ, ਬਾਰਾਂ ਖੰਭਾ ਰੋਡ, ਤਾਲਸਤਾਏ ਮਾਰਗ ਹੁੰਦੀ ਹੋਈ ਜੰਤਰ-ਮੰਤਰ ਪੁੱਜੀ। ਸ. ਫੂਲਕਾ ਨੇ ਕਿਹਾ ਕਿ ਨਵੰਬਰ 1984 ਦਾ ਸਿੱਖ ਕਤਲੇਆਮ ਮਨੁੱਖੀ ਅਧਿਕਾਰਾਂ ਦਾ ਘਾਣ ਸੀ ਤੇ ਤਿੰਨ ਦਹਾਕੇ ਤੋਂ ਵੱਧ ਸਮਾਂ ਬੀਤਣ ਉਤੇ ਵੀ ਇਨਸਾਫ਼ ਨਾ ਮਿਲਣਾ ਸਰਕਾਰਾਂ, ਸੁਰੱਖਿਆ ਏਜੰਸੀਆਂ ਤੇ ਨਿਆਂ ਪ੍ਰਣਾਲੀ ਨੂੰ ਨਾਕਾਮ ਸਾਬਤ ਕਰਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀ ਹਵਾ ਨੂੰ ਸ਼ੁੱਧ ਰੱਖਣ ਲਈ ਪ੍ਰਦੂਸ਼ਣ ਤੇ ਕੁਦਰਤੀ ਸਰੋਤਾਂ ਨੂੰ ਨਸ਼ਟ ਕਰਨ ਵਾਲੀਆਂ ਗੱਡੀਆਂ ਦੀ ਥਾਂ ਸਾਈਕਲ ਚਲਾਉਣ ਨੂੰ ਪਹਿਲ ਦਿੱਤੀ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਇਹ ਨਿੱਜੀ ਪੱਧਰ ਉਤੇ ਕੀਤੇ ਯਤਨਾਂ ਤਹਿਤ ਸਾਈਕਲ ਰੈਲੀ ਦਿੱਲੀ ਅੰਦਰ ਸਭ ਤੋਂ ਵੱਡੀ ਸੀ। ਇਸ ਸਾਈਕਲ ਰੈਲੀ ਵਿਚ ਬਚਪਨ ਬਚਾਓ ਅੰਦੋਲਨ, ਲੋਕ ਰਾਜ ਸਗੰਠਨ, ਸਿੱਖੀ ਸਿਦਕ, ਯੰਗ ਸਿੱਖ ਲੀਡਰਜ਼ ਸਮੇਤ ਹੋਰ ਸੰਸਥਾਵਾਂ ਦੇ ਕਾਰਕੁਨ ਸ਼ਾਮਲ ਹੋਏ।

# ਕੇਬਲ ਕਾਂਡ: ਜੱਸੀ ਨੂੰ ਤੜਫਦਾ ਛੱਡ ਕੇ ਭੱਜ ਨਿਕਲੇ ਸਨ ਜੱਜ

**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਜੱਜਾਂ ਸਾਹਮਣੇ ਕੇਬਲ ਆਪ੍ਰੇਟਰ ਜਸਵਿੰਦਰ ਜੱਸੀ ਵੱਲੋਂ ਆਤਮ ਹੱਤਿਆ ਕਰਨ 'ਤੇ ਸੁਪਰੀਮ ਕੋਰਟ, ਹਾਈਕੋਰਟ ਤੇ ਅੰਮ੍ਰਿਤਸਰ ਦੇ ਸੈਸ਼ਨ ਜੱਜਾਂ ਦੀ ਜ਼ਮੀਰ ਨੂੰ ਝੰਜੋੜਦੇ ਹੋਏ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਤੇ ਸਾਬਕਾ ਜੱਜ 92 ਸਾਲਾ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਜੇਕਰ ਮੌਕੇ ਉਤੇ ਹਾਜ਼ਰ ਜੱਜ ਵੀ ਇਸ ਘਟਨਾ ਦੇ ਗਵਾਹ ਨਾ ਬਣੇ ਤਾਂ ਅਦਾਲਤ ਤੋਂ ਆਮ ਆਦਮੀ ਦਾ ਵਿਸ਼ਵਾਸ ਉਠ ਜਾਏਗਾ। ਇਥੇ ਸੈਕਟਰ-2 ਵਾਲੀ ਅਪਣੀ ਰਿਹਾਇਸ਼ ਉਤੇ ਜਸਟਿਸ ਬੈਂਸ ਤੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਸੈਮੀਨਾਰ ਵਿਚ ਹਾਜ਼ਰ ਜੱਜਾਂ ਨੇ ਆਪਣੀ ਮੁਢਲੀ ਡਿਊਟੀ ਨਹੀਂ ਨਿਭਾਈ ਤੇ ਘਟਨਾ ਵੇਲੇ ਖਿਸਕ ਗਏ।

ਇਸ ਉਪਰੰਤ ਨਾ ਉਨ੍ਹਾਂ ਸ਼ਿਕਾਇਤ ਦਰਜ ਕਰਾਈ ਤੇ ਨਾ ਹੀ ਕੇਸ ਵਿਚ ਗਵਾਹ ਬਣੇ। ਮਨੁੱਖੀ ਅਧਿਕਾਰ ਸੰਗਠਨ ਨੇ 28 ਮਾਰਚ ਵਾਲੇ ਦਿਨ ਦੇ ਸੈਮੀਨਾਰ ਦੀ ਵੀਡੀਓ ਵੀ ਵਿਖਾਈ ਤੇ ਸਬੂਤ ਦਿੱਤਾ ਕਿ ਕਿਵੇਂ ਉਥੇ ਹਾਜ਼ਰ ਕੇਬਲ ਆਪ੍ਰੇਟਰ, ਪ੍ਰਬੰਧਕ ਤੇ ਮੰਚ 'ਤੇ ਬੈਠੇ ਜੱਜ ਉਥੋਂ ਚਲਦੇ ਬਣੇ ਜਦਕਿ ਜਸਵਿੰਦਰ ਜੱਸੀ ਨੇ ਮੌਕੇ ਉਤੇ ਸ਼ੀਸ਼ੀ ਵਿਚੋਂ ਕੁਝ ਪੀ ਲਿਆ ਤੇ ਉਥੇ ਹੀ ਤੜਫਦਾ ਰਿਹਾ। ਵੀਡੀਓ ਵਿਚ ਵਿਖਾਇਆ ਗਿਆ ਹੈ ਕਿ ਜੱਸੀ ਨੇ ਮੰਚ ਉਤੇ ਜਾ ਕੇ ਚੇਅਰਮੈਨ ਜੱਜ ਨੂੰ ਆਤਮ ਹਤਿਆ ਦਾ ਨੋਟ ਦਿੱਤਾ, ਜ਼ਹਿਰ ਪੀਤੀ ਤੇ ਕੁਝ ਭਲਾ-ਬੁਰਾ ਬੋਲਿਆ, ਪਰ ਕਿਸੇ ਨੇ ਉਸ ਵਲ ਧਿਆਨ ਨਹੀਂ ਦਿੱਤਾ। ਜ਼ਿਕਰਯੋਗ ਹੈ ਕਿ ਤੀਜੇ ਦਿਨ ਕੇਬਲ ਆਪ੍ਰੇਟਰ ਜਸਵਿੰਦਰ ਸਿੰਘ ਜੱਸੀ ਨੇ ਹਸਪਤਾਲ ਵਿਚ ਦਮ ਤੋੜ ਦਿੱਤਾ ਸੀ। ਜਸਟਿਸ ਅਜੀਤ ਸਿੰਘ ਬੈਂਸ ਨੇ 14 ਜੱਜਾਂ ਨੂੰ ਅੰਗਰੇਜ਼ੀ ਵਿਚ ਲਿਖੀ ਤਿੰਨ ਸਫ਼ਿਆਂ ਦੀ ਚਿੱਠੀ ਵਿਚ ਕਿਹਾ ਹੈ ਕਿ ਕੇਬਲ ਆਪ੍ਰੇਟਰ ਜਸਵਿੰਦਰ ਜੱਸੀ ਨੇ ਤੁਹਾਡੀ ਹਾਜ਼ਰੀ ਵਿਚ ਜ਼ਹਿਰ ਪੀਤੀ ਤੇ ਤੁਸੀ ਬਤੌਰ ਚਸ਼ਮਦੀਦ ਗਵਾਹ, ਆਪਣੀ ਮੁਢਲੀ ਡਿਊਟੀ ਨਿਭਾਉਣ ਤੋਂ ਵੀ ਭੁੱਲ ਗਏ ਤੇ ਸ਼ਿਕਾਇਤ ਵੀ ਦਰਜ ਨਹੀਂ ਕਰਾਈ। ਪੰਜਾਬ ਮਨੁੱਖੀ ਅਧਿਕਾਰ ਜਥੇਬੰਦੀ ਜਿਸ ਨੇ ਪਿਛਲੇ 23 ਸਾਲਾਂ ਤੋਂ ਸਰਕਾਰ ਤੇ ਪੁਲਿਸ ਦੀਆਂ ਵਧੀਕੀਆਂ ਵਿਰੁੱਧ ਜੰਗ ਛੇੜ ਰੱਖੀ ਹੈ, ਨੇ ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਨਕਲੀ ਤੇ ਝੂਠੇ ਮੁਕਾਬਲਿਆਂ ਦਾ ਪਰਦਾਫ਼ਾਸ਼ ਕੀਤਾ ਸੀ। ਅੰਮ੍ਰਿਤਸਰ ਦੇ ਸਿਟੀ ਕੇਬਲ ਸੈਕਸ ਸਕੈਂਡਲ ਨੂੰ ਜਨਤਾ ਸਾਹਮਣੇ ਲਿਆਂਦਾ, ਇਸ ਕੇਸ ਵਿਚ ਕਈ ਜੱਜ ਵੀ ਫਸੇ ਸਨ। ਗੁਰਦਾ ਵੇਚ ਕਾਂਡ ਵੀ ਸਾਹਮਣੇ ਲਿਆਂਦਾ ਤੇ ਇਸ ਜਥੇਬੰਦੀ ਨੇ ਹੁਣ ਜੱਜਾਂ ਵੱਲੋਂ ਨਿਭਾਏ ਕਿਰਦਾਰ ਦੀ ਆਲੋਚਨਾ ਕੀਤੀ ਹੈ। ਜਸਟਿਸ ਬੈਂਸ ਨੇ ਕਿਹਾ ਕਿ ਉਹ ਖ਼ੁਦ ਜੱਜ ਰਹਿ ਚੁੱਕੇ ਹਨ ਤੇ ਲੋਕਤੰਤਰ ਵਿਚ ਜੱਜਾਂ ਵੱਲੋਂ ਨਿਭਾਈ ਗ਼ਲਤ ਭੂਮਿਕਾ 'ਤੇ ਉਂਗਲੀ ਉਠਾਉਣਾ ਕੋਈ ਮਾੜੀ ਗੱਲ ਨਹੀਂ। ਜੱਜਾਂ ਤੇ ਹੋਰ ਲੋਕਾਂ ਨੂੰ ਪੀੜਤ ਪਰਿਵਾਰ ਦੀ ਮਦਦ ਕਰਨ ਦੀ ਅਪੀਲ ਕਰਦੇ ਹੋਏ ਜਸਟਿਸ ਬੈਂਸ ਨੇ ਕਿਹਾ ਕਿ ਇਸ ਮੁਲਕ ਦੀ ਨਿਆਪਾਲਿਕਾ ਨੂੰ ਖ਼ਤਰਨਾਕ ਤੇ ਖ਼ੌਫ਼ਨਾਕ ਜ਼ਰਾਇਮਪੇਸ਼ਾ ਲੋਕਾਂ ਤੋਂ ਡਰਨਾ ਨਹੀਂ ਚਾਹੀਦਾ ਤੇ ਵਿਸ਼ੇਸ਼ ਕਰਕੇ ਸੁਪਰੀਮ ਕੋਰਟ ਤੇ ਹਾਈਕੋਰਟ ਦੇ ਜੱਜਾਂ ਨੂੰ ਹੌਸਲਾ ਕਰਕੇ ਖ਼ੁਦ ਜ਼ੁਲਮ ਵਿਰੁੱਧ ਡਟਣਾ ਚਾਹੀਦਾ ਹੈ। ਜਿਨ੍ਹਾਂ 14 ਜੱਜਾਂ ਨੂੰ ਲਿਖਤੀ ਰੂਪ ਵਿਚ ਅਪੀਲ ਕੀਤੀ ਹੈ, ਉਸ ਲਿਸਟ ਵਿਚ ਕੇਬਲ ਆਪ੍ਰੇਟਰਾਂ ਦੀਆਂ ਸ਼ਿਕਾਇਤ ਨਿਵਾਰਨ ਲਈ ਬਣਾਏ ਟ੍ਰਿਬਿਊਨਲ ਦੇ ਚੇਅਰਮੈਨ ਜਸਟਿਸ ਆਫ਼ਤਾਬ ਆਲਮ, ਇਸੇ ਟ੍ਰਿਬਿਊਨਲ ਦੇ ਮੈਂਬਰ ਕੁਲਦੀਪ ਸਿੰਘ, ਸੁਪਰੀਮ ਕੋਰਟ ਦੇ ਜੱਜ ਜਸਟਿਸ ਆਦਰਸ਼ ਕੁਮਾਰ ਗੋਇਲ ਤੇ ਪੰਜਾਬ, ਹਰਿਆਣਾ ਹਾਈਕੋਰਟ ਦੇ ਜੱਜ ਜਸਟਿਸ ਸਤੀਸ਼ ਕੁਮਾਰ ਮਿੱਤਲ ਸ਼ਾਮਲ ਹਨ।

### ਜਸਟਿਸ ਬੈਂਸ ਨੇ ਜੱਜਾਂ ਦੀ ਜ਼ਮੀਰ ਨੂੰ ਝੰਜੋੜਿਆ



# ਮਹਿਜ਼ ਸਿਆਸੀ ਲਾਹੇ ਲਈ ਖੇਡੀ ਜਾਂਦੀ ਹੈ ਚੇਅਰ ਸਥਾਪਤ ਕਰਨ ਦੀ ਖੇਡ

**ਪਟਿਆਲਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਿੰਡ ਘੁਮਾਣ ਵਿਚ ਮਰਾਠੀ ਸਾਹਿਤ ਸੰਮੇਲਨ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਲਾਨੀ ਭਗਤ ਨਾਮਦੇਵ ਚੇਅਰ ਪਹਿਲਾਂ ਹੀ ਇਥੇ ਸਥਾਪਤ ਹੋਣ ਬਾਰੇ ਖੁਲਾਸੇ ਪਿੱਛੋਂ ਸਿਆਸੀ ਧਿਰਾਂ ਦੀ ਇਨ੍ਹਾਂ ਚੇਅਰਾਂ ਬਾਰੇ ਨੀਅਤ ਸ਼ੱਕ ਦੇ ਘੇਰੇ ਵਿਚ ਆ ਗਈ ਹੈ। ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੱਤ ਵੱਖ ਵੱਖ ਚੇਅਰਾਂ ਸਥਾਪਤ ਕੀਤੀਆਂ ਸਨ। ਇਨ੍ਹਾਂ ਚੇਅਰਾਂ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਗੋਬਿੰਦ ਸਿੰਘ ਚੇਅਰ, ਸੰਤ ਕਬੀਰ ਚੇਅਰ, ਡਾ. ਬੀ.ਆਰ. ਅੰਬੇਦਕਰ ਚੇਅਰ, ਭਗਤ ਨਾਮਦੇਵ ਚੇਅਰ, ਗੁਰੂ ਰਵੀਦਾਸ ਚੇਅਰ ਤੇ ਹਜ਼ਰਤ ਮੀਆਂ ਮੀਰ ਚੇਅਰ ਸ਼ਾਮਲ ਸਨ। ਇਨ੍ਹਾਂ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਹੀ ਚੱਲ ਰਹੀ ਹੈ ਤੇ ਬਾਕੀ ਨੂੰ ਕਦੇ ਫੰਡ ਜਾਰੀ ਨਹੀਂ ਹੋਇਆ।

ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਥਾਪਤ ਸੰਤ ਹਰਚੰਦ ਸਿੰਘ ਲੌਂਗੋਵਾਲ ਚੇਅਰ ਦਾ ਅੱਜ ਕਿਧਰੇ ਨਾਮੋ-ਨਿਸ਼ਾਨ ਨਹੀਂ ਹੈ, ਕਿਉਂਕਿ ਪੰਜਾਬ ਸਰਕਾਰ ਨੇ ਇਸ ਚੇਅਰ ਨੂੰ ਕਦੇ ਫ਼ੰਡ ਹੀ ਜਾਰੀ ਨਹੀਂ ਕੀਤੇ। ਰਾਜੀਵ-ਲੌਂਗੋਵਾਲ ਸਮਝੌਤਾ ਕਰਕੇ ਅਕਾਲੀ ਸਿਆਸਤ ਵਿਚ ਕਾਫੀ ਚਰਚਿਤ ਰਹੇ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੌਂਗੋਵਾਲ ਵਿਖੇ ਰੈਲੀਆਂ ਕਰਕੇ ਉਨ੍ਹਾਂ ਪ੍ਰਤੀ ਸ਼ਰਧਾ ਵੀ ਜਿਤਾਈ ਜਾਂਦੀ ਹੈ ਪਰ ਦੂਜੇ ਪਾਸੇ ਉਨ੍ਹਾਂ ਦੇ ਨਾਂ ਉਤੇ ਸਥਾਪਤ ਕੀਤੀ ਚੇਅਰ ਦਾ ਵਜੂਦ ਖ਼ਤਰੇ ਵਿਚ ਹੈ। ਮਿਲੀ ਜਾਣਕਾਰੀ ਅਨੁਸਾਰ 20 ਅਗਸਤ, 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸ਼ਹੀਦ ਹੋਣ ਬਾਅਦ 1986 ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਂ ਉਤੇ ਪੰਜਾਬੀ ਯੂਨੀਵਰਸਿਟੀ ਵਿਚ ਚੇਅਰ ਸਥਾਪਤ ਕਰਨ ਦਾ ਐਲਾਨ ਤਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕੀਤਾ ਸੀ। ਚੇਅਰ ਦੀ ਸਥਾਪਨਾ ਦੇ ਸਮਝੌਤੇ ਅਨੁਸਾਰ ਚੇਅਰ ਦੇ ਸਾਰੇ ਫੰਡ ਪੰਜਾਬ ਸਰਕਾਰ ਨੇ ਦੇਣੇ ਸਨ ਪਰ ਬਰਨਾਲਾ ਸਰਕਾਰ ਦਾ ਕੁਝ ਸਮੇਂ ਬਾਅਦ ਹੀ ਭੋਗ ਪੈ ਜਾਣ ਮਗਰੋਂ ਇਸ ਚੇਅਰ ਲਈ ਕਦੇ ਕੋਈ ਕੰਮ ਨਹੀਂ ਕੀਤਾ ਗਿਆ। ਇਹ ਚੇਅਰ ਪੰਜਾਬੀ ਯੂਨੀਵਰਸਿਟੀ ਦੀਆਂ ਫਾਈਲਾਂ ਵਿਚ ਮੌਜੂਦ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਚੇਅਰ ਲਈ ਹਰ ਸਾਲ ਅਨੁਮਾਨਿਤ ਬਜਟ ਵਿਚ ਚਾਰ ਲੱਖ, 98 ਹਜ਼ਾਰ ਰੁਪਏ ਰੱਖੇ ਜਾਂਦੇ ਹਨ ਪਰ ਇਸ ਚੇਅਰ ਦਾ ਵਜੂਦ ਪੰਜਾਬੀ ਯੂਨੀਵਰਸਿਟੀ ਵਿਚ ਕਿਤੇ ਵੀ ਦਿਖਾਈ ਨਹੀਂ ਦਿੰਦਾ। ਇਹ ਬਜਟ ਅਣਵਰਤਿਆ ਹੀ ਅਗਲੇ ਸਾਲ ਦੇ ਬਜਟ ਵਿਚ ਰੱਖ ਦਿੱਤਾ ਜਾਂਦਾ ਹੈ। ਨਾਮ ਨਾ ਛਾਪਣ ਦੀ ਸ਼ਰਤ 'ਤੇ ਇਕ ਸੇਵਾਮੁਕਤ ਅਧਿਕਾਰੀ ਨੇ ਕਿਹਾ ਕਿ ਉਹ ਇਸ ਚੇਅਰ ਦੀ ਸਥਾਪਤੀ ਤੋਂ ਬਾਅਦ ਪੰਜਾਬ ਦੇ ਗਵਰਨਰ ਤੇ ਸਰਕਾਰ ਨੂੰ ਕਾਫੀ ਪੱਤਰ ਵਿਹਾਰ ਕੀਤਾ ਪਰ ਇਸ ਪਾਸੇ ਕਿਸੇ ਨੇ ਕਦੇ ਕੋਈ ਧਿਆਨ ਨਹੀਂ ਦਿੱਤਾ। ਡਾ. ਬਲਕਾਰ ਸਿੰਘ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਚੇਅਰ ਬਾਰੇ ਕੋਈ ਵੀ ਵਿਚਾਰ ਨਾ ਕਰਨਾ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰੀ ਸਿਆਸਤਾਂ ਖੇਡਣ ਲਈ ਚੇਅਰਾਂ ਸਥਾਪਤ ਕਰ ਦਿੱਤੀਆਂ ਜਾਂਦੀਆਂ ਹਨ ਪਰ ਕੁਝ ਮੁੱਖ ਮੰਤਰੀਆਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਚੇਅਰ ਦੀ ਸਥਾਪਤੀ ਦਾ ਮਤਲਬ ਕੀ ਹੁੰਦਾ ਹੈ। ਚੇਅਰਾਂ ਕਿਸੇ ਸ਼ਖ਼ਸੀਅਤ ਦੇ ਨਾਮ ਉਤੇ ਸ਼ੁਰੂ ਕਰਕੇ ਵੱਖ-ਵੱਖ ਵਿਸ਼ਿਆਂ ਉਤੇ ਖੋਜਾਂ ਕਰਨ ਲਈ ਹੁੰਦੀਆਂ ਹਨ ਪਰ ਇਥੇ ਚੇਅਰਾਂ ਸਥਾਪਤ ਕਰਨਾ ਮਹਿਜ਼ ਸਿਆਸੀ ਸਟੰਟ ਹੀ ਹੁੰਦਾ ਹੈ, ਜਿਸ ਨਾਲ ਕਿਸੇ ਵੀ ਹਸਤੀ 'ਤੇ ਹੋਣ ਵਾਲੀ ਅਕਾਦਮਿਕ ਖੋਜ ਉਤੇ ਵੀ ਪ੍ਰਸ਼ਨ ਚਿੰਨ੍ਹ ਲੱਗਦਾ ਹੈ।

## ਗੁਰੂ ਗੋਬਿੰਦ ਸਿੰਘ ਮਾਰਗ ਬਾਰੇ ਤਜਵੀਜ਼ ਵਿਸਾਰੀ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਪਵਿੱਤਰ ਮਾਰਗ ਐਲਾਨਣ ਕਰਨ ਦੀ ਤਜਵੀਜ਼ ਗੁੱਠੇ ਲਾ ਦਿੱਤੀ ਗਈ ਹੈ ਤੇ ਆਬਕਾਰੀ ਮਹਿਕਮੇ ਨੇ ਐਤਕੀ ਮੁੜ ਗੁਰੂ ਗੋਬਿੰਦ ਸਿੰਘ ਮਾਰਗ ਉਤੇ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ ਹਨ। ਪੰਜਾਬ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਤਜਵੀਜ਼ ਵੀ ਦਰਕਿਨਾਰ ਕਰ ਦਿੱਤੀ ਹੈ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ 24 ਅਗਸਤ 2014 ਨੂੰ ਪੰਜਾਬ ਸਰਕਾਰ ਨੂੰ ਆਖਿਆ ਸੀ ਕਿ ਇਸ ਮਾਰਗ ਨੂੰ ਪਵਿੱਤਰ ਮਾਰਗ ਐਲਾਨਿਆ ਜਾਵੇ ਤੇ ਇਸ ਮਾਰਗ ਤੋਂ ਸ਼ਰਾਬ ਦੇ ਠੇਕੇ ਹਟਾ ਦਿੱਤੇ ਜਾਣ। ਮਿਲੇ ਵੇਰਵਿਆਂ ਅਨੁਸਾਰ ਗੁਰੂ ਗੋਬਿੰਦ ਸਿੰਘ ਮਾਰਗ ਸ੍ਰੀ ਆਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਤੱਕ ਹੈ, ਜਿਸ ਦੀ ਲੰਬਾਈ ਤਕਰੀਬਨ 577 ਕਿਲੋਮੀਟਰ ਹੈ, ਉਤੇ ਸਰਕਾਰ ਨੇ ਸ਼ਰਾਬ ਦੇ 55 ਠੇਕੇ ਖੋਲ੍ਹੇ ਹੋਏ ਹਨ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਮੰਨਦੇ ਹੋਏ ਕੌਮੀ ਮਾਰਗ ਤੋਂ ਤਾਂ ਠੇਕੇ ਹਟਾ ਦਿੱਤੇ ਹਨ ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਅਪੀਲ ਨੂੰ ਨਜ਼ਰਅੰਦਾਜ ਕਰ ਦਿੱਤਾ ਹੈ।


# ਤੰਦੂਰੀਏ ਅਤੇ ਕੱਰੀ ਕੁੱਕ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

15-16


# ਬੈਂਸ ਭਰਾਵਾਂ ਵਲੋਂ ਬਾਦਲ ਸਰਕਾਰ ਖਿਲਾਫ 'ਪੱਕਾ ਮੋਰਚਾ'

**ਲੁਧਿਆਣਾ:** ਪੰਜਾਬ ਵਿਚ ਰੇਤ, ਬਜਰੀ, ਕੇਬਲ ਤੇ ਟਰਾਂਸਪੋਰਟ ਮਾਫ਼ੀਆ ਮੁੱਦਿਆਂ ਨੂੰ ਲੈ ਕੇ ਲੁਧਿਆਣੇ ਤੋ ਬੈਂਸ ਭਰਾਵਾਂ ਨੇ ਪੰਜਾਬ ਸਰਕਾਰ ਖਿਲਾਫ ਮੋਰਚਾ ਖੋਲ ਦਿੱਤਾ ਹੈ। ਦੋਵਾਂ ਭਰਾਵਾਂ ਨੇ ਰੇਤ ਮਾਫ਼ੀਆ ਖ਼ਿਲਾਫ਼ 20 ਅਪਰੈਲ ਨੂੰ ਸੱਤਿਆਗ੍ਰਹਿ ਕਰਨ ਦਾ ਐਲਾਨ ਕੀਤਾ ਹੈ। ਨਵ-ਗਠਿਤ ਇਨਸਾਫ਼ ਟੀਮ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਭਰਾ ਵਿਧਾਇਕ ਜਥੇਦਾਰ ਬਲਵਿੰਦਰ ਸਿੰਘ ਬੈਂਸ ਨੇ ਸੂਬਾ ਸਰਕਾਰ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਬਾਦਲ ਸਰਕਾਰ ਕੋਲੋਂ ਜਾਨ ਦਾ ਖ਼ਤਰਾ ਹੈ। ਸਿਆਸੀ ਖੁੰਧਕ ਕੱਢਣ ਲਈ ਉਨ੍ਹਾਂ ਨੂੰ ਕਿਸੇ ਵੇਲੇ ਕਤਲ ਕਰਵਾਇਆ ਜਾ ਸਕਦਾ ਹੈ।



ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਸਰੁੱਖਿਆ ਉਤੇ ਭਰੋਸਾ ਨਹੀਂ ਹੈ। ਉਨ੍ਹਾਂ ਦੇ ਫੋਨ ਵੀ ਟੈਪ ਕੀਤੇ ਜਾ ਰਹੇ ਹਨ। ਬੈਂਸ ਭਰਾਵਾਂ ਨੇ ਕਿਹਾ ਕਿ ਰੇਤ ਮਾਫੀਆ ਖਿਲਾਫ਼ ਸ਼ੁਰੂ ਕੀਤੇ ਗਏ ਸੱਤਿਆਗ੍ਰਹਿ ਵਿਚ ਜੇਕਰ ਉਨ੍ਹਾਂ ਦੀ ਗ੍ਰਿਫਤਾਰੀ ਹੋਵੇਗੀ ਤਾਂ ਉਹ ਜੇਲ੍ਹ ਯਾਤਰਾ ਕਰਨ ਤੋਂ ਬਾਅਦ ਸਿੱਧਾ ਘਰ ਨਹੀਂ ਜਾਣਗੇ ਬਲਕਿ ਜੇਲ੍ਹ ਤੋਂ ਹੀ ਸਿੱਧਾ ਦੂਸਰੇ ਜ਼ਿਲ੍ਹੇ ਦੀ ਰੇਤ ਦੀ ਖੱਡ ਵੱਲ ਰੁਖ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 20 ਅਪਰੈਲ ਤੋਂ ਇਸ ਜਨਅੰਦੋਲਨ ਦੀ ਸ਼ੁਰੂਆਤ ਲੁਧਿਆਣਾ ਤੋਂ ਕੀਤੀ ਜਾਵੇਗੀ। ਉਸ ਤੋਂ ਬਾਅਦ ਇਹ 14 ਸੂਬਿਆਂ ਵਿਚ ਹਰ ਹਾਲ ਵਿੱਚ ਹੋਵੇਗਾ। ਇਸ ਦੌਰਾਨ ਖੱਡਾਂ ਵਿਚ ਕੱਢੀ ਗਈ ਰੇਤ ਲੋਕਾਂ ਨੂੰ ਮੁਫਤ ਦਿੱਤੀ ਜਾਏਗੀ।

ਉਨ੍ਹਾਂ ਕਿਹਾ ਕਿ ਸ਼ਨਿਚਰਵਾਰ ਨੂੰ ਲੁਧਿਆਣਾ ਵਿਚ ਮਨੁੱਖੀ ਲੜੀ ਬਣਾਉਣ ਜਾਂਦੇ ਸਮੇਂ ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਉਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਦੇ ਸਮਰਥਕਾਂ ਡਰੋਂ ਇਕ ਭਰਾ ਨੂੰ ਥਾਣਾ ਡੇਹਲੋਂ ਤੇ ਦੂਜੇ ਨੂੰ ਥਾਣਾ ਕੂਮ ਕਲਾਂ ਵਿਚ ਰੱਖਿਆ। ਉਨ੍ਹਾਂ ਕਿਹਾ ਕਿ ਪੁਲਿਸ ਵਾਲੇ ਦੇਰ ਰਾਤ ਤੱਕ ਉਚ ਅਧਿਕਾਰੀਆਂ ਕੋਲੋਂ ਪਰਚਾ ਦਰਜ ਕਰਨ ਦੇ ਨਿਰਦੇਸ਼ ਲੈਂਦੇ ਰਹੇ ਪਰ ਦੇਰ ਰਾਤ ਉਨ੍ਹਾਂ ਨੂੰ ਛੱਡ ਦਿੱਤਾ ਗਿਆ।

ਦੱਸਣਯੋਗ ਹੈ ਕਿ ਸ਼ਨਿਚਰਵਾਰ ਨੂੰ ਬੈਂਸ ਭਰਾਵਾਂ ਸਮੇਤ 100 ਦੇ ਕਰੀਬ ਸਮਰਥਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਦੋਂ ਉਹ ਰੇਤ ਮਾਫ਼ੀਆ ਖਿਲਾਫ਼ ਸ਼ੁਰੂ ਕੀਤੇ ਸੰਘਰਸ਼ ਤਹਿਤ ਲੁਧਿਆਣਾ ਵਿਚ ਮਨੁੱਖੀ ਚੇਨ ਬਣਾਉਣ ਜਾ ਰਹੇ ਸਨ। ਨਵ-ਗਠਿਤ ਟੀਮ ਇਨਸਾਫ਼ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਪੰਜਾਬ ਨੂੰ ਰੇਤ ਮਾਫ਼ੀਆ, ਬਜਰੀ ਮਾਫ਼ੀਆ, ਕੇਬਲ ਮਾਫ਼ੀਆ ਤੇ ਟਰਾਂਸਪੋਰਟ ਮਾਫ਼ੀਆ ਖਿਲਾਫ਼ 'ਸੱਤਿਆਗ੍ਰਹਿ' ਅੰਦੋਲਨ ਕਰਨ ਦਾ ਐਲਾਨ ਕੀਤਾ ਗਿਆ ਸੀ ਤੇ ਇਹ ਅੰਦੋਲਨ 20 ਅਪ੍ਰੈਲ ਤੋਂ ਲੁਧਿਆਣਾ ਤੋਂ ਸ਼ੁਰੂ ਕੀਤਾ ਜਾਣਾ ਹੈ। ਬਲਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਦਾ ਅੰਦੋਲਨ ਸ਼ਾਂਤੀਪੂਰਨ ਢੰਗ ਨਾਲ ਕੀਤਾ ਜਾ ਰਿਹਾ ਸੀ, ਪਰ ਸਰਕਾਰ ਵੱਲੋਂ ਬੌਖਲਾਹਟ ਵਿਚ ਆ ਕੇ ਉਨ੍ਹਾਂ ਦੇ ਸਮਰਥਕਾਂ ਨੂੰ ਹਿਰਾਸਤ ਵਿਚ ਲੈ ਲਿਆ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਅੱਜ ਜੰਗਲ ਰਾਜ ਹੈ ਤੇ ਮਾਫ਼ੀਆ ਖਿਲਾਫ਼ ਕਿਸੇ ਨੂੰ ਵੀ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ।


# Are You Tired Of All Treatments?

## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***





ਪੰਜਾਬ ਟਾਈਮਜ਼

*ਸਨਿਚਰਵਾਰ, 18 ਅਪਰੈਲ 2015*

## ਮੋਦੀ ਦਾ ਮਿਹਣਾ

ਜਰਮਨ ਦੌਰੇ 'ਤੇ ਪੁੱਜ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਸਕ੍ਰਿਤ ਦੇ ਬਹਾਨੇ ਧਰਮ ਨਿਰਪੇਖੀਆਂ (ਸੈਕੂਲਰਿਸਟਾਂ) ਨੂੰ ਮਿਹਣਾ ਮਾਰਿਆ ਹੈ। ਯਾਦ ਕਰਵਾਉਣਾ ਪਵੇਗਾ ਕਿ ਭਾਰਤ ਨੂੰ ਹਿੰਦੂਤਵ ਦੀ ਲੀਹੇ ਪਾਉਣ ਤਹਿਤ ਮੋਦੀ ਦੀ ਜਥੇਬੰਦੀ ਭਾਰਤੀ ਜਨਤਾ ਪਾਰਟੀ ਅਤੇ ਇਸ ਪਾਰਟੀ ਦੀ ਮਾਂ-ਜਥੇਬੰਦੀ ਆਰ.ਐਸ.ਐਸ. ਤਿੱਖੀ ਸਰਗਰਮੀ ਕਰ ਰਹੀ ਹੈ ਅਤੇ ਇਸੇ ਤਹਿਤ, ਖਾਸ ਕਰ ਸਿੱਖਿਆ ਦੇ ਖੇਤਰ ਵਿਚ ਬੜੇ ਅਹਿਮ ਫੈਸਲੇ ਕੀਤੇ ਜਾ ਰਹੇ ਹਨ। ਪਿਛਲੇ ਸਾਲ ਭਾਰਤ ਦੀ ਮਨੁੱਖੀ ਵਸੀਲੇ ਵਿਕਾਸ ਮੰਤਰੀ ਸਿਮਰਿਤੀ ਇਰਾਨੀ ਨੇ ਐਲਾਨ ਕਰ ਦਿੱਤਾ ਸੀ ਕਿ ਕੇਂਦਰੀ ਵਿਦਿਆਲਿਆਂ 'ਚ ਪੜ੍ਹਾਈ ਜਾਂਦੀ ਜਰਮਨ ਭਾਸ਼ਾ ਦੀ ਥਾਂ ਸੰਸਕ੍ਰਿਤ ਪੜ੍ਹਾਈ ਜਾਵੇਗੀ। ਇਸ ਮਾਮਲੇ 'ਤੇ ਬੀਬੀ ਇਰਾਨੀ ਜੋ ਆਰ.ਐਸ.ਐਸ. ਦੀ ਖੁਸ਼ਾਮਦ ਕਰਨ ਲਈ ਬੜੀ ਮਸ਼ਹੂਰ ਹੈ, ਨੇ ਸੈਸ਼ਨ ਦੇ ਅੱਧ ਵਿਚਕਾਰ ਹੀ ਸੰਸਕ੍ਰਿਤ ਦੀ ਪੜ੍ਹਾਈ ਅਰੰਭ ਕਰਨ ਦੇ ਹੁਕਮ ਚਾੜ੍ਹ ਦਿੱਤੇ ਸਨ। ਇਸ ਮਾਮਲੇ ਵਿਚ ਫਿਰ ਅਦਾਲਤ ਨੂੰ ਦਖਲ ਦੇ ਕੇ ਕਹਿਣਾ ਪਿਆ ਸੀ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਰੋਕਣ ਲਈ ਸੰਸਕ੍ਰਿਤ ਯਕਦਮ ਅਰੰਭ ਕਰਨ ਦੀ ਥਾਂ ਅਗਲੇ ਸੈਸ਼ਨ ਤੋਂ ਹੀ ਸ਼ੁਰੂ ਕਰਵਾਈ ਜਾਵੇ। ਉਦੋਂ ਛੇਤੀ ਪਿਛੋਂ ਜੀ-20 ਦੇਸਾਂ ਦੀ ਵਾਰਤਾ ਲਈ ਗਏ ਮੋਦੀ ਨੂੰ ਜਰਮਨ ਚਾਂਸਲਰ ਏਂਜਲਾ ਮਾਰਕਲ ਨੂੰ ਇਸ ਬਾਰੇ ਜਵਾਬ ਦੇਣਾ ਔਖਾ ਹੋ ਗਿਆ ਸੀ, ਪਰ ਹੁਣ ਮੋਦੀ ਨੇ ਇਸੇ ਮੁੱਦੇ ਨੂੰ ਆਧਾਰ ਬਣਾ ਕੇ ਧਰਮ ਨਿਰਪੇਖੀਆਂ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਆਖਿਆ ਹੈ ਕਿ ਭਾਰਤ ਵਿਚ ਧਰਮ ਨਿਰਪੇਖੀਆਂ ਨੇ ਇਹ ਗਲਤ ਧਾਰਨਾ ਬਣਾ ਦਿੱਤੀ ਹੈ ਕਿ ਸੰਸਕ੍ਰਿਤ ਦੀ ਗੱਲ ਕਰਨਾ ਫਿਰਕਾਪ੍ਰਸਤੀ ਹੈ। ਉਨ੍ਹਾਂ ਉਲਟਾ ਦੋਸ਼ ਲਾਇਆ ਹੈ ਕਿ ਧਰਮ ਨਿਰਪੱਖਤਾ ਦੇ ਬਹਾਨੇ ਹੁਣ ਤੱਕ ਸੰਸਕ੍ਰਿਤ ਨੂੰ ਅਣਗੌਲਿਆਂ ਕੀਤਾ ਗਿਆ। ਉਨ੍ਹਾਂ ਜਰਮਨ 'ਚ ਕਿਸੇ ਸਮੇਂ ਚੱਲਦੇ ਸੰਸਕ੍ਰਿਤ ਰੇਡੀਓ ਬੁਲੇਟਿਨ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸੰਸਕ੍ਰਿਤ ਅਤੇ ਧਰਮ ਨਿਰਪੱਖਤਾ ਨਾਲੋ-ਨਾਲ ਨਹੀਂ ਚੱਲ ਸਕਦੇ; ਨਾਲ ਹੀ ਕਹਿ ਸੁਣਾਇਆ ਕਿ ਭਾਰਤ ਦੀ ਧਰਮ ਨਿਰਪੱਖਤਾ ਇੰਨੀ ਕਮਜ਼ੋਰ ਨਹੀਂ ਕਿ ਇਸ ਨੂੰ ਕਿਸੇ ਭਾਸ਼ਾ ਤੋਂ ਹੀ ਖਤਰਾ ਖੜ੍ਹਾ ਹੋ ਜਾਵੇ!

ਪ੍ਰਧਾਨ ਮੰਤਰੀ ਦੀ ਗੱਦੀ ਉਤੇ ਬਿਰਾਜਮਾਨ ਹੋਣ ਤੋਂ ਬਾਅਦ ਇਹ ਦੂਜੀ ਵਾਰ ਹੈ ਕਿ ਨਰੇਂਦਰ ਮੋਦੀ ਨੇ ਧਰਮ ਨਿਰਪੱਖਤਾ ਦਾ ਇਉਂ ਮਖੌਲ ਉਡਾਇਆ ਹੈ। ਉਂਜ ਇਹ ਕੋਈ ਇਤਫਾਕ ਨਹੀਂ ਹੈ ਕਿ ਦੋਵੇਂ ਹੀ ਵਾਰ ਉਹ ਵਿਦੇਸ਼ੀ ਦੌਰੇ ਉਤੇ ਸਨ। ਪਿਛਲੇ ਸਾਲ ਉਹ ਜਪਾਨੀ ਦੌਰੇ ਮੌਕੇ ਆਪਣੇ ਨਾਲ 'ਗੀਤਾ' ਲੈ ਗਏ ਸਨ ਅਤੇ ਇਹ ਗ੍ਰੰਥ ਉਨ੍ਹਾਂ ਜਪਾਨੀ ਸ਼ਹਿਨਸ਼ਾਹ ਅਕੀਹਿਤੋ ਨੂੰ ਭੇਟ ਕੀਤਾ ਸੀ। ਉਥੇ ਇਉਂ ਗੀਤਾ ਲਿਜਾਣ ਤੇ ਇਸ ਬਾਰੇ ਟਿੱਪਣੀ ਕਰਨ ਦਾ ਤਰਕ ਅੱਜ ਤੱਕ ਕਿਸੇ ਨੂੰ ਸਮਝ ਨਹੀਂ ਆਇਆ, ਪਰ ਉਨ੍ਹਾਂ ਉਥੇ ਜੋ ਕੁਝ ਬੋਲਿਆ ਸੀ, ਉਸ ਦੇ ਅਰਥ ਜਰਮਨ ਦੌਰੇ ਨਾਲ ਜੁੜ ਕੇ ਸਪਸ਼ਟ ਹੋ ਰਹੇ ਹਨ। ਉਦੋਂ ਉਨ੍ਹਾਂ ਬੜੇ ਗੜ੍ਹਕੇ ਨਾਲ ਕਿਹਾ ਸੀ ਕਿ ਇਹ 'ਗੀਤਾ' ਭੇਟ ਕਰਨ ਕਰ ਕੇ ਹੁਣ ਉਨ੍ਹਾਂ ਨੂੰ ਫਿਰਕੂ ਕਿਹਾ ਜਾਵੇਗਾ। ਇਹ ਕਹਿੰਦਿਆਂ ਸਾਰ ਉਨ੍ਹਾਂ ਧਰਮ ਨਿਰਪੇਖੀਆਂ 'ਤੇ ਬੜੇ ਤਿੱਖੇ ਹਮਲੇ ਕੀਤੇ ਸਨ; ਹਾਲਾਂਕਿ ਅਜਿਹੀਆਂ ਗੱਲਾਂ ਦਾ ਉਥੇ ਕੋਈ ਪ੍ਰਸੰਗ ਨਹੀਂ ਸੀ ਬਣਦਾ। ਪ੍ਰਸੰਗ ਤਾਂ ਖੈਰ, ਹੁਣ ਜਰਮਨ ਵਿਚ ਵੀ ਨਹੀਂ ਸੀ ਬਣਦਾ, ਕਿਉਂਕਿ 1960ਵਿਆਂ ਵਿਚ ਜਦੋਂ ਜਰਮਨੀ ਨੇ 'ਰੇਡੀਓ ਡਿਊਸ਼ ਵੈਲੇ' ਤੋਂ ਗੈਰ-ਜਰਮਨ ਭਾਸ਼ਾਈ ਲੋਕਾਂ ਲਈ ਪ੍ਰੋਗਰਾਮ ਅਰੰਭ ਕੀਤੇ ਸਨ, ਤਾਂ ਇਕ ਬੁਲੇਟਿਨ ਸੰਸਕ੍ਰਿਤ ਵਿਚ ਵੀ ਸ਼ੁਰੂ ਕੀਤਾ ਗਿਆ ਸੀ। ਉਂਜ ਇਸ ਫੈਸਲੇ ਦਾ ਵੀ ਆਪਣਾ ਪ੍ਰਸੰਗ ਸੀ। ਉਸ ਵੇਲੇ ਬੀ.ਬੀ.ਸੀ. ਅਤੇ 'ਰੇਡੀਓ ਮਾਸਕੋ' ਤੋਂ ਅਜਿਹੇ ਪ੍ਰੋਗਰਾਮ ਅਕਸਰ ਨਸ਼ਰ ਹੁੰਦੇ ਸਨ। ਮੋਦੀ ਨੂੰ ਸ਼ਾਇਦ ਇਹ ਵੀ ਕਿਸੇ ਨੇ ਨਹੀਂ ਦੱਸਿਆ ਕਿ 'ਧਰਮ ਨਿਰਪੱਖ' ਨਹਿਰੂ ਨੇ ਹੀ 1956 ਵਿਚ ਸੰਸਕ੍ਰਿਤ ਕਮਿਸ਼ਨ ਬਣਾਇਆ ਸੀ। ਇਸ ਕਮਿਸ਼ਨ ਵਲੋਂ ਕੀਤੀਆਂ ਸਿਫਾਰਿਸ਼ਾਂ ਮੋਦੀ ਦੀਆਂ ਅੱਖਾਂ ਖੋਲ੍ਹਣ ਲਈ ਕਾਫੀ ਹਨ।

ਉਂਜ, ਇਸ ਪ੍ਰਸੰਗ ਵਿਚ ਵਿਚਾਰਨ ਵਾਲਾ ਮੁੱਦਾ ਤਾਂ ਇਹ ਹੈ ਕਿ ਮੋਦੀ ਐਂਡ ਪਾਰਟੀ ਆਰ.ਐਸ.ਐਸ. ਦੀ ਫਿਰਕੂ ਪਹੁੰਚ ਨੂੰ ਸਹੀ ਸਾਬਤ ਕਰਨ ਲਈ ਅਕਸਰ ਧਰਮ ਨਿਰਪੱਖਤਾ ਦਾ ਮਖੌਲ ਉਡਾਉਂਦੇ ਹਨ। ਇਸ ਮਖੌਲ ਦੀ ਧਾਰ ਵਿਚ ਸ਼ਬਦ 'ਅਖੌਤੀ' ਵੀ ਜ਼ਰੂਰ ਜੋੜਿਆ ਜਾਂਦਾ ਹੈ। ਇਸੇ ਮੁੱਦੇ ਬਾਰੇ ਇਹ ਬਹਿਸ ਤਾਂ ਹੋ ਸਕਦੀ ਹੈ ਕਿ ਭਾਰਤ ਵਿਚ ਧਰਮ ਨਿਰਪੱਖਤਾ ਵਾਲੀ ਪਹੁੰਚ ਕਿੰਨੀ ਊਣੀ ਰਹਿ ਗਈ ਸੀ, ਪਰ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਭਾਰਤ ਵਿਚ ਧਰਮ ਨਿਰਪੱਖਤਾ ਦਾ ਅਰਥ ਹਰ ਧਰਮ ਦੇ ਬਰਾਬਰ ਸਤਿਕਾਰ ਤੋਂ ਹੀ ਲਿਆ ਜਾਂਦਾ ਹੈ। ਇਸ ਸਿਲਸਿਲੇ ਵਿਚ 20ਵੀਂ ਸਦੀ ਦੇ ਸਭ ਤੋਂ ਮਹਾਨ ਧਰਮ ਨਿਰਪੇਖੀ ਸਾਬਤ ਹੋਏ ਗਦਰੀਆਂ ਦਾ ਜ਼ਿਕਰ ਕਰਨਾ ਬਣਦਾ ਹੈ। ਪਰਦੇਸਾਂ ਵਿਚ ਬੈਠੇ ਇਨ੍ਹਾਂ ਯੋਧਿਆਂ ਨੇ ਜਦੋਂ ਆਪਣੇ ਵਤਨ ਨੂੰ ਆਜ਼ਾਦ ਕਰਵਾਉਣ ਦੀ ਮੁਹਿੰਮ ਵਿੱਢੀ, ਤਾਂ ਧਰਮ ਨੂੰ ਨਿੱਜੀ ਮਸਲਾ ਮੰਨਿਆ ਅਤੇ ਇਕ-ਦੂਜੇ ਦੇ ਧਰਮ ਨੂੰ ਬਰਾਬਰ ਦਾ ਸਤਿਕਾਰ ਦੇਣ ਦਾ ਪ੍ਰਣ ਦ੍ਰਿੜਾਇਆ। ਇਹ ਜ਼ਿਕਰ ਇਸ ਕਰ ਕੇ ਵੀ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਗਦਰੀਆਂ ਜਿਨ੍ਹਾਂ ਵਿਚੋਂ ਬਹੁਤੇ ਸਿੱਖ ਪਿਛੋਕੜ ਵਾਲੇ ਸਨ, ਨੂੰ ਸਿੱਖ ਸਾਬਤ ਕਰਨ ਲਈ ਅੱਜ ਕੱਲ੍ਹ ਮੁਹਿੰਮਾਂ ਛਿੜੀਆਂ ਹੋਈਆਂ ਹਨ ਅਤੇ ਮੋਦੀ ਵਾਂਗ ਸਿੱਖ ਭਾਈਚਾਰੇ ਨਾਲ ਸਬੰਧਤ ਇਕ ਤਬਕੇ ਨੂੰ ਵੀ ਧਰਮ ਨਿਰਪੱਖਤਾ ਬਾਬਤ ਕੁਝ ਵਧੇਰੇ ਹੀ ਇਤਰਾਜ਼ ਹਨ। ਇਹ ਠੀਕ ਹੈ ਕਿ ਮੁੱਖਧਾਰਾ ਨਾਲ ਸਬੰਧਤ ਸਿਆਸਤਦਾਨਾਂ ਨੇ ਧਰਮ ਨਿਰਪੱਖਤਾ ਦੇ ਮੁੱਦੇ ਨੂੰ ਆਪਣੇ ਹਿਤਾਂ ਮੁਤਾਬਕ ਤੋੜਨ-ਮਰੋੜਨ ਦਾ ਸਦਾ ਹੀ ਯਤਨ ਕੀਤਾ, ਪਰ ਮੋਦੀ ਅਤੇ ਆਰ.ਐਸ.ਐਸ. ਦੀ ਜ਼ਹਿਰੀ ਪਹੁੰਚ ਦੇ ਮੱਦੇਨਜ਼ਰ ਇਸ ਮਸਲੇ ਨੂੰ ਨਵੇਂ ਸਿਰਿਓਂ ਵਿਚਾਰਨਾ ਹੁਣ ਜ਼ਰੂਰੀ ਹੈ। ਇਸ ਮਾਮਲੇ ਵਿਚ ਇਕ ਵਾਰ ਫਿਰ ਸਾਡੇ ਗਦਰੀ ਯੋਧੇ ਮਿਸਾਲ ਬਣ ਸਕਦੇ ਹਨ ਜਿਨ੍ਹਾਂ ਇਕ ਦੌਰ ਵਿਚ ਖੁਦ ਨੂੰ 'ਹਿੰਦੀ' ਅਖਵਾਇਆ ਅਤੇ ਆਪਣੇ ਮੁਲਕ ਹਿੰਦੋਸਤਾਨ ਖਾਤਰ ਜਾਨਾਂ ਹੂਲੀਆਂ। ਇਨ੍ਹਾਂ 'ਹਿੰਦੀਆਂ' ਦੀ ਇਸੇ ਪਹੁੰਚ ਵਿਚੋਂ ਫਿਰ ਮੋਦੀ ਐਂਡ ਪਾਰਟੀ ਨੂੰ 'ਹਿੰਦੂਤਵ' ਬਾਰੇ ਵੀ ਕਰਾਰਾ ਜਵਾਬ ਦਿੱਤਾ ਜਾ ਸਕੇਗਾ। ਆਓ, ਮੋਦੀ ਦੀ ਇਸ ਮੁਹਿੰਮ ਦੇ ਟਾਕਰੇ ਲਈ ਆਪਣੇ ਗਦਰੀ ਯੋਧਿਆਂ ਦਾ ਅਨਮੋਲ ਖਜ਼ਾਨਾ ਇਕ ਵਾਰ ਫਿਰ ਫਰੋਲੀਏ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਕਰੇ ਕੀ ਕਲਮ ਲਿਖਾਰੀਆਂ ਦੀ...*

ਹੋਣੀ ਕਦਰ ਕੀ ਲਾਲ ਤੇ ਹੀਰਿਆਂ ਦੀ, ਭਾਅ ਸੋਨੇ ਦੇ ਵਿਕ ਰਿਹਾ ਕੱਚ ਹੋਵੇ।
ਉਥੇ ਫ਼ਲਸਫ਼ਾ ਕਾਟ ਨਾ ਕਰੇ ਕੋਈ, ਕੁਫ਼ਰ ਟਹਿਕਦਾ, ਸਹਿਕਦਾ ਸੱਚ ਹੋਵੇ।
ਭੇਡਾਂ ਵਾਂਗ ਜੋ ਤੁਰਨ, ਕੀ ਜਾਣ ਸਕਦੇ, ਕਿੱਦਾਂ ਖੰਡੇ ਦੀ ਧਾਰ 'ਤੇ ਨੱਚ ਹੋਵੇ।
ਆਟੇ ਦਾਲ ਤੇ ਮੁਫਤ ਦੇ ਸਾਈਕਲਾਂ ਦਾ, ਗੌਰਮਿੰਟ ਨੇ ਪਾਇਆ ਜੇ ਲੱਚ ਹੋਵੇ।
ਮੂੰਹ ਬੰਦ ਹੀ ਰੱਖਦੇ ਅਕਲ ਵਾਲੇ, ਪੈਂਦੀ ਢੋਲ-ਢਮੱਕੇ ਦੀ ਖੱਚ ਹੋਵੇ।
ਉਥੇ ਕਰੇ ਕੀ ਕਲਮ ਲਿਖਾਰੀਆਂ ਦੀ, ਜਿਥੇ ਲੋਕਾਂ ਦਾ ਮਰ ਗਿਆ ਮੱਚ ਹੋਵੇ।

# ਵਿਦੇਸ਼ੀ ਪੂੰਜੀ ਦਾ ਦਰਬਾਨ-ਰਾਜ ਅਤੇ ਜਮਹੂਰੀਅਤ

ਇਸ ਵੇਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਨੀਆਂ ਦੇ ਸਭ ਤੋਂ ਜ਼ਿਆਦਾ ਸਫ਼ਰਯਾਫ਼ਤਾ ਪਤਵੰਤਿਆਂ ਵਿਚੋਂ ਹਨ। ਭਾਰਤ ਨੂੰ ਤਰੱਕੀ ਦੇ ਰਾਹ ਪਾਉਣ ਦਾ ਵਾਅਦਾ ਕਰਨ ਵਾਲੇ ਮੋਦੀ ਯੂਰਪ ਦੇ ਦੌਰੇ ਉਤੇ ਗਏ। ਮੋਦੀ ਦੀ ਸ਼ਮੂਲੀਅਤ ਵਾਲੇ ਫਰਾਂਸ ਅਤੇ ਜਰਮਨ ਦੇ ਸਮਾਗਮਾਂ ਦੀ ਆਪਣੀ ਅਹਿਮੀਅਤ ਹੈ। ਫਰਾਂਸ ਵਿਚ ਉਨ੍ਹਾਂ ਨੇ ਪਹਿਲੀ ਆਲਮੀ ਜੰਗ ਵਿਚ ਮਾਰੇ ਗਏ ਭਾਰਤੀ ਫ਼ੌਜੀਆਂ ਦੀ ਯਾਦ ਵਿਚ ਕੀਤੇ ਸਮਾਗਮ ਵਿਚ ਹਿੱਸਾ ਲਿਆ। ਪਹਿਲੀ ਆਲਮੀ ਜੰਗ ਦੌਰਾਨ ਭਾਰਤੀ ਫ਼ੌਜੀਆਂ ਦੀਆਂ ਸੇਵਾਵਾਂ ਦੀ ਨਿਰੰਤਰਤਾ ਵਿਚ ਫ਼ਰਾਂਸ ਨਾਲ ਸੁਰੱਖਿਆ ਸਮਝੌਤਾ ਕੀਤਾ ਗਿਆ। ਇਸ ਤੋਂ ਬਾਅਦ ਜਰਮਨ ਦੇ ਹਾਨੋਵਰ ਸ਼ਹਿਰ ਵਿਚ ਵਪਾਰ ਮੇਲੇ ਦਾ ਉਦਘਾਟਨ ਮੋਦੀ ਨੇ ਕੀਤਾ। ਉਦਘਾਟਨੀ ਤਕਰੀਰ ਵਿਚ ਉਨ੍ਹਾਂ 130 ਕਰੋੜ ਲੋਕਾਂ ਅਤੇ 125 ਕੰਪਨੀਆਂ ਦੇ ਨੁਮਾਇੰਦੇ ਵਜੋਂ ਦਾਅਵੇ ਅਤੇ ਵਾਅਦੇ ਕੀਤੇ। ਇਨ੍ਹਾਂ ਦੋਵਾਂ ਯੂਰਪੀ ਮੁਲਕਾਂ ਵਿਚੋਂ ਭਾਰਤ ਨੂੰ 'ਪੈਦਾਵਾਰ ਦਾ ਮੋਹਰੀ' ਬਣਾ ਕੇ 'ਮੇਕ ਇਨ ਇੰਡੀਆ' ਦੇ ਨਾਅਰੇ ਨੂੰ ਅਮਲੀ ਰੂਪ ਦੇਣ ਦਾ



**ਦਲਜੀਤ ਅਮੀ**
ਫੋਨ: 91-97811-21873

ਸੁਨੇਹਾ ਦਿੱਤਾ ਗਿਆ। ਜੇ ਇਸ ਦੌਰਾਨ ਕੀਤੇ ਗਏ ਦਾਅਵਿਆਂ ਨੂੰ ਬਿਨਾਂ ਸੁਆਲ ਕੀਤੇ ਜਿਉਂ ਦਾ ਤਿਉਂ ਪ੍ਰਵਾਨ ਕਰ ਲਿਆ ਜਾਵੇ, ਤਾਂ ਇੱਕ ਮਸਲਾ ਦਿਲਚਸਪ ਹੋ ਜਾਂਦਾ ਹੈ ਕਿ ਇਹ ਕਿਸ ਭਾਰਤ ਦੀ ਗੱਲ ਕੀਤੀ ਜਾ ਰਹੀ ਹੈ।

ਯੂਰਪੀ ਬਸਤਾਨਾਂ ਦੀ ਗ਼ੁਲਾਮੀ ਤੋਂ ਬਾਅਦ ਆਵਾਮ ਨਾਲ ਖੁਦਮੁਖ਼ਤਾਰੀ, ਜਮਹੂਰੀਅਤ, ਇਨਸਾਫ਼ ਅਤੇ ਮਨੁੱਖੀ ਸ਼ਾਨ ਬਹਾਲ ਕਰਨ ਦਾ ਵਾਅਦਾ ਕੀਤਾ ਗਿਆ ਸੀ। ਸਰਕਾਰ ਨੇ ਬੇਇਨਸਾਫ਼ੀ, ਸਿਆਸੀ-ਸਮਾਜਕ ਵਧੀਕੀ, ਅੰਧ-ਵਿਸ਼ਵਾਸ, ਗ਼ੁਰਬਤ, ਵਿਤਕਰੇ ਅਤੇ ਜ਼ਹਾਲਤ ਨੂੰ ਮੁਖਾਤਬ ਹੋਣ ਦੀ ਜ਼ਿੰਮੇਵਾਰੀ ਓਟੀ ਸੀ। ਇਨ੍ਹਾਂ ਵਾਅਦਿਆਂ ਦੀ ਬੁਨਿਆਦ ਕਾਨੂੰਨ ਜਾਂ ਸਰਕਾਰ ਤੋਂ ਪਹਿਲਾਂ ਕੌਮੀ ਮੁਕਤੀ ਲਹਿਰ ਦੇ ਆਵਾਮੀ ਖ਼ਾਸੇ ਨੇ ਤੈਅ ਕੀਤੀ ਸੀ। ਇਨ੍ਹਾਂ ਵਾਅਦਿਆਂ ਨਾਲ ਬਣੀਆਂ ਸਰਕਾਰਾਂ ਦੀ ਨਿਰੰਤਰਤਾ ਵਿਚ ਮੋਦੀ, ਭਾਰਤ ਦੀ ਨੁਮਾਇੰਦਗੀ ਕਰਦੇ ਹਨ। ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅਮਰੀਕੀ ਰਾਸ਼ਟਰਪਤੀ ਕੋਲ ਭਾਰਤ ਦੇ 'ਆਵਾਮ ਦੇ ਪਿਆਰ' ਦਾ ਇਜ਼ਹਾਰ ਕੀਤਾ ਸੀ। ਉਨ੍ਹਾਂ ਨੇ ਇੰਗਲੈਂਡ ਨਾਲ ਪੁਰਾਣੇ ਰਿਸ਼ਤਿਆਂ ਦੇ ਇਤਿਹਾਸ ਨੂੰ ਯਾਦ ਕਰਵਾ ਕੇ ਪੁਰਾਣੀਆਂ ਰਵਾਇਤਾਂ ਕਾਇਮ ਰੱਖਣ ਦਾ ਦਾਅਵਾ ਕੀਤਾ ਸੀ। ਉਨ੍ਹਾਂ ਨੇ ਈਸਟ ਇੰਡੀਆ ਕੰਪਨੀ ਦੇ ਹਵਾਲੇ ਨਾਲ ਕਿਹਾ ਸੀ ਕਿ ਮੌਜੂਦਾ ਦੌਰ ਵਿਚ ਕੰਪਨੀਆਂ ਨੂੰ ਜ਼ਿਆਦਾ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਉਣਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸੇ ਤਰਜ਼ ਉਤੇ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਸਿਰਫ਼ ਕੰਪਨੀਆਂ ਦੇ ਰਾਹ ਦੀ ਹਰ ਔਕੜ ਦੂਰ ਕਰ ਕੇ ਨਿੱਘਾ ਸੁਆਗਤ ਹੀ ਨਹੀਂ ਕਰਨਾ ਚਾਹੁੰਦਾ, ਸਗੋਂ ਬੂਹਾਂ ਉਤੇ ਬਗ਼ਲਗ਼ੀਰ ਹੋਣ ਲਈ ਬੇਤਾਬ ਖੜ੍ਹਾ ਹੈ।

ਬਸਤਾਨਾਂ ਦੇ ਸਿਰ ਇਲਜ਼ਾਮ ਤਾਂ ਇਹੋ ਲੱਗਦਾ ਹੈ ਕਿ ਉਹ ਵਪਾਰ ਕਰਨ ਆਏ ਅਤੇ ਹੁਕਮਰਾਨ ਬਣ ਕੇ ਬੈਠ ਗਏ। ਹਵਾਲਾ ਲੋਕਧਾਰਾ ਵਿਚੋਂ ਦਿੱਤਾ ਜਾਂਦਾ ਹੈ ਕਿ ਅੱਗ ਲੈਣ ਆਈ ਘਰ ਦੀ ਮਾਲਕਣ ਬਣ ਬੈਠੀ। ਜਦੋਂ ਵਪਾਰੀ ਹੁਕਮਰਾਨ ਬਣੇ ਤਾਂ ਉਨ੍ਹਾਂ ਨੇ ਗ਼ੁਲਾਮ ਮੁਲਕ ਦੇ ਬਾਸ਼ਿੰਦਿਆਂ ਤੋਂ ਹਰ ਤਰ੍ਹਾਂ ਦੀ ਮੁਸ਼ੱਕਤ ਕਰਵਾਈ। ਬੇਗ਼ਾਨੀਆਂ ਧਰਤੀਆਂ ਉਤੇ ਜੰਗੀ ਮੁਹਿੰਮਾਂ ਤੋਂ ਲੈ ਕੇ ਜ਼ਮੀਨਾਂ ਆਬਾਦ ਕਰਨ ਅਤੇ ਰੇਲ ਪਟੜੀਆਂ ਬਣਾਉਣ ਦਾ ਕੰਮ ਗ਼ੁਲਾਮਾਂ ਦੇ ਹਿੱਸੇ ਆਇਆ। ਗ਼ੁਲਾਮ ਮੁਲਕ ਤੋਂ ਰੇਲਗੱਡੀਆਂ ਅਤੇ ਜਹਾਜ਼ ਭਰ-ਭਰ ਗੱਭਰੂ ਬਸਤਾਨੀ ਹਿੱਤਾਂ ਦੀ ਭੇਟ ਚੜ੍ਹ ਗਏ। ਉਨ੍ਹਾਂ ਦੀ ਚਿੱਠੀਆਂ, ਬੇਗ਼ਾਨੀਆਂ ਧਰਤੀਆਂ ਉਤੇ ਬਣੀਆਂ ਕਬਰਾਂ ਅਤੇ ਲੋਕਧਾਰਾ ਵਿਚ ਦਰਜ ਹੋਏ ਹਉਕੇ-ਹਾਵੇ, ਜ਼ਿੰਦਗੀ ਦੇ ਹਰ ਪੱਖ ਉਤੇ ਅਸਰ-ਅੰਦਾਜ਼ ਹੋਏ। ਉਨ੍ਹਾਂ ਜੰਗੀ ਮੁਹਿੰਮਾਂ ਵਿਚ ਬਸਤਾਨਾਂ ਨੇ ਬਹੁਤ ਤਮਗ਼ੇ, ਤਾਮਰ ਪੱਤਰ, ਰੁਤਬੇ ਅਤੇ ਮੁਰੱਬੇ ਵੰਡੇ, ਪਰ ਇਸ ਨਾਲ ਬਸਤਾਨੀ ਜੰਗਾਂ ਤਾਂ ਹੱਕ-ਸੱਚ ਦੀਆਂ ਨਹੀਂ ਹੋ ਜਾਂਦੀਆਂ। ਇਸ ਵੇਲੇ ਪੂਰੀ ਦੁਨੀਆਂ ਵਿਚ ਪਹਿਲੀ ਆਲਮੀ ਜੰਗ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ। ਬਸਤਾਨਾਂ ਦੇ ਉਸ ਵੇਲੇ ਦੇ ਝਾੜੂਬਰਦਾਰ ਹੁਣ ਵੀ ਉਸ ਤ੍ਰਾਸਦੀ ਨੂੰ ਬਸਤਾਨ ਅਤੇ ਗ਼ੁਲਾਮ ਮੁਲਕਾਂ ਦੀ ਸਾਂਝ ਦੀ ਗਵਾਹੀ ਮੰਨਦੇ ਹਨ। ਪਟਿਆਲਾ ਰਿਆਸਤ ਨੇ ਉਸ ਵੇਲੇ ਫ਼ੌਜ ਦੀ ਭਰਤੀ ਵਿਚ ਮੋਹਰੀ ਕੰਮ ਕੀਤਾ ਸੀ। ਹੁਣ ਕਾਂਗਰਸੀ ਆਗੂ ਅਮਰਿੰਦਰ ਸਿੰਘ ਉਸੇ ਤਰਜ਼ ਉਤੇ ਕਿਤਾਬਾਂ ਲਿਖਦਾ ਹੈ ਅਤੇ ਸ਼ਤਾਬਦੀ ਸਮਾਗਮਾਂ ਵਿਚ ਤਕਰੀਰਾਂ ਕਰਨ ਜਾਂਦਾ ਹੈ।

ਬਹੁਤ ਸਾਰੇ ਇਤਿਹਾਸਕਾਰ ਅਤੇ ਵਿਦਵਾਨ ਇਨ੍ਹਾਂ ਬਸਤਾਨ ਜੰਗਾਂ ਵਿਚ ਮਾਰੇ ਗਏ ਗ਼ੁਲਾਮ ਮੁਲਕਾਂ ਦੇ ਫ਼ੌਜੀਆਂ ਨੂੰ ਸ਼ਹੀਦਾਂ ਵਜੋਂ ਵਡਿਆਉਂਦੇ ਹਨ। ਨਸਲੀ ਪਛਾਣ ਨਾਲ ਜੋੜ ਕੇ ਜੰਗੀ ਹੁਨਰ ਨੂੰ ਬਹਾਦਰੀ ਕਿਹਾ ਜਾਂਦਾ ਹੈ। ਬਹੁਤ ਸਾਰੀਆਂ ਫ਼ੌਜੀ ਪਲਟਣਾਂ ਅੰਗਰੇਜ਼ ਵੇਲੇ ਦੇ ਤਮਗ਼ਿਆਂ ਅਤੇ ਤਾਮਰ ਪੱਤਰਾਂ ਦਾ ਹੁਣ ਤੱਕ ਜਸ਼ਨ ਮਨਾਉਂਦੀਆਂ ਹਨ। ਨਰੇਂਦਰ ਮੋਦੀ ਇਸੇ ਲੜੀ ਦਾ ਹਿੱਸਾ ਹਨ। ਬਸਤਾਨ ਜੰਗਾਂ ਵਿਚ ਮਰਨ ਵਾਲੇ ਭਾਰਤੀ ਫ਼ੌਜੀ ਕਿਸੇ ਹੁਨਰ ਦੀ ਨੁਮਾਇਸ਼ ਲਈ ਅਰਬ-ਅਫ਼ਰੀਕਾ ਦੇ ਤੱਤੇ ਰੇਤਿਆਂ ਅਤੇ ਯੂਰਪ ਦੀਆਂ ਬਰਫ਼ੀਲੀਆਂ ਥਾਂਵਾਂ ਵਿਚ ਗਰਕ ਨਹੀਂ ਸਨ ਹੋਏ। ਉਹ ਬਸਤਾਨਾਂ ਦੀਆਂ ਆਪ ਸਹੇੜੀਆਂ ਮਾਨਸਖ਼ੋਰੀ ਜੰਗਾਂ ਦਾ ਸ਼ਿਕਾਰ ਹੋਏ ਸਨ। ਉਹ ਸਾਡੇ ਮੁਲਕ ਦੀ ਕਿਸੇ ਦੂਜੇ ਮੁਲਕ ਜਾਂ ਕੌਮ ਨਾਲ ਸਾਂਝ ਦੇ ਨੁਮਾਇੰਦੇ ਨਹੀਂ, ਸਗੋਂ ਬਸਤਾਨੀ ਜ਼ੁਲਮਾਂ ਦੀ ਦਾਸਤਾਨ ਹਨ। ਉਨ੍ਹਾਂ ਦੇ ਜੰਗੀ ਹੁਨਰ ਨੂੰ ਵਡਿਆਉਣਾ ਬਸਤਾਨੀ ਸਿਆਸਤ ਦਾ ਅਟੁੱਟ ਹਿੱਸਾ ਹੈ। ਇਸ ਵਡਿਆਈ ਦੀ ਸਦੀ ਸਾਡੇ ਸਾਹਮਣੇ ਗਵਾਹੀਆਂ ਨਾਲ ਭਰੀ ਪਈ ਹੈ। ਇਸ ਮਨੁੱਖੀ ਤ੍ਰਾਸਦੀ ਵਿਚੋਂ ਸ਼ਹਾਦਤ ਲੱਭਣਾ ਬਸਤਾਨਾਂ ਦੀ ਅਣਸਰਦੀ ਲੋੜ ਹੈ। ਸਾਬਕਾ ਬਸਤਾਨ ਮੁਲਕਾਂ ਵਿਚੋਂ ਉਠਦੀਆਂ ਅਜਿਹੀਆਂ ਆਵਾਜ਼ਾਂ ਕਦੇ ਆਪਣਿਆਂ ਦੇ ਵਿਛੋੜੇ ਨੂੰ ਝੱਲਣ ਦਾ ਧਰਵਾਸਾ ਬਣੀਆਂ ਹੋਣਗੀਆਂ, ਪਰ ਇਨ੍ਹਾਂ ਦੀ ਵਕਤੀ ਧਰਵਾਸੇ ਤੋਂ ਬਿਨਾਂ ਕੋਈ ਅਹਿਮੀਅਤ ਨਹੀਂ ਹੈ। ਜੰਗਾਂ ਵਿਚ ਸ਼ਹਾਦਤ ਦਾ ਫ਼ੈਸਲਾ ਜੰਗੀ ਹੁਨਰ ਨਾਲ ਨਹੀਂ, ਸਗੋਂ ਹੱਕ-ਸੱਚ ਦਾ ਪੱਖ ਪੂਰਨ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਜੇ ਜੰਗੀ ਹੁਨਰ ਨੇ ਫ਼ੈਸਲਾ ਕਰਨਾ ਹੈ ਤਾਂ ਇਤਿਹਾਸ ਵਿਚ ਦਰਜ ਹੈ ਕਿ ਜਾਬਰਾਂ ਦਾ ਜੰਗੀ ਹੁਨਰ ਹਮੇਸ਼ਾਂ ਮਲਜ਼ੂਮਾਂ ਨਾਲੋਂ ਬਿਹਤਰ ਰਿਹਾ ਹੈ।

ਜਦੋਂ ਪੂਰੀ ਦੁਨੀਆਂ ਵਿਚ ਬਸਤਾਨ ਮੁਲਕਾਂ ਦੀ ਅਗਵਾਈ ਵਿਚ ਪਹਿਲੀ ਆਲਮੀ ਜੰਗ ਦੇ ਜਸ਼ਨ ਮਨਾਏ ਜਾ ਰਹੇ ਹਨ ਤਾਂ ਫ਼ੌਜੀ ਬਗ਼ਾਵਤਾਂ ਤਕਰੀਬਨ ਭੁਲਾ ਦਿੱਤੀਆਂ ਗਈਆਂ ਹਨ। ਤਕਰੀਬਨ ਹਰ ਗ਼ੁਲਾਮ ਮੁਲਕ ਦੇ ਫ਼ੌਜੀਆਂ ਨੇ ਬਸਤਾਨ ਮੁਲਕਾਂ ਖਿਲਾਫ ਛੋਟੀਆਂ-ਵੱਡੀਆਂ ਬਗ਼ਾਵਤਾਂ ਕੀਤੀਆਂ। ਕਈ ਬਸਤਾਨ ਮੁਲਕਾਂ ਦੇ ਫ਼ੌਜੀਆਂ ਨੇ ਜੰਗਾਂ ਦੇ ਨਿਹੱਕੇ ਖ਼ਾਸੇ ਉਤੇ ਸੁਆਲ ਕੀਤੇ। ਇਹ ਬਗ਼ਾਵਤਾਂ ਆਪਣੇ ਮੁਲਕਾਂ ਨੂੰ ਬਸਤਾਨੀ ਜੂਲੇ ਹੇਠੋਂ ਕੱਢਣ ਲਈ ਕੀਤੀਆਂ ਗਈਆਂ ਅਤੇ ਬਗ਼ਾਵਤੀਆਂ ਨੇ ਜਾਨਾਂ ਵਾਰੀਆਂ। ਭਾਰਤ ਵਿਚ ਇਨ੍ਹਾਂ ਬਗ਼ਾਵਤਾਂ ਦੀ ਸ਼ਤਾਬਦੀ ਦਾ ਕੋਈ ਸਰਕਾਰੀ ਜਸ਼ਨ ਨਹੀਂ ਮਨਾਇਆ ਗਿਆ, ਤੇ ਪੁਰਾਣੀਆਂ ਰਿਆਸਤਾਂ ਦੇ ਨੁਮਾਇੰਦੇ ਅਤੇ ਸਰਕਾਰੀ ਨੁਮਾਇੰਦੇ ਬਸਤਾਨ ਮੁਲਕਾਂ ਦੇ ਜਸ਼ਨਾਂ ਵਿਚ ਪੱਬਾਂ ਭਾਰ ਹੋਏ ਫਿਰਦੇ ਹਨ। ਕੀ ਮੁਲਕ ਦੀਆਂ ਸਰਕਾਰਾਂ ਦਾ ਖ਼ਾਸਾ ਬਸਤਾਨ ਮੁਲਕਾਂ ਦੀ ਸੋਚ ਨਾਲ ਮੇਲ ਖਾਂਦਾ ਹੈ? ਕੀ ਮੌਜੂਦਾ ਦੌਰ ਵਿਚ ਬਸਤਾਨ ਮੁਲਕਾਂ ਦੇ ਇਤਿਹਾਸ ਨੂੰ 'ਅੰਤਿਮ' ਮੰਨਿਆ ਜਾਵੇਗਾ? ਕੀ ਪੁਰਾਣੇ ਦੌਰ ਵਿਚ ਬਸਤਾਨ ਮੁਲਕਾਂ ਦੀਆਂ ਜੰਗੀ ਮੁਹਿੰਮਾਂ ਦਾ ਖਾਜਾ ਬਣਿਆ ਆਵਾਮ ਹੁਣ ਮੁੜ ਕੇ ਉਨ੍ਹਾਂ ਹੀ ਮੁਲਕਾਂ ਦੀ ਜੰਗੀ ਸਨਅਤ ਦਾ ਸੀਲ ਖ਼ਪਤਕਾਰ ਬਣ ਕੇ ਰਹਿ ਜਾਵੇਗਾ? ਫ਼ਰਾਂਸ ਵਿਚ ਨਰੇਂਦਰ ਮੋਦੀ ਮੌਜੂਦਾ ਦੌਰ ਦੀ ਬਸਤਾਨ ਸੋਚ ਦੀ ਨੁਮਾਇੰਦਗੀ ਕਰਦੇ ਹਨ ਜਾਂ ਸਵਾ ਅਰਬ ਭਾਰਤੀਆਂ ਦੀ?

ਜਰਮਨ ਦੇ ਵਪਾਰ ਮੇਲੇ ਉਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸਭ ਤੋਂ ਵੱਧ ਜ਼ੋਰ ਭਾਰਤ ਨੂੰ ਨਿਵੇਸ਼ ਦੀ ਸਭ ਤੋਂ ਸਾਜ਼ਗਾਰ ਮੰਜ਼ਿਲ ਵਜੋਂ ਪੇਸ਼ ਕਰਨ ਉਤੇ ਲੱਗਿਆ। ਉਨ੍ਹਾਂ ਸਾਫ਼ ਕਿਹਾ ਕਿ ਸਰਕਾਰ ਨਿਵੇਸ਼ਕਾਂ ਦੀ ਹਰ ਮੁਸ਼ਕਿਲ ਦੂਰ ਕਰਨ ਲਈ ਵਚਨਬੱਧ ਹੈ। ਉਨ੍ਹਾਂ ਹਰ ਸਹੂਲਤ ਅਤੇ ਛੋਟ ਦੇਣ ਦਾ ਵਾਅਦਾ ਕੀਤਾ। ਵਿਦੇਸ਼ੀ ਪੂੰਜੀ ਲਈ ਉਨ੍ਹਾਂ ਨੇ ਹਰ ਕਾਨੂੰਨੀ ਸੋਧ ਅਤੇ ਪ੍ਰਵਾਨਗੀ ਦਾ ਰਾਹ ਸੁਖਾਲਾ ਕਰਨ ਦਾ ਭਰੋਸਾ ਦਿੱਤਾ। ਬਸਤਾਨ ਮੁਲਕਾਂ ਨੇ ਆਪਣੇ ਵਪਾਰ ਮੁਤਾਬਕ ਕਾਨੂੰਨ ਬਣਾਏ ਸਨ ਅਤੇ ਉਨ੍ਹਾਂ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਸੀ। ਨਤੀਜੇ ਵਜੋਂ ਗ਼ੁਲਾਮ ਮੁਲਕਾਂ ਦੀਆਂ ਨਿਆਮਤਾਂ, ਹੁਨਰ ਅਤੇ ਉਜਰਤ ਬਸਤਾਨਾਂ ਦੇ ਘਰਾਂ ਨੂੰ ਤੁਰ ਪਈ। ਇੱਕ ਪਾਸੇ ਵਸਤਾਂ ਤੁਰੀਆਂ, ਦੂਜੇ ਪਾਸੇ ਕੱਚਾ ਮਾਲ ਤੁਰਿਆ ਅਤੇ ਨਾਲ-ਨਾਲ ਤਨਖ਼ਾਹਾਂ, ਮੁਨਾਫ਼ੇ ਅਤੇ ਲੁੱਟ ਵਜੋਂ ਸਰਮਾਇਆ ਬਸਤਾਨ ਮੁਲਕਾਂ ਦੇ ਰਾਹ ਪੈ ਗਿਆ। ਹੁਣ ਇਸੇ ਦਲੀਲ ਦਾ ਦੂਜਾ ਪਾਸਾ ਸਾਡੇ ਸਾਹਮਣੇ ਹੈ। ਨਰੇਂਦਰ ਮੋਦੀ ਦੇ ਵਾਅਦਿਆਂ ਅਤੇ ਦਾਅਵਿਆਂ ਨੂੰ ਪੁਰਾਣੀ ਬਸਤਾਨੀ ਦਲੀਲ ਨਾਲ ਜੋੜ ਕੇ ਵੇਖਿਆ ਜਾਣਾ ਚਾਹੀਦਾ ਹੈ। ਇਸ ਮਸ਼ਕ ਨਾਲ ਉਨ੍ਹਾਂ ਦਾ ਕੱਦ ਪ੍ਰਧਾਨ ਮੰਤਰੀ ਤੋਂ ਘੱਟ ਕੇ ਬਸਤਾਨ ਮੁਲਕਾਂ ਦੀ ਪੂੰਜੀ ਦੇ ਦਰਬਾਨ ਤੱਕ ਕਿਉਂ ਮਹਿਦੂਦ ਹੋ ਜਾਂਦਾ ਹੈ?

ਪਹਿਲਾਂ ਵਪਾਰੀ ਤੋਂ ਹੁਕਮਰਾਨ ਬਣਿਆ ਬਸਤਾਨ, ਆਪਣੇ ਹਿੱਤਾਂ ਦੀ ਪੂਰਤੀ ਲਈ ਕਾਨੂੰਨ ਬਣਾ ਰਿਹਾ ਸੀ। ਹੁਣ ਪੁਰਾਣੇ ਗ਼ੁਲਾਮ ਮੁਲਕਾਂ ਦੀਆਂ ਸਰਕਾਰਾਂ ਨੇ ਕਾਨੂੰਨ ਬਣਾ ਕੇ ਆਵਾਮ ਨੂੰ ਸੀਲ ਕਰਨ ਦਾ ਕੰਮ ਆਪਣੇ ਸਿਰ ਲੈ ਲਿਆ ਹੈ। ਇਸੇ ਜ਼ਿੰਮੇਵਾਰੀ ਤਹਿਤ ਉਹ 'ਲੋੜੀਂਦੀ ਕਾਨੂੰਨੀ ਸੋਧ' ਲਈ ਪਹਿਲਕਦਮੀਆਂ ਕਰ ਰਹੇ ਹਨ। ਨਰੇਂਦਰ ਮੋਦੀ ਭਾਰਤ ਵਿਚ ਮਾਲ ਤਿਆਰ ਕਰਨ ਵਾਲਿਆਂ ਨੂੰ ਅਜਿਹੇ ਟਾਪੂ ਬਣਾ ਕੇ ਦੇਣ ਨੂੰ ਤਿਆਰ ਹਨ ਜਿੱਥੇ ਕਾਰਖ਼ਾਨੇਦਾਰ ਦੀ ਖ਼ੁਦਮੁਖਤਾਰੀ ਹੋਵੇਗੀ। ਮਜ਼ਦੂਰ ਅਤੇ ਖ਼ਪਤਕਾਰ ਦੀ ਹਰ ਨਾਰਾਜ਼ਗੀ ਤੋਂ ਕਾਰਖ਼ਾਨੇਦਾਰ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਰਕਾਰ ਉਤੇ ਹੋਵੇਗੀ ਜੋ ਸਰਕਾਰੀ ਖ਼ਜ਼ਾਨੇ ਵਿਚੋਂ ਪੂਰੀ ਕੀਤੀ ਜਾਵੇਗੀ। ਇਸ ਤਰ੍ਹਾਂ ਸਰਕਾਰੀ ਖ਼ਜ਼ਾਨਾ ਇੱਕ ਪਾਸੇ ਵਿਦੇਸ਼ੀ ਪੂੰਜੀ ਨਿਵੇਸ਼ ਲਈ ਸਹੂਲਤਾਂ ਪੈਦਾ ਕਰੇਗਾ, ਤੇ ਦੂਜੇ ਪਾਸੇ ਆਵਾਮ ਨੂੰ ਉਨ੍ਹਾਂ ਦੇ ਕੱਚੇ ਮਾਲ ਤੱਕ ਮਹਿਦੂਦ ਕਰੇਗਾ। ਇਸ ਪੱਖੋਂ ਤਾਂ ਮੋਦੀ ਦੀ ਤਕਰੀਰ ਦਾ ਸਾਫ ਅਰਥ ਨਿਕਲਦਾ ਹੈ ਕਿ ਇਹ ਮੁਲਕ ਕਾਰਖ਼ਾਨਾ ਹੈ ਜਿਸ ਦੇ ਸ਼ਹਿਰੀਆਂ ਨੂੰ ਪੁਰਜਿਆਂ ਅਤੇ ਸੀਲ ਖ਼ਪਤਕਾਰਾਂ ਵਜੋਂ ਵਰਤਿਆ ਜਾ ਸਕਦਾ ਹੈ।

ਜੇ ਦੇਸੀ ਸਨਅਤ, ਚੌਗਿਰਦੇ ਅਤੇ ਮਨੁੱਖੀ ਸੁਰੱਖਿਆ ਦੀ ਕੀਮਤ ਉਤੇ ਵਿਦੇਸ਼ੀ ਪੂੰਜੀ ਦੀ ਸੇਵਾ ਕਰਨਾ ਹੀ ਸਰਕਾਰਾਂ ਦਾ ਸਭ ਤੋਂ ਵੱਡਾ ਫ਼ਰਜ਼ ਹੈ ਤਾਂ ਵਿਦੇਸ਼ਾਂ ਵਿਚ ਜਮ੍ਹਾਂ ਭਾਰਤੀ ਪੂੰਜੀ ਵਾਪਸ ਲਿਆਉਣ ਦੇ ਵਾਅਦੇ ਵਰਗਾ ਝੂਠ ਹੋਰ ਕੀ ਹੋ ਸਕਦਾ ਹੈ? ਜੇ ਭਾਰਤੀ ਸਰਮਾਏ ਨੇ ਹੀ ਮਾਰੀਸ਼ਸ ਵਰਗੇ ਕੁਝ ਮੁਲਕਾਂ ਦੀਆਂ ਕਾਗ਼ਜ਼ੀ ਕੰਪਨੀਆਂ ਰਾਹੀਂ ਵਿਦੇਸ਼ੀ ਪੂੰਜੀ ਵਜੋਂ ਭਾਰਤ ਆ ਜਾਣਾ ਹੈ ਤਾਂ ਦੇਸੀ-ਵਿਦੇਸ਼ੀ ਦਾ ਫ਼ਰਕ ਕੀ ਰਹਿ ਜਾਂਦਾ ਹੈ? ਇਨ੍ਹਾਂ ਹਾਲਾਤ ਵਿਚ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਨਰੇਂਦਰ ਮੋਦੀ ਦੀ ਫਰਾਂਸ-ਜਰਮਨ ਫੇਰੀ ਨਾਲ ਮੌਜੂਦਾ ਨਿਜ਼ਾਮ ਦੀ ਕਿਹੜੀ ਰਮਜ਼ ਬੇਪਰਦ ਹੋਈ ਹੈ? ਉਹ ਫਰਾਂਸ ਵਿਚ ਇਤਿਹਾਸ ਦੀ ਵਿਆਖਿਆ ਕਰ ਰਹੇ ਹਨ, ਜਰਮਨ ਵਿਚ ਭਾਰਤੀ ਅਰਥਚਾਰੇ ਦਾ ਖਾਕਾ ਬਣਾ ਰਹੇ ਹਨ ਅਤੇ ਦਿੱਲੀ ਤੋਂ ਇਸ ਦੀ ਸਭਿਆਚਾਰਕ ਬੁਨਿਆਦ ਨਾਲ ਜੋੜ ਕੇ ਸਿਆਸਤ ਕਰਦੇ ਹਨ। ਨਰੇਂਦਰ ਮੋਦੀ ਦੀ ਇਸ ਫੇਰੀ ਤੋਂ ਸਾਫ਼ ਹੈ ਕਿ ਮੌਜੂਦਾ ਨਿਜ਼ਾਮ ਬਸਤਾਨਾਂ ਅਤੇ ਗ਼ੁਲਾਮਾਂ ਦੇ ਇਤਿਹਾਸ ਨੂੰ ਕਿਸ ਪੈਂਤੜੇ ਤੋਂ ਵੇਖਦਾ ਹੈ ਅਤੇ ਕਿਸ ਤਰ੍ਹਾਂ ਦੇ ਅਰਥਚਾਰੇ ਰਾਹੀਂ ਕਿਸ ਤਰ੍ਹਾਂ ਦਾ ਸਮਾਜ ਸਿਰਜਣਾ ਚਾਹੁੰਦਾ ਹੈ। ਇੱਕ ਪਾਸੇ ਇਹ ਨਿਜ਼ਾਮ ਬਸਤਾਨਾਂ ਦੀ ਪੂੰਜੀ ਦਾ ਦਰਬਾਨ ਬਣਿਆ ਹੋਇਆ ਹੈ ਅਤੇ ਦੂਜੇ ਪਾਸੇ ਇਹ ਸਭਿਅਤਾ ਦਾ ਸਭ ਤੋਂ ਵੱਡਾ ਠੇਕੇਦਾਰ ਬਣਿਆ ਹੋਇਆ ਹੈ। ਬਸਤਾਨੀ ਮੁਹਾਵਰੇ ਵਿਚ ਖੁਦਮੁਖ਼ਤਾਰੀ ਦੇ ਸੁਫ਼ਨੇ ਕਿਵੇਂ ਲਏ ਜਾ ਸਕਦੇ ਹਨ? ਕੀ ਇਹ ਇਤਿਹਾਸ ਨੂੰ ਆਵਾਮੀ ਪੈਂਤੜੇ ਤੋਂ ਸਮਝ ਕੇ ਖੁਦਮੁਖ਼ਤਾਰੀ ਵਾਲੀ ਸਿਆਸਤ, ਅਰਥਚਾਰੇ ਅਤੇ ਸਭਿਆਚਾਰ ਦੀ ਉਸਾਰੀ ਦੇ ਸੁਆਲਾਂ ਨੂੰ ਮੁਖ਼ਾਤਬ ਹੋਣ ਦਾ ਸਮਾਂ ਨਹੀਂ ਹੈ?

# ਰਾਜਕੀ ਅਤਿਵਾਦ ਦੀ ਪੁਸ਼ਤ-ਪਨਾਹੀ

ਭਾਰਤ ਵਿਚ ਸੱਤ ਅਪਰੈਲ ਦੇ ਦਿਨ ਦੋ ਸੂਬਿਆਂ ਵਿਚ 25 ਬੰਦੇ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰ ਦਿੱਤੇ ਗਏ। ਤਿਲੰਗਾਨਾ ਵਿਚ 5 ਵਿਚਾਰ ਅਧੀਨ ਮੁਸਲਮਾਨ ਬੰਦੀਆਂ ਅਤੇ ਆਂਧਰਾ ਪ੍ਰਦੇਸ਼ ਵਿਚ 20 ਆਦਿਵਾਸੀ ਲੱਕੜਹਾਰਿਆਂ ਦੇ ਫਰਜ਼ੀ ਮੁਕਾਬਲਿਆਂ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਰਾਜਕੀ ਦਹਿਸ਼ਤਗਰਦੀ ਦੇ ਬੋਲਬਾਲੇ ਵਾਲੇ ਇਸ ਰਾਜਤੰਤਰ ਦੀ ਨਜ਼ਰ ਵਿਚ ਆਮ ਆਦਮੀ ਦੀ ਜ਼ਿੰਦਗੀ ਕਿੰਨੀ ਸਸਤੀ ਹੈ। ਇਸ ਤਰ੍ਹਾਂ ਦੀ ਦਰਿੰਦਗੀ ਨੂੰ ਸੁਪਰੀਮ ਕੋਰਟ ਨੇ 1999 ਦੀ ਇਕ ਕ੍ਰਿਮੀਨਲ ਅਪੀਲ ਬਾਬਤ ਆਪਣੇ ਫੈਸਲੇ ਵਿਚ ''ਰਾਜਕੀ ਪੁਸ਼ਤ-ਪਨਾਹੀ ਵਾਲੀ ਦਹਿਸ਼ਤਗਰਦੀ'' ਕਿਹਾ ਸੀ।

ਪੁਲਿਸ ਵਲੋਂ ਪੇਸ਼ ਕੀਤੀ ਮੁਕਾਬਲਿਆਂ ਦੀ ਘਸੀਪਿਟੀ ਕਹਾਣੀ ਦੱਸਦੀ ਹੈ ਕਿ ਮੁਕਾਬਲੇ ਖਾਸ

**ਬੂਟਾ ਸਿੰਘ**
ਫੋਨ: 91-94634-74342

ਮਨੋਰਥ ਤਹਿਤ ਬਣਾਏ ਗਏ। ਪੰਜ ਬੰਦੀਆਂ (ਵਿਕਾਰੂਦੀਨ, ਅਮਜਦ ਅਲੀ, ਮੁਹੰਮਦ ਹਨੀਫ਼, ਜ਼ਾਕਿਰ ਅਲੀ ਅਤੇ ਇਜ਼ਹਾਰ ਖਾਨ) ਨੂੰ ਮਾਰਨ ਬਾਰੇ ਪੁਲਿਸ ਨੇ ਕਹਾਣੀ ਬਣਾਈ ਕਿ ਜਦੋਂ 17 ਮੈਂਬਰੀ ਪੁਲਿਸ ਪਾਰਟੀ ਉਨ੍ਹਾਂ ਨੂੰ ਵੈਨ ਵਿਚ ਵਾਰੰਗਲ ਜੇਲ੍ਹ ਤੋਂ ਹੈਦਰਾਬਾਦ ਅਦਾਲਤ ਵਿਚ ਪੇਸ਼ੀ 'ਤੇ ਲਿਜਾ ਰਹੀ ਸੀ ਤਾਂ ਰਸਤੇ ਵਿਚ ਪੇਸ਼ਾਬ ਕਰਨ ਦੇ ਬਹਾਨੇ ਉਨ੍ਹਾਂ ਪੁਲਿਸ 'ਤੇ ਹਮਲਾ ਕੀਤਾ ਅਤੇ ਸਵੈ-ਰੱਖਿਆ ਲਈ ਚਲਾਈ ਗੋਲੀ ਵਿਚ ਮੁਲਜ਼ਮ ਮਾਰੇ ਗਏ। 2010 ਤੋਂ ਜੇਲ੍ਹਾਂ ਵਿਚ ਡੱਕੇ ਇਨ੍ਹਾਂ ਪੰਜ ਮੁਸਲਮਾਨ ਨੌਜਵਾਨਾਂ ਉਪਰ ਪੁਲਿਸ ਨੇ ਇਲਜ਼ਾਮ ਲਾਇਆ ਸੀ ਕਿ ਉਹ 'ਮੁਸਲਿਮ ਦਹਿਸ਼ਤਗਰਦ' ਜਥੇਬੰਦੀ 'ਤਹਿਰੀਕ ਗ਼ਲਬਾ-ਏ-ਇਸਲਾਮ' ਦੇ ਕਾਰਕੁਨ ਹਨ ਅਤੇ ਉਨ੍ਹਾਂ ਉਤੇ ਹੈਦਰਾਬਾਦ ਵਿਚ ਪੁਲਿਸ ਉਪਰ ਹਮਲਿਆਂ 'ਚ ਸ਼ਾਮਲ ਹੋਣ ਤੇ ਨਰੇਂਦਰ ਮੋਦੀ ਦੇ ਕਤਲ ਦੀ ਯੋਜਨਾ ਬਣਾਉਣ ਦਾ ਸ਼ੱਕ ਹੈ। ਗ਼ੌਰਤਲਬ ਹੈ ਕਿ ਉਨ੍ਹਾਂ ਦਾ ਮੁਕੱਦਮਾ ਆਖ਼ਰੀ ਪੜਾਅ 'ਤੇ ਸੀ ਅਤੇ ਅਦਾਲਤ ਨੇ ਛੇਤੀ ਫੈਸਲਾ ਸੁਣਾ ਦੇਣਾ ਸੀ। ਜਿਵੇਂ ਸੱਤਾਧਾਰੀਆਂ ਵਲੋਂ ਗਿਣ-ਮਿਥ ਕੇ ਮੁਸਲਿਮ ਨੌਜਵਾਨਾਂ ਨੂੰ ਦਹਿਸ਼ਤਗਰਦ ਹੋਣ ਦੇ ਸ਼ੱਕ ਦੇ ਬਹਾਨੇ ਦਸ-ਦਸ ਬਾਰਾਂ-ਬਾਰਾਂ ਸਾਲ ਜੇਲ੍ਹਾਂ ਵਿਚ ਸਾੜਨ ਦੇ ਬੇਸ਼ੁਮਾਰ ਮਾਮਲੇ ਸਾਹਮਣੇ ਆਉਂਦੇ ਰਹੇ ਹਨ, ਤੇ ਆ ਰਹੇ ਹਨ ਅਤੇ ਅਦਾਲਤਾਂ ਉਨ੍ਹਾਂ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰਦੀਆਂ ਆ ਰਹੀਆਂ ਹਨ, ਉਸ ਦੇ ਮੱਦੇਨਜ਼ਰ ਇਨ੍ਹਾਂ ਪੰਜ ਨੌਜਵਾਨਾਂ ਦੇ ਬੇਕਸੂਰ ਸਾਬਤ ਹੋਣ ਦੀ ਪੂਰੀ ਸੰਭਾਵਨਾ ਸੀ। ਦਰਅਸਲ, ਤਿਲੰਗਾਨਾ ਪੁਲਿਸ ਨੇ ਇਸ ਮਨੋਰਥ ਨਾਲ ਉਨ੍ਹਾਂ ਦਾ ਮੁਕਾਬਲਾ ਬਣਾਇਆ ਕਿ ਉਨ੍ਹਾਂ ਨੂੰ ਬੇਕਸੂਰ ਕਰਾਰ ਦਿੱਤੇ ਜਾਣ ਦੀ ਸੂਰਤ 'ਚ ਖ਼ਾਕੀ ਵਰਦੀ ਹੋਰ ਕਲੰਕਤ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇ, ਪਰ ਮੀਡੀਆ ਅੱਗੇ ਆਪਣੀ 'ਪ੍ਰਾਪਤੀ' ਪਰੋਸਦੇ ਵਕਤ ਮੁਕਾਬਲੇ ਬਣਾਉਣ ਦੀ ਮਾਹਿਰ ਪੁਲਿਸ ਨੂੰ ਇਹ ਚੇਤੇ ਨਹੀਂ ਰਿਹਾ ਕਿ ਵੈਨ ਦੇ ਅੰਦਰ ਡਿੱਗੇ ਪਏ ਇਹ ਲੋਕ ਹੱਥਕੜੀਆਂ ਵਿਚ ਜਕੜੇ ਹੋਏ ਹਨ। ਹਥਿਆਰਾਂ ਨਾਲ ਲੈਸ 17 ਪੁਲਸੀਆਂ ਕੋਲ ਹੱਥਕੜੀਆਂ 'ਚ ਜਕੜੇ ਪੰਜ ਨਿਹੱਥੇ 'ਦਹਿਸ਼ਤਗਰਦਾਂ' ਨੂੰ ਕਾਬੂ ਕਰਨ ਦਾ ਇਹੀ ਇਕੋ ਇਕ ਢੰਗ ਸੀ ਕਿ ਜਾਨੋਂ ਮਾਰ ਦਿੱਤਾ ਜਾਵੇ।

ਆਂਧਰਾ ਦੇ ਚਿਤੂਰ ਜ਼ਿਲ੍ਹੇ ਦੇ ਸ਼ੇਸ਼ਾਚਲਮ ਜੰਗਲ ਵਿਚ ਹੋਏ ਮੁਕਾਬਲੇ ਵਿਚ ਇਸੇ ਦਿਨ ਮਾਰੇ ਗਏ 20 ਬੰਦਿਆਂ ਦੀ ਦਾਸਤਾਂ ਵੀ ਮੁਕਾਬਲੇ ਦੇ ਫਰਜ਼ੀ ਹੋਣ ਦਾ ਹੀ ਸਬੂਤ ਹੈ। ਚੰਦਨ ਦੀ ਤਸਕਰੀ ਵਿਰੋਧੀ ਟਾਸਕ ਫੋਰਸ ਅਤੇ ਜੰਗਲਾਤ ਅਫਸਰਾਂ ਦਾ ਦਾਅਵਾ ਹੈ ਕਿ ਤਸਕਰਾਂ ਲਈ ਕੰਮ ਕਰਨ ਵਾਲੇ ਇਹ ਲੋਕ ਉਦੋਂ ਮਾਰੇ ਗਏ ਜਦੋਂ ਰੁੱਖ ਵੱਢਦੇ ਵਕਤ ਉਨ੍ਹਾਂ ਨੂੰ ਆਤਮ-ਸਮਰਪਣ ਲਈ ਕਿਹਾ ਗਿਆ ਤੇ ਅੱਗਿਉਂ 100 ਤੋਂ ਉਪਰ ਬੰਦਿਆਂ ਨੇ ਪੱਥਰਾਂ ਤੇ ਦਾਤਰਾਂ ਨਾਲ ਪੁਲਿਸ ਉਪਰ ਹਮਲਾ ਕਰ ਦਿੱਤਾ। ਆਪਣੇ ਬਚਾਉ ਲਈ ਫੋਰਸ ਵਲੋਂ ਚਲਾਈਆਂ ਗੋਲੀਆਂ ਵਿਚ 20 ਬੰਦੇ ਮਾਰੇ ਗਏ; ਪਰ ਅਗਲੇ ਦਿਨ ਮੁਕਾਬਲੇ ਦੀ ਅਸਲੀਅਤ ਸਾਹਮਣੇ ਆ ਗਈ। ਇਹ ਸਾਰੇ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਕੇ ਮਾਰੇ ਗਏ ਮਜ਼ਦੂਰ ਸਨ ਜਿਨ੍ਹਾਂ ਨੂੰ ਚੰਦਨ ਦੇ ਤਸਕਰਾਂ ਵਲੋਂ ਇਹ ਬੇਥਾਹ ਕੀਮਤੀ ਲੱਕੜੀ ਚੋਰੀ ਕਰਨ ਲਈ ਲਾਲਚ ਦੇ ਕੇ ਜੰਗਲ 'ਚ ਭੇਜਿਆ ਜਾਂਦਾ ਹੈ। ਇਨ੍ਹਾਂ ਵਿਚ 12 ਬੰਦੇ ਤਾਮਿਲਨਾਡੂ ਦੇ ਵੈਲੋਰ ਜ਼ਿਲ੍ਹੇ ਦੇ ਸਨ ਅਤੇ ਅੱਠ ਤਿਰੂਵਨਮਲਾਈ ਜ਼ਿਲ੍ਹੇ ਦੇ ਅਰਜੁਨਪੁਰਮ ਪਿੰਡ ਦੇ ਆਦਿਵਾਸੀ ਸਨ। ਇਨ੍ਹਾਂ ਵਿਚੋਂ 7 ਨੂੰ ਬੱਸ ਵਿਚੋਂ ਉਦੋਂ ਉਤਾਰ ਲਿਆ ਗਿਆ ਸੀ ਜਦੋਂ ਉਹ 6 ਅਪਰੈਲ ਦੁਪਹਿਰ ਨੂੰ ਤਿਰੂਵਨਮਲਾਈ ਤੋਂ ਬੱਸ ਵਿਚ ਸਵਾਰ ਹੋ ਕੇ ਚਿਤੂਰ ਨੂੰ ਜਾ ਰਹੇ ਸਨ। ਉਨ੍ਹਾਂ ਦੇ ਇਕ ਸਾਥੀ ਉਪਰ ਪੁਲਿਸ ਦੀ ਨਜ਼ਰ ਨਹੀਂ ਪਈ ਅਤੇ ਉਹ ਬਚ ਕੇ ਵਾਪਸ ਆਪਣੇ ਪਿੰਡ ਪਹੁੰਚ ਗਿਆ। ਇਉਂ ਅਸਲ ਕਹਾਣੀ ਤੋਂ ਪਰਦਾ ਉਠ ਗਿਆ। ਪੁਲਿਸ ਉਪਰ ਅਖੌਤੀ ਪਥਰਾਓ ਕਰਨ ਵਾਲੇ ਇਨ੍ਹਾਂ ਮਜ਼ਦੂਰਾਂ ਦੇ ਤਨ ਦੇ ਕੱਪੜੇ ਅਤੇ ਚੰਦਨ ਦੀਆਂ ਪੁਰਾਣੀਆਂ ਗੇਲੀਆਂ ਉਨ੍ਹਾਂ ਦੀਆਂ ਲਾਸ਼ਾਂ ਦੇ ਨਾਲ ਰੱਖ ਕੇ ਇਸ ਨੂੰ ਮੁਕਾਬਲੇ ਦਾ ਨਾਂ ਦਿੱਤਾ ਗਿਆ, ਪਰ ਪੁਲਿਸ ਦੀ ਕਹਾਣੀ ਇਸ ਬਾਰੇ ਖ਼ਾਮੋਸ਼ ਹੈ ਕਿ ਮੁਕਾਬਲੇ ਵਾਲੀ ਥਾਂ ਚੰਦਨ ਦੇ ਕੋਈ ਰੁੱਖ ਕਿਉਂ ਨਹੀਂ ਜਿਨ੍ਹਾਂ ਨੂੰ ਉਹ ਵੱਢ ਰਹੇ ਸਨ? ਸਭ ਤੋਂ ਅਹਿਮ ਸਵਾਲ ਇਹ ਕਿ ਮਹਿਜ਼ ਪਥਰਾਓ ਕਰਨ ਵਾਲਿਆਂ ਤੋਂ



ਝੂਠੇ ਮੁਕਾਬਲੇ ਖਿਲਾਫ ਰੋਸ ਮਾਰਚ।

ਆਪਣੇ ਬਚਾਓ ਲਈ ਚਲਾਈ ਗੋਲੀ ਵਿਚ 20 ਬੰਦੇ ਕਿਵੇਂ ਮਾਰੇ ਗਏ ਅਤੇ ਸਵੈ-ਬਚਾਓ ਲਈ ਪੁਲਿਸ ਵਲੋਂ ਚਲਾਈਆਂ ਗੋਲੀਆਂ ਉਨ੍ਹਾਂ ਦੇ ਮੱਥਿਆਂ ਵਿਚ ਹੀ ਕਿਉਂ ਲੱਗੀਆਂ?

ਚੰਦਨ ਦੀ ਤਸਕਰੀ ਨੂੰ ਰੋਕਣ ਦੇ ਨਾਂ ਹੇਠ ਇਹ ਪਹਿਲਾ ਮੁਕਾਬਲਾ ਨਹੀਂ ਹੈ। ਇਸ ਤੋਂ ਪਹਿਲਾਂ ਵੱਡੇ ਤਸਕਰਾਂ ਲਈ ਥੋੜ੍ਹੇ ਰੁਪਿਆਂ ਦੇ ਲਾਲਚ ਵਿਚ ਰੁੱਖ ਵੱਢਣ ਵਾਲੇ ਮਜ਼ਦੂਰ ਮੁਕਾਬਲਿਆਂ ਵਿਚ ਮਾਰੇ ਜਾਂਦੇ ਰਹੇ ਹਨ ਜਦਕਿ ਵੱਡੇ ਤਸਕਰ ਫੜੇ ਜਾਣ 'ਤੇ ਰਾਜਮੁੰਦਰੀ ਵਰਗੀਆਂ ਜੇਲ੍ਹਾਂ ਵਿਚ ਐਸ਼ ਕਰਦੇ ਹਨ ਅਤੇ ਸਹਿਜੇ ਹੀ ਜ਼ਮਾਨਤ 'ਤੇ ਰਿਹਾਅ ਹੋ ਜਾਂਦੇ ਹਨ। ਨਿਰਸੰਦੇਹ ਵੱਡੇ ਤਸਕਰ ਜੰਗਲਾਤ ਤੇ ਹੋਰ ਸਰਕਾਰੀਤੰਤਰ ਦੀ ਮਿਲੀਭੁਗਤ ਨਾਲ ਚੰਦਨ ਦੀ ਲੱਕੜੀ ਚੋਰੀ ਕਰਦੇ ਹਨ ਜਿਸ ਦਾ ਕੌਮਾਂਤਰੀ ਮੰਡੀ ਵਿਚ ਭਾਅ 3-4 ਲੱਖ ਰੁਪਏ ਪ੍ਰਤੀ ਕੁਇੰਟਲ ਹੈ। ਚੰਦਰਬਾਬੂ ਨਾਇਡੂ ਵਲੋਂ ਆਂਧਰਾ ਦੇ ਮੁੱਖ ਮੰਤਰੀ ਵਜੋਂ ਸੱਤਾਧਾਰੀ ਹੁੰਦੇ ਸਾਰ ਚੰਦਨ ਦੀ ਤਸਕਰੀ ਨੂੰ ਆਪਣੇ ਅਧਿਕਾਰ ਹੇਠ ਲੈਣ ਦਾ ਮਨਸੂਬਾ ਦਮਨ ਦੇ ਨਵੇਂ ਦੌਰ ਦਾ ਆਗਾਜ਼ ਸੀ। ਕਾਰਪੋਰੇਟ ਸਰਮਾਏਦਾਰੀ ਦੇ ਹੱਕ ਵਿਚ ਭੁਗਤਣ ਲਈ ਬਦਨਾਮ ਚੰਦਰਬਾਬੂ ਨਾਇਡੂ ਦਾ ਮੁਜਰਮਾਨਾ ਕਿਰਦਾਰ ਕਿਸੇ ਨੂੰ ਭੁੱਲਿਆ ਹੋਇਆ ਨਹੀਂ ਜਿਸ ਦੇ ਹੱਥ ਉਸ ਦੇ ਆਪਣੇ ਪਿਛਲੇ ਰਾਜ ਦੌਰਾਨ ਕਈ ਹਜ਼ਾਰ ਇਨਕਲਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਚੰਦਨ ਦੀ ਤਸਕਰੀ ਉਪਰ ਕਾਬਜ਼ ਹੋਣ ਦੀ ਲਾਲਸਾ ਵਿਚੋਂ ਉਸ ਨੇ ਅਖੌਤੀ ਟਾਸਕ ਫੋਰਸ ਦੇ ਅਧਿਕਾਰੀਆਂ ਨੂੰ ਤਸਕਰ ਗਰੋਹਾਂ ਉਪਰ ਦਬਾਓ ਬਣਾਉਣ ਅਤੇ ਉਨ੍ਹਾਂ ਨੂੰ ਆਪਣੇ ਇਸ਼ਾਰੇ 'ਤੇ ਚਲਾਉਣ ਲਈ ਮਨਮਾਨੀਆਂ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ।

ਫਰਜ਼ੀ ਮੁਕਾਬਲਿਆਂ ਅਤੇ ਹੋਰ ਵਹਿਸ਼ੀ ਦਮਨ ਰਾਹੀਂ ਨਕਸਲਵਾਦ ਨਾਲ ਨਜਿੱਠਣ ਪੱਖੋਂ ਆਂਧਰਾ ਪੁਲਿਸ ਮੁਹਾਰਤ ਰੱਖਦੀ ਹੈ। ਇਸ ਦੇ ਮੂੰਹ ਨੂੰ ਮੁਕਾਬਲਿਆਂ ਜ਼ਰੀਏ ਤਰੱਕੀਆਂ ਦਾ ਲਹੂ ਇਸ ਕਦਰ ਲੱਗ ਚੁੱਕਾ ਹੈ ਕਿ ਜਦੋਂ ਮਾਓਵਾਦ ਦੀ ਚੁਣੌਤੀ ਉਸ ਪੱਧਰ ਦੀ ਨਹੀਂ ਰਹੀ ਜਿਸ ਵਿਚੋਂ ਇਨਕਲਾਬੀਆਂ ਦੇ ਧੜਾਧੜ ਮੁਕਾਬਲੇ ਬਣਾ ਕੇ ਇਨਾਮ-ਸਨਮਾਨ, ਤਰੱਕੀਆਂ ਅਤੇ ਫੰਡ ਹਾਸਲ ਕੀਤੇ ਜਾ ਸਕਣ, ਉਸ ਹਾਲਤ ਵਿਚ ਇਸ ਨੇ ਮੁਸਲਿਮ ਦਹਿਸ਼ਤਗਰਦੀ ਅਤੇ ਚੰਦਨ ਦੀ ਤਸਕਰੀ ਨੂੰ ਵੱਡੇ ਖ਼ਤਰੇ ਵਜੋਂ ਈਜਾਦ ਕਰ ਲਿਆ।

ਦਰਅਸਲ ਭਾਰਤੀ ਸਟੇਟ ਵਿਚ ਹੁਕਮਰਾਨ, ਪੁਲਿਸ ਅਤੇ ਨੌਕਰਸ਼ਾਹੀ ਦੀ ਮਨਮਰਜ਼ੀ ਹੀ ਕਾਨੂੰਨ ਹੈ। ਕੜੇ-ਕਾਨੂੰਨਾਂ, ਸੰਵਿਧਾਨਕ ਫਰਜ਼ਾਂ, ਅਦਾਲਤੀ ਨਿਰਦੇਸ਼ਾਂ ਵਗੈਰਾ ਨੂੰ ਹੁਕਮਰਾਨ ਜਮਾਤ ਟਿੱਚ ਸਮਝਦੀ ਹੈ, ਪਰ ਜਦੋਂ ਚੋਟੀ ਦੇ ਮਾਓਵਾਦੀ (ਮਰਹੂਮ) ਆਜ਼ਾਦ ਨੇ ਸਟੇਟ ਦੇ ਹਕੀਕੀ ਖ਼ਾਸੇ ਅਨੁਸਾਰ ਹਿੰਦੁਸਤਾਨੀ ਸੰਵਿਧਾਨ ਦੀ ਕੀਮਤ ਟੱਟੀ ਪੂੰਝਣ ਵਾਲੇ ਕਾਗਜ਼ ਤੋਂ ਵੀ ਘੱਟ ਦੱਸੀ ਸੀ ਤਾਂ ਮਨਮੋਹਨ ਸਿੰਘ-ਚਿਦੰਬਰਮ ਸਮੇਤ ਸਾਮਰਾਜ ਦੇ ਰਾਖਿਆਂ ਅਤੇ ਮੁੱਖਧਾਰਾ ਮੀਡੀਆ ਦੇ ਐਂਕਰਾਂ-ਸੰਪਾਦਕਾਂ ਦੀ ਨੀਂਦ ਹਰਾਮ ਹੋ ਗਈ ਸੀ ਕਿ ਇਹ ਤਾਂ ਮਹਾਂ ਜਮਹੂਰੀਅਤ ਦਾ ਅਪਮਾਨ ਹੈ! ਪਰ ਉਨ੍ਹਾਂ ਨੂੰ ਰਾਜਸੀ ਪੁਸ਼ਤ-ਪਨਾਹੀ ਨਾਲ ਸੰਵਿਧਾਨਕ ਕਾਇਦੇ-ਕਾਨੂੰਨਾਂ ਅਤੇ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਬੇਲਗਾਮ ਪੁਲਿਸ ਤੇ ਹੋਰ ਸਰਕਾਰੀ ਏਜੰਸੀਆਂ ਅਤੇ ਖ਼ੁਦ ਕੇਂਦਰੀ ਤੇ ਸੂਬਾਈ ਸੱਤਾਧਾਰੀਆਂ ਵਲੋਂ ਘੋਰ ਤੌਹੀਨ ਕਦੇ ਨਜ਼ਰ ਨਹੀਂ ਆਉਂਦੀ। ਸਵਾਲ ਹੈ ਕਿ ਪੁਲਿਸ ਮੁਕਾਬਲੇ ਸਾਧਾਰਨ ਮੁਸਲਮਾਨਾਂ, ਦਲਿਤਾਂ, ਆਦਿਵਾਸੀਆਂ ਅਤੇ ਇਨਕਲਾਬੀਆਂ ਜਾਂ ਛੋਟੇ ਤਸਕਰਾਂ/ਗੈਂਗਸਟਰਾਂ ਦੇ ਹੀ ਕਿਉਂ ਬਣਦੇ ਹਨ?

ਇਥੇ ਰਾਜਤੰਤਰ ਦੀਆਂ ਮਨਮਾਨੀਆਂ ਵਿਚ ਨਿਆਂ ਪ੍ਰਬੰਧ ਦੀ ਭੂਮਿਕਾ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ ਜਿਸ ਦੇ ਜੱਜ ਪੁਲਿਸ ਮੁਕਾਬਲਿਆਂ ਸਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਲਾਗੂ ਕਰਵਾਉਣ ਦੀ ਕਦੇ ਜ਼ਰੂਰਤ ਨਹੀਂ ਸਮਝਦੇ। ਜਦੋਂ ਗੁਜਰਾਤ ਵਿਚ ਫਰਜ਼ੀ ਮੁਕਾਬਲਿਆਂ ਦੇ ਰਾਜਸੀ ਸੂਤਰਧਾਰਾਂ ਅਮਿਤ ਸ਼ਾਹ ਤੇ ਨਰੇਂਦਰ ਮੋਦੀ ਅਤੇ ਇਨ੍ਹਾਂ ਦੇ ਚਹੇਤੇ 'ਐਨਕਾਊਂਟਰ ਸਪੈਸ਼ਲਿਸਟ' ਆਹਲਾ ਪੁਲਿਸ ਅਫਸਰਾਂ ਡੀ.ਜੀ. ਵੰਜਾਰਾ ਤੇ ਪਾਂਡੇ ਵਰਗਿਆਂ ਯੂ.ਪੀ. ਦੇ ਹਾਸ਼ਿਮਪੁਰਾ ਕਤਲੇਆਮ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਕਲੀਨ ਚਿੱਟਾਂ ਦਿੱਤੀਆਂ ਜਾ ਰਹੀਆਂ ਹੋਣ; ਜਦੋਂ ਦਹਾਕਿਆਂ ਬੱਧੀ ਨਿਆਂ ਦੀ ਉਡੀਕ 'ਚ ਅਦਾਲਤਾਂ 'ਚ ਠੋਕਰਾਂ ਖਾਂਦੇ ਮਜ਼ਲੂਮ ਹਰਾ-ਥੱਕਾ ਕੇ ਬਿਰਥ ਬਣਾਏ ਜਾ ਰਹੇ ਹੋਣ; ਜਦੋਂ ਪੁਲਿਸ ਮੁਕਾਬਲਿਆਂ ਸਬੰਧੀ ਪੁਲਿਸ ਦੀ ਜਵਾਬਦੇਹੀ ਬਾਰੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਆਂਧਰਾ ਦੀ ਪੁਲਿਸ ਐਸੋਸੀਏਸ਼ਨ ਨੇ ਹਾਈਕੋਰਟ ਵਿਚ ਚੁਣੌਤੀ ਦੇ ਕੇ ਇਨ੍ਹਾਂ ਨੂੰ ਜੂੜ ਪਾ ਰੱਖਿਆ ਹੋਵੇ ਜੋ ਸ੍ਰੀ ਕੰਨਾਬਿਰਨ ਵਰਗੇ ਮਨੁੱਖੀ ਅਧਿਕਾਰ ਘੁਲਾਟੀਆਂ ਵਲੋਂ ਕੀਤੀ ਅਣਥੱਕ ਕਾਨੂੰਨੀ ਜੱਦੋਜਹਿਦ ਦੀ ਬਦੌਲਤ ਸੰਭਵ ਹੋਈਆਂ ਸਨ; ਤੇ ਨਾਇਡੂ, ਮੋਦੀ ਤੇ ਅਮਿਤ ਸ਼ਾਹ ਵਰਗੇ ਸੱਤਾਧਾਰੀ ਹੋਣ ਤਾਂ ਇਸ ਸੂਰਤ 'ਚ ਆਂਧਰਾ, ਤਿਲੰਗਾਨਾ ਅਤੇ ਹੋਰ ਥਾਂਵਾਂ ਦੀ ਪੁਲਿਸ ਦੇ ਮਨਮਾਨੀਆਂ ਅਤੇ ਲਾਕਾਨੂੰਨੀਆਂ ਨੂੰ ਅੰਜਾਮ ਦੇਣ ਦੇ ਹੌਸਲੇ ਤਾਂ ਵਧਣਗੇ ਹੀ। ਪੁਲਿਸ ਦੇ ਇਨ੍ਹਾਂ ਖ਼ੂਨੀ ਹੱਥਾਂ ਨੂੰ ਰੋਕਣ ਲਈ ਵਿਆਪਕ ਜਮਹੂਰੀ ਲਹਿਰ ਦਰਕਾਰ ਹੈ। ਜਿੰਨੀ ਛੇਤੀ ਹਿੰਦੁਸਤਾਨੀ ਰਾਜ ਵਿਰੁੱਧ ਆਪੋ-ਆਪਣੇ ਨਜ਼ਰੀਏ ਤੋਂ ਆਪਣੇ ਪ੍ਰੋਗਰਾਮਾਂ ਤੇ ਮੁੱਦਿਆਂ ਉਪਰ ਲੜ ਰਹੀਆਂ ਵੰਨ-ਸੁਵੰਨੀਆਂ ਤਾਕਤਾਂ ਰਾਜ ਦੇ ਜ਼ੁਲਮਾਂ ਦੇ ਖ਼ਿਲਾਫ਼ ਸਾਂਝੀ ਲੜਾਈ ਦੀ ਜ਼ਰੂਰਤ ਦੀ ਸ਼ਨਾਖ਼ਤ ਕਰ ਲੈਣਗੀਆਂ, ਉਨਾ ਹੀ ਬਿਹਤਰ ਹੋਵੇਗਾ।

# ਗੈਰਨਿਆਂਇਕ ਹੱਤਿਆਵਾਂ

## ਸੁਪਰੀਮ ਕੋਰਟ ਸ਼ਹਿਰੀਆਂ ਨੂੰ ਮੁਕਾਬਲਿਆਂ ਤੋਂ ਬਚਾਉਣ ਵਿਚ ਨਾਕਾਮ

*{ਆਂਧਰਾ ਪ੍ਰਦੇਸ਼ ਵਿਚ ਹਾਲੀਆ ਪੁਲਿਸ ਮੁਕਾਬਲਿਆਂ ਬਾਰੇ ਮਸ਼ਹੂਰ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੀ ਸੰਪਾਦਕੀ ਟਿੱਪਣੀ। ਰਤਾ ਕੁ ਸੰਖੇਪ ਕੀਤੀ ਇਸ ਟਿੱਪਣੀ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ -ਸੰਪਾਦਕ}*

ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ ਦੇ ਪਿੰਡਾਂ ਤੋਂ ਮੁੰਬਈ ਤੇ ਅਹਿਮਦਾਬਾਦ ਦੀਆਂ ਸੜਕਾਂ ਤੱਕ, ਪੁਲਿਸ ਵੱਲੋਂ ਕੀਤੀਆਂ ਜਾ ਰਹੀਆਂ ਗ਼ੈਰਨਿਆਂਇਕ (ਐਕਸਟ੍ਰਾ-ਜੁਡੀਸ਼ਲ) ਹੱਤਿਆਵਾਂ ਜਿਨ੍ਹਾਂ ਨੂੰ ਕੁਚੱਜੇ ਤਰੀਕੇ ਨਾਲ ''ਮੁਕਾਬਲਿਆਂ ਵਿਚ ਮੌਤਾਂ'' ਕਿਹਾ ਜਾਂਦਾ ਹੈ, ਵਿਚ ਪ੍ਰੇਸ਼ਾਨ ਕਰਨ ਵਾਲਾ ਵਾਧਾ ਸ਼ਹਿਰੀਆਂ ਦੀਆਂ ਜ਼ਿੰਦਗੀਆਂ ਲਈ ਖ਼ਤਰਾ ਬਣ ਗਿਆ ਹੈ। ਕਾਗਜ਼ਾਂ ਵਿਚ, ਪੁਲਿਸ ਮੁਕਾਬਲਿਆਂ ਨੂੰ ਪੁਲਿਸ ਅਫਸਰਾਂ ਅਤੇ ਹਥਿਆਰਬੰਦ ਆਮ ਲੋਕਾਂ ਦਰਮਿਆਨ ਆਪਮੁਹਾਰੀ ਗੋਲੀਬਾਰੀ ਦਰਸਾਇਆ ਹੁੰਦਾ ਹੈ ਜਿਸ ਵਿਚ ਦੱਸਿਆ ਹੁੰਦਾ ਹੈ ਕਿ ਪੁਲਿਸ ਉਪਰ ਗੋਲੀ ਚਲਾਈ ਗਈ, ਅਤੇ ਜਵਾਬੀ ਕਾਰਵਾਈ ਵਿਚ ਮੁਜਰਿਮ ਮਾਰੇ ਗਏ।

ਮੁਕਾਬਲਿਆਂ ਵਿਚ ਮੌਤਾਂ ਬਾਰੇ ਪੁਲਿਸ ਦੀਆਂ ਰਿਪੋਰਟਾਂ ਆਮ ਤੌਰ ਉਤੇ ਇਸੇ ''ਗੋਲੀ ਚੱਲਣ'' ਦੀ ਕਹਾਣੀ 'ਤੇ ਆਧਾਰਤ ਹੁੰਦੀਆਂ ਹਨ। ਫਿਰ ਵੀ ਵਿਹਾਰ ਵਿਚ, ਜਾਇਜ਼ ਮੰਨੇ ਜਾਂਦੇ ਅਤੇ ਅਖੌਤੀ ''ਫਰਜ਼ੀ ਮੁਕਾਬਲਿਆਂ'' ਦਰਮਿਆਨ ਨਿਖੇੜਾ ਭੁਲੇਖਾ-ਪਾਊ ਹੈ। ਸਬੂਤ ਦਰਸਾਉਂਦੇ ਹਨ ਕਿ ਪੁਲਿਸ ਦੀਆਂ ਇਹ ਕਹਾਣੀਆਂ ਝੂਠੀਆਂ ਹੁੰਦੀਆਂ ਹਨ, ਤੇ ਜਿਨ੍ਹਾਂ ਨੂੰ ਮੁਕਾਬਲੇ ਕਿਹਾ ਜਾਂਦਾ ਹੈ, ਉਹ ਫਰਜ਼ੀ ਹੁੰਦੇ ਹਨ: ਮੁਕਾਬਲੇ ਵਾਲੀ ਥਾਂ ਹਥਿਆਰ ਤੇ ਗੋਲੀਸਿੱਕਾ ਪੁਲਿਸ ਵਲੋਂ ਰੱਖਿਆ ਜਾਂਦਾ ਹੈ, ਮਾਰੇ ਗਿਆਂ ਦੀਆਂ ਲਾਸ਼ਾਂ ਆਜ਼ਾਦਾਨਾ ਪੋਸਟ-ਮਾਰਟਮ ਕੀਤੇ ਬਗ਼ੈਰ ਹੀ ਦਫ਼ਨਾ ਦਿੱਤੀਆਂ ਜਾਂਦੀਆਂ ਹਨ, ਗੋਲੀਆਂ ਦੇ ਵਟਾਂਦਰੇ ਵਿਚ ਪੁਲਿਸ ਅਫ਼ਸਰ ਸ਼ਾਇਦ ਹੀ ਕਦੇ ਜ਼ਖ਼ਮੀ ਹੁੰਦੇ ਹਨ ਅਤੇ ਅੱਖੀਂ ਦੇਖਣ ਵਾਲਿਆਂ ਵਲੋਂ ਇਹ ਬਿਆਨ ਕੀਤਾ ਜਾਂਦਾ ਹੈ ਕਿ ਮਾਰੇ ਗਏ ਬੰਦਿਆਂ ਨੂੰ ਪੁਲਿਸ ਨੇ ਮਾਰਨ ਤੋਂ ਪਹਿਲਾਂ ''ਗ੍ਰਿਫ਼ਤਾਰ ਕੀਤਾ'' ਸੀ। ਬੰਦੇ ਨੂੰ ਹਿਲਾ ਦੇਣ ਵਾਲਾ ਪੱਖ ਇਹ ਹੈ ਕਿ ਪੁਲਿਸ ਅਫਸਰਾਂ ਨੂੰ ਅਕਸਰ ਹੀ ਅਜਿਹੇ ਕਤਲਾਂ ਬਦਲੇ ਇਨਾਮਾਂ-ਸਨਮਾਨਾਂ ਨਾਲ ਨਿਵਾਜ ਕੇ ਹੋਰ ਕਤਲਾਂ ਨੂੰ ਅੰਜਾਮ ਦੇਣ ਦਾ ਲਾਲਚ ਦਿੱਤਾ ਜਾਂਦਾ ਹੈ। ਇਉਂ ਮੁਕਾਬਲੇ ਜ਼ਿੰਦਗੀ ਦੇ ਉਸ ਹੱਕ ਦਾ ਘੋਰ ਉਲੰਘਣ ਬਣਦੇ ਹਨ ਜਿਸ ਨੂੰ ਸਿਧਾਂਤ ਵਜੋਂ ਸੰਵਿਧਾਨ ਅਤੇ ਕੌਮਾਂਤਰੀ ਮਨੁੱਖੀ ਹੱਕਾਂ ਦੇ ਕਾਨੂੰਨ ਵਿਚ ਪਵਿੱਤਰ ਦਰਜਾ ਹਾਸਲ ਹੈ। ਇਹ ਜ਼ਿਆਦਾਤਰ ਮੁਕਾਬਲਿਆਂ ਵਿਚ ਮਾਰੇ ਬੰਦਿਆਂ ਦੇ ਪਰਿਵਾਰ ਦੇ ਜੀਆਂ ਅਤੇ ਮਨੁੱਖੀ ਹੱਕਾਂ ਦੇ ਗਰੁੱਪਾਂ ਦੇ ਯਤਨਾਂ ਦੀ ਬਦੌਲਤ ਹੈ ਕਿ ਗ਼ੈਰਨਿਆਂਇਕ ਹੱਤਿਆਵਾਂ ਦੇ ਬਹੁਤ ਸਾਰੇ ਮਾਮਲਿਆਂ ਜੋ ਉਂਝ ਹੀ ਦਬਾ ਦਿੱਤੇ ਜਾਣੇ ਸਨ, ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਰਹੀ ਹੈ। ਫਿਰ ਵੀ, ਜਿਹੜੇ ਮਾਮਲੇ ਅਦਾਲਤਾਂ ਵਿਚ ਪਹੁੰਚ ਜਾਂਦੇ ਹਨ, ਉਨ੍ਹਾਂ ਦੇ ਸਹੀ ਫ਼ੈਸਲੇ ਦੀ ਵੀ ਕੋਈ ਗਾਰੰਟੀ ਨਹੀਂ ਹੈ।

ਇਹ ਹਾਲਤ ਜ਼ਿਆਦਾਤਰ ਗ਼ੈਰਨਿਆਂਇਕ ਮੌਤਾਂ ਦੀ ਰਿਪੋਰਟ ਕਰਨ ਅਤੇ ਇਨ੍ਹਾਂ ਦੀ ਜਾਂਚ ਕਰਨ ਦੀ ਵਿਧੀ ਬਾਰੇ ਸਪਸ਼ਟ ਦਿਸ਼ਾ-ਨਿਰਦੇਸ਼ ਤੈਅ ਕਰਨ ਵਿਚ ਸੁਪਰੀਮ ਕੋਰਟ ਦੇ ਨਾਕਾਮ ਰਹਿਣ ਕਾਰਨ ਹੈ। ਇਸ ਨਾਕਾਮੀ ਦੀ ਮਿਸਾਲ 2009 ਦੀ ਗ਼ੈਰਨਿਆਂਇਕ ਹੱਤਿਆ ਦੇ ਮਾਮਲੇ ਦੀ ਸੁਣਵਾਈ ਦੀ ਦਰਖ਼ਾਸਤ ਉਪਰ ਅਨਮਿੱਥੇ ਸਮੇਂ ਲਈ ਇਸ ਅਦਾਲਤ ਵਲੋਂ ਲਗਾਈ ਰੋਕ ਹੈ ਜੋ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ ਬਨਾਮ ਆਂਧਰਾ ਪ੍ਰਦੇਸ਼ ਸਰਕਾਰ ਮਾਮਲੇ ਵਿਚ ਆਂਧਰਾ ਪ੍ਰਦੇਸ਼ ਹਾਈਕੋਰਟ ਵਲੋਂ ਦਿੱਤੇ ਫ਼ੈਸਲੇ ਨੂੰ ਲੈ ਕੇ ਸੁਪਰੀਮ ਕੋਰਟ ਨੂੰ ਦਿੱਤੀ ਗਈ ਸੀ। 2014 ਦੇ ਇਕ ਅਹਿਮ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ''ਪੁਲਿਸ ਮੁਕਾਬਲਿਆਂ ਦੀ ਛਾਣਬੀਣ ਦੀ ਵਿਧੀ'' ਤੈਅ ਕੀਤੀ ਸੀ। ਜੇ ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ ਦੀ ਪੁਲਿਸ ਨੂੰ ਇਸ ਵਿਧੀ ਦੇ ਆਧਾਰ 'ਤੇ ਪਰਖਿਆ ਜਾਵੇ ਤਾਂ ਇਹ ਇਸ ਮਾਮਲੇ ਨੂੰ ਸਮਝਣ ਵਿਚ ਮਦਦ ਕਰੇਗੀ। ਆਂਧਰਾ ਪੁਲਿਸ ਐਸੋਸੀਏਸ਼ਨ ਵਲੋਂ ਆਂਧਰਾ ਹਾਈਕੋਰਟ ਦੇ ਫ਼ੈਸਲੇ ਨੂੰ ਦਿੱਤੀ ਚੁਣੌਤੀ ਬਾਰੇ ਅਜੇ ਸੁਣਵਾਈ ਹੋਣੀ ਹੈ।

ਆਂਧਰਾ ਸਿਵਲ ਲਿਬਰਟੀਜ਼ ਕਮੇਟੀ ਵਲੋਂ ਉਠਾਏ ਮਾਮਲੇ ਬਾਰੇ ਆਪਣੇ ਸਪਸ਼ਟ ਫ਼ੈਸਲੇ ਵਿਚ ਆਂਧਰਾ ਹਾਈ ਕੋਰਟ ਨੇ ਇਹ ਯਕੀਨੀ ਬਣਾਉਣ ਲਈ ਤੈਅ ਕੀਤੇ ਕਾਨੂੰਨੀ ਤੌਰ-ਤਰੀਕੇ ਦੀ ਵਿਆਖਿਆ ਕਰਦਿਆਂ ਗ਼ੈਰਅਦਾਲਤੀ ਮੌਤ ਦੀਆਂ ਸਜ਼ਾਵਾਂ ਬਾਰੇ ਕਿਹਾ ਕਿ ਕੋਈ ਵੀ ਗ਼ੈਰਨਿਆਂਇਕ ਹੱਤਿਆ ਬਿਨਾਂ ਰਿਪੋਰਟ ਹੋਏ ਨਹੀਂ ਰਹਿਣੀ ਚਾਹੀਦੀ, ਤੇ ਕੋਈ ਵੀ ਪੁਲਿਸ ਅਫਸਰ ਅਜਿਹੀਆਂ ਕਾਰਵਾਈਆਂ ਲਈ ਨਿਆਂਇਕ ਜਾਂਚ ਤੋਂ ਬਚ ਨਾ ਸਕੇ। ਸੁਪਰੀਮ ਕੋਰਟ ਨੇ ਕਿਹਾ ਕਿ ਜਿਨ੍ਹਾਂ ਮੁਕਾਬਲਿਆਂ ਵਿਚ ਪੁਲਿਸ ਅਫਸਰ ਸ਼ਾਮਲ ਹਨ, ਉਨ੍ਹਾਂ ਸਾਰੇ ਮਾਮਲਿਆਂ ਵਿਚ ਸਹੀ ਤੌਰ-ਤਰੀਕਾ ਅਖ਼ਤਿਆਰ ਕੀਤਾ ਜਾਵੇ। ਇਸ ਤੌਰ-ਤਰੀਕੇ ਵਿਚ ਐਫ.ਆਈ.ਆਰ. ਅੰਦਰ ਹਰ ਹੱਤਿਆ ਨੂੰ ਹੱਤਿਆ ਦੇ ਜੁਰਮ ਵਜੋਂ ਦਰਜ ਕਰਨਾ, ਆਜ਼ਾਦਾਨਾ ਅਦਾਰੇ ਵਲੋਂ ਹਰ ਵਾਕਿਆ ਦੀ ਸਹੀ ਜਾਂਚ ਕਰਨਾ, ਤੇ ਉਸ ਵਾਕਿਆ ਵਿਚ ਸ਼ਾਮਲ ਪੁਲਿਸ ਅਫਸਰ ਦੇ ਸਬੰਧ ਵਿਚ ਹੱਤਿਆ ਦੇ ਜੁਰਮ ਨੂੰ ਨਿਆਂਇਕ ਤੌਰ 'ਤੇ ਨਿਰਧਾਰਤ ਕਰਨਾ ਸ਼ਾਮਲ ਹੈ। ਕਮੇਟੀ ਦੀ ਅਪੀਲ ਉਪਰ ਸੁਪਰੀਮ ਕੋਰਟ ਦੀ ਰੋਕ ਇਸ ਮੁੱਦੇ ਨੂੰ ਅਣਸੁਲਝਿਆ ਹੀ ਛੱਡ ਦਿੰਦੀ ਹੈ। ਅਪੀਲ ਉਪਰ ਅਣਮਿੱਥੇ ਰੂਪ ਵਿਚ ਰੋਕ ਲਗਾਉਣਾ ਸੁਪਰੀਮ ਕੋਰਟ ਦਾ ਗ਼ੈਰਨਿਆਂਇਕ ਹੱਤਿਆਵਾਂ ਦੇ ਸਬੰਧ ਵਿਚ ਕਾਨੂੰਨ ਦੀ ਸਥਿਤੀ ਸਪਸ਼ਟ ਕਰਨ ਵਿਚ ਨਾਕਾਮ ਰਹਿਣਾ ਹੈ; ਸ਼ਹਿਰੀਆਂ ਦੇ ਜ਼ਿੰਦਗੀ ਦੇ ਹੱਕ ਦੀ ਸੁਰੱਖਿਆ ਕਰਨ ਦੀ ਥਾਂ ਸੁਪਰੀਮ ਕੋਰਟ ਨੇ ਇਕਤਰਫ਼ਾ ਹੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਆਪਣਾ ਗ਼ੈਰਨਿਆਂਇਕ ਹੱਤਿਆਵਾਂ ਦਾ ਸਿਲਸਿਲਾ ਜਾਰੀ ਰੱਖਣ ਦੀ ਖੁੱਲ੍ਹ ਦੇ ਦਿੱਤੀ ਹੈ।


ਐਫ.ਆਈ.ਆਰ. ਦਰਜ ਕਰਨ ਦੀ ਲਾਜ਼ਮੀ ਸ਼ਰਤ ਦੀ ਅਣਹੋਂਦ ਵਿਚ ਪੁਲਿਸ ਅਫਸਰ ਗ਼ੈਰਕਾਨੂੰਨੀ ਹੱਤਿਆਵਾਂ ਉਪਰ ਅਦਾਲਤੀ ਨਜ਼ਰਸਾਨੀ ਤੋਂ ਬਚ ਜਾਂਦੇ ਹਨ। ਹੁਣ, ਪੁਲਿਸ ਅਫ਼ਸਰਾਂ ਨੂੰ ਗ਼ਲਤ ਕੰਮਾਂ ਲਈ ਜ਼ਿੰਮੇਵਾਰ ਆਪਣੇ ਸਾਥੀ ਅਫ਼ਸਰਾਂ ਦਾ ਪ੍ਰਸ਼ਾਸਨਿਕ ਤੌਰ 'ਤੇ ਬਚਾਓ ਕਰਨ ਲਈ ਬਹਾਨਾ ਮਿਲਿਆ ਹੋਇਆ ਹੈ, ਉਹ ਆਜ਼ਾਦਾਨਾ ਜਾਂਚ ਜਾਂ ਅਦਾਲਤੀ ਸੁਣਵਾਈ ਦੀ ਵਿਵਸਥਾ ਨੂੰ ਵਰਤੋਂ ਵਿਚ ਹੀ ਨਹੀਂ ਲਿਆਉਂਦੇ। ਦਿਲਚਸਪ ਗੱਲ ਇਹ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਗ਼ੈਰਨਿਆਂਇਕ ਹੱਤਿਆਵਾਂ ਦਾ ਲੋੜੀਂਦਾ ਰਿਕਾਰਡ ਹੀ ਨਹੀਂ ਰੱਖਦਾ, ਮੁੱਖ ਤੌਰ 'ਤੇ ਇਸ ਕਾਰਨ ਕਿ ਪੁਲਿਸ ਅਕਸਰ ਹੀ ਇਨ੍ਹਾਂ ਦੀ ਰਿਪੋਰਟ ਨਹੀਂ ਕਰਦੀ ਜਾਂ ਬਸ ਇਸ ਕਾਰਨ ਕਿ ਮੁਕਾਬਲਿਆਂ ਵਿਚ ਹੱਤਿਆਵਾਂ ਦਾ ਵੱਖਰੇ ਤੌਰ 'ਤੇ ਵੇਰਵਾ ਰੱਖਣ ਦੀ ਵਿਵਸਥਾ ਨਹੀਂ ਹੈ। ਮਸਲਨ, ਕੌਮੀ ਜੁਰਮ ਰਿਕਾਰਡ ਬਿਊਰੋ ਵਲੋਂ ਅੰਕੜੇ ਦਰਜ ਕਰਨ ਲਈ ਤੈਅ ਕੀਤੀਆਂ ਕੈਟੇਗਰੀਆਂ ਅਨੁਸਾਰ ਸਿਰਫ਼ ''ਪੁਲਿਸ ਵਲੋਂ ਗੋਲੀ ਚਲਾਏ ਜਾਣ ਲਈ ਮਜਬੂਰ ਹੋਣ ਦੇ ਚਾਰ ਹਾਲਾਤ'' ਹੁੰਦੇ ਹਨ: ''ਫ਼ਸਾਦਾਂ ਨੂੰ ਕੰਟਰੋਲ ਕਰਨ ਸਮੇਂ'', ''ਡਕੈਤਾਂ ਵਿਰੋਧੀ ਕਾਰਵਾਈ ਸਮੇਂ'', ''ਅਤਿਵਾਦੀਆਂ ਅਤੇ ਦਹਿਸ਼ਤਗਰਦਾਂ ਦੇ ਖ਼ਿਲਾਫ਼'' ਕਾਰਵਾਈਆਂ ਸਮੇਂ, ਤੇ ''ਬਾਕੀਆਂ ਦੇ ਖ਼ਿਲਾਫ਼'' ਕਾਰਵਾਈਆਂ ਦੀ ਗੋਲਮੋਲ ਸ਼੍ਰੇਣੀ। 2009 ਵਿਚ ਪੁਲਿਸ ਵਲੋਂ ਚਲਾਈ ਗੋਲੀ ਵਿਚ ਹੋਈਆਂ ਕੁਲ ਮੌਤਾਂ ਅਤੇ ਜਾਨੀ ਨੁਕਸਾਨ ਦੇ 49.9 ਫ਼ੀਸਦੀ ਨੂੰ ਮਗਰਲੀ ਸ਼੍ਰੇਣੀ ਦੇ ਖ਼ਾਤੇ ਪਾ ਦਿੱਤਾ ਗਿਆ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੰਕੜਿਆਂ ਅਨੁਸਾਰ, ਅਕਤੂਬਰ 1993 ਤੋਂ ਲੈ ਕੇ ਕਮਿਸ਼ਨ ਕੋਲ ਰਿਪੋਰਟ ਕੀਤੇ ਗਏ ਮੁਕਾਬਲਿਆਂ ਦੇ 2560 ਮਾਮਲਿਆਂ ਵਿਚੋਂ 1224 ਫਰਜ਼ੀ ਮੰਨੇ ਗਏ। ਉਂਝ, ਸਦਮਾ ਪਹੁੰਚਾਉਣ ਵਾਲੀ ਗੱਲ ਤਾਂ ਇਹ ਹੈ ਕਿ ਹਿੰਦੁਸਤਾਨ ਵਿਚ ਗ਼ੈਰਨਿਆਂਇਕ ਹੱਤਿਆਵਾਂ ਦੇ ਵਰਤਾਰੇ ਪ੍ਰਤੀ ਸੁਪਰੀਮ ਕੋਰਟ ਦਾ ਅਸਪਸ਼ਟ ਪ੍ਰਤੀਕਰਮ ਅਜਿਹੇ ਵਤੀਰੇ ਪ੍ਰਤੀ ਸਮਾਜ ਦੀ ਵਿਆਪਕ ਸਹਿਣਸ਼ੀਲਤਾ ਦਾ ਸੰਕੇਤ ਹੈ। ਅਖੌਤੀ ''ਐਨਕਾਊਂਟਰ ਸਪੈਸ਼ਲਿਸਟ'' ਪੁਲਸੀਆਂ ਦਾ ਨਾਮਣਾ ਖੱਟਣਾ ਪੁਲਿਸ ਵਲੋਂ ਕੀਤੀਆਂ ਜਾ ਰਹੀਆਂ ਗ਼ੈਰਨਿਆਂਇਕ ਹੱਤਿਆਵਾਂ ਦੇ ਸਮਾਜ ਵਿਚ ਪ੍ਰਵਾਨ ਹੋਣ ਦਾ ਸਬੂਤ ਹੈ।

''ਮੁਕਾਬਲਿਆਂ'' ਵਿਚ ਗ਼ੈਰਨਿਆਂਇਕ ਹੱਤਿਆਵਾਂ ਦਾ ਬਰਕਰਾਰ ਰਹਿਣਾ ਅਤੇ ਪੁਲਿਸ ਵਲੋਂ ਉਨ੍ਹਾਂ ਬੰਦਿਆਂ ਨੂੰ ਉਂਝ ਹੀ ਮਾਰ ਦੇਣ ਦੇ ਵਿਹਾਰ ਪ੍ਰਤੀ ਸਹਿਣਸ਼ੀਲਤਾ ਬਸਤੀਵਾਦੀ ਅੰਗਰੇਜ਼ ਹਕੂਮਤ ਵਲੋਂ ਹਿੰਦੁਸਤਾਨ ਵਿਚ ਆਜ਼ਾਦੀ ਤੋਂ ਪਹਿਲੇ ਜ਼ਮਾਨੇ ਵਿਚ ਢਾਹੇ ਗਏ ਜਬਰ ਦੀ ਯਾਦ ਦਿਵਾਉਂਦੇ ਹਨ। ਕਮੇਟੀ ਦੀ ਦਰਖ਼ਾਸਤ ਨੂੰ ਅਣਮਿੱਥੇ ਵਕਤ ਲਈ ਲਟਕਾ ਕੇ, ਸੁਪਰੀਮ ਕੋਰਟ ਨੇ ਮੁਕਾਬਲਿਆਂ ਵਿਚ ਹੱਤਿਆਵਾਂ ਦੇ ਗ਼ੈਰਕਾਨੂੰਨੀ ਸਿਲਸਿਲੇ ਨੂੰ ਇਕਤਰਫ਼ਾ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ। ਇਸ ਬਾਰੇ ਕਾਨੂੰਨ ਸਪਸ਼ਟ ਕਰਨ ਵਿਚ ਸੁਪਰੀਮ ਕੋਰਟ ਦੀ ਝਿਜਕ, ਇਸ ਨੂੰ ਮਨੁੱਖੀ ਹੱਕ ਮਨਸੂਖ਼ ਕਰ ਦੇਣ ਅਤੇ ਸੰਵਿਧਾਨ ਤੇ ਜੁਰਮ ਸਬੰਧੀ ਕਾਨੂੰਨੀ ਮੱਦਾਂ ਦੇ ਉਲੰਘਣ ਵਿਚ ਹਿੱਸੇਦਾਰ ਬਣਾ ਦਿੰਦੀ ਹੈ।

# ਬੇ-ਮੌਕਾ ਬੱਦਲ ਕਿਉਂ ਤੇ ਕਿੱਥੇ ਵਰ੍ਹਦੇ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵਾਤਾਵਰਨ ਬਾਰੇ ਮਾੜੀ ਮੋਟੀ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਸੂਝਵਾਨ ਨੂੰ ਸਿਰਲੇਖ ਵਿਚ ਉਠਾਇਆ ਗਿਆ ਸਵਾਲ ਪੁੱਛਿਆ ਜਾਵੇ ਤਾਂ ਉਸ ਦਾ ਜਵਾਬ ਇਹੀ ਹੋਵੇਗਾ ਕਿ ਇਸ ਸਾਰੇ ਵਿਗਾੜ ਲਈ ਮਨੁੱਖ ਹੀ ਜ਼ਿੰਮੇਵਾਰ ਹੈ। ਮੌਸਮ ਦੇ ਬਦਲ ਰਹੇ ਮਿਜਾਜ਼ 'ਤੇ ਹੋਰ ਤਬਸਰਾ ਕਰਦਿਆਂ ਉਹ ਇਹ ਵੀ ਦੱਸੇਗਾ ਕਿ ਮਨੁੱਖ ਨੇ ਕੁਦਰਤ ਨਾਲ ਖਿਲਵਾੜ ਕਰ ਕੇ ਇਹ ਬਿਪਤਾ ਆਪ ਸਹੇੜੀ ਹੈ। ਪਾਣੀ ਦੀ ਕੁਦਰਤੀ ਨਿਕਾਸੀ ਨਾਲ ਲਾਲਚੀ ਬਿਰਤੀ ਅਧੀਨ ਕੀਤੀ ਜਾਂਦੀ ਛੇੜਛਾੜ ਹੜ੍ਹਾਂ ਨੂੰ ਸੱਦਾ ਦਿੰਦੀ ਹੈ ਅਤੇ ਅੰਨ੍ਹੇਵਾਹ ਦਰਖਤਾਂ ਦੀ ਕਟਾਈ ਬੇ-ਮੌਸਮੀ ਵਰਖਾ ਦਾ ਕਾਰਨ ਬਣਦੀ ਹੈ।

ਇਹੋ ਜਿਹੇ ਤੱਥ, ਸਿੱਕੇ-ਬੰਦ ਵਿਗਿਆਨਕ ਸੱਚਾਈ ਦੇ ਪ੍ਰਤੀਕ ਹਨ। ਇਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਝੁਠਲਾਇਆ ਜਾਂ ਉਲਟਾਇਆ ਨਹੀਂ ਜਾ ਸਕਦਾ। ਸਿੱਧੇ ਸ਼ਬਦਾਂ ਵਿਚ ਕਹੀਏ, ਤਾਂ ਇਹ ਵਿਗਿਆਨਕ ਸੱਚ ਹੈ। ਵਿਗਿਆਨਕ ਸੋਚ ਇਹ ਦਾਅਵਾ ਕਰਦੀ ਆਈ ਹੈ ਕਿ ਲੋਕ ਮਨਾਂ ਵਿਚ ਪਈਆਂ ਹੋਈਆਂ ਉਹ ਮਿੱਥਾਂ/ਮਨੌਤਾਂ ਜੋ ਵਿਗਿਆਨ ਦੀ ਕਸਵੱਟੀ 'ਤੇ ਖਰੀਆਂ ਨਹੀਂ ਉਤਰਦੀਆਂ, ਉਹ ਸਭ ਮਨੁੱਖਤਾ ਦੇ ਪੈਰੀਂ ਪਈਆਂ ਬੇੜੀਆਂ ਦੇ ਸਮਾਨ ਹੀ ਹਨ, ਪਰ ਇਸ ਹਕੀਕਤ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸੀਨਾ-ਬ-ਸੀਨਾ ਚਲੀਆਂ ਆਉਂਦੀਆਂ ਅਜਿਹੀਆਂ ਮਨੌਤਾਂ/ਰਵਾਇਤਾਂ ਨੂੰ ਦਿਲਾਂ ਵਿਚੋਂ ਉਖਾੜ ਕੱਢਣਾ ਬਹੁਤ ਔਖਾ ਹੈ।

ਅਕਸਰ ਮੂੰਹ-ਜ਼ੋਰ ਰਵਾਇਤਾਂ ਅੱਗੇ ਪੜ੍ਹੇ-ਲਿਖੇ ਸੱਜਣ ਵੀ ਛਿੱਥੇ ਪੈ ਜਾਂਦੇ ਹਨ। ਉਹ ਬੇਸ਼ੱਕ ਸੱਚੇ ਹੀ ਹੁੰਦੇ ਹਨ, ਪਰ ਲੋਕ ਭਾਖਿਆ ਦਾ ਦਬਾਅ ਹੀ ਅਜਿਹੀ ਹਾਲਾਤ ਬਣਾ ਦਿੰਦਾ ਹੈ। ਅਜਿਹੇ ਮੌਕਿਆਂ 'ਤੇ ਅੰਧ-ਵਿਸ਼ਵਾਸੀਆਂ ਦੀ ਚੜ੍ਹ ਮਚਦੀ ਹੈ।

ਆਪਣੇ ਮਨ ਵਿਚ ਆਈ ਅਜਿਹੀ ਇਕ 'ਕਮਜ਼ੋਰੀ' ਦਾ ਇਸ਼ਾਰਾ ਸੰਸਾਰ ਪ੍ਰਸਿੱਧ ਵਿਗਿਆਨੀ ਗੈਲੀਲੀਓ ਨੇ ਵੀ ਕੀਤਾ ਹੈ। ਕਹਿੰਦੇ ਹਨ, ਇਕ ਵਾਰ ਉਹਨੇ ਆਪਣੇ ਦੋਸਤਾਂ ਮਿੱਤਰਾਂ ਨਾਲ ਗੱਲਾਂ ਕਰਦਿਆਂ ਆਖਿਆ ਕਿ ਉਹ ਖੁਦ ਬਣਾਈ ਦੂਰਬੀਨ ਨਾਲ ਕਈ ਵਾਰ ਦੇਖ ਚੁੱਕਾ ਹੈ ਕਿ ਬ੍ਰਹਿਮੰਡ ਵਿਚ ਚੰਦਰਮਾ ਵੀ ਧਰਤੀ ਵਾਂਗ ਗ੍ਰਹਿ ਹੈ ਜਿਸ ਉਤੇ ਟੋਏ ਟਿੱਬੇ ਪਹਾੜੀਆਂ ਵਗੈਰਾ ਦਿਖਾਈ ਦਿੰਦੇ ਹਨ, ਪਰ ਬਚਪਨ ਵਿਚ ਮਾਂ ਦੱਸਦੀ ਹੁੰਦੀ ਸੀ ਕਿ ਬੱਚਿਓ, ਆਸਮਾਨ ਵਿਚ ਚਮਕਦਾ ਚੰਦ, ਪਨੀਰ ਦਾ ਟੁਕੜਾ ਹੈ। ਕਿੱਡੀ ਮਜ਼ੇਦਾਰ ਗੱਲ ਹੈ ਕਿ ਗੈਲੀਲੀਓ ਦੇ ਜਨਮ ਸਮੇਂ ਇਟਲੀ ਦੇਸ ਦੀਆਂ ਮਾਂਵਾਂ ਚੰਦ ਨੂੰ ਪਨੀਰ ਦਾ ਟੁਕੜਾ ਦੱਸਦੀਆਂ ਸਨ, ਪਰ ਸਾਡੀਆਂ ਬੀਬੀਆਂ ਚੰਦ ਨੂੰ ਆਪਣੇ ਬੱਚਿਆਂ ਦਾ 'ਮਾਮਾ' ਦੱਸਣ ਦੇ ਨਾਲ-ਨਾਲ, ਉਹਤੋਂ ਇਕ ਹੋਰ ਕੰਮ ਹਾਲੇ ਤੱਕ ਵੀ ਲੈ ਰਹੀਆਂ ਨੇ;... ਉਹ ਹੈ-ਕਰਵਾ ਚੌਥ ਮੌਕੇ ਛਾਣਨੀ ਰਾਹੀਂ ਆਪਣੇ 'ਚੰਦ ਭਰਾ' ਨੂੰ ਦੇਖ ਕੇ ਪਤੀਆਂ ਦੀ 'ਉਮਰ ਵਧਾਉਣ' ਦਾ ਕੰਮ!

ਹੁਣ ਗੱਲ ਕਰੀਏ ਸਿਰਲੇਖ ਵਾਲੇ ਸਵਾਲ ਦੇ ਉਸ ਜਵਾਬ ਦੀ ਜਿਹੜਾ ਵਿਗਿਆਨਕ ਸੱਚ ਤੋਂ ਕੋਹਾਂ ਦੂਰ ਲੋਕ ਮਨਾਂ ਵਿਚ ਜੜ੍ਹਾਂ ਜਮਾਈ ਬੈਠਾ ਹੈ ਅਤੇ ਜਿਸ ਨੂੰ ਸਾਡੇ ਅਨਪੜ੍ਹ ਜਾਂ ਅਧਪੜ੍ਹ ਲੋਕ ਸੋਲਾਂ ਆਨੇ ਸੱਚ ਸਮਝ ਲੈਂਦੇ ਹਨ। ਇਕ ਸਾਲ ਵਿਸਾਖੀ ਦੇ ਅੱਗੜ-ਪਿੱਛੜ ਖੇਤਾਂ ਵਿਚ ਕਣਕ ਸੋਨੇ ਰੰਗੀ ਹੋਈ ਖੜ੍ਹੀ ਸੀ। ਉਨ੍ਹਾਂ ਦਿਨਾਂ ਵਿਚ ਕਿਸਾਨ ਸੋਨੇ ਦੀ ਕਿਣੀ ਪੈਣ ਤੋਂ ਵੀ ਤ੍ਰਾਹ-ਤ੍ਰਾਹ ਕਰਦੇ ਹਨ, ਪਰ ਉਸ ਸਾਲ ਮੋਹਲੇਧਾਰ ਵਰਖਾ ਨੇ ਜਲ-ਥਲ ਕਰ ਦਿੱਤਾ। ਪੂਰਾ ਦਿਨ ਤੇ ਸਾਰੀ ਰਾਤ ਮੀਂਹ ਪੈਣ ਤੋਂ ਬਾਅਦ, ਦੂਜੇ ਦਿਨ ਦੁਪਹਿਰ ਨੂੰ ਬੱਦਲ ਚੁੱਕ ਹੋਏ। ਪੁੱਤਾਂ ਵਾਂਗ ਪਾਲੀ ਫਸਲ ਦਾ ਹਾਲ-ਹਵਾਲ ਦੇਖਣ ਲਈ ਘਰਾਂ ਦੇ ਕਾਮੇ ਬੰਦੇ ਤਾਂ ਖੇਤਾਂ ਵੱਲ ਨਿਕਲ ਗਏ, ਪਰ ਬੇ-ਮੌਸਮੀ ਵਰਖਾ ਨਾਲ ਹੋਏ ਨੁਕਸਾਨ ਤੋਂ ਝੂਰਦੇ ਉਦਾਸ ਬਜ਼ੁਰਗ, ਪਿੰਡ ਦੇ ਦਰਵਾਜ਼ੇ ਜਾ ਬੈਠੇ। ਅਪਰੈਲ ਮਹੀਨੇ ਹੋਈ ਠੰਢ ਤੋਂ ਬਚਦਿਆਂ, ਉਤੇ ਚਾਦਰ ਲਈ ਬੈਠੇ ਇਕ ਬਾਪ ਨੇ ਇਉਂ ਕਥਾ ਸੁਣਾਈ-

...ਲਓ ਜੀ, ਸਾਡੇ ਦੇਸ਼ ਵਰਗੇ ਬੇਈਮਾਨੀ ਨਾਲ ਭਰੇ ਪਏ ਕਿਸੇ ਮੁਲਕ ਦਾ ਇਕ ਸੌਦਾਗਰ ਸਮੁੰਦਰੀ ਬੇੜੇ ਵਿਚ ਸਮਾਨ ਲੱਦ ਕੇ ਵਪਾਰ ਲਈ ਸਮੁੰਦਰ ਵਿਚ ਠਿੱਲ੍ਹ ਪਿਆ। ਕਈ ਦਿਨਾਂ ਦੇ ਸਫਰ ਤੋਂ ਬਾਅਦ ਜਦ ਉਹਦਾ ਬੇੜਾ ਕਿਸੇ ਟਾਪੂ ਕੰਢੇ ਪਹੁੰਚਿਆ, ਤਾਂ ਕਰਨੀ ਰੱਬ ਦੀ...ਐਸਾ ਭਿਆਨਕ




ਤੂਫ਼ਾਨ ਉਠਿਆ ਕਿ ਭਰਿਆ-ਭਰਾਇਆ ਬੇੜਾ ਸਮੁੰਦਰ ਦੀਆਂ ਲਹਿਰਾਂ ਨੇ ਤਹਿਸ-ਨਹਿਸ ਕਰ ਦਿੱਤਾ। ਉਹਦੀ ਆਪਣੀ ਜਾਨ ਤਾਂ ਬਚ ਗਈ, ਪਰ ਉਹਦਾ ਬੇੜਾ ਸਮੁੰਦਰ ਦੀ ਭੇਟ ਚੜ੍ਹ ਗਿਆ।

ਤਕੜਾ ਤੈਰਾਕ ਹੋਣ ਨਾਤੇ ਉਹ ਸਹੀ ਸਲਾਮਤ ਟਾਪੂ 'ਤੇ ਜਾ ਉਤਰਿਆ। ਆਸ-ਪਾਸ ਦੇ ਲੋਕਾਂ ਨੂੰ ਆਪਣਾ ਬੇੜਾ ਡੁੱਬਣ ਦੀ ਵਾਰਤਾ ਦੱਸੀ। ਲੋਕਾਂ ਨੇ ਹਮਦਰਦੀ ਕਰਦਿਆਂ ਉਸ ਸੌਦਾਗਰ ਨੂੰ ਦੱਸਿਆ ਕਿ ਭਾਈ, ਇਸ ਟਾਪੂ ਦੀ ਸਰਕਾਰ ਬਹੁਤ ਹੀ ਰਹਿਮ-ਦਿਲ ਅਤੇ ਨਿਆਂਪਸੰਦ ਹੈ, ਤੈਨੂੰ ਸੈਂਕੜੇ-ਹਜ਼ਾਰਾਂ ਦਾ ਜੋ ਘਾਟਾ ਪੈ ਗਿਆ ਹੈ, ਤੂੰ ਰਾਜੇ ਕੋਲ ਫਰਿਆਦ ਲੈ ਕੇ ਜਾਹ, ਉਹ ਤੇਰੀ ਜ਼ਰੂਰ ਇਮਦਾਦ ਕਰਨਗੇ।

ਲੋਕਾਂ ਦੇ ਕਹੇ-ਕਹਾਏ ਉਹ ਆਪਣੀ ਲਿਖਤੀ ਸ਼ਿਕਾਇਤ ਲੈ ਕੇ ਟਾਪੂ ਦੀ ਰਾਜਧਾਨੀ ਵਾਲੇ ਸ਼ਹਿਰ ਜਾ ਵੜਿਆ ਅਤੇ ਪੁੱਛਦਾ-ਪੁਛਾਉਂਦਾ ਰਾਜੇ ਦੇ ਨਿਵਾਸ ਅਸਥਾਨ 'ਤੇ ਚਲਾ ਗਿਆ। ਰਾਜੇ ਦਾ ਸਾਧਾਰਨ ਜਿਹਾ ਘਰ ਦੇਖ ਕੇ ਸੌਦਾਗਰ ਹੈਰਾਨ ਹੁੰਦਿਆਂ ਅੰਦਰ ਵੜਿਆ। ਅੰਦਰੋਂ ਸਾਦੀ ਜਿਹੀ ਔਰਤ ਨੇ ਦੱਸਿਆ ਕਿ ਉਹ ਰਾਜੇ ਦੀ ਪਤਨੀ ਹੈ, ਪਰ ਰਾਜਾ ਘਰ ਨਹੀਂ ਹੈ। ਉਹ ਖੇਤਾਂ ਵਿਚ ਕੰਮ ਕਰਨ ਗਿਆ ਹੋਇਐ।

ਦੱਸੀਆਂ ਨਿਸ਼ਾਨੀਆਂ ਮੁਤਾਬਕ ਵਪਾਰੀ ਨੇ ਰਾਜੇ ਨੂੰ ਜਾ ਲੱਭਿਆ। ਮੋਢੇ 'ਤੇ ਕਹੀ ਚੁੱਕੀ ਖੇਤਾਂ ਨੂੰ ਪਾਣੀ ਲਾ ਰਹੇ ਰਾਜੇ ਨੂੰ ਸੌਦਾਗਰ ਨੇ ਸਾਰੀ ਵਿਥਿਆ ਸੁਣਾਈ। ਦਰਖਾਸਤ ਉਤੇ ਕੁਝ ਲਿਖ ਕੇ, ਰਾਜੇ ਨੇ ਸੌਦਾਗਰ ਨੂੰ ਆਪਣੇ ਖਜ਼ਾਨਾ ਮੰਤਰੀ ਕੋਲ ਭੇਜ ਦਿੱਤਾ। ਸੌਦਾਗਰ ਖ਼ਜ਼ਾਨਾ ਮੰਤਰੀ ਦੇ ਘਰੇ ਗਿਆ ਤਾਂ ਪਤਾ ਲੱਗਾ ਕਿ ਉਹ ਵੀ ਆਪਣਾ ਕੋਈ ਕੰਮ-ਧੰਦਾ ਕਰਨ ਗਿਆ ਹੋਇਆ। ਉਹਨੂੰ ਲੱਭਿਆ, ਉਹਨੇ ਵੀ ਸੌਦਾਗਰ ਦੀ ਦਰਖਾਸਤ ਉਪਰ ਕੁਝ ਲਿਖ ਦਿੱਤਾ ਅਤੇ ਹਦਾਇਤ ਕੀਤੀ ਕਿ ਰੱਬ ਦਾ ਨਾਂ ਲੈ ਕੇ ਇਹ ਦਰਖਾਸਤ ਉਥੇ ਸੁੱਟ ਦੇਈਂ, ਜਿਥੇ ਕੁ ਤੇਰਾ ਬੇੜਾ ਡੁੱਬਿਆ ਸੀ।

ਜਿਵੇਂ ਸੌਦਾਗਰ ਨੂੰ ਕਿਹਾ ਗਿਆ ਸੀ, ਉਹਨੇ ਉਵੇਂ ਹੀ ਕੀਤਾ। ਦਰਖਾਸਤ ਪਾਣੀ ਵਿਚ ਸੁੱਟਦਿਆਂ ਸਾਰ ਉਹਦਾ ਡੁੱਬਿਆ ਬੇੜਾ ਸਹੀ ਸਲਾਮਤ ਪਾਣੀ 'ਤੇ ਤੈਰਨ ਲੱਗ ਪਿਆ। ਖੁਸ਼ੀ-ਖੁਸ਼ੀ ਉਹਨੇ ਆਪਣਾ ਸਾਰਾ ਸਮਾਨ ਉਸ ਟਾਪੂ ਦੇ ਲੋਕਾਂ ਵਿਚ ਘੁੰਮ-ਫਿਰ ਕੇ ਵੇਚਿਆ। ਪੈਸਾ-ਧੇਲਾ ਸਾਂਭ ਕੇ ਵਾਪਸ ਆਪਣੇ ਦੇਸ਼ ਜਾਣ ਤੋਂ ਪਹਿਲਾਂ ਉਹ ਧੰਨਵਾਦ ਕਰਨ ਰਾਜੇ ਦੇ ਘਰ ਗਿਆ। ਕੁਦਰਤੀ ਉਸ ਦਿਨ ਮੰਤਰੀ ਮੰਡਲ ਦੀ ਮੀਟਿੰਗ ਹੋ ਰਹੀ ਸੀ। ਉਨ੍ਹਾਂ ਸਾਰਿਆਂ ਦੀ ਅਤਿ ਸਾਦਗੀ ਤੋਂ ਹੈਰਾਨ ਹੁੰਦਿਆਂ ਸੌਦਾਗਰ ਨੇ ਸਭ ਦੀ ਰੱਜ ਕੇ ਉਸਤਤ ਕੀਤੀ।

ਆਪਣੀ ਸੋਭਾ ਸੁਣ ਕੇ ਫੁੱਲ ਕੇ ਕੁੱਪਾ ਹੋਣ ਦੀ ਬਜਾਏ ਰਾਜੇ ਤੇ ਵਜ਼ੀਰਾਂ ਨੇ ਉਲਟਾ ਸੌਦਾਗਰ ਨੂੰ ਪੁੱਛ ਲਿਆ ਕਿ ਭਾਈ ਸੌਦਾਗਰਾ! ਜਿਸ ਦੇਸ ਦਾ ਤੂੰ ਬਸ਼ਿੰਦਾ ਏਂ, ਉਥੋਂ ਦੇ ਰਾਜੇ ਅਤੇ ਮੰਤਰੀ ਕੋਈ ਵੱਖਰੀ ਕਿਸਮ ਦੇ ਨੇ? ਉਹ ਸਾਡੇ ਵਰਗੇ ਨਹੀਂ?

ਆਪਣੇ ਹਾਕਮਾਂ ਦੀਆਂ ਸਾਰੀਆਂ ਸਿਫ਼ਤਾਂ ਸੌਦਾਗਰ ਨੇ ਭਰੀ ਸਭਾ ਵਿਚ ਗਿਣ-ਗਿਣ ਦੱਸੀਆਂ ਕਿ ਉਹਦੇ ਦੇਸ ਦੇ ਮੰਤਰੀਆਂ-ਸੰਤਰੀਆਂ ਨੇ ਕਿਵੇਂ ਲੁੱਟ ਮਚਾਈ ਹੋਈ ਹੈ! ਭ੍ਰਿਸ਼ਟਾਚਾਰ ਰਾਹੀਂ ਉਹ ਐਨੀ ਧਨ-ਸੰਪਤੀ ਇਕੱਠੀ ਕਰ ਲੈਂਦੇ ਨੇ ਕਿ ਉਨ੍ਹਾਂ ਦੀਆਂ ਕਈ ਪੀੜ੍ਹੀਆਂ ਵਿਹਲੀਆਂ ਬਹਿ ਕੇ ਖਾ ਸਕਦੀਆਂ ਨੇ। ਸਾਦਗੀ ਦੀ ਥਾਂ, ਉਹ ਲਗਜ਼ਰੀ ਕਾਰਾਂ ਵਿਚ ਹਰਲ-ਹਰਲ ਕਰਦੇ ਫਿਰਦੇ ਨੇ। ਸਰਕਾਰੀ ਖ਼ਜ਼ਾਨੇ ਨੂੰ ਦੋਹੀਂ ਹੱਥੀਂ ਲੁੱਟਦਿਆਂ ਆਪਣੀਆਂ ਤਨਖਾਹਾਂ ਦੁੱਗਣੀਆਂ-ਤਿੱਗਣੀਆਂ ਕਰ ਲੈਂਦੇ ਨੇ। ਜਿਹੜਾ ਵੀ ਗੱਦੀ 'ਤੇ ਬਹਿ ਜਾਂਦਾ ਹੈ, ਉਹ ਫਿਰ ਆਪਣੇ ਹੀ ਪੁੱਤ-ਭਤੀਜੇ, ਸਾਲੇ-ਨੂੰਹਾਂ ਨੂੰ ਵਜ਼ੀਰੀਆਂ ਦੇ ਗੱਫੇ ਬਖਸ਼ਦਾ ਹੈ। ਵੋਟਾਂ ਦੇ ਦਿਨੀਂ ਉਹ ਬੇਸ਼ੱਕ ਆਮ ਲੋਕਾਂ ਵਿਚ ਚਾਰ ਦਿਨ ਘੁੰਮ-ਫਿਰ ਲੈਂਦੇ ਨੇ, ਫਿਰ ਪੂਰੇ ਪੰਜ ਸਾਲ ਆਮ ਆਦਮੀ ਉਨ੍ਹਾਂ ਦੇ ਮਹਿਲਾਂ ਵਰਗੇ ਬੰਗਲਿਆਂ ਦੇ ਨੇੜੇ ਨਹੀਂ ਫਟਕ ਸਕਦਾ। ਗਰੀਬ ਜਨਤਾ ਦੀ ਮਦਦ ਕਰਨ ਦੀ ਬਜਾਏ ਉਹਦੇ ਦੇਸ ਦੇ ਰਾਜੇ ਉਨ੍ਹਾਂ ਦਾ ਖੂਨ...!

ਸੌਦਾਗਰ ਨੂੰ ਵਿਚੋਂ ਹੀ ਟੋਕਦਿਆਂ ਉਸ ਸਭਾ ਦੇ ਮੁਖੀਏ ਨੇ ਫੌਰਨ ਵਰਖਾ ਦੇ 'ਇੰਚਾਰਜ' ਇੰਦਰ ਦੇਵਤੇ ਨੂੰ ਸੱਦ ਕੇ ਪੁੱਛਿਆ ਕਿ ਤੂੰ ਇਹੋ ਜਿਹੇ ਪਾਪੀ ਹੁਕਮਰਾਨਾਂ ਦੇ ਦੇਸ ਵਿਚ ਮੀਂਹ ਕਿਉਂ ਪਾਉਂਦਾ ਹੁੰਨਾਂ?

"ਦੇਖੋ ਜੀ, ਰਿਜ਼ਕ ਪੈਦਾ ਕਰਨ ਹਿੱਤ ਵਰਖਾ ਪਾਉਣ ਦੀ ਮੇਰੀ ਡਿਊਟੀ ਲੱਗੀ ਹੋਈ ਹੈ...।" ਇੰਦਰ ਦੇਵ ਨੇ ਸਪਸ਼ਟੀਕਰਨ ਦਿੰਦਿਆਂ ਸੌਦਾਗਰ ਵੱਲ ਇਸ਼ਾਰਾ ਕਰ ਕੇ ਹੋਰ ਆਖਿਆ, "ਹਾਂ, ਇਨ੍ਹਾਂ ਦੇ ਮੁਲਕ ਵਿਚ ਮੀਂਹ ਪਾਉਣ ਲੱਗਿਆਂ ਮੈਂ ਆਪਣੀ ਮਰਜ਼ੀ ਕਰਦਾ ਹੁੰਦਾ ਹਾਂ...ਜਦੋਂ ਇਹ ਗੁੱਡੀਆਂ ਫੂਕ-ਫੂਕ, ਦਲੀਏ ਦੇ ਦੇ, ਮੀਂਹ ਲਈ ਅਰਦਾਸਾਂ ਕਰਨ, ਤਾਂ ਮੈਂ ਟੱਸ ਤੋਂ ਮੱਸ ਨਹੀਂ ਹੁੰਦਾ, ਪਰ ਜਦ ਇਹ ਸੋਨੇ ਦੀ ਕਣੀ ਵੀ ਨਾ ਚਾਹੁੰਦੇ ਹੋਣ, ਉਸ ਵੇਲੇ ਮੈਂ ਝੜੀ ਲਾ ਦਿੰਦਾ ਹਾਂ।

# ਇੰਡੀਅਨ ਏਅਰ ਫੋਰਸ ਦਾ ਚੰਡੀਗੜ੍ਹ ਸਟੇਸ਼ਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸਾਡਾ ਭਤੀਜਾ ਵਿੰਗ ਕਮਾਂਡਰ ਐਚ ਐਸ ਸੇਖੋਂ ਇੰਡੀਅਨ ਏਅਰ ਫੋਰਸ ਦੀ ਵੀਹ ਸਾਲ ਸਰਵਿਸ ਕਰਕੇ ਸੇਵਾ ਮੁਕਤ ਹੋਇਆ ਹੈ। ਉਹ ਪੂਨਾ, ਹੈਦਰਾਬਾਦ, ਬੰਗਲੌਰ, ਆਗਰਾ, ਹੈਦਰਾਬਾਦ, ਪਾਲਮ, ਗਾਜ਼ੀਆਬਾਦ ਤੇ ਜੋਰਹਾਟ ਤੋਂ ਆਉਂਦਾ ਸੀ ਤਾਂ ਅਸੀਂ ਉਨ੍ਹਾਂ ਥਾਂਵਾਂ ਦੀਆਂ ਸਥਾਨਕ ਖਾਣ-ਪਹਿਨਣ ਦੀ ਵਸਤਾਂ ਤੋਂ ਵਧ ਹੋਰ ਕਿਸੇ ਗੱਲ ਵਿਚ ਦਿਲਚਸਪੀ ਨਹੀਂ ਸੀ ਵਿਖਾਂਦੇ। ਹੁਣ ਜਦੋਂ ਉਹ ਲੰਮੀ ਸੇਵਾ ਤੋਂ ਪਿੱਛੋਂ ਚੰਡੀਗੜ੍ਹ ਵਿਖੇ ਸੇਵਾ ਮੁਕਤ ਹੋਇਆ ਤਾਂ ਉਸ ਨੂੰ ਏਅਰ ਫੋਰਸ ਵਲੋਂ ਦਿੱਤੀ ਵਿਦਾਇਗੀ ਪਾਰਟੀ ਵਿਚ ਮੈਂ ਤੇ ਮੇਰੀ ਪਤਨੀ ਮੁਖ ਮਹਿਮਾਨ ਸਾਂ। ਦਰਜਨਾਂ ਅਫਸਰ ਤੇ ਉਨ੍ਹਾਂ ਦੀਆਂ ਪਤਨੀਆਂ ਹੀ ਨਹੀਂ ਏਅਰ ਕਮੋਡੋਰ ਐਫ ਕੇ ਇੰਦੌਰੀਆ ਤੇ ਕਮਾਂਡਿੰਗ ਅਫਸਰ ਅਮੀਤਾਬ ਭੱਲਾ ਵੀ ਸਾਡੇ ਸਵਾਗਤ ਲਈ ਖੜ੍ਹੇ ਸਨ।

ਏਸ ਪਾਰਟੀ ਸਮੇਂ ਚੰਡੀਗੜ੍ਹ ਸਟੇਸ਼ਨ ਦੀ ਵਿਲੱਖਣਤਾ ਦਾ ਪਤਾ ਲੱਗਿਆ। ਏਸ ਸਟੇਸ਼ਨ ਦੇ ਇੱਲੂਜ਼ਨ 76 ਤੇ ਐਂਨਟੋਵ 32 ਹਵਾਈ ਜਹਾਜ ਤੇ ਮਿੱਲ 26 ਹੈਲੀਕਾਪਟਰ ਲੇਹ, ਲੱਦਾਖ ਤੇ ਸਿਆਚਿਨ ਸਮੇਤ ਪੰਜਾਬ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਤੇ ਰਾਜਸਥਾਨ ਦੇ ਕੁਝ ਭਾਗਾਂ ਨੂੰ ਸੰਭਾਲਦੇ ਹਨ। ਸੰਸਾਰ ਭਰ ਵਿਚ ਸਭ ਤੋਂ ਉਚੀ ਦੌਲਤ ਬੇਗ ਓਲਡੀ ਨਾਂ ਦੀ ਰੇਤਲੀ ਗਰਾਊਂਡ ਵੀ ਚੰਡੀਗੜ੍ਹ ਸਟੇਸ਼ਨ ਦੇ ਥੱਲੇ ਪੈਂਦੀ ਹੈ ਪੂਰੀ ਦੁਨੀਆਂ ਵਿਚ ਇਸ ਤੋਂ ਉਚਾ ਰਣ ਖੇਤਰ ਹੋਰ ਕੋਈ ਨਹੀਂ। ਸੇਖੋਂ ਦੁਨੀਆਂ ਦੇ ਉਨ੍ਹਾਂ ਦੱਸ ਅਫਸਰਾਂ ਵਿਚੋਂ ਇੱਕ ਸੀ ਜਿਹੜੇ ਇਸ ਟੀਸੀ ਉਤੇ ਉਤਰਨ ਦੀ ਯੋਗਤਾ ਰਖਦੇ ਸਨ। ਸਿਵਲ ਜਹਾਜਾਂ ਦੇ ਓਥੇ ਉਤਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜੰਮੂ ਕਸ਼ਮੀਰ ਤੇ ਉਤਰਾਂਚਲ ਦੀ ਹੜ੍ਹਾਂ ਮਾਰੀ ਵੱਸੋਂ ਨੂੰ ਰਾਹਤ ਸਮਗਰੀ ਪਹੁੰਚਾਣ ਦਾ ਕੰਮ ਵੀ ਚੰਡੀਗੜ੍ਹ ਸਟੇਸ਼ਨ ਹੀ ਕਰਦਾ ਰਿਹਾ ਹੈ। ਭਾਰਤ ਦੇ ਉਤਰ ਵਿਚ ਸਥਿਤ ਹੋਣ ਕਾਰਨ ਸਰਹੱਦੀ ਖੇਤਰਾਂ ਦੀ ਸੇਵਾ ਵੀ ਚੰਡੀਗੜ੍ਹ ਸਟੇਸ਼ਨ ਦੇ ਜਿੰਮੇ ਹੁੰਦੀ ਹੈ।



ਇੰਡੀਅਨ ਏਅਰ ਫੋਰਸ ਦਾ ਚੰਡੀਗੜ੍ਹ ਵਿੰਗ

**ਪੰਜਾਬੀ ਵਿਚ ਸਵੈ-ਜੀਵਨੀ ਸਾਹਿਤ:** ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, ਵਲੋਂ ਰਚਾਈ ਪੰਜਾਬੀ ਸਵੈ-ਜੀਵਨੀ ਗੋਸ਼ਟੀ ਵਿਚ ਬਚਿੰਤ ਕੌਰ ਦੀ 'ਪਗਡੰਡੀਆਂ' ਦੇ ਸੱਚ ਤੇ ਅਜੀਤ ਕੌਰ ਦੀ 'ਖਾਨਾ ਬਦੋਸ਼' ਦੇ ਕਚ-ਸੱਚ ਉਤੇ ਭਰਵੀਂ ਚਰਚਾ ਹੋਈ। ਜੇ ਸੱਚ ਨਿਰਾ ਸੋਨਾ ਸੀ ਤਾਂ ਕੱਚ-ਸੱਚ ਸੋਨੇ ਤੇ ਸੁਹਾਗਾ। ਕੁਲ ਮਿਲਾ ਕੇ ਮਰਦਾਂ ਦੀਆਂ ਲਿਖੀਆਂ ਚਾਰ ਦਰਜਨ ਸਵੈ-ਜੀਵਨੀਆਂ ਨਾਲੋਂ ਮਹਿਲਾਵਾਂ ਦੀਆਂ ਡੇਢ ਦਰਜਨ ਸਵੈ-ਜੀਵਨੀਆਂ ਭਾਰੂ ਰਹੀਆਂ। ਇਥੇ ਅਜੀਤ ਕੌਰ ਦੇ ਕੱਚ-ਸੱਚ ਨੂੰ ਡਾ. ਵਨੀਤਾ ਨੇ ਪਛਾਣਿਆ ਤੇ ਪੁਣਿਆ ਤੇ ਪਗਡੰਡੀਆਂ ਦੇ ਸੱਚ ਨੂੰ ਡਾ. ਧਰਮ ਸਿੰਘ ਨੇ ਇਸਤਰੀ ਸੰਘਰਸ਼ ਦੀ ਗੌਰਵ ਗਾਥਾ ਵੱਜੋਂ ਪੇਸ਼ ਕੀਤਾ। ਏਸੇ ਤਰ੍ਹਾਂ ਡਾ. ਧਨਵੰਤ ਕੌਰ ਨੇ ਅੰਮ੍ਰਿਤਾ ਪ੍ਰੀਤਮ ਦੀ ਭੁੱਲੀ ਵਿਸਰੀ 'ਰਸੀਦੀ ਟਿਕਟ' ਨੂੰ ਨਵਾਂ ਜਨਮ ਦਿੱਤਾ।

ਗੋਸ਼ਟੀ ਦਾ ਅਰੰਭ ਅੰਮੀਆ ਕੰਵਰ ਦੇ 16 ਪੰਜਾਬੀ ਲੇਖਿਕਾਵਾਂ ਵਲੋਂ ਲਿਖੀਆਂ 16 ਸਵੈ-ਜੀਵਨੀਆਂ ਦੇ ਸਾਰ ਨਾਲ ਹੋਇਆ। ਇਨ੍ਹਾਂ ਵਿਚ ਰਾਜਿੰਦਰ ਕੌਰ ਦੀ 'ਘਨੇੜੀ ਚੜ੍ਹੇ ਵਰ੍ਹੇ' ਤੇ ਅਫਜ਼ਲ ਤੌਸੀਫ ਦੀ 'ਮਨ ਦੀਆਂ ਬਸਤੀਆਂ' ਨੂੰ ਬੜੇ ਆਦਰ ਤੇ ਮਾਣ ਨਾਲ ਚੇਤੇ ਕੀਤਾ ਗਿਆ। ਭਾਵੇਂ ਕਰਤਾਰ ਸਿੰਘ ਦੁੱਗਲ ਤੇ ਕਰਨਜੀਤ ਸਿੰਘ ਦੀਆਂ ਤ੍ਰੈ-ਲੜੀ ਸਵੈ-ਜੀਵਨੀਆਂ ਦੀ ਪੁਣ ਛਾਣ ਵੀ ਬੜੇ ਪਾਰਖੂ ਹੱਥਾਂ ਵਿਚ ਸੀ ਪਰ ਬਲਬੀਰ ਮਾਧੋਪੁਰੀ ਦੀ 'ਛਾਂਗਿਆ ਰੁੱਖ' ਦੀ ਨਵੇਕਲੀ ਸ਼ੈਲੀ ਤੇ ਵਿਲੱਖਣ ਬਿਆਨ ਵਧੇਰੇ ਚਰਚਾ ਦਾ ਕੇਂਦਰ ਬਣੇ। ਗੋਸ਼ਟੀ ਤੋਂ ਅੱਗੇ ਪਿੱਛੇ ਜਸਵੰਤ ਸਿੰਘ ਨੇਕੀ ਦੀ ਸਵੈ-ਜੀਵਨੀ ਵੀ ਚਰਚਾ ਦਾ ਵਿਸ਼ਾ ਬਣੀ ਖਾਸ ਕਰਕੇ ਏਸ ਲਈ ਕਿ ਇਹ ਕਵਿਤਾ 'ਚ ਲਿਖੀ ਗਈ ਹੈ,

ਕੱਚ ਮੇਰੇ ਗਲ ਲਟਕੇ
ਨੀ, ਮੈਂ ਹੀਰਾ ਸਮਝ ਸੰਭਾਲਾਂ,
ਤੋੜੀਂ ਨਾ ਭੁਲੇਖਾ ਹੀਰਿਆ,
ਮਤੇ ਕੱਚ ਵੀ ਹੱਥੋਂ ਗੁਆ ਲਾਂ।

ਇਹ ਵੀ ਗੱਲ ਹੋਈ ਕਿ ਪੰਜਾਬੀ ਵਿਚ ਸਭ ਤੋਂ ਪੁਰਾਣੀਆਂ ਸਵੈ-ਜੀਵਨੀਆਂ 'ਪੀਰੋ ਪੇਮਣ' ਤੇ 'ਉਪਦੇਸ਼' ਸੰਤਣੀ ਦੀਆਂ ਲਿਖੀਆਂ ਹੋਈਆਂ ਹਨ।

ਸਵੈ-ਜੀਵਨੀ ਇੱਕ ਅਜਿਹੀ ਵਿਧਾ ਹੈ ਜਿਸ ਨਾਲ ਲਿਖਣ ਵਾਲਾ ਅਪਣੀ ਜ਼ਿੰਦਗੀ ਦੇ ਗਿਲੇ ਸ਼ਿਕਵਿਆਂ ਤੇ ਭੁੱਲਾਂ ਤੋਂ ਮੁਕਤੀ ਪਾ ਲੈਂਦਾ ਹੈ। ਕੁਦਰਤੀ ਹੈ ਕਿ ਏਥੇ ਆਪ ਬੀਤੀਆਂ ਘਟਨਾਵਾਂ ਨੂੰ ਜ਼ਰਾ ਬਣਾ ਸ਼ਿੰਗਾਰ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਸਾਹਿਤ ਵਧੇਰੇ ਪੜ੍ਹਨ ਤੇ ਮਾਨਣ ਵਾਲਾ ਹੁੰਦਾ ਹੈ।

**ਕੌਮਾਂਤਰੀ ਖੇਡ ਦਿਵਸ:** ਚੰਡੀਗੜ੍ਹ ਦੀ ਸਵੈ-ਸੇਵੀ ਸੰਸਥਾ ਖੇਡਸ਼ਾਲਾ ਨੇ ਏਸ ਵਾਰੀ ਦਾ ਖੇਡ ਦਿਵਸ 6 ਅਪਰੈਲ ਨੂੰ ਸ਼ਹਿਰ ਤੋਂ ਬਾਹਰ ਕੁਰਾਲੀ-ਬੱਦੀ ਮਾਰਗ ਉਤੇ ਪੈਂਦੇ ਮਾਜਰਾ ਨਾਂ ਦੇ ਪਿੰਡ ਵਿਚ ਮਨਾਇਆ। ਖੇਡਸ਼ਾਲਾ ਦਾ ਮੰਤਵ ਤੇ ਮਨੋਰਥ ਬਚਿਆਂ ਨੂੰ ਟੈਨਿਸ, ਬੈਡਮਿੰਟਨ, ਵਾਲੀਬਾਲ, ਬਾਸਕਟਬਾਲ, ਰੱਸਾਕਸ਼ੀ ਤੇ ਦੌੜਾਂ ਲਈ ਪ੍ਰੇਰ ਕੇ ਸਿਹਤਮੰਦ ਭਾਈਚਾਰੇ ਦੀ ਸਿਰਜਣਾ ਕਰਨਾ ਹੈ। ਏਸ ਮੇਲੇ ਵਿਚ ਢਾਈ ਸੌ ਬੱਚੇ ਤੇ ਉਨ੍ਹਾਂ ਦੇ ਮਾਪੇ ਸ਼ਾਮਲ ਹੋਏ। ਮਾਜਰਾ ਪਿੰਡ ਦੀ ਪੰਚਾਇਤ ਵਲੋਂ ਏਸ ਘਟਨਾ-ਕ੍ਰਮ ਦਾ ਸਵਾਗਤ ਕਰਨਾ ਬੜਾ ਉਤਸ਼ਾਹਜਨਕ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਖੇਡਾਂ ਬੱਚਿਆਂ ਨੂੰ ਸਿਹਤਮੰਦ ਹੀ ਨਹੀਂ ਬਣਾਉਂਦੀਆਂ ਨਸ਼ਿਆਂ ਤੋਂ ਦੂਰ ਵੀ ਰਖਦੀਆਂ ਹਨ। ਖੇਡਸ਼ਾਲਾ ਦੇ ਪ੍ਰੋਗਰਾਮਾਂ ਵਿਚ ਹੋਰ ਗਵਾਂਢੀ ਪਿੰਡ ਵੀ ਸ਼ਾਮਲ ਹੋ ਰਹੇ ਹਨ। ਖੇਡਸ਼ਾਲਾ ਦੇ ਸੰਸਥਾਪਕ ਸਤਿੰਦਰ ਬਾਜਵਾ ਨੂੰ ਵਧਾਈਆਂ।

**ਅੰਤਿਕਾ:** (ਅਦਮ)

ਮਰਨੇ ਵਾਲੇ ਤੋ ਖੈਰ ਬੇਬਸ ਹੈਂ।
ਜੀਨੇ ਵਾਲੇ ਕਮਾਲ ਕਰਤੇ ਹੈਂ।

# ਮੋਦੀ ਦਾ ਯੂਨੈਸਕੋ 'ਚ ਦਿੱਤਾ ਭਾਸ਼ਣ ਨੇਕ-ਨੀਤੀ ਤੋਂ ਦੂਰ

ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਇੱਕ ਵਾਰੀ ਹੋਰ ਵਿਦੇਸ਼ ਦੌਰੇ ਲਈ ਤੁਰ ਗਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੇ ਪੜਾਅ ਵਿਚ ਪੈਰਿਸ ਵਿਚ ਯੂਨੈਸਕੋ ਦੇ ਮੁੱਖ ਦਫਤਰ ਵਿਚ ਜਾ ਕੇ ਜਿਹੜਾ ਭਾਸ਼ਣ ਦਿੱਤਾ ਹੈ, ਉਹ ਅਸੀਂ ਬੜੇ ਧਿਆਨ ਨਾਲ ਪੜ੍ਹਿਆ ਤੇ ਇਸ ਦੇ ਅਰਥ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਨਤੀਜਾ ਫਿਰ ਇਹੋ ਨਿਕਲਿਆ ਕਿ ਪ੍ਰਧਾਨ ਮੰਤਰੀ ਮੋਦੀ ਦੀ ਹਰ ਗੱਲ ਸਾਹਮਣੇ ਬੈਠੇ ਲੋਕਾਂ ਨੂੰ ਬੁੱਧੂ ਸਮਝਣ ਜਾਂ ਬੁੱਧੂ ਬਣਾਉਣ ਵਾਲੀ ਹੁੰਦੀ ਹੈ, ਤੇ ਇਸ ਮਕਸਦ ਵਿਚ ਉਹ ਹਮੇਸ਼ਾ ਕਾਮਯਾਬ ਰਹਿੰਦਾ ਹੈ। ਉਸ ਦੀ ਕਾਮਯਾਬੀ ਦਾ ਰਾਜ਼ ਵੀ ਸਮਝਣਾ ਔਖਾ ਨਹੀਂ। ਜਿੱਥੇ ਕਿਤੇ ਮੋਦੀ ਨੇ ਜਾਣਾ ਹੋਵੇ, ਉਥੇ ਹੋਣ ਵਾਲੇ ਇਕੱਠ ਦਾ ਅਗਾਊਂ ਪਤਾ ਕਰ ਕੇ ਭੀੜ ਵਿਚ ਪੰਜਵਾਂ ਕੁ ਹਿੱਸਾ ਆਪਣੇ ਬੰਦੇ ਪੁਚਾ ਦਿੱਤੇ ਜਾਂਦੇ ਹਨ, ਜਿਹੜੇ ਉਸ ਦੇ ਭਾਸ਼ਣ ਤੋਂ ਪਹਿਲਾਂ ਹੀ 'ਮੋਦੀ-ਮੋਦੀ' ਦਾ ਜਾਪ ਸ਼ੁਰੂ ਕਰ ਦਿੰਦੇ ਹਨ ਅਤੇ ਭਾਸ਼ਣ ਦੌਰਾਨ ਸਾਹ ਲੈਣ ਜੋਗੇ ਪਲਾਂ ਵਿਚ ਵੀ ਇਹੋ ਕੁਝ ਕਰੀ ਜਾਂਦੇ ਹਨ। ਬਾਕੀ ਲੋਕ ਇਸ ਤੋਂ ਪ੍ਰਭਾਵਤ ਹੋ ਜਾਂਦੇ ਹਨ। ਇਹ ਬੰਦੇ ਉਸ ਭਾਸ਼ਣ ਦੌਰਾਨ ਮਿਲਦੇ ਇਸ਼ਾਰੇ ਮੁਤਾਬਕ ਜਦੋਂ ਤਾੜੀ ਮਾਰਦੇ ਹਨ ਤਾਂ ਬਾਕੀ ਲੋਕ ਬਿਨਾਂ ਸੋਚੇ ਤਾੜੀਆਂ ਮਾਰਨ ਲੱਗ ਜਾਂਦੇ ਹਨ। ਇੰਜ ਤਾੜੀਆਂ ਦੀ ਗੂੰਜ ਵਿਚ ਕੋਰੀਆਂ ਗੱਪਾਂ ਵੀ ਸੁੱਚੇ ਸੋਨੇ ਵਾਂਗ ਵਿਕੀ ਜਾਂਦੀਆਂ ਹਨ।

ਯੂਨੈਸਕੋ ਦੇ ਦਫਤਰ ਵਿਚ ਜਿਹੜਾ ਭਾਸ਼ਣ ਮੋਦੀ ਨੇ ਦਿੱਤਾ, ਉਸ ਵਿਚ ਧਿਆਨ ਖਿੱਚਣ ਵਾਲੇ ਇਹ ਸ਼ਬਦ ਵੀ ਸਨ ਕਿ ਤਰੱਕੀ ਨੂੰ ਵਿਕਾਸ ਦੇ ਅੰਕੜਿਆਂ ਨਾਲ ਨਹੀਂ, ਲੋਕਾਂ ਦੇ ਮੂੰਹ ਉਤੇ ਵਿਸ਼ਵਾਸ ਤੇ 'ਉਮੀਦ ਦੀ ਚਮਕ' ਨਾਲ ਮਾਪਣਾ ਚਾਹੀਦਾ ਹੈ। ਇਹ ਗੱਲ ਉਹ ਬੰਦਾ ਕਹਿ ਰਿਹਾ ਹੈ, ਜਿਸ ਨੇ ਕਿਹਾ ਸੀ ਕਿ ਜਿਹੜਾ ਕਾਲਾ ਧਨ ਵਿਦੇਸ਼ ਤੋਂ ਵਾਪਸ ਲਿਆਉਣਾ ਹੈ, ਉਸ ਵਿਚੋਂ ਹਰ ਭਾਰਤੀ ਦੇ ਹਿੱਸੇ ਆਉਂਦੇ ਤਿੰਨ-ਤਿੰਨ ਲੱਖ ਤੇ ਪੰਜਾਂ ਜੀਆਂ ਦੇ ਪਰਿਵਾਰ ਦੇ ਹਿੱਸੇ ਦੇ ਪੰਦਰਾਂ ਲੱਖ ਰੁਪਏ ਸਿਰਫ ਸੌ ਦਿਨਾਂ ਵਿਚ ਉਨ੍ਹਾਂ ਦੇ ਖਾਤੇ ਵਿਚ ਜਮ੍ਹਾ ਕਰਵਾ ਦਿੱਤੇ ਜਾਣਗੇ। ਹੁਣ ਤਿੰਨ ਸੌ ਦਿਨਾਂ ਤੋਂ ਉਪਰ ਲੰਘ ਗਏ ਹਨ ਪਰ ਲੋਕਾਂ ਦੇ ਖਾਤੇ ਵਿਚ ਤਿੰਨ-ਤਿੰਨ ਲੱਖ ਪਾਉਣ ਦੀ ਥਾਂ ਉਸ ਦੀ ਪਾਰਟੀ ਦਾ ਕੌਮੀ ਪ੍ਰਧਾਨ ਅਮਿਤ ਸ਼ਾਹ ਕਹਿੰਦਾ ਹੈ ਕਿ ਇਹ ਟੋਟਕੇ ਚੋਣਾਂ ਵਿਚ ਬੋਲਣੇ ਹੀ ਪੈਂਦੇ ਹਨ। ਸੰਸਾਰ ਪੱਧਰ ਉਤੇ ਘਟ ਗਈਆਂ ਤੇਲ ਦੀਆਂ ਕੀਮਤਾਂ ਨੂੰ ਪਾਸੇ ਰੱਖ ਲਿਆ ਜਾਵੇ ਤਾਂ ਹਰ ਪੱਖੋਂ ਮਹਿੰਗਾਈ ਵੀ ਵਧ ਗਈ ਹੈ, ਭ੍ਰਿਸ਼ਟਾਚਾਰ ਵੀ ਤੇ ਸਕੈਂਡਲਾਂ ਦੀ ਸੜ੍ਹਿਆਂਦ ਵੀ। ਤਾਜ਼ਾ ਮਾਮਲਾ ਕੇਂਦਰੀ ਮੰਤਰੀ ਨਿਤਿਨ ਗਡਕਰੀ ਵਿਰੁਧ ਪ੍ਰਧਾਨ ਮੰਤਰੀ ਮੋਦੀ ਦੀ ਪਾਰਟੀ ਦੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਵਲੋਂ ਭ੍ਰਿਸ਼ਟਾਚਾਰ ਦੇ ਉਸ ਮੁੱਦੇ ਦੀ ਜਾਂਚ ਦੇ ਹੁਕਮ ਦੇਣ ਦਾ ਹੈ, ਜਿਸ ਦੀ ਸ਼ਿਕਾਇਤ ਵੀ ਅੰਕੜਿਆਂ ਸਮੇਤ ਕਿਸੇ ਹੋਰ ਨੇ ਨਹੀਂ, ਭਾਜਪਾ ਦੇ ਇੱਕ ਟਰੇਡ ਯੂਨੀਅਨ ਆਗੂ ਨੇ ਕੀਤੀ ਹੈ। ਆਪਣੇ ਵਿਹੜੇ ਵੱਲ ਵੇਖੇ ਬਿਨਾਂ ਨਰਿੰਦਰ ਮੋਦੀ ਬਾਕੀ ਦੁਨੀਆਂ ਨੂੰ 'ਉਮੀਦ ਦੀ ਚਮਕ' ਦਾ ਚੋਗਾ ਪਾਉਂਦਾ ਫਿਰਦਾ ਹੈ।

ਅਸੀਂ ਉਨ੍ਹਾਂ ਲੋਕਾਂ ਨਾਲ ਨਾ ਕਦੀ ਖੜੋਤੇ ਹਾਂ, ਨਾ ਖੜੋਣਾ ਚਾਹੁੰਦੇ ਹਾਂ, ਜਿਹੜੇ ਨਰਿੰਦਰ ਮੋਦੀ ਦੇ ਹਰ ਵਿਦੇਸ਼ ਦੌਰੇ ਸਮੇਂ ਉਥੇ ਉਸ ਦੇ ਖਿਲਾਫ ਕੇਸ ਦਰਜ ਕਰਨ ਦੀਆਂ ਗੱਲਾਂ ਕਰਦੇ ਹਨ। ਗੁਜਰਾਤ ਦੇ ਦੰਗਿਆਂ ਸਮੇਤ ਭਾਰਤ ਦੀ ਕਿਸੇ ਵੀ ਗੱਲ ਬਾਰੇ ਮੁਕੱਦਮਾ ਜਿਸ ਨੇ ਕਰਨਾ ਹੈ, ਉਹ ਭਾਰਤ ਆਣ ਕੇ ਕਰੇ, ਬਾਹਰ ਤਮਾਸ਼ਬੀਨੀ ਦਾ ਮਤਲਬ ਕੋਈ ਨਹੀਂ ਹੈ। ਜਿਨ੍ਹਾਂ ਨੇ ਤਮਾਸ਼ਬੀਨੀ ਨਹੀਂ ਕਰਨੀ, ਸੱਚਮੁੱਚ ਕੁਝ ਕਰਨਾ ਹੈ, ਉਹ ਸਮੁੰਦਰ ਵਿਚ ਰਹਿੰਦਿਆਂ ਵੀ ਮਗਰਮੱਛ ਨਾਲ ਵੈਰ ਪਾਉਣ ਤੱਕ ਚਲੇ ਜਾਂਦੇ ਹਨ। ਅਸੀਂ ਹਕੀਕਤਾਂ ਨੂੰ ਵੱਧ ਵਜ਼ਨ ਦੇਣਾ ਚਾਹੁੰਦੇ ਹਾਂ। ਹਕੀਕਤਾਂ ਦੇ ਚੌਖਟੇ ਵਿਚ ਹੀ ਸਾਨੂੰ ਫਰਾਂਸ ਵਿਚ ਕੀਤੀ ਨਰਿੰਦਰ ਮੋਦੀ ਦੀ ਉਪਰ ਵਾਲੀ ਤਕਰੀਰ ਮੁੜ-ਮੁੜ ਪੜ੍ਹਨੀ ਅਤੇ ਫਿਰ ਸਮਝਣ ਦੇ ਬਾਅਦ ਪਾਠਕਾਂ ਨਾਲ ਇਸ ਪੱਖੋਂ ਸਾਂਝੀ ਕਰਨੀ ਪਈ ਹੈ ਕਿ ਅਮਲ ਇਸ ਤਕਰੀਰ ਦੇ ਉਲਟ ਜਾਂਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਉਥੇ ਇਹ ਉਭਾਰ ਕੇ ਕਿਹਾ ਕਿ 'ਲਗਭਗ ਇੱਕ ਸਾਲ ਪਹਿਲਾਂ ਅਹੁਦਾ ਸੰਭਾਲਣ ਤੋਂ ਬਾਅਦ ਤੋਂ ਇਹੀ ਸਾਡਾ ਪੱਖ ਹੈ ਕਿ ਅਸੀਂ ਹਰ ਨਾਗਰਿਕ ਦੇ ਹੱਕਾਂ ਤੇ ਆਜ਼ਾਦੀ ਦੀ ਸੁਰੱਖਿਆ ਕਰਾਂਗੇ। ਅਸੀਂ ਇਹ ਯਕੀਨੀ ਕਰਾਂਗੇ ਕਿ ਹਰ ਸ਼ਰਧਾ, ਹਰ ਸੱਭਿਆਚਾਰ ਅਤੇ ਹਰ ਨਸਲ ਦੇ ਹਰ ਨਾਗਰਿਕ ਦਾ ਸਾਡੇ ਸਮਾਜ ਵਿਚ ਬਰਾਬਰ ਦਾ ਦਰਜਾ ਹੋਵੇ ਤੇ ਭਵਿੱਖ ਵਿਚ ਵਿਸ਼ਵਾਸ ਹੋਵੇ।' ਮੋਦੀ ਨੇ ਇਹ ਵੀ ਕਿਹਾ ਕਿ ਸੱਭਿਆਚਾਰ ਵੰਡਣ ਵਾਲਾ ਨਹੀਂ, ਜੋੜਨ ਵਾਲਾ ਹੋਣਾ ਚਾਹੀਦਾ ਹੈ ਅਤੇ ਕੱਟੜਵਾਦ, ਹਿੰਸਾ ਅਤੇ ਵੰਡ ਦੀਆਂ ਉਚੀਆਂ ਉਠਦੀਆਂ ਲਹਿਰਾਂ ਉਤੇ ਕਾਬੂ ਪਾਉਣਾ ਚਾਹੀਦਾ ਹੈ। ਇਸ ਤਕਰੀਰ ਵਿਚ ਇੱਕ ਵੀ ਗੱਲ ਸਾਨੂੰ ਇਹੋ ਜਿਹੀ ਨਹੀਂ ਲੱਭੀ, ਜਿਸ ਬਾਰੇ ਕੋਈ ਕਿੰਤੂ ਕੀਤਾ ਜਾ ਸਕੇ ਪਰ ਪ੍ਰਧਾਨ ਮੰਤਰੀ ਮੋਦੀ ਦੀ ਆਪਣੀ ਸਹਿਯੋਗੀ ਟੀਮ ਦੇ ਅਮਲ ਇਸ ਤਕਰੀਰ ਨਾਲ ਮੇਲ ਨਹੀਂ ਖਾਂਦੇ।




*ਪੈਰਿਸ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਕਿ ਅਸੀਂ ਖੁੱਲ੍ਹੇਪਣ ਤੇ ਸਾਂਝੀਵਾਲਤਾ ਦੀ ਰਵਾਇਤ ਨਾਲ ਪ੍ਰਾਚੀਨ ਧਰਤੀ ਉਤੇ ਅਦਭੁਤ ਵੰਨ-ਸੁਵੰਨਤਾ ਵਾਲੇ ਸਮਾਜ ਤੇ ਆਧੁਨਿਕ ਰਾਜ ਦੀ ਉਸਾਰੀ ਕੀਤੀ ਹੋਈ ਹੈ। ਇਸ ਵਿਚ ਦੋ ਰਾਏ ਨਹੀਂ ਹੋ ਸਕਦੀਆਂ ਕਿ ਭਾਰਤ 'ਅਦਭੁਤ ਵੰਨ-ਸੁਵੰਨਤਾ' ਵਾਲਾ ਸਮਾਜ ਤੇ ਆਧੁਨਿਕ ਰਾਜ ਹੈ, ਅਤੇ ਇਹ ਕਾਇਮ ਰਹਿਣਾ ਚਾਹੀਦਾ ਹੈ ਪਰ ਮੋਦੀ ਸਾਹਿਬ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁਚਾਉਣ ਵਾਲੀ ਧਿਰ ਦਾ ਤਾਂ ਇਸ ਵਿਚ ਕੋਈ ਯੋਗਦਾਨ ਨਹੀਂ। ਉਹ ਲੋਕ ਤਾਂ ਇਸ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਾਲੀ ਬੋਲੀ ਬੋਲਦੇ ਰਹੇ ਹਨ ਅਤੇ ਬੋਲ ਰਹੇ ਹਨ। ਮੋਦੀ ਸਾਹਿਬ ਉਨ੍ਹਾਂ ਨੂੰ ਕਦੇ ਰੋਕਦੇ ਹੀ ਨਹੀਂ।*

ਮੋਦੀ ਮੰਤਰੀ ਮੰਡਲ ਵਿਚ ਇੱਕ ਬੀਬੀ ਮੰਤਰੀ ਹੈ, ਜਿਹੜੀ ਮੰਤਰੀ ਬਣਨ ਤੋਂ ਪਹਿਲਾਂ ਕੱਟੜ ਹਿੰਦੂਤਵ ਦਾ ਅੰਗ ਰਹੀ ਅਤੇ ਗੈਰ-ਹਿੰਦੂਆਂ ਬਾਰੇ ਭੱਦੀ ਸ਼ਬਦਾਵਲੀ ਵਰਤਦੀ ਰਹੀ ਸੀ। ਜਦੋਂ ਉਹ ਮੰਤਰੀ ਬਣਾ ਦਿੱਤੀ ਗਈ ਤਾਂ ਉਸ ਨੂੰ ਉਸ ਸੰਵਿਧਾਨ ਦੀ ਲਾਜ ਰੱਖਣੀ ਚਾਹੀਦੀ ਸੀ, ਜਿਸ ਦੀ ਸਹੁੰ ਚੁੱਕੀ ਸੀ ਪਰ ਉਸ ਬੀਬੀ ਨੇ ਦਿੱਲੀ ਦੇ ਚੋਣ ਜਲਸੇ ਵਿਚ ਰਾਮ ਦਾ ਨਾਂ ਲੈਣ ਵਾਲਿਆਂ ਨੂੰ 'ਰਾਮ-ਜ਼ਾਦੇ' ਤੇ ਹੋਰਨਾਂ ਲਈ 'ਹਰਾਮਜ਼ਾਦੇ' ਦਾ ਸ਼ਬਦ ਵਰਤਣ ਤੱਕ ਦੀ ਬਦਤਮੀਜ਼ੀ ਕਰ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਜਿਹੜੇ ਸ਼ਬਦ ਪੈਰਿਸ ਵਿਚ ਜਾ ਕੇ ਆਖੇ ਹਨ, ਜੇ ਵਿਚਾਰ ਪੱਖੋਂ ਮੋਦੀ ਏਦਾਂ ਸੋਚਦੇ ਹੋਣ ਤਾਂ ਉਨ੍ਹਾਂ ਨੂੰ ਉਸ ਸਾਧਵੀ ਮੰਤਰੀ ਦਾ ਬਿਸਤਰਾ ਸਿਰ ਉਤੇ ਚੁਕਵਾ ਕੇ ਡੇਰੇ ਵੱਲ ਤੋਰ ਦੇਣਾ ਚਾਹੀਦਾ ਸੀ ਪਰ ਏਦਾਂ ਕੀਤਾ ਨਹੀਂ ਸੀ। ਪਿਛਲੇ ਦਿਨੀਂ ਉਨ੍ਹਾਂ ਦੇ ਇੱਕ ਮੰਤਰੀ ਗਿਰੀਰਾਜ ਸਿੰਘ ਨੇ ਸੋਨੀਆ ਗਾਂਧੀ ਬਾਰੇ ਇਹੋ ਜਿਹੀ ਨਸਲੀ ਟਿੱਪਣੀ ਕਰ ਦਿੱਤੀ, ਜਿਸ ਨਾਲ ਇੱਕ ਅਫਰੀਕੀ ਦੇਸ਼ ਦੇ ਲੋਕ ਵੀ ਵਲੂੰਧਰੇ ਗਏ ਸਨ ਪਰ ਪ੍ਰਧਾਨ ਮੰਤਰੀ ਮੋਦੀ ਨੂੰ ਕੋਈ ਫਰਕ ਨਹੀਂ ਪਿਆ। ਉਹ ਬੰਦਾ ਅਜੇ ਵੀ ਮਾਣਯੋਗ ਮੰਤਰੀ ਹੈ ਅਤੇ ਉਹਦੇ ਪੱਖ ਵਿਚ ਬੋਲਣ ਵਾਲਿਆਂ ਦੀ ਵੀ ਘਾਟ ਨਹੀਂ। ਮੋਦੀ ਸਾਹਿਬ ਬਾਕੀ ਦੁਨੀਆਂ ਨੂੰ ਉਪਦੇਸ਼ ਦਿੰਦੇ ਫਿਰਦੇ ਹਨ।

ਇਹੋ ਨਹੀਂ, ਪੈਰਿਸ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਕਿ ਅਸੀਂ ਖੁੱਲ੍ਹੇਪਣ ਤੇ ਸਾਂਝੀਵਾਲਤਾ ਦੀ ਰਵਾਇਤ ਨਾਲ ਪ੍ਰਾਚੀਨ ਧਰਤੀ ਉਤੇ ਅਦਭੁਤ ਵੰਨ-ਸੁਵੰਨਤਾ ਵਾਲੇ ਸਮਾਜ ਤੇ ਆਧੁਨਿਕ ਰਾਜ ਦੀ ਉਸਾਰੀ ਕੀਤੀ ਹੋਈ ਹੈ। ਇਸ ਵਿਚ ਦੋ ਰਾਏ ਨਹੀਂ ਹੋ ਸਕਦੀਆਂ ਕਿ ਭਾਰਤ 'ਅਦਭੁਤ ਵੰਨ-ਸੁਵੰਨਤਾ' ਵਾਲਾ ਸਮਾਜ ਤੇ ਆਧੁਨਿਕ ਰਾਜ ਹੈ, ਅਤੇ ਇਹ ਕਾਇਮ ਰਹਿਣਾ ਚਾਹੀਦਾ ਹੈ ਪਰ ਮੋਦੀ ਸਾਹਿਬ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁਚਾਉਣ ਵਾਲੀ ਧਿਰ ਦਾ ਤਾਂ ਇਸ ਵਿਚ ਕੋਈ ਯੋਗਦਾਨ ਨਹੀਂ। ਉਹ ਲੋਕ ਤਾਂ ਇਸ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਾਲੀ ਬੋਲੀ ਬੋਲਦੇ ਰਹੇ ਹਨ ਅਤੇ ਬੋਲ ਰਹੇ ਹਨ। ਮੋਦੀ ਸਾਹਿਬ ਉਨ੍ਹਾਂ ਨੂੰ ਕਦੇ ਰੋਕਦੇ ਹੀ ਨਹੀਂ।

ਜਿਸ ਦਿਨ ਮੋਦੀ ਸਾਹਿਬ ਇਸ ਤਾਜ਼ਾ ਵਿਦੇਸ਼ ਦੌਰੇ ਲਈ ਜਾਣ ਵਾਲੇ ਸਨ, ਉਸ ਤੋਂ ਸਿਰਫ ਦੋ ਦਿਨ ਪਹਿਲਾਂ ਕੁਝ ਬਿਆਨ ਪੜ੍ਹਨ ਨੂੰ ਮਿਲੇ ਸਨ। ਇਨ੍ਹਾਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਕੱਤਰ ਸੁਰਿੰਦਰ ਜੈਨ ਦਾ ਬਿਆਨ ਵੀ ਸੀ, ਜਿਸ ਨੇ ਹਿੰਦੂਆਂ ਨੂੰ ਸੱਦਾ ਦੇ ਦਿੱਤਾ ਕਿ ਉਹ ਓਨੇ ਬੱਚੇ ਪੈਦਾ ਕਰਨ, ਜਿੰਨੇ ਮੁਸਲਮਾਨ ਪੈਦਾ ਕਰਦੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਦੇ ਇੱਕ ਨੇਤਾ ਨੇ ਹਰ ਹਿੰਦੂ ਪਰਿਵਾਰ ਨੂੰ ਚਾਰ-ਚਾਰ ਬੱਚੇ ਪੈਦਾ ਕਰਨ ਨੂੰ ਕਿਹਾ ਸੀ ਤੇ ਇੱਕ ਹੋਰ ਆਗੂ ਨੇ ਪੰਜ-ਪੰਜ ਕਹਿ ਦਿੱਤਾ ਸੀ। ਬਾਅਦ ਵਿਚ ਇੱਕ ਹੋਰ ਨੇ ਦਸ-ਦਸ ਬੱਚੇ ਪੈਦਾ ਕਰਨ ਦੀ ਸਲਾਹ ਵੀ ਦੇ ਦਿੱਤੀ। ਦਿੱਲੀ ਚੋਣਾਂ ਵਿਚ ਹਾਰ ਹੋਣ ਪਿੱਛੋਂ ਭਾਜਪਾ ਤੇ ਇਸ ਦੇ ਪਿੱਛੇ ਖੜੇ ਸੰਘ ਪਰਿਵਾਰ ਨੂੰ ਸਮਝ ਆਈ ਕਿ ਦੇਸ਼ ਦੇ ਲੋਕ ਏਨੀ ਤਿੱਖੀ ਬੋਲੀ ਪਸੰਦ ਨਹੀਂ ਕਰਦੇ। ਫਿਰ ਸੰਘ ਪਰਿਵਾਰ ਦੇ ਮੁਖੀ ਮੋਹਣ ਭਾਗਵਤ ਨੇ ਸਮਝਾਉਣੀ ਦਿੱਤੀ ਕਿ ਏਦਾਂ ਦੇ ਬਿਆਨ ਨਾ ਦਿੱਤੇ ਜਾਣ, ਭਾਰਤੀ ਔਰਤਾਂ ਸਾਡੀਆਂ ਮਾਂਵਾਂ ਅਤੇ ਭੈਣਾਂ ਹਨ, ਬੱਚੇ ਪੈਦਾ ਕਰਨ ਵਾਲੀਆਂ ਫੈਕਟਰੀਆਂ ਨਹੀਂ ਹਨ। ਸਾਨੂੰ ਚੰਗਾ ਲੱਗਾ ਸੀ ਕਿ 'ਪਰਿਵਾਰ' ਦਾ ਮੁਖੀ ਇਹ ਕਹਿੰਦਾ ਹੈ ਤਾਂ ਉਸ ਟੱਬਰ ਦੇ ਜੀਅ ਵੀ ਕੁਝ ਅਕਲ ਕਰਨਗੇ, ਪਰ ਕੁਝ ਦਿਨ ਪਿੱਛੋਂ ਇਸੇ ਪਰਿਵਾਰ ਦੀ ਇੱਕ ਸਾਧਵੀ ਨੇ ਇਹ ਕਹਿ ਦਿੱਤਾ, "ਅਸੀਂ ਦਸ-ਦਸ ਬੱਚੇ ਪੈਦਾ ਕਰਨ ਨੂੰ ਕਿਹਾ ਹੈ, 'ਦੂਸਰੇ' ਲੋਕਾਂ ਵਾਂਗ ਦਸ-ਦਸ 'ਕਤੂਰੇ' ਪੈਦਾ ਕਰਨ ਲਈ ਨਹੀਂ ਕਿਹਾ।" ਇਹ ਬਿਆਨ ਪ੍ਰਧਾਨ ਮੰਤਰੀ ਮੋਦੀ ਦੇ ਵਿਦੇਸ਼ ਜਾਣ ਤੋਂ ਪਹਿਲਾਂ ਛਪੇ ਸਨ, ਉਨ੍ਹਾਂ ਨੇ ਇਸ ਬਾਰੇ ਜ਼ਬਾਨ ਨਹੀਂ ਸੀ ਖੋਲ੍ਹੀ ਪਰ ਪੈਰਿਸ ਜਾ ਕੇ ਕੱਟੜਪੰਥ ਦੇ ਖਿਲਾਫ ਉਪਦੇਸ਼ਕ ਬਣਨ ਦਾ ਯਤਨ ਕੀਤਾ ਹੈ, ਜਿਸ ਦਾ ਦੇਸ਼ ਅੰਦਰਲੀਆਂ ਇਨ੍ਹਾਂ ਕੱਟੜਪੰਥੀ ਘਟਨਾਵਾਂ ਦੇ ਹੁੰਦਿਆਂ ਕੋਈ ਖਾਸ ਅਰਥ ਨਹੀਂ ਰਹਿ ਜਾਂਦਾ।

ਅਜੇ ਵੀ ਗੱਲ ਮੁੱਕ ਨਹੀਂ ਗਈ। ਇੱਕ ਬਿਆਨ ਹੋਰ ਹੈ, ਜਿਹੜਾ ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰੇ 'ਤੇ ਜਾਣ ਤੋਂ ਦੋ ਦਿਨ ਪਹਿਲਾਂ ਅਖਬਾਰਾਂ ਨੇ ਛਾਪਿਆ ਹੈ ਤੇ ਇਹ ਆਰ ਐਸ ਐਸ ਦੇ ਸੇਵਾ ਭਾਰਤੀ ਸੰਗਠਨ ਨਾਲ ਜੁੜੇ ਹੋਏ ਗੋਪਾਲ ਕ੍ਰਿਸ਼ਨ ਦਾ ਹੈ। ਸੇਵਾ ਭਾਰਤੀ ਵਲੋਂ ਆਪਣੇ ਪੰਜ ਸਾਲਾ ਸਮਾਗਮ ਦੇ ਲਈ ਇੱਕ ਕਿਤਾਬਚਾ 'ਰਾਸ਼ਟਰੀ ਸਵੈਮ ਸੇਵਕ ਸੰਘ ਦਾ ਦ੍ਰਿਸ਼ਟੀਕੋਣ' ਨਾਂ ਨਾਲ ਪ੍ਰਕਾਸ਼ਤ ਕੀਤਾ ਗਿਆ ਹੈ ਤੇ ਇਸ ਵਿਚ 'ਈਸਾਈਅਤ ਤੇ ਕੌਮੀ ਏਕਤਾ' ਨਾਂ ਦੇ ਲੇਖ ਵਿਚ ਇਹ ਲਿਖਿਆ ਗਿਆ ਹੈ ਕਿ ਇੱਕ ਹਜ਼ਾਰ ਸਾਲ ਦਾ ਮੁਸ਼ਕਲ ਸਮਾਂ ਸਮਾਜਕ, ਧਾਰਮਕ ਅਤੇ ਆਰਥਕ ਤਬਦੀਲੀਆਂ ਦਾ ਦੌਰ ਸੀ ਤੇ ਅਜਿਹਾ ਲੱਗ ਰਿਹਾ ਸੀ ਕਿ ਹਿੰਦੂ ਸਮਾਜ ਤਿੱਤਰ-ਬਿੱਤਰ ਹੋ ਗਿਆ ਹੈ, ਬੜਾ ਕੁਝ ਟੁੱਟ ਗਿਆ ਹੈ ਤੇ ਛੁੱਟ ਗਿਆ ਹੈ। ਹਜ਼ਾਰਾਂ ਸਾਲਾਂ ਦੀ ਯਾਤਰਾ ਲੰਮੀ ਤੇ ਬਹੁਤ ਸੰਘਰਸ਼ਮਈ ਰਹੀ ਅਤੇ ਆਰ ਐਸ ਐਸ ਦੀ ਸਥਾਪਨਾ ਹਿੰਦੂ ਸਮਾਜ ਦੀ ਸਿਹਤ ਬਦਲਣ ਲਈ ਹੋਈ। ਸਾਡੇ ਕੋਲ ਇੱਕ ਹਜ਼ਾਰ ਸਾਲ ਦਾ ਬੈਕਲਾਗ ਹੈ, ਜਿਹੜਾ ਪੂਰਾ ਕਰਨਾ ਹੈ। ਹੁਣ ਹਿੰਦੂ ਸਮਾਜ ਆਪਣੀ ਸੁਭਾਵਕ ਤਾਕਤ ਤੇ ਮਾਣ ਨਾਲ ਖੜਾ ਹੈ।' ਇਸ ਕਿਤਾਬਚੇ ਵਿਚ ਇਹ ਵੀ ਲਿਖਿਆ ਗਿਆ ਹੈ ਕਿ 'ਵਿਦੇਸ਼ੀ ਮਿਸ਼ਨਰੀਓ, ਕ੍ਰਿਪਾ ਕਰ ਕੇ ਤੁਸੀਂ ਵਾਪਸ ਜਾਓ।' ਗੋਪਾਲ ਕ੍ਰਿਸ਼ਨ ਨੇ ਇਸ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਈਸਾਈ ਮਿਸ਼ਨਰੀਆਂ ਨੂੰ ਆਪਣੇ ਦੇਸ਼ਾਂ ਨੂੰ ਪਰਤ ਜਾਣਾ ਚਾਹੀਦਾ ਹੈ ਅਤੇ 'ਅਸੀਂ ਹਿੰਦੂ ਸਮਾਜ ਦੇ ਨਾਲ ਦੇਸ਼ ਤੇ ਦੁਨੀਆਂ ਦੇ ਸਾਰੇ ਲੋਕਾਂ ਦੀ ਚਿੰਤਾ ਕਰਾਂਗੇ।'

ਇਹ ਉਹ ਲੋਕ ਹਨ, ਜਿਨ੍ਹਾਂ ਨੇ ਸਿਰਫ ਭਾਰਤ ਦੇ ਵਿਚ ਹੀ ਘਰ-ਵਾਪਸੀ ਦੇ ਨਾਂ ਹੇਠ ਘੱਟ-ਗਿਣਤੀਆਂ ਦੇ ਖਿਲਾਫ ਮੁਹਿੰਮ ਨਹੀਂ ਚਲਾਈ, ਬਲਕਿ ਇਥੋਂ ਤੱਕ ਕਹਿ ਚੁੱਕੇ ਹਨ ਕਿ ਰੂਸ ਵੀ ਪਹਿਲਾਂ 'ਰਿਸ਼ੀ-ਗਾਨ' ਹੁੰਦਾ ਸੀ ਤੇ ਅਸੀਂ ਸਾਰੇ ਰੂਸੀ ਲੋਕਾਂ ਨੂੰ ਹਿੰਦੂ ਧਰਮ ਵਿਚ 'ਵਾਪਸ' ਲਿਆਉਣਾ ਹੈ। 'ਦੇਸ਼ ਤੇ ਦੁਨੀਆਂ ਦੇ ਸਾਰੇ ਲੋਕਾਂ ਦੀ ਚਿੰਤਾ' ਕਰਨ ਦਾ ਇਹ ਫਾਰਮੂਲਾ ਜਦੋਂ ਪੇਸ਼ ਕੀਤਾ ਗਿਆ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਦੋਂ ਹਾਲੇ ਦੇਸ਼ ਵਿਚ ਸਨ ਪਰ ਇਸ ਬਾਰੇ ਕਦੇ ਨਹੀਂ ਬੋਲੇ। ਗੁਜਰਾਤ ਦੇ ਦੰਗਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਹੋਰ ਦੋ ਦਿਨਾਂ ਤੱਕ ਮੈਂ ਵਿਦੇਸ਼ ਦੌਰੇ ਲਈ ਜਾ ਰਿਹਾ ਹਾਂ, ਮੈਂ ਕੀ ਮੂੰਹ ਲੈ ਕੇ ਜਾਵਾਂਗਾ? ਮੁੱਖ ਮੰਤਰੀ ਨਰਿੰਦਰ ਮੋਦੀ ਨੇ ਇੱਕੋ ਦਿਨ ਵਿਚ ਏਨਾ ਦਬਾਅ ਵਧਾ ਦਿੱਤਾ ਕਿ ਅਗਲੇ ਦਿਨ ਵਾਜਪਾਈ ਨੂੰ ਮੁਸਲਮਾਨਾਂ ਬਾਰੇ ਦੂਸਰਾ ਭਾਸ਼ਣ ਕਰਨਾ ਪੈ ਗਿਆ ਕਿ ਇਹ ਜਿੱਥੇ ਵੀ ਰਹਿੰਦੇ ਹਨ, ਨਾ ਆਪ ਆਰਾਮ ਨਾਲ ਵੱਸਦੇ ਹਨ ਤੇ ਨਾ ਦੂਸਰਿਆਂ ਨੂੰ ਵੱਸਣ ਦਿੰਦੇ ਹਨ। ਜਿਹੜੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਉਦੋਂ ਪ੍ਰਧਾਨ ਮੰਤਰੀ ਵਾਜਪਾਈ ਨੂੰ ਬੋਲੀ ਬਦਲਣ ਲਈ ਮਜਬੂਰ ਕਰ ਦਿੱਤਾ ਸੀ, ਉਸ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਪ੍ਰਧਾਨ ਮੰਤਰੀ ਬਣ ਕੇ ਸਾਧਵੀਆਂ ਤੇ ਹਿੰਦੂ ਪ੍ਰੀਸ਼ਦ ਵਾਲੇ ਸਾਥੀਆਂ ਨੂੰ ਕਹਿ ਦੇਵੇ ਕਿ ਜ਼ਰਾ ਜ਼ਬਾਨ ਨੂੰ ਬਰੇਕਾਂ ਲਾਓ, ਮੈਂ ਪੈਰਿਸ ਵਿਚੋਂ ਦੁਨੀਆਂ ਭਰ ਦੇ ਲੋਕਾਂ ਨੂੰ ਆਹ ਉਪਦੇਸ਼ ਦੇਣ ਚੱਲਿਆ ਹਾਂ। ਮੋਦੀ ਸਾਹਿਬ ਬੋਲਦੇ ਹਨ, ਪਰ ਬਾਹਰ ਜਾ ਕੇ ਬੋਲਦੇ ਹਨ। ਬਾਹਰ ਜਾ ਕੇ ਦਿੱਤੇ ਉਨ੍ਹਾਂ ਦੇ ਭਾਸ਼ਣ ਹਕੀਕੀ ਨਹੀਂ ਹੁੰਦੇ, ਸਾਹਮਣੇ ਬੈਠੀ ਉਨ੍ਹਾਂ ਸਰੋਤਿਆਂ ਦੀ ਭੀੜ ਨੂੰ ਭੁਚਲਾਵਾ ਦੇਣ ਲਈ ਹੁੰਦੇ ਹਨ, ਜਿਨ੍ਹਾਂ ਨੂੰ ਸਾਹਮਣੇ ਚੱਲ ਰਹੇ ਭਾਸ਼ਣ ਦੀ ਸੀ ਡੀ ਦਾ ਦੂਸਰਾ ਪਾਸਾ ਪਤਾ ਨਹੀਂ ਹੁੰਦਾ। ਉਹ ਤਾਂ ਸਾਹਮਣੇ ਬੋਲ ਰਹੇ ਮੋਦੀ ਤੇ ਨਾਲ-ਨਾਲ ਹੁੰਦੇ 'ਮੋਦੀ-ਮੋਦੀ' ਦੇ ਜਾਪ ਵਿਚ ਹੀ ਉਲਝ ਜਾਂਦੇ ਹਨ, ਹਕੀਕਤਾਂ ਨੂੰ ਨਹੀਂ ਸਮਝ ਸਕਦੇ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ




Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਹਾਕੀ ਖੇਡ ਮੁਕਾਬਲਿਆਂ ਵਿਚ ਯੂਬਾ ਬ੍ਰਦਰਜ਼ ਦੀ ਟੀਮ ਰਹੀ ਜੇਤੂ





**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):** ਖੇਡ ਜਥੇਬੰਦੀ ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਵਲੋਂ ਗਦਰੀ ਬਾਬੇ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਇਥੇ ਯੂਨੀਵਰਸਿਟੀ ਆਫ ਪੈਸੇਫਿਕ ਦੇ ਸ਼ਾਨਦਾਰ ਖੇਡ ਮੈਦਾਨ ਵਿਚ ਕਰਵਾਏ ਗਏ ਹਾਕੀ ਮੁਕਾਬਲੇ ਬੜੇ ਦਿਲਚਸਪ ਰਹੇ।

ਹਾਕੀ ਦੇ ਫਾਈਨਲ ਮੈਚ ਵਿਚ ਯੂਬਾ ਬ੍ਰਦਰਜ਼ ਦੀ ਟੀਮ ਸੈਕਰਾਮੈਂਟੋ ਦੇ ਬਾਬਾ ਦੀਪ ਸਿੰਘ ਕਲੱਬ ਨੂੰ 4-2 ਗੋਲਾਂ ਨਾਲ ਹਰਾ ਕੇ ਜੇਤੂ ਰਹੀ ਅਤੇ 5100 ਡਾਲਰ ਦੇ ਇਨਾਮ ਦੀ ਹੱਕਦਾਰ ਬਣੀ, ਜਦੋਂਕਿ ਬਾਬਾ ਦੀਪ ਸਿੰਘ ਕਲੱਬ ਨੇ 3100 ਡਾਲਰ ਦੇ ਦੂਜੇ ਇਨਾਮ 'ਤੇ ਸਬਰ ਕਰਨਾ ਪਿਆ।

ਹਾਕੀ ਟੂਰਨਾਮੈਂਟ ਵਿਚ ਕੁਲ 11 ਟੀਮਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ 4 ਕੌਮਾਂਤਰੀ ਪੱਧਰ ਦੀਆਂ ਸਨ ਅਤੇ ਬਾਕੀ ਲੋਕਲ ਪੱਧਰ ਦੀਆਂ। ਇਨ੍ਹਾਂ ਖੇਡ ਮੁਕਾਬਲਿਆਂ ਵਿਚ ਬਾਸਕਟਬਾਲ ਦੇ ਮੁਕਾਬਲੇ ਵੀ ਹੋਣੇ ਸਨ ਪਰ ਹੋ ਨਾ ਸਕੇ।

ਕੌਮਾਂਤਰੀ ਪੱਧਰ ਦੀਆਂ ਟੀਮਾਂ ਦਾ ਫਾਈਨਲ ਮੁਕਾਬਲਾ ਬਹੁਤ ਹੀ ਫਸਵਾਂ ਰਿਹਾ। ਯੂਬਾ ਬ੍ਰਦਰਜ਼ ਅਤੇ ਬਾਬਾ ਦੀਪ ਸਿੰਘ ਕਲੱਬ ਵਿਚ ਹੋਏ ਇਸ ਮੁਕਾਬਲੇ ਦੇ ਨਿਰਧਾਰਤ ਸਮੇਂ ਅੰਦਰ ਕੋਈ ਵੀ ਟੀਮ ਗੋਲ ਨਾ ਕਰ ਸਕੀ ਅਤੇ ਫੈਸਲਾ ਪੈਨਲਟੀ ਕਾਰਨਰਾਂ ਦੇ ਆਧਾਰ 'ਤੇ ਹੋਇਆ। ਯੂਬਾ ਬ੍ਰਦਰਜ਼ ਦੀ ਟੀਮ ਬਾਬਾ ਦੀਪ ਸਿੰਘ ਕਲੱਬ, ਸੈਕਰਾਮੈਂਟੋ ਨੂੰ 2 ਦੇ ਮੁਕਾਬਲੇ 4 ਗੋਲਾਂ ਨਾਲ ਹਰਾ ਕੇ ਜੇਤੂ ਰਹੀ।

ਹਾਕੀ ਦੇ 5100 ਡਾਲਰ ਦੇ ਪਹਿਲੇ ਇਨਾਮ ਅਤੇ ਕੱਪ ਦੇ ਸਪਾਂਸਰ ਵਾਟਸਨਵਿਲ ਦੇ ਬਿਜਨਸਮੈਨ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਸਨ। 3100 ਡਾਲਰ ਦਾ ਦੂਜਾ ਇਨਾਮ ਫਸਟ ਕਾਰਗੋ ਨੇ ਸਪਾਂਸਰ ਕੀਤਾ ਸੀ।

ਮੈਚਾਂ ਦੌਰਾਨ ਭਾਰੀ ਮੀਂਹ ਨੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਪਰ ਖਿਡਾਰੀਆਂ ਦੇ ਉਤਸ਼ਾਹ ਅਗੇ ਇਸ ਦੀ ਚਲ ਨਾ ਸਕੀ।

ਟੂਰਨਾਮੈਂਟ ਦੇ ਪ੍ਰਬੰਧਕ ਡਾਇਮੰਡ ਟਰੱਕਿੰਗ ਕੰਪਨੀ ਦੇ ਮਾਲਕ ਹਰਨੇਕ ਸਿੰਘ ਅਟਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੈਚਾਂ ਲਈ ਸੁਚੱਜਾ ਪ੍ਰਬੰਧ ਕਰਨ ਵਿਚ ਆਪਣੇ ਵਲੋਂ ਕੋਈ ਕਸਰ ਬਾਕੀ ਨਾ ਛਡੀ। ਦੇਵ ਅਟਵਾਲ, ਜੀਤੂ ਧਾਲੀਵਾਲ, ਟੀ ਜੇ ਉਪਲ, ਸੁਰਜੀਤ ਨਿੱਜਰ, ਭਿੰਦਾ ਗਾਖਲ ਅਤੇ ਹੋਰਨਾਂ ਨੇ ਉਨ੍ਹਾਂ ਦਾ ਭਰਪੂਰ ਸਾਥ ਦਿਤਾ।

ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦਾ ਮਨੋਰਥ ਨੌਜਵਾਨ ਪੀੜੀ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਹੈ ਤਾਂ ਜੋ ਉਹ ਨਸ਼ੇ-ਪੱਤੇ ਅਤੇ ਹੋਰ ਭੈੜੀਆਂ ਰੁਚੀਆਂ ਤੋਂ ਦੂਰ ਰਹੇ। ਇਸੇ ਮਨੋਰਥ ਨਾਲ ਉਨ੍ਹਾਂ ਨੇ ਪੰਜਾਬ ਵਿਚ ਵੀ ਨਸ਼ਿਆਂ ਵਿਰੁਧ ਮੁਹਿੰਮ ਚਲਾਈ ਹੋਈ ਹੈ। ਜ਼ਿਕਰਯੋਗ ਹੈ ਕਿ ਸ੍ਰੀ ਗਾਖਲ ਖੇਡ ਸੰਸਥਾ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰੀ ਬੋਰਡ ਦੇ ਮੈਂਬਰ ਹਨ।














# ਫਰਾਂਸ ਦੇਵੇਗਾ ਦਿੱਲੀ-ਚੰਡੀਗੜ੍ਹ ਰੇਲ ਲਾਈਨ ਨੂੰ ਰਫ਼ਤਾਰ

**ਪੈਰਿਸ:** ਦਿੱਲੀ-ਚੰਡੀਗੜ੍ਹ ਰੇਲ ਲਾਈਨ ਦੀ ਰਫ਼ਤਾਰ 200 ਕਿਲੋਮੀਟਰ ਪ੍ਰਤੀ ਘੰਟਾ ਕਰਨ ਬਾਰੇ ਸਰਵੇਖਣ ਵਿਚ ਫ਼ਰਾਂਸ ਵੀ ਹਿੱਸੇਦਾਰ ਹੋਵੇਗਾ। ਇਸ ਦੇ ਨਾਲ ਹੀ ਫ਼ਰਾਂਸ, ਅੰਬਾਲਾ ਤੇ ਲੁਧਿਆਣਾ ਰੇਲਵੇ ਸਟੇਸ਼ਨਾਂ ਨੂੰ ਵੀ ਨਵੇਂ ਸਿਰੇ ਤੋਂ ਵਿਕਸਤ ਕਰਨ ਵਿਚ ਮਦਦ ਕਰੇਗਾ। ਫ਼ਰਾਂਸ ਭਾਰਤ ਵਿਚ ਨਵੇਂ ਸਮਾਰਟ ਸਿਟੀ ਵਿਕਸਤ ਕਰਨ ਵਿਚ ਵੀ ਸਾਥ ਦੇਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਫ਼ਰਾਂਸ ਦੇ ਰਾਸ਼ਟਰਪਤੀ ਫ਼ਰਾਂਸਵਾ ਓਲਾਂਦ ਵਿਚਕਾਰ ਹੋਈ ਬੈਠਕ ਵਿਚ ਇਹ ਫ਼ੈਸਲੇ ਲਏ ਗਏ। ਦੋਵਾਂ ਧਿਰਾਂ ਵੱਲੋਂ ਰੇਲਵੇ ਬਾਰੇ ਸਮਝੌਤੇ 'ਤੇ ਵੀ ਹਸਤਾਖਰ ਕੀਤੇ ਗਏ ਹਨ ਜਿਸ ਵਿਚ ਭਾਰਤ ਤੇ ਫ਼ਰਾਂਸ ਰੇਲਵੇ ਵਿਚਕਾਰ ਸੈਮੀ ਹਾਈ ਸਪੀਡ ਰੇਲ ਗੱਡੀ ਤੇ ਰੇਲਵੇ ਸਟੇਸ਼ਨਾਂ ਦੀ ਉਚਾਈ ਵਿਚ ਸਹਿਯੋਗ ਸਥਾਪਤ ਕਰਨ ਦਾ ਵਾਅਦਾ ਕੀਤਾ ਗਿਆ ਹੈ। ਸਮਝੌਤੇ ਅਨੁਸਾਰ ਭਾਰਤੀ ਰੇਲਵੇ ਤੇ ਫ਼ਰਾਂਸ ਦੀ ਕੌਮੀ ਰੇਲਵੇ (ਐਸ.ਐਨ.ਸੀ.ਐਫ਼.) ਦਿੱਲੀ-ਚੰਡੀਗੜ੍ਹ ਰੇਲਵੇ ਲਾਈਨ ਨੂੰ 200 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਦੇ ਲਾਇਕ ਬਣਾਉਣ ਲਈ ਮਿਲ ਕੇ ਇਕ ਸਰਵੇਖਣ ਕਰਨਗੇ। ਸਰਵੇਖਣ ਐਸ.ਐਨ.ਸੀ.ਐਫ਼. ਵੱਲੋਂ ਕੀਤਾ ਜਾਵੇਗਾ ਤੇ ਇਸ ਦੇ ਨਾਲ ਹੀ ਲੁਧਿਆਣਾ, ਅੰਬਾਲਾ ਸਥਿਤ ਰੇਲਵੇ ਸਟੇਸ਼ਨਾਂ ਦਾ ਮੁੜ ਤੋਂ ਵਿਕਾਸ ਕੀਤਾ ਜਾਵੇਗਾ। ਨਵੀਂ ਦਿੱਲੀ ਤੇ ਚੰਡੀਗੜ੍ਹ ਵਿਚਾਲੇ ਚੱਲਣ ਵਾਲੀ ਸ਼ਤਾਬਦੀ ਐਕਸਪ੍ਰੈੱਸ ਇਸ ਮਾਰਗ 'ਤੇ ਚੱਲਣ ਵਾਲੀ ਸਭ ਤੋਂ ਤੇਜ਼ ਰੇਲ ਗੱਡੀ ਹੈ। ਇਸ ਦੀ ਔਸਤਨ ਰਫ਼ਤਾਰ 79.80 ਕਿਲੋਮੀਟਰ ਪ੍ਰਤੀ ਘੰਟਾ ਹੈ। ਸ਼ਹਿਰਾਂ ਦੀ ਚੋਣ ਭਾਰਤ ਸਰਕਾਰ ਵੱਲੋਂ ਚੁਣੇ ਗਏ ਸ਼ਹਿਰਾਂ ਵਿਚੋਂ ਕੀਤੀ ਜਾਵੇਗੀ। ਇਸ ਬਾਬਤ ਭਾਰਤ ਦੇ ਯੋਜਨਾ ਤੇ ਵਾਸਤੂ ਕਾਲਜ, ਦਿੱਲੀ ਤੇ ਨੈਸ਼ਨਲ ਆਰਕੀਟੈਕਚਰ ਇੰਸਟੀਚਿਊਟ ਆਫ਼ ਪੈਰਿਸ ਵਿਚਕਾਰ ਆਪਸੀ ਸਹਿਮੀ 'ਤੇ ਦਸਤਖ਼ਤ ਕੀਤੇ ਹੋਏ ਹਨ। ਇਸ ਦੇ ਨਾਲ ਹੀ ਦੋਵੇਂ ਮਿਲ ਕੇ ਭਾਰਤ ਤੇ ਫ਼ਰਾਂਸ ਵਿਚ ਸਾਂਝੀ ਯੋਜਨਾ ਤੇ ਭੂਗੋਲਿਕ ਸਰਵੇਖਣ ਕਰਨਗੇ ਤੇ ਆਧੁਨਿਕ ਸ਼ਹਿਰਾਂ ਸਬੰਧੀ ਸਥਾਨਕ ਭਾਗੀਦਾਰਾਂ ਨੂੰ ਸਿਖਲਾਈ ਦੇਣਗੇ। ਇਸਰੋ ਤੇ ਫ਼ਰੈਂਚ ਨੈਸ਼ਨਲ ਸੈਂਟਰ ਫ਼ਾਰ ਸਪੇਸ ਸਟੱਡੀਜ਼ ਦਰਮਿਆਨ ਇਕ ਪ੍ਰੋਗਰਾਮ 'ਤੇ ਵੀ ਹਸਤਾਖਰ ਹੋਏ ਹਨ। ਦੋਵੇਂ ਪੱਖਾਂ ਵਿਚ ਭਾਰਤ ਦੇ ਖੇਡ ਤੇ ਨੌਜਵਾਨ ਮਾਮਲਿਆਂ ਦੇ ਮੰਤਰਾਲੇ ਤੇ ਫ਼ਰਾਂਸ ਦੇ ਖੇਡ ਤੇ ਨੌਜਵਾਨ ਮਾਮਲਿਆਂ ਦੇ ਮੰਤਰਾਲੇ ਵਿਚਕਾਰ ਵੀ ਇਕ ਸਹਿਮਤੀ ਪੱਤਰ 'ਤੇ ਹਸਤਾਖਰ ਹੋਏ ਹਨ।

## ਵਿਸਾਖੀ ਤੋਂ ਰੋਜ਼ਾਨਾ ਚੱਲੇਗੀ ਅਨੰਦਪੁਰ ਸਾਹਿਬ-ਅੰਮ੍ਰਿਤਸਰ ਇੰਟਰਸਿਟੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜੋੜਨ ਵਾਸਤੇ ਰੇਲ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਗਈ ਸ੍ਰੀ ਅਨੰਦਪੁਰ ਸਾਹਿਬ-ਅੰਮ੍ਰਿਤਸਰ ਇੰਟਰਸਿਟੀ ਰੇਲਗੱਡੀ 13 ਅਪ੍ਰੈਲ ਵਿਸਾਖੀ ਤੋਂ ਬਦਲੀ ਸਮਾਂ ਸੂਚੀ ਨਾਲ ਰੋਜ਼ਾਨਾ ਚੱਲੇਗੀ। ਦੱਸਣਯੋਗ ਹੈ ਕਿ ਬੀਤੀ 23 ਮਾਰਚ ਨੂੰ ਰੇਲਵੇ ਮੰਤਰੀ ਸੁਰੇਸ਼ ਪ੍ਰਭੂ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਰੇਲਵੇ ਸਟੇਸ਼ਨ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਸੀ, ਪਰ ਉਦੋਂ ਸਿਰਫ਼ ਇਕ ਦਿਨ ਵਾਸਤੇ ਚਲਾਈ ਗਈ ਇਸ ਇੰਟਰਸਿਟੀ ਲਈ ਇਕ ਦਿਨ ਵਾਸਤੇ ਸਮਾਂ ਸੂਚੀ ਬਣਾਈ ਗਈ ਸੀ। ਹੁਣ ਇਹ ਗੱਡੀ ਸਵੇਰੇ 8:00 ਵਜੇ ਨੰਗਲ ਡੈਮ ਰੇਲਵੇ ਸਟੇਸ਼ਨ ਤੋਂ ਰਵਾਨਾ ਹੋ ਕੇ ਵਾਇਆ ਸ੍ਰੀ ਆਨੰਦਪੁਰ ਸਾਹਿਬ ਦੁਪਿਹਰ 1:00 ਵਜੇ ਅੰਮ੍ਰਿਤਸਰ ਪਹੁੰਚੇਗੀ ਤੇ ਫਿਰ ਦੁਪਹਿਰ 2:00 ਵਜੇ ਅੰਮ੍ਰਿਤਸਰ ਤੋਂ ਚੱਲ ਕੇ ਸ਼ਾਮ 7:00 ਵਜੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇਗੀ।

# ਗੁਰਦੁਆਰਾ ਗੁਰੂ ਅੰਗਦ ਦਰਬਾਰ
## ਬੇਕਰਸਫ਼ੀਲਡ





ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਤੇ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, ਸਮੂਹ ਸੰਗਤਾਂ ਦੇ ਸਹਯੋਗ ਨਾਲ ਬੜੀ ਧੂਮ ਧਾਮ ਨਾਲ

# ਮਹਾਨ ਨਗਰ ਕੀਰਤਨ

19 ਅਪ੍ਰੈਲ ਦਿਨ ਐਤਵਾਰ ਨੂੰ ਹੋ ਰਿਹਾ ਹੈ । ਜਿਸ ਵਿਚ ਸਿੱਖ ਧਰਮ ਦੇ ਮਹਾਨ ਕੀਰਤਨੀਏ, ਕਥਾਵਾਚਕ,ਢਾਡੀ, ਪ੍ਰਚਾਰਕ ਅਤੇ ਸੂਝਵਾਨ ਬੁਲਾਰੇ ਹਿੱਸਾ ਲੈਣਗੇ ।

### ਪ੍ਰੋਗਰਾਮ

18 ਅਪ੍ਰੈਲ ਦਿਨ ਸ਼ਨੀਵਾਰ ਸ਼ਾਮ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 19 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ । ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ ।



ਭਾਈ ਹਰਬੰਸ ਸਿੰਘ ਬਿਲਗਾ



ਭਾਈ ਲਖਵਿੰਦਰ ਸਿੰਘ ਜੀ



ਭਾਈ ਹੀਰਾ ਸਿੰਘ (ਹਜ਼ੂਰੀ ਰਾਗੀ ਜੱਥਾ)



ਭਾਈ ਜਸਮੇਰ ਸਿੰਘ ਜੀ

**ਦੀਵਾਨ ਦੀ ਸਮਾਪਤੀ ਉਪਰੰਤ 12:30 ਵਜੇ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ**

ਨਗਰ ਕੀਰਤਨ ਦਾ ਰੂਟ ਗੁਰਦੁਆਰਾ ਸਾਹਿਬ ਤੋਂ ਹਾਸਕਿੰਗ ਸੱਜੇ, ਐਕਰਸ ਰੋਡ ਤੋਂ ਸੱਜੇ, ਮੈਂਕੀ ਤੋਂ ਸੱਜੇ, ਸਟਾਈਨ ਰੋਡ ਤੋਂ ਸੱਜੇ, ਵਾਪਸ ਗੁਰਦੁਆਰਾ ਸਹਿਬ ਜੀ ।

ਨਗਰ ਕੀਰਤਨ ਬਾਰੇ ਕਿਸੇ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ
ਜਸਵਿੰਦਰ ਸਿੰਘ 661-345-3088
ਰਸ਼ਪਾਲ ਸਿੰਘ ਮੰਨਣ 661-900-2878

ਕਥਾ ਵਾਚਕ ਭਾਈ ਲਖਵਿੰਦਰ ਸਿੰਘ ਜੀ
ਢਾਡੀ ਜੱਥਾ ਭਾਈ ਹਰਬੰਸ ਸਿੰਘ ਬਿਲਗਾ
ਭਾਈ ਹੀਰਾ ਸਿੰਘ (ਹਜ਼ੂਰੀ ਰਾਗੀ ਜੱਥਾ)
ਭਾਈ ਜਸਮੇਰ ਸਿੰਘ ਜੀ (ਹੈਡ ਗ੍ਰੰਥੀ) 661-889-8613

**ਦੁਕਾਨਾਂ ਦੀ ਸੇਵਾ**
ਸੁਰਿੰਦਰ ਸਿੰਘ ਬਸਰਾ 661-444-7799
ਹਰਜਾਪ ਸਿੰਘ 661-201-8794
ਰਣਵੀਰ ਸਿੰਘ 661-246-8280

**ਫਲੋਟ ਸਜਾਉਣ ਦੀ ਸੇਵਾ**
ਦਲਜਿੰਦਰ ਸਿੰਘ ਚੌਹਾਨ 661-203-8050
ਰਣਜੀਤ ਸਿੰਘ 661-889-8200
ਜਸਵੰਤ ਸਿੰਘ ਮਾਣਕ 661-472-6706

**ਦਾਨੀ ਸੱਜਣ ਸੰਪਰਕ ਕਰਨ**
ਸੇਵਾ ਸਿੰਘ 661-204-3294
ਮਨਦੀਪ ਸਿੰਘ 661-340-6747

**ਫਲੋਟ ਲਗਵਾਉਣ ਦੀ ਸੇਵਾ**
ਸੁਰਿੰਦਰ ਸਿੰਘ ਬਸਰਾ 661-444-7799
ਹਰਜਾਪ ਸਿੰਘ 661-201-8794
ਕਮਲਜੀਤ ਸਿੰਘ ਢਿੱਲੋਂ 661-247-7798

**ਗੁਰੂ ਕੇ ਲੰਗਰ ਦੀ ਸੇਵਾ**
ਰਸ਼ਪਾਲ ਸਿੰਘ ਮੰਨਣ 661-900-2878
ਜਗਪਾਲ ਸਿੰਘ ਲਾਲੀ 661-706-6339
ਅਜਮੇਰ ਸਿੰਘ ਸੰਘਾ 661-340-6747

**ਲੰਗਰ ਸਟਾਲ ਦੀ ਸੇਵਾ**
ਜਗਤਾਰ ਸਿੰਘ ਨੰਬਰਦਾਰ 661-900-2878
ਜਗਪਾਲ ਸਿੰਘ ਲਾਲੀ 661-706-6339
ਸੇਵਾ ਸਿੰਘ 661-204-3294
ਪ੍ਰਿਤਪਾਲ ਸਿੰਘ 661-204-0095

**ਪੰਜ ਪਿਆਰਿਆਂ ਦੀ ਸੇਵਾ**
ਅਮਰਜੀਤ ਸਿੰਘ 661-246-6038
ਦਲਜੀਤ ਸਿੰਘ ਖਾਲਸਾ 661-319-6039
ਬਲਬੀਰ ਸਿੰਘ 661-201-5632

**ਸਹਯੋਗ**
ਸਮੂਹ ਸੰਗਤ ਬੇਕਰਸਫੀਲਡ ਸਿੱਖ ਟੈਂਪਲ । ਗੁਰੂ ਨਾਨਕ ਮਿਸ਼ਨ ਸਿੱਖ ਸੈਂਟਰ,ਬੇਕਰਸਫਲਿਡ।
ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ,ਬੇਕਰਸਫੀਲਡ ਅਤੇ ਸ਼ਹੀਦ ਬਾਬਾ ਦੀਪ ਸਿੰਘ ਖਾਲਸਾ ਦਰਬਾਰ।
ਗੁਰੂ ਰਾਮਦਾਸ ਅਕੈਡਮੀ, ਬੇਕਰਸਫੀਲਡ। ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ,ਬੇਕਰਸਫੀਲਡ।

DESIGNED & PRINTED BY NK SIGNS OF BAKERSFIELD, CA • 661-978-7319

# ਤਤਿ ਗੁਰਮਤਿ ਪ੍ਰਚਾਰਕਾਂ ਦਾ ਅਮਰੀਕੀ ਪ੍ਰਚਾਰ ਮਿਸ਼ਨ ਅਰੰਭ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਤਤਿ ਗੁਰਮਤਿ ਪ੍ਰਚਾਰਕਾਂ ਵਲੋਂ



ਸਿੱਖ ਫਲਸਫੇ ਦੇ ਪ੍ਰਚਾਰ-ਪਸਾਰ ਹਿਤ ਵੱਖ-ਵੱਖ ਅਮਰੀਕੀ ਸਟੇਟਾਂ ਵਿਚ ਕੀਤੇ ਜਾ ਰਹੇ ਸਮਾਗਮਾਂ ਤਹਿਤ ਪਹਿਲਾ ਸੈਮੀਨਾਰ ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਇਆ ਗਿਆ। ਡਾਕਟਰਾਂ ਦੇ ਗੁਰਦੁਆਰੇ ਵਜੋਂ ਜਾਣੇ ਜਾਂਦੇ ਇਸ ਗੁਰੂ ਘਰ ਵਿਖੇ ਬਾਅਦ ਦੁਪਹਿਰ ਹੋਏ ਇਸ ਸੈਮੀਨਾਰ ਵਿਚ ਪ੍ਰਿੰਸੀਪਲ ਗੁਰਬਚਨ ਸਿੰਘ ਪੰਨਵਾ, ਪ੍ਰੋ. ਸਰਬਜੀਤ ਸਿੰਘ ਧੂੰਦਾ, ਭਾਈ ਕੰਵਲਜੀਤ ਸਿੰਘ, ਬੀਬੀ ਜਸਵੀਰ ਕੌਰ ਟੈਕਸਸ ਅਤੇ ਇਸੇ ਗੁਰਦੁਆਰੇ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

ਵਰਲਡ ਸਿੱਖ ਫੈਡਰੇਸ਼ਨ ਅਤੇ ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਸੈਂਟਰਲ ਵੈਲੀ ਵਲੋਂ ਕਰਵਾਏ ਇਸ ਸੈਮੀਨਾਰ ਦੇ ਬੁਲਾਰਿਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਭਾਵਪੂਰਤ ਵਿਆਖਿਆਨ ਦਿੱਤੇ। ਸਟੇਜ ਸਕੱਤਰ ਗੁਰਪ੍ਰੀਤ ਸਿੰਘ ਵਲੋਂ ਸੱਦਾ ਮਿਲਣ 'ਤੇ ਭਾਈ ਚਮਕੌਰ ਸਿੰਘ ਨੇ ਆਏ ਮੁੱਖ ਮਹਿਮਾਨਾਂ ਨੂੰ ਜੀ ਆਇਆ ਆਖਿਆ। 'ਵਰਤਮਾਨ ਸਿੱਖ ਸਮਾਜ ਦੀਆਂ ਚੁਣੌਤੀਆਂ ਵੱਲ ਬੀਬੀਆਂ ਦਾ ਕਰਤਵ' ਵਿਸ਼ੇ ਬਾਰੇ ਬੀਬੀ ਜਸਵੀਰ ਕੌਰ ਨੇ ਬੀਬੀਆਂ ਨੂੰ ਅਪੀਲ ਕੀਤੀ ਕਿ 'ਟੀ.ਵੀ. ਜੰਜਾਲ' ਵਿਚੋਂ ਨਿਕਲ ਕੇ ਉਹ ਮਾਈ ਭਾਗੋ ਤੇ ਬੀਬੀ ਹਰਸ਼ਰਨ ਕੌਰ ਵਰਗੀਆਂ ਇਤਿਹਾਸਕ ਸ਼ਖਸੀਅਤਾਂ ਨੂੰ ਰੋਲ ਮਾਡਲ ਬਣਾਉਣ। ਓਪਰੇ ਕਲਚਰ ਵਿਚ ਰਹਿੰਦਿਆਂ ਵੀ ਘਰ-ਪਰਿਵਾਰ ਦੀ ਆਪਣੇ ਰਵਾਇਤੀ ਸਭਿਆਚਾਰ ਅਨੁਸਾਰ ਸਾਂਭ-ਸੰਭਾਲ ਕੀਤੀ ਜਾ ਸਕਦੀ ਹੈ।

ਪ੍ਰਿੰਸੀਪਲ ਗੁਰਚਰਨ ਸਿੰਘ ਪੰਨਵਾਂ ਨੇ 'ਆਵਾ-ਗਵਣ ਤੇ ਚੁਰਾਸੀ ਲੱਖ ਜੂਨ' ਦੇ ਸੰਵੇਦਨਸ਼ੀਲ ਮੁੱਦੇ 'ਤੇ ਵਿਚਾਰ ਦਿੰਦਿਆਂ ਕਿਹਾ ਕਿ ਬਿਪਰਵਾਦੀ ਸੋਚ ਨਾਲ ਭਰੇ ਸੰਪਰਦਾਈ ਲਿਖਾਰੀਆਂ ਤੇ ਬੁਲਾਰਿਆਂ ਨੇ ਇਨ੍ਹਾਂ ਵਿਸ਼ਿਆਂ ਨੂੰ ਹਿੰਦੂ ਮਿਥਿਹਾਸ ਨਾਲ ਰਲਗਡ ਕਰ ਕੇ ਸਿੱਖ ਫਲਸਫੇ ਦੀ ਵਿਲੱਖਣਤਾ ਨੂੰ ਡਾਢਾ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਗੁਰਬਾਣੀ ਦੇ ਹਵਾਲਿਆਂ ਨਾਲ ਸਿੱਧ ਕੀਤਾ ਕਿ ਇਸ ਕਾਇਨਾਤ ਦਾ ਹਰ ਜੀਵ ਆਪੋ-ਆਪਣੀ ਜੂਨ ਵਿਚ ਖੁਸ਼ ਹੈ। ਆਪਣੀਆਂ ਪੁੱਠੀਆਂ ਸਿੱਧੀਆਂ ਕਰਤੂਤਾਂ ਸਦਕਾ ਮਿਲੇ ਨਤੀਜਿਆਂ ਨੂੰ ਕਰਮਾਂ ਦਾ ਫਲ ਕਹਿਣ ਵਾਲੀ ਮਨੁੱਖੀ ਫਿਤਰਤ ਨੂੰ ਰੱਦ ਕਰਦਿਆਂ, ਉਨ੍ਹਾਂ 'ਐਸਾ ਕੰਮੁ ਮੂਲੇ ਨ ਕੀਚੈ' ਵਾਲੇ ਉਪਦੇਸ਼ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਦੀ ਵਕਾਲਤ ਕੀਤੀ।

'ਡੇਰਾਵਾਦ ਅਤੇ ਕਰਮ ਕਾਂਡ' ਬਾਰੇ ਗੱਲ ਕਰਦਿਆਂ ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਖਾਲਸਾ ਪੰਥ ਨੂੰ ਅੰਦਰੋ-ਅੰਦਰ ਘੁਣ ਵਾਂਗ ਖਾ ਰਹੇ ਡੇਰਾਵਾਦ ਅਤੇ ਬਿਪਰਾਵਾਦੀ ਕਰਮ ਕਾਂਡਾਂ ਦਾ ਖੰਡਨ ਕਰਦਿਆਂ ਉਨ੍ਹਾਂ ਗੁਰਬਾਣੀ ਦੇ ਹਵਾਲਿਆਂ ਰਾਹੀਂ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਵਿਅੰਗਮਈ ਸੁਰ ਵਿਚ ਉਨ੍ਹਾਂ ਆਖਿਆ ਕਿ ਜੇ ਸ਼ਰਧਾਲੂ ਸੰਗਤਾਂ ਖੁਦ ਹੀ ਸਾਧ ਬਾਬਿਆਂ ਨੂੰ ਬਿਪਰ ਪ੍ਰਚਾਰ ਤੋਂ ਟੋਕਦਿਆਂ, ਉਨ੍ਹਾਂ ਨੂੰ ਸਿਰਫ਼ 'ਗੁਰਬਾਣੀ ਸੁਣਾਓ ਜੀ' ਕਹਿਣਾ ਸ਼ੁਰੂ ਕਰ ਦੇਣ, ਤਾਂ ਡੇਰੇ ਆਪੇ ਹੀ ਬੰਦ ਹੋ ਸਕਦੇ ਹਨ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਿਸੇ ਕੋਲੋਂ ਪਾਠ ਕਰਵਾਉਣ ਦੀ ਥਾਂ ਸਾਨੂੰ ਖੁਦ ਹੀ ਸੈਂਚੀਆਂ ਤੋਂ ਆਪੋ-ਆਪਣਾ ਸਹਿਜ ਪਾਠ ਅਰੰਭ ਕਰਨਾ ਚਾਹੀਦਾ ਹੈ। ਗਿਆਨੀ ਮਲਕੀਤ ਸਿੰਘ ਨੇ 'ਪ੍ਰਬੰਧਕ ਕਮੇਟੀਆਂ ਅਤੇ ਪਾਠੀ ਰਾਗੀ' ਵਿਸ਼ੇ ਬਾਰੇ ਕਿਹਾ ਕਿ ਜਿਥੇ ਪਾਠੀ ਤੇ ਰਾਗੀ ਸਿੰਘਾਂ ਨੂੰ ਸਿੱਖ ਸਿਧਾਂਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ, ਉਥੇ ਪ੍ਰਬੰਧਕਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਅਜਿਹਾ ਮਾਹੌਲ ਸਿਰਜਣ ਜਿਥੇ ਰਾਗੀ ਤੇ ਪਾਠੀ ਸਵੈਮਾਣ ਅਤੇ ਇੱਜ਼ਤ ਨਾਲ ਡਿਊਟੀ ਨਿਭਾ ਸਕਣ।

ਸਮਾਗਮ ਦੀ ਸਮਾਪਤੀ ਉਪਰੰਤ ਵਰਲਡ ਸਿੱਖ ਫੈਡਰੇਸ਼ਨ ਦੇ ਸਮੂਹ ਸੇਵਾਦਾਰਾਂ ਦੀ ਬੰਦ ਕਮਰਾ ਮੀਟਿੰਗ ਹੋਈ ਜਿਸ ਵਿਚ ਅਰੰਭ ਹੋਈ ਇਸ ਪ੍ਰਚਾਰ ਲੜੀ ਦੇ ਬਾਕੀ ਰਹਿੰਦੇ ਸਮਾਗਮਾਂ ਬਾਰੇ ਵਿਚਾਰਾਂ ਕਰਨ ਤੋਂ ਇਲਾਵਾ ਜਥੇਬੰਦੀ ਦੀ ਵਰਤਮਾਨ ਕਾਰਜਸ਼ੈਲੀ ਅਤੇ ਇਸ ਦੇ ਜਥੇਬੰਦਕ ਢਾਂਚੇ ਬਾਰੇ ਵੀ ਨਿੱਠ ਕੇ ਵਿਚਾਰ-ਵਟਾਂਦਰਾ ਹੋਇਆ। ਸੁਭਾਵਿਕ ਪੈਦਾ ਹੋਣ ਵਾਲੇ ਆਪਸੀ ਮਨ-ਮੁਟਾਵ ਅਤੇ ਨਿੱਕੇ-ਮੋਟੇ ਵਿਚਾਰਧਾਰਕ ਵਖਰੇਵੇਂ ਦੂਰ ਕਰਨ ਦੇ ਉਪਰਾਲਿਆਂ ਬਾਰੇ ਵੀ ਸੋਚ-ਵਿਚਾਰ ਕੀਤੀ ਗਈ।

ਇਸ ਮੀਟਿੰਗ ਵਿਚ ਭਾਈ ਵਰਿੰਦਰ ਸਿੰਘ ਐਲ.ਏ., ਕੰਵਲਜੀਤ ਸਿੰਘ, ਭੁਪਿੰਦਰ ਸਿੰਘ, ਡਾ. ਗੁਰਮੀਤ ਸਿੰਘ ਬਰਸਾਲ, ਅਵਤਾਰ ਸਿੰਘ, ਹਰਬਖਸ਼ ਸਿੰਘ ਰਾਊਕੇ, ਸਰਬਜੀਤ ਸਿੰਘ ਸੈਕਰਾਮੈਂਟੋ, ਕੁਲਵਿੰਦਰ ਸਿੰਘ, ਬਲਰਾਜ ਸਿੰਘ, ਜਸਕਰਨ ਸਿੰਘ, ਰਛਪਾਲ ਸਿੰਘ ਫਰਿਜ਼ਨੋ, ਗੁਰਨੇਕ ਸਿੰਘ, ਡਾ. ਲਵਨੀਤ ਸਿੰਘ, ਡਾ. ਕੁਲਵੀਰ ਸਿੰਘ ਖਹਿਰਾ, ਕੁਲਜੀਤ ਸਿੰਘ, ਅਮੋਲਕ ਸਿੰਘ, ਜੱਗੀ ਟੁੱਟ ਅਤੇ ਜਗਮੋਹਨ ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ।





ਬੱਦੋਵਾਲ ਬੀਬੀਆਂ ਦਾ ਢਾਡੀ ਜਥਾ

ਅਮਰੀਕਾ ਵੱਖ-ਵੱਖ ਗੁਰਦਵਾਰਿਆਂ 'ਚ ਪ੍ਰੋਗਰਾਮ ਕਰਨ ਲਈ ਪਹੁੰਚਿਆਂ

ਜੱਥੇ ਵੱਲੋਂ ਅਪ੍ਰੈਲ 2015 ਵਿੱਚ ਐਟਲਾਂਟਾ,
ਮਈ 2015 ਵਿੱਚ ਨਿਊ ਜਰਸੀ, ਨਿਊਯਾਰਕ
ਜੂਨ 2015 ਵਿੱਚ ਇੰਡੀਆਨਾ,
ਜੁਲਾਈ-ਅਗਸਤ 2015 ਵਿੱਚ ਕੈਲੇਫੋਰਨੀਆ
ਦੇ ਗੁਰੂ ਘਰਾਂ ਵਿੱਚ ਪ੍ਰੋਗਰਾਮ ਕੀਤੇ ਜਾ ਰਹੇ ਹਨ

ਜੱਥੇ ਨਾਲ ਪ੍ਰੋਗਰਾਮ ਸੰਪਰਕ : 516-710-2424 (ਅਮਰੀਕਾ)
ਮੋ: +91-98558-79288 (ਇੰਡੀਆ) ਨੰਬਰਾਂ ਤੇ ਕੀਤਾ ਜਾ ਸਕਦਾ ਹੈ

ਜੱਥੇ ਵੱਲੋਂ ਡੀ.ਵੀ.ਡੀਜ਼ ਅਤੇ ਐਮ.ਪੀ-3 ਸੰਸਾਰ ਭਰ ਵਿੱਚ ਸਿੱਖੀ ਪ੍ਰਚਾਰ ਲਈ ਭੇਟਾਂ ਰਹਿਤ ਦਿੱਤੀਆਂ ਜਾ ਰਹੀਆਂ ਹਨ ਆਪ ਵੀ ਆਪਣੇ ਸਿੱਖੀ ਫਰਜ਼ਾ ਨੂੰ ਪਛਾਣਦਿਆਂ ਡੀ.ਵੀ.ਡੀ ਅਤੇ ਐਮ.ਪੀ-3 ਭੇਟਾਂ ਰਹਿਤ ਸਿੱਖੀ ਪ੍ਰਚਾਰ ਹਿਤ ਭੇਜਣ ਲਈ ਆਪਣਾ ਯੋਗਦਾਨ ਪਾ ਸਕਦੇ ਹੋ
ਜੱਥੇ ਦੀਆਂ ਵੀ.ਡੀ.ਓ ਆਪ Youtube & Google + ਤੇ ਦੇਖ ਸਕਦੇ ਹੋ

ਵਾਹ ਓ ਦੁਨੀਆਂ ਦੇ ਮਾਲਕਾ, ਤੂੰ ਵੱਖਰਾ ਹੀ ਧਰਮ ਚਲਾ ਦਿੱਤਾ, ਪਾ ਪਾਣੀ ਵਿਚ ਗੁਰਬਾਣੀ ਦਾ ਰਸ, ਤੂੰ ਉਸ ਨੂੰ ਅੰਮ੍ਰਿਤ ਬਣਾ ਦਿੱਤਾ।
ਕੰਬਦੇ ਪਏ ਸੀ ਜੋ ਲੋਕ ਚਿੜੀਆਂ ਵਾਂਗ, ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਸ਼ੇਰ ਬਣਾ ਦਿੱਤਾ, ਇਥੇ ਇਕ ਨਹੀਂ ਵਾਰਦਾ ਕੋਈ ਕਿਸੇ ਖਾਤਿਰ, ਤੂੰ ਸਾਰਾ ਸਰਬੰਸ ਹੀ ਕੌਮ ਦੇ ਲੇਖੇ ਲਾ ਦਿੱਤਾ।

ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਲੋਕਾਈ ਨੂੰ

ਲੱਖ ਲੱਖ ਵਧਾਈ

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ
ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਜਗਦੇਵ ਸਿੰਘ
ਫੋਨ: 510-689-4625



ONE | REALTYONEGROUP AMERICAN

REALTOR EQUAL HOUSING OPPORTUNITY

JAGDEV SINGH, *Realtor*
CalBre #01423409
42820 Albrae, St.,
Fremont, CA 94538

# For Sale Or Lease

Spiceland Truck Stop at I-70 Exit 123 and 4 other Gas Stations in Indianapolis, Indiana are for sale and lease.




ਇੰਡੀਆਨਾ ਵਿਚ ਫਰੀਵੇ 70 ਦੇ ਐਗਜ਼ਿਟ 123 ਉਤੇ ਸਪਾਈਸਲੈਂਡ ਟਰੱਕ ਸਟਾਪ ਅਤੇ ਚਾਰ ਹੋਰ ਗੈਸ ਸਟੇਸ਼ਨ ਸੇਲ ਜਾਂ ਲੀਜ਼ ਲਈ ਉਪਲਬਧ ਹਨ, ਸੰਪਰਕ ਕਰੋ

Gurinder Singh

Ph: 916-833-9218 or 317-308-1050

adhoyee@gmail.com

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW

*Divorce *Annulment
*International Custody

### INCORPORATIONS

*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# GROW YOUR BUSINESS
## WITH NEW TREND




LICENSED Contractor

GAS SIGNS

HOTEL/MOTEL SIGNS




We install anywhere in california

ELECTRIC SIGN COMPANY

for more info: Call Sukhpal
1-661-586-1106
email: esigncompany@gmail.com

# Surveillance Camera Systems

Vista

Full HD 1080P




Now Sell & Install

ONLY

HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION

- Fully Trained Technical Staff.
- Serving Since 1999.
- We Install any where in California.
- Commercial Grade Equipment.
- Solution for Gas stations,Liquor Stores, Hotel/Motel,warehouse & Homes

Call Sukhpal
1-661-586-5080
Email: commvision@sbcglobal.net

# ਵਾਲੀਬਾਲ ਟੂਰਨਾਮੈਂਟ ’ਚ ਫਰਿਜ਼ਨੋ ‘ਏ’ ਟੀਮ ਜੇਤੂ

**ਫਰਿਜ਼ਨੋ (ਬਿਊਰੋ):** ਸਥਾਨਕ ਵਾਲੀਵਾਲ ਕਮੇਟੀ ਵਲੋਂ ਕਰਵਾਏ ਗਏ ਦੂਸਰੇ ਸਾਲਾਨਾ ਵਾਲੀਬਾਲ ਸੂਟਿੰਗ ਟੂਰਨਾਮੈਂਟ ਵਿਚ ਫਰਿਜ਼ਨੋ ‘ਏ’ ਟੀਮ ਨੇ ਜੇਤੂ ਰਹਿ ਕੇ ਪਹਿਲਾ ਇਨਾਮ ਪ੍ਰਾਪਤ ਕੀਤਾ। ਇਸ ਟੀਮ ਨੇ ਸਰੀ ‘ਬੀ’ ਟੀਮ ਨਾਲ ਹੋਏ ਰੌਚਿਕ ਮੁਕਾਬਲੇ ਵਿਚ ਖੇਡ ਦਾ





ਚੰਗਾ ਪ੍ਰਦਰਸ਼ਨ ਕਰਕੇ ਟੂਰਨਾਮੈਂਟ ਆਪਣੇ ਨਾਂ ਕਰ ਲਿਆ। ਟੂਰਨਾਮੈਂਟ ਲੰਘੀ 4 ਅਤੇ 5 ਅਪਰੈਲ ਨੂੰ ਬੰਬੇ ਬਿਜਨਸ ਪਾਰਕ ਵਿਚ ਕਰਵਾਇਆ ਗਿਆ ਸੀ। ਟੂਰਨਾਮੈਂਟ ਵਿਚ ਹਿੱਸਾ ਲੈਣ ਲਈ ਵਾਲੀਬਾਲ ਦੀਆਂ ਬਾਰਾਂ ਟੀਮਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੀਆਂ ਹੋਈਆ ਸਨ। ਟੂਰਨਾਮੈਂਟ ਦਾ ਉਦਘਾਟਨ ਸਥਾਨਕ ਉਘੀ ਸ਼ਖਸੀਅਤ ਸ. ਚਰਨਜੀਤ ਸਿੰਘ ਬਾਠ ਨੇ ਕੀਤਾ।

ਟੂਰਨਾਮੈਂਟ ਦੇ ਸਾਰੇ ਹੀ ਮੈਚ ਬੜੇ ਰੌਚਿਕ ਰਹੇ। ਸਾਰੀਆਂ ਟੀਮਾਂ ਨੇ ਵਧੀਆ ਖੇਡ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਸੈਮੀ ਫਾਈਨਲ ਅਤੇ ਫਾਈਨਲ ਮੈਚ ਵੇਖਣ ਲਈ ਦਰਸ਼ਕ ਖਚਾਖਚ ਭਰੇ ਗਰਾਊਂਡ ਵਿਚ ਇਕੱਲੇ-ਇਕੱਲੇ ਪੁਆਇੰਟ ‘ਤੇ ਖਿਡਾਰੀਆਂ ਦੀ ਤਾੜੀਆਂ ਨਾਲ ਹੌਸਲਾ-ਅਫਜ਼ਾਈ ਕਰ ਰਹੇ ਸਨ।

ਸ. ਚਰਨਜੀਤ ਸਿੰਘ ਬਾਠ ਨੇ ਇਸ ਟੂਰਨਾਮੈਂਟ ਦੀ ਜੇਤੂ ਫਰਿਜ਼ਨੋ ਟੀਮ ਨੂੰ ਪਹਿਲਾ ਇਨਾਮ ਦੇ ਕੇ ਨਿਵਾਜਿਆ। ਦੂਸਰਾ ਇਨਾਮ ਉਘੇ ਟਰਾਂਸਪੋਰਟਰ ਅਤੇ ਸਮਾਜਸੇਵੀ ਅਮੋਲਕ ਸਿੰਘ ਗੁਣਾਚੌਰ (ਭੋਲਾ ਐਨ ਕੇ ਆਰ ਐਸ ਟਰੱਕਿੰਗ) ਨੇ ਸਰੀ ‘ਬੀ’ ਟੀਮ ਨੂੰ ਦਿੱਤਾ। ਤੀਸਰਾ ਇਨਾਮ ਵਿੱਕੀ ਹੀਰ ਤੇ ਬਿੱਟੂ ਕੁੱਸਾ ਨੇ ਸਰੀ ‘ਏ’ ਨੂੰ ਦਿੱਤਾ ਜਦਕਿ ਚੌਥੇ ਥਾਂ ਰਹੀ ਕੈਲਗਰੀ ਦੀ ਟੀਮ ਨੂੰ ਇਨਾਮ ਬੂਲਡੌਗ ਟਰਕਿੰਗ ਦੇ ਮਾਲਕ ਦੀਪਾ ਚੌਹਾਨ ਨੇ ਦਿੱਤਾ।

ਇਸ ਪੇਂਡੂ ਰਵਾਇਤੀ ਖੇਡ ਮੇਲੇ ਵਿਚ ਰੱਸਾਕਸ਼ੀ, ਘੋੜ ਸਵਾਰੀ ਅਤੇ ਬਾਬਿਆਂ ਦੀ ਤਾਸ਼ ਦੀ ਸੀਪ ਦੀ ਖੇਡ ਵੀ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਬਣੀ ਰਹੀ। ਇਸ ਮੌਕੇ ਰੇਡਿਓ ਪੰਜਾਬ ਦੇ ਮਾਲਕ ਸੁਖਦੇਵ ਸਿੰਘ ਢਿੱਲੋਂ ਦਾ ਪੰਜਾਬੀ ਭਾਈਚਾਰੇ ਲਈ ਉਨ੍ਹਾਂ ਦੀਆਂ ਸੇਵਾਵਾਂ ਲਈ ਅਤੇ ਲੰਮਾ ਸਮਾਂ ਵਾਲੀਵਾਲ ਖੇਡਣ ਵਾਲੇ ਸਰੀ ਨਿਵਾਸੀ ਟੀਟੂ ਜੌਹਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਟੂਰਨਾਮੈਂਟ ਦੀ ਕੁਮੈਂਟਰੀ ਬਬਲਾ ਢਿੱਲੋਂ ਅਤੇ ਗੁਰਜਪਾਲ ਸਿੱਧੂ ਨੇ ਕੀਤੀ। ਦੋਵੇਂ ਦਿਨ ਲੰਗਰ ਅਤੁਟ ਵਰਤਿਆ। ਸ਼ਾਮ ਨੂੰ ਦਰਸ਼ਕਾਂ ਦੇ



ਮਨੋਰੰਜਨ ਲਈ ਸਭਿਆਚਾਰਕ, ਗਾਇਕੀ ਦਾ ਖੁਲ੍ਹੇ ਅਖਾੜੇ ਵਿਚ ਲੋਕ ਗਾਇਕ ਧਰਮਵੀਰ ਥਾਂਦੀ, ਅਕਾਸ਼ਦੀਪ, ਜੀਤਾ ਗਿੱਲ, ਅਵਤਾਰ ਗਰੇਵਾਲ ਆਦਿ ਨੇ ਆਪਣੀ ਗਾਇਕੀ ਰਾਹੀ ਦਰਸ਼ਕਾਂ ਨੂੰ ਕੀਲੀ ਰੱਖਿਆ।

ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਅਣਥੱਕ ਖੇਡ ਪ੍ਰੋਮੋਟਰ ਨਾਜ਼ਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਦੀਪਾ ਚੌਹਾਨ, ਰਛਪਾਲ ਸਿੰਘ ਸਹੋਤਾ (ਪ੍ਰਾਈਮ ਟਰੱਕ ਡਰਾਈਵਿੰਗ ਸਕੂਲ), ਬਿੱਟੂ ਕੁਸਾ, ਵਿੱਕੀ ਹੀਰ, ਦੇਵ (ਐਸ ਪੀ ਟਰਕਿੰਗ), ਪਾਲੀ ਥਾਂਦੀ, ਖੁਸ਼ ਧਾਲੀਵਾਲ (ਜੇ ਐਨ ਟਰਾਸਪੋਰਟ) ਅਤੇ ਸਮੂਹ ਵਾਲੀਵਾਲ ਕਮੇਟੀ ਦੇ ਮੈਂਬਰਾਂ ਨੂੰ ਜਾਂਦਾ ਹੈ।

# ਹੇਵਰਡ ‘ਚ ਬੀਬੀਆਂ ਨੇ ਪਾਈਆਂ ਵਿਸਾਖੀ ਦੀਆਂ ਧਮਾਲਾਂ

**ਹੇਵਰਡ (ਐਸ. ਅਸ਼ੋਕ ਭੌਰਾ):** ਪੰਜਾਬੀ ਐਸੋਸੀਏਸ਼ਨ ਆਫ ਅਮਰੀਕਾ ਵਲੋਂ ਸਥਾਨਕ ਰਾਜਾ ਸਵੀਟਸ ਵਿਖੇ ‘ਵਿਸਾਖੀ ਜਸ਼ਨ-2015’ ਲੰਘੇ ਸ਼ੁੱਕਰਵਾਰ ਨੂੰ ਮਨਾਇਆ ਗਿਆ ਜਿਸ ਵਿਚ ਕਰੀਬ ਤਿੰਨ ਘੰਟੇ ਸੰਗੀਤਕ ਤੇ ਨੱਚਣ ਨਾਲ ਵਿਸਾਖੀ, ਵਿਸਾਖੀ ਵਰਗੀ ਲੱਗਣ ਲੱਗ ਪਈ। ‘ਢੋਲ ਦੇ ਡਗੇ ’ਤੇ ਕਿੰਜ ਨੱਚਣਾ ਇਹੋ ਜਾਣਦੇ ਪੰਜਾਬੀ’ ਆਦਿ ਗੀਤਾਂ ਨਾਲ ਪ੍ਰੋਗਰਾਮ ਦੀ ਪਹਿਲੀ ਸਿਖਰ ਹੋ ਗਈ। ਜਸਵਿੰਦਰ ਸੱਗੀ ਤੇ ਦਿਲਬਾਗ ਨੇ ਦੋ-ਗਾਣੇ ’ਤੇ ਕੋਰੀਓਗ੍ਰਾਫੀ



*ਹੇਵਰਡ ਵਿਚ ਕਰਵਾਏ ਗਏ ਵਿਸਾਖੀ ਜਸ਼ਨ 2015 ਦੀਆਂ ਝਲਕੀਆਂ*

ਕੀਤੀ। ਜੋਤ-ਰਣਜੀਤ ਦਾ ‘ਚੰਨ ਕਿੱਥਾਂ ਗੁਜ਼ਾਰ ਆਈ ਰਾਤ ਵੇ’ ਸੁਰੀਲਾ ਹਾਵ-ਭਾਵ ਸੀ।

ਉਪਰੰਤ ਜਸਵਿੰਦਰ ਸੱਗੀ ਦੀ ਅਗਵਾਈ ਹੇਠ ਗਿੱਧੇ ਨਾਲ ਵਿਸਾਖੀ ਜਸ਼ਨ ਦੀ ਸਿਖਰ ਸੀ। ਅਖੀਰ ਵਿਚ ਡੀ ਜੇ ਨਾਲ ਉਮਰ ਦਾ ਖਿਆਲ ਭੁੱਲ ਕੇ ਹਰ ਕੋਈ ਨੱਚਿਆ। ਔਰਤਾਂ ਦੇ ਗਹਿਣੇ ਗੱਟੇ, ਸੂਟਾਂ ਦੀ ਖਰੀਦੋ-ਫਰੋਖਤ ਵੀ ਵਿਸਾਖੀ ਮੇਲੇ ਵਰਗੀ ਸੀ।

ਰੂਬੀ ਨਾਜ਼, ਗੁਰਮੀਤ ਕੌਰ ਛੀਨਾ ਅਤੇ ਰਵਦੀਪ ਦੀ ਅਗਵਾਈ ਹੇਠ ਬੀਬੀਆਂ ਦੀ ਟੀਮ ਵਲੋਂ ਕਰਵਾਏ ਗਏ ਇਸ ਜਸ਼ਨ ਦਾ ਸੰਚਾਲਨ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ।

ਟੱਪਣ ਦੀ ਖੂਬ ਧਮਾਲ ਪੈਂਦੀ ਰਹੀ।

ਰਾਤੀਂ ਕਰੀਬ ਅੱਠ ਵਜੇ ਅਰੰਭ ਹੋਏ ਇਸ ਸਮਾਰੋਹ ਵਿਚ ਸਭ ਤੋਂ ਪਹਿਲਾਂ ਨਿੱਕੇ ਬੱਚਿਆਂ ਦਾ ਫੈਸ਼ਨ ਸ਼ੋਅ ਖੂਬ ਜਚਿਆ ਤੇ ਪੁਸ਼ਾਕਾਂ ਤੇ ਅੰਦਾਜ਼ ਵੀ ਜਿਵੇਂ ਵਿਸਾਖੀ ਜਸ਼ਨ ਦਾ ਸੁਆਦਲਾ ਹਿੱਸਾ ਬਣੇ ਰਹੇ ਹੋਣ। ਉਪਰੰਤ ‘ਆਪਣਾ ਸੰਗੀਤ’ ਦੇ ਅਨੂਪ ਚੀਮਾ ਨੇ ‘ਦਸਮੇਸ਼ ਪਿਤਾ ਦੀ ਕੁਰਬਾਨੀ ਨੂੰ ਕੋਈ ਵੀ ਨਹੀਂ ਭੁੱਲ ਸਕਦਾ’ ਧਾਰਮਿਕ ਗੀਤ ਤੋਂ ਬਾਅਦ ਪੰਜਾਬੀ ਰੰਗ ਵਿਸਾਖੀ ਨੂੰ ਗੂੜ੍ਹਾ ਕਰਕੇ ਚੜ੍ਹਾਇਆ।

ਗਾਇਕ ਤਰਸੇਮ ਅਟਵਾਲ ਤੇ ਮੰਗਜੀਤ ਮੰਗਾ ਦੀ ਲਾਜਵਾਬ ਜੋੜੀ ਦੇ ਅੱਧੀ ਦਰਜਨ ਗੀਤਾਂ




# ਫਰਿਜ਼ਨੋ ਵਾਲੀਬਾਲ ਕਮੇਟੀ ਦਾ ਸਭਿਆਚਾਰਕ-ਖੇਡ ਮੇਲਾ: ਤਸਵੀਰਾਂ ਦੀ ਜ਼ੁਬਾਨੀ












ਖਿੱਚ ਲੈ ਲਗਾਮ ਬਾਈ...









*Sponsored Page*






## ਕਲਾ ਪਰਿਕਰਮਾ

ਲਹਿੰਦੇ ਪੰਜਾਬ ਦੇ ਲੇਖਕ ਅਹਿਮਦ ਸਲੀਮ ਜੋ ਅੱਜ-ਕੱਲ੍ਹ ਚੜ੍ਹਦੇ ਪੰਜਾਬ ਦੇ ਦੌਰੇ ਉਤੇ ਹਨ, ਦਾ ਕਹਿਣਾ ਹੈ ਕਿ ਲਿਖਾਰੀ ਤਾਂ ਹੁੰਦਾ ਹੀ ਬਾਗੀ ਹੈ। ਉਹ ਲੋਕਾਂ ਅਤੇ ਸੱਚ ਦੀ ਆਵਾਜ਼ ਬਣਦਾ ਹੈ। ਜੇ ਉਹ ਆਪਣੀ ਆਵਾਜ਼ ਬੁਲੰਦ ਹੀ ਨਹੀਂ ਕਰਦਾ, ਤਾਂ ਫਿਰ ਉਸ ਨੂੰ ਪਛਾਣੇਗਾ ਕੌਣ? ਉਸ ਦੀ ਪਛਾਣ ਅਨਿਆਂ ਉਤੇ ਉਂਗਲ ਧਰਨ ਦੀ ਹੈ ਅਤੇ ਫਿਰ ਆਪਣੀ ਇਸ ਪਹੁੰਚ ਉਤੇ ਪਹਿਰਾ ਦੇਣ ਦੀ ਹੈ।


ਅਹਿਮਦ ਸਲੀਮ ਚਾਅ ਨਾਲ ਦੱਸਦੇ ਹਨ ਕਿ ਉਹ ਇਨਕਲਾਬੀ ਸ਼ਾਇਰ ਫੈਜ਼ ਅਹਿਮਦ ਫੈਜ਼ ਦਾ ਸ਼ਾਗਿਰਦ ਰਿਹਾ ਹੈ। ਜਦੋਂ ਉਹ ਕਾਲਜ

**ਗੁਰਬਖਸ਼ ਸਿੰਘ ਸੋਢੀ**

ਵਿਚ ਪੜ੍ਹਦਾ ਸੀ ਤਾਂ ਉਸ ਕਾਲਜ ਦੇ ਪ੍ਰਿੰਸੀਪਲ ਫੈਜ਼ ਹੀ ਸਨ। ਉਨ੍ਹਾਂ ਇਹ ਯਾਦ ਵੀ ਤਾਜ਼ਾ ਕੀਤੀ ਕਿ ਇਕ ਵਾਰ ਔਖੇ ਦਿਨਾਂ ਵਿਚ ਉਨ੍ਹਾਂ ਨੇ ਫੈਜ਼ ਵਲੋਂ ਉਨ੍ਹਾਂ ਨੂੰ ਦਿੱਤੀਆਂ ਦੋ ਕਿਤਾਬਾਂ ਰੱਦੀ ਵਿਚ ਵੇਚ ਦਿੱਤੀਆਂ ਸਨ। ਫੈਜ਼ ਦੇ ਕਿਸੇ ਪ੍ਰਸ਼ੰਸਕ ਨੇ ਬਾਜ਼ਾਰ ਵਿਚ ਵਿਕਦੀਆਂ ਉਹੀ ਕਿਤਾਬਾਂ ਖਰੀਦ ਕੇ ਫੈਜ਼ ਦੇ ਸਾਹਮਣੇ ਲਿਆ ਧਰੀਆਂ। ਇਸ ਤੋਂ ਬਾਅਦ ਫੈਜ਼ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਆਰਥਿਕ ਹਾਲਾਤ ਬਾਰੇ ਵਿਸਥਾਰ ਸਹਿਤ ਪੁੱਛਿਆ, ਤੇ ਫਿਰ ਕਾਲਜ ਦਾ ਖਰਚਾ ਦੇਣ ਦਾ ਜ਼ਿੰਮਾ ਆਪਣੇ-ਆਪ ਓਟ ਲਿਆ। ਹੁਣ ਅਹਿਮਦ ਸਲੀਮ ਪੰਜਾਬ ਵਿਚ ਫੈਜ਼ ਅਹਿਮਦ ਫੈਜ਼ ਉਤੇ ਲਿਖੇ ਸਾਹਿਤ ਨੂੰ ਤਰਤੀਬ ਦੇਣ ਦੀ ਮੁਹਿੰਮ ਵਿਚ ਲੱਗੇ ਹੋਏ ਹਨ। ਉਨ੍ਹਾਂ ਦੀ ਤਮੰਨਾ ਹੈ ਕਿ ਫੈਜ਼ ਦੇ ਅਤੇ ਫੈਜ਼ ਬਾਰੇ ਸਾਰੇ ਸਾਹਿਤ ਨੂੰ ਡਿਜ਼ੀਟਲ ਕਰ ਕੇ ਤਮਾਮ ਲੋਕਾਂ ਤੱਕ ਪੁੱਜਦਾ ਕੀਤਾ ਜਾਵੇ।

ਭਾਰਤ ਆ ਕੇ ਅਹਿਮਦ ਸਲੀਮ ਨੂੰ ਮਾਣੋ ਚਾਅ ਚੜ੍ਹ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੋਹਾਂ ਦੇਸ਼ਾਂ ਦਾ ਸਭਿਆਚਾਰ, ਰਹਿਤਲ ਅਤੇ ਵਿਰਾਸਤ ਸਾਂਝੀ ਹੈ, ਪਰ ਸਿਆਸੀ ਰੰਜਿਸ਼ਾਂ ਕਰ ਕੇ ਬਹੁਤ ਵਾਰ ਰਿਸ਼ਤੇ ਖਰਾਬ ਹੋ ਜਾਂਦੇ ਹਨ। ਕਈ ਵਾਰ ਤਾਂ ਵੀਜ਼ਾ ਹਾਸਲ ਕਰਨ ਵਿਚ ਵੀ ਦਿਕਤ ਪੇਸ਼ ਆਉਂਦੀ ਹੈ। ਦੋਹਾਂ ਦੇਸ਼ਾਂ ਦੇ ਲੋਕ ਤਾਂ ਆਪਸ ਵਿਚ ਵੱਧ ਤੋਂ ਵੱਧ ਮਿਲਵਰਤਣ ਚਾਹੁੰਦੇ ਹਨ, ਪਰ ਸਿਆਸਤ ਉਨ੍ਹਾਂ ਦੇ ਰਾਹ ਦਾ ਰੋੜਾ ਬਣ ਜਾਂਦੀ ਹੈ। ਉਹ ਖੁਸ਼ ਹਨ ਕਿ ਭਾਰਤੀ ਹਾਈ ਕਮਿਸ਼ਨ ਨੇ ਇਸ ਵਾਰ ਉਨ੍ਹਾਂ ਨੂੰ 6 ਮਹੀਨੇ ਦਾ ਵੀਜ਼ਾ ਦੇ ਦਿੱਤਾ ਹੈ ਅਤੇ ਉਹ ਇਸ ਵੀਜ਼ੇ ਦੌਰਾਨ 10 ਸ਼ਹਿਰਾਂ ਵਿਚ ਜਾ ਸਕਣਗੇ। ਦੋਹਾਂ ਪੰਜਾਬਾਂ ਬਾਰੇ ਉਹ ਰਤਾ ਕੁ ਭਾਵੁਕ ਹੋ ਕੇ ਗੱਲਾਂ ਕਰਦੇ ਹਨ। ਉਹ ਆਖਦੇ ਹਨ ਕਿ ਦੋਵੇਂ ਪੰਜਾਬ ਇਕ-ਦੂਜੇ ਬਾਝੋਂ ਅਧੂਰੇ ਹਨ। ਹੁਣ ਪੁਲਾਂ ਹੇਠੋਂ ਇੰਨਾ ਪਾਣੀ ਵਹਿ ਚੁੱਕਾ ਹੈ ਕਿ ਦੋਹਾਂ ਪੰਜਾਬਾਂ ਦੇ ਰਲੇਵੇਂ ਵਾਲੀ ਗੱਲ ਤਾਂ ਹਕੀਕਤ ਦੇ ਬਹੁਤੀ ਨੇੜੇ ਨਹੀਂ ਹੈ, ਪਰ ਦੋਹਾਂ ਪਾਸਿਆਂ ਵਿਚਕਾਰ ਤਾਲਮੇਲ ਤਾਂ ਵੱਧ ਤੋਂ ਵੱਧ ਹੋ ਹੀ ਸਕਦਾ ਹੈ। ਇਕ-ਦੂਜੇ ਨਾਲ ਮਿਲਣ ਉਤੇ ਰੋਕਾਂ ਭਲਾ ਕਿਉਂ ਲੱਗਣ? ਦੋਹਾਂ ਪਾਸਿਆਂ ਦੀਆਂ ਸਰਕਾਰਾਂ ਨੂੰ ਇਸ ਪੈਂਤੜੇ ਤੋਂ ਸੋਚਣਾ ਚਾਹੀਦਾ ਹੈ ਅਤੇ ਆਪਸੀ ਰਾਬਤਾ ਵਧਾਉਣਾ ਚਾਹੀਦਾ ਹੈ।

ਅਹਿਮਦ ਸਲੀਮ ਹੁਣ ਤੱਕ ਤਕਰੀਬਨ 100 ਕਿਤਾਬਾਂ ਲਿਖ ਚੁੱਕੇ ਹਨ। ਉਹ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਲਿਖਦੇ ਹਨ। ਉਨ੍ਹਾਂ ਇਤਿਹਾਸ, ਕਲਾ, ਸਭਿਆਚਾਰ, ਧਾਰਮਿਕ ਆਜ਼ਾਦੀ, ਸਿਆਸਤ ਅਤੇ ਆਜ਼ਾਦੀ ਦੀ ਲੜਾਈ ਬਾਰੇ ਖੂਬ ਲਿਖਿਆ ਹੈ। ਭਗਤ ਸਿੰਘ ਬਾਰੇ ਉਨ੍ਹਾਂ ਨੇ ਚਾਰ ਕਿਤਾਬਾਂ ਲਿਖੀਆਂ ਹਨ। ਲਹਿੰਦੇ ਪੰਜਾਬ ਸਬੰਧੀ ਉਨ੍ਹਾਂ ਡੂੰਘੀ ਖੋਜ ਕੀਤੀ ਹੈ। ਉਨ੍ਹਾਂ ਨੂੰ ਪੰਜਾਬ ਦੀ ਲੋਕਧਾਰਾ ਬਹੁਤ ਧੂਹ ਪਾਉਂਦੀ ਹੈ। ਉਨ੍ਹਾਂ ਨੂੰ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਹਰ ਵਕਤ ਕੰਨਾਂ ਵਿਚ ਗੂੰਜਦੀਆਂ ਸੁਣਦੀਆਂ ਹਨ। ਗੌਰਤਲਬ ਹੈ ਕਿ 1970ਵਿਆਂ ਅਤੇ 80ਵਿਆਂ ਵਿਚ ਅਹਿਮਦ ਸਲੀਮ ਦਾ ਘਰ ਸਾਹਿਤਕ ਸਰਗਰਮੀਆਂ ਦਾ ਗੜ੍ਹ ਹੁੰਦਾ ਸੀ। ਹਰ ਸਾਹਿਤਕਾਰ ਉਨ੍ਹਾਂ ਦੇ ਘਰ ਪੁੱਜ ਕੇ ਆਪਣੇ ਆਪ ਨੂੰ ਧੰਨ ਸਮਝਦਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਸਾਹਿਤਕਾਰਾਂ ਦਾ ਆਪਸ ਵਿਚ ਜਿੰਨਾ ਵੱਧ ਮੇਲ-ਮਿਲਾਪ ਹੋਵੇਗਾ, ਉਨਾ ਹੀ ਸਾਹਿਤ ਲਈ ਮੁਆਫਕ ਹੈ।




*ਅਹਿਮਦ ਸਲੀਮ ਨੇ ਭਗਤ ਸਿੰਘ ਬਾਰੇ ਚਾਰ ਕਿਤਾਬਾਂ ਲਿਖੀਆਂ ਹਨ। ਲਹਿੰਦੇ ਪੰਜਾਬ ਸਬੰਧੀ ਉਨ੍ਹਾਂ ਡੂੰਘੀ ਖੋਜ ਕੀਤੀ ਹੈ। ਉਨ੍ਹਾਂ ਨੂੰ ਪੰਜਾਬ ਦੀ ਲੋਕਧਾਰਾ ਬਹੁਤ ਧੂਹ ਪਾਉਂਦੀ ਹੈ। ਉਨ੍ਹਾਂ ਨੂੰ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਹਰ ਵਕਤ ਕੰਨਾਂ ਵਿਚ ਗੂੰਜਦੀਆਂ ਸੁਣਦੀਆਂ ਹਨ।*

### ਪਾਸ਼ ਅਤੇ ਅਹਿਮਦ ਸਲੀਮ



ਪਾਸ਼

*ਇਨਕਲਾਬੀ ਸ਼ਾਇਰ ਪਾਸ਼ ਨੇ 1970ਵਿਆਂ ਵਿਚ ਅਹਿਮਦ ਸਲੀਮ ਦੇ ਨਾਂ ਇਕ ਕਵਿਤਾ ਲਿਖੀ ਸੀ ਜੋ ਬੜੀ ਮਸ਼ਹੂਰ ਹੋਈ। ਅਹਿਮਦ ਸਲੀਮ ਮੁਤਾਬਕ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪਾਸ਼ ਨੇ ਉਨ੍ਹਾਂ ਬਾਰੇ ਕਵਿਤਾ ਲਿਖੀ ਹੈ, ਤਾਂ ਉਨ੍ਹਾਂ ਨੂੰ ਹੈਰਾਨੀ ਵੀ ਹੋਈ ਅਤੇ ਖੁਸ਼ੀ ਵੀ। ਉਸ ਵਕਤ ਪਾਸ਼ ਦੀ ਇਨਕਲਾਬੀ ਹਲਕਿਆਂ ਵਿਚ ਬੜੀ ਚੜ੍ਹਤ ਸੀ ਅਤੇ ਉਸ ਦੀ ਕਵਿਤਾ ਦੀ ਚੁਫੇਰੇ ਪ੍ਰਸ਼ੰਸਾ ਹੋ ਰਹੀ ਸੀ। ਇਸ ਕਵਿਤਾ 'ਚ ਲੋਕ-ਦਰਦ ਅਤੇ ਇਨਕਲਾਬ ਦਾ ਸੁਨੇਹਾ ਇਕਜੁੱਟ ਹੋਏ ਪਏ ਸਨ।*



ਅਹਿਮਦ ਸਲੀਮ

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਪਰੈਲ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-165




*ਪਾਉਂਦਾ ਵੰਡੀਆਂ ਕਿੱਥੇ ਤਕ ਪਹੁੰਚਿਆ ਏ,*
*ਸੌੜੀ ਸੋਚ ਦਾ ਅੱਜ ਇਨਸਾਨ ਯਾਰੋ।*
*ਜਿੱਥੇ ਪਹੁੰਚ ਕੇ ਸਾਰਿਆਂ ਸੁਆਹ ਬਣਨਾ,*
*ਉਹ ਵੀ ਵੰਡਿਆ ਦੇਖੋ ਸ਼ਮਸ਼ਾਨ ਯਾਰੋ!*

### ਕੈਪਸ਼ਨ ਮੁਕਾਬਲਾ-163



ਕੋਈ ਮੁਰਮਰੇ, ਕੋਈ ਖਿੱਲ੍ਹਾਂ
ਬੱਕਲੀਆਂ ਕੋਈ ਕਢਵਾਈ ਜਾਵੇ।
ਭੱਠੀ ਵਾਲੀ ਪਾ ਪਰਾਗਾ
ਦਾਤੀ ਨਾਲ ਹਿਲਾਈ ਜਾਵੇ।
ਭੁੱਜੇ ਦਾਣਿਆਂ ਦੀ ਖੁਸ਼ਬੋ
ਬੱਚਿਆਂ ਨੂੰ ਲਲਚਾਈ ਜਾਵੇ।
ਵਾਰੀ ਸੁੱਧੇ ਭਰ ਕੇ ਪੱਲੇ
ਹਰ ਕੋਈ ਘਰ ਨੂੰ ਜਾਈ ਜਾਵੇ।
ਟਾਵੀਂ ਟੱਲੀ ਜੋ ਰਹੀ ਨਿਸ਼ਾਨੀ
ਹੁਣ ਤਾਂ ਉਹ ਵੀ ਮੁੱਕਦੀ ਜਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪਿੰਡਾਂ ਦੀਆਂ ਸੱਥਾਂ ਤੋਂ ਪਿੱਛੋਂ
ਕਦੇ ਭੱਠੀਆਂ ਦਾ ਨਾਮ ਸੀ ਆਉਂਦਾ।
ਭੁੱਜੇ ਹੋਏ ਮੱਕੀ, ਛੋਲੇ ਚੱਬਣਾ
ਬੱਚਿਆਂ-ਜਵਾਨਾਂ ਦੇ ਸੀ ਮਨ ਭਾਉਂਦਾ।
ਸਮੇਂ ਨੇ ਬਦਲੇ ਸ਼ੌਕ ਐਸੇ
ਕਿ ਕੁਰ-ਕੁਰੇ ਹੀ ਪ੍ਰਧਾਨ ਹੋਏ।
ਪੌਪ ਕੌਰਨ ਤੇ ਸਬ-ਵੇਅ ਆ ਗਏ
ਹੁਣ ਮੁਰਮੁਰੇ-ਖਿੱਲ੍ਹਾਂ ਪ੍ਰੇਸ਼ਾਨ ਹੋਏ।
'ਸ਼ਿਵ' ਹੁਣ ਕਿਸ ਦੇ ਗੀਤ ਲਿੱਖੂ
ਭੱਠੀਆਂ ਵਾਲੀਆਂ ਗਈਆਂ ਬੜੀ ਦੂਰ।
'ਪੀੜਾਂ ਦੇ ਪਰਾਗੇ ਕਿੱਥੋਂ ਭੁੰਨਾਊ
ਚਾਹੇ ਟੁਰ ਜਾਏ ਸਾਥੀਆਂ ਦਾ ਪੂਰ।'

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

### ਕੈਪਸ਼ਨ ਮੁਕਾਬਲਾ-162

ਨੰਗ-ਧੜੰਗੇ ਢਿੱਡ ਪਿਆ ਨਾ ਝੁਲਕਾ
ਉਠ ਜਾਗ ਕਚਰਾ ਫਰੋਲਣ ਨਿਆਣੇ।
ਜੋ ਲੱਭਿਆ ਸੋ ਪੇਟੇ ਪਾਇਆ
ਵਿਚੋਂ ਚੁਗ ਸੁੱਟੇ ਹੋਏ ਜੂਠੇ ਖਾਣੇ।
ਕਚਰਾ ਚੁਗਿਆ, ਕਬਾੜੀਆਂ ਲੁੱਟਿਆ
ਮੁੱਲ ਨਾ ਦਿੱਤਾ ਤੱਕ ਛੋਟੇ ਨਿਆਣੇ।
ਫਿਰ ਵੀ ਤੇਰਾ ਸ਼ੁਕਰ ਮਨਾਉਂਦੇ
ਸੌਂ ਜਾਂਦੇ ਜਦੋਂ ਭੁੱਖਣ ਭਾਣੇ।

***-ਸੇਵਾ ਸਿੰਘ ਨੂਰਪੁਰੀ***

## ਕਾਵਿ-ਵਿਅੰਗ

### ਕ੍ਰਿਕਟ

ਮਿੱਤਰ ਆਖਿਆ-ਕਾਕੇ ਨੇ ਦੁਖੀ ਕੀਤੈ ਚਿੱਤ ਲਾ ਕੇ ਨਹੀਂ ਪੜ੍ਹਾਈ ਕਰਦਾ।
ਜੁੰਡੇ ਪੁੱਟਦਾ ਹੈ ਸਹਿਪਾਠੀਆਂ ਦੇ ਹਰ ਇਕ ਦੇ ਨਾਲ ਲੜਾਈ ਕਰਦਾ।
ਹੀਰੋ ਹਾਂਡੇ 'ਤੇ ਘੁੰਮਦਾ ਬਣ ਹੀਰੋ ਸੜਕਾਂ ਕੱਛਦਾ ਹੋਇਆ ਰਗੜਾਈ ਕਰਦਾ।
ਮੈਚ ਖੇਡਣ ਕ੍ਰਿਕਟ ਦਾ ਇਉਂ ਜਾਵੇ ਨਾਦਰ ਦਿੱਲੀ 'ਤੇ ਜਿਵੇਂ ਚੜ੍ਹਾਈ ਕਰਦਾ।

***-ਜਸਵੰਤ ਸਿੰਘ ਕੈਲਵੀ***

## ਗ੍ਰਹਿ ਦਾ ਨਾਂ ਮਲਾਲਾ ਰੱਖਿਆ

**ਨਵੀਂ ਦਿੱਲੀ:** ਸਭ ਤੋਂ ਘੱਟ ਉਮਰ ਵਿਚ ਨੋਬਲ ਇਨਾਮ ਜੇਤੂ ਤੇ ਲੜਕੀਆਂ ਦੀ ਪੜ੍ਹਾਈ ਲਈ ਮੁਹਿੰਮ ਚਲਾਉਣ ਵਾਲੀ ਮਲਾਲਾ ਯੂਸਫਜ਼ਈ ਦੇ ਨਾਂ ਉਤੇ ਇਕ ਛੋਟੇ ਗ੍ਰਹਿ ਦਾ ਨਾਮ ਰੱਖਿਆ ਗਿਆ ਹੈ।

ਕੈਲੀਫੋਰਨੀਆ ਵਿਚ ਨਾਸਾ ਦੇ ਜੇਟ ਪ੍ਰੋਪਲਜਨ ਪ੍ਰਯੋਗਸ਼ਾਲਾ ਦੀ ਖਗੋਲ ਸ਼ਾਸਤਰੀ ਏਮੀ ਮੇਨਜਰ ਨੇ ਇਕ ਛੋਟੇ ਗ੍ਰਹਿ 316201 ਦਾ ਨਾਂ 'ਮਲਾਲਾ' ਰੱਖਿਆ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਦਾ ਨਾਂ ਮਲਾਲਾ ਰੱਖਣਾ ਮਾਣ ਦੀ ਗੱਲ ਹੈ। ਜਦੋਂ ਮੇਰੀ ਸਹਿਯੋਗੀ ਕੈਰੀ ਨਿਊਜੇਂਟ ਨੇ ਦੱਸਿਆ ਕਿ ਬਹੁਤ ਘੱਟ ਗ੍ਰਹਿ ਦੇ ਨਾਂ ਔਰਤਾਂ ਦੇ ਨਾਂ ਉਤੇ ਹਨ।

## ਹਜ਼ੂਰ ਸਾਹਿਬ ਦੇ ਚੇਅਰਮੈਨ ਦੀ ਮੂਰਤੀ ਪੂਜਾ ਵਾਲੀਆਂ ਤਸਵੀਰਾਂ ਤੋਂ ਵਿਵਾਦ


**ਚੰਡੀਗੜ੍ਹ:** ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਨਵੇਂ ਥਾਪੇ ਚੇਅਰਮੈਨ ਤਾਰਾ ਸਿੰਘ ਦੀਆਂ ਸਾਹਮਣੇ ਆਈਆਂ ਮੂਰਤੀ ਪੂਜਾ ਵਾਲੀਆਂ ਤਸਵੀਰਾਂ ਦਾ ਵਿਵਾਦ ਲਗਾਤਾਰ ਭਖਦਾ ਜਾ ਰਿਹਾ ਹੈ। ਮਹਾਰਾਸ਼ਟਰ ਦੇ ਮੁਲੂੰਡ ਵਿਧਾਨ ਸਭਾ ਹਲਕੇ ਤੋਂ ਭਾਜਪਾ ਵਿਧਾਇਕ ਤਾਰਾ ਸਿੰਘ ਨਾ ਸਿਰਫ ਇਕ ਗੈਰ ਅੰਮ੍ਰਿਤਧਾਰੀ ਸਿੱਖ ਹਨ, ਬਲਕਿ ਉਹ ਪ੍ਰਚਲਿੱਤ ਸਿੱਖ ਮਰਿਆਦਾ ਉਤੇ ਵੀ ਖਰੇ ਨਹੀਂ ਉਤਰ ਰਹੇ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਇਕ ਗੈਰ ਅੰਮ੍ਰਿਤਧਾਰੀ ਸਿੱਖ ਕਿਸੇ ਵੀ ਧਾਰਮਿਕ ਅਸਥਾਨ ਦੇ ਪ੍ਰਬੰਧਾਂ ਹਿੱਤ ਮੁੱਖ ਸੇਵਾਦਾਰ (ਚੇਅਰਮੈਨ) ਨਹੀਂ ਹੋ ਸਕਦਾ।

ਉਨ੍ਹਾਂ ਸਪਸ਼ਟ ਕਿਹਾ ਕਿ ਅੱਜ ਦੇ ਹਾਲਾਤ ਮੁਤਾਬਕ ਜੇਕਰ ਤਾਰਾ ਸਿੰਘ ਨੂੰ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਚੇਅਰਮੈਨ ਵਜੋਂ ਵਾਹਿਗੁਰੂ ਨੇ ਸੇਵਾ ਬਖਸ਼ੀ ਹੈ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਛੇਤੀ ਤੋਂ ਛੇਤੀ ਅੰਮ੍ਰਿਤਪਾਨ ਕਰ ਲੈਣ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਇਥੇ ਤਾਰਾ ਸਿੰਘ ਦੀਆਂ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਦੀਆਂ ਤਸਵੀਰਾਂ ਜਾਰੀ ਕਰਦਿਆਂ ਦੋਸ਼ ਲਾਇਆ ਹੈ ਕਿ ਕੇਂਦਰ ਉਤੇ ਕਾਬਜ਼ ਹੋਈ ਭਾਜਪਾ ਸਰਕਾਰ ਅੰਗਰੇਜ਼ ਹਕੂਮਤ ਦੀ ਤਰਜ਼ ਉਤੇ ਸਿੱਖਾਂ ਦੇ ਗੁਰੂ ਘਰਾਂ 'ਤੇ ਮੁੜ ਭ੍ਰਿਸ਼ਟ ਪ੍ਰਬੰਧਕਾਂ ਨੂੰ ਕਾਬਜ਼ ਕਰਨ ਉਤੇ ਤੁਲੀ ਹੋਈ ਹੈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



M.K. Nijjar DDS

Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- *99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ

ਫੋਨ: 559-897-2323, ਸੈਲ: 209-923-1110

# ਪੰਜਾਬ ਵਿਚ ਸਿਹਤ ਸਹੂਲਤਾਂ ਹੋਈਆਂ ਹੁਣ ਰੱਬ ਆਸਰੇ



**ਚੰਡੀਗੜ੍ਹ:** ਪੰਜਾਬ ਵਿਚ ਲੋਕਾਂ ਨੂੰ ਸਿਹਤ ਸਹੂਲਤਾਂ ਦੇਣਾ ਸਰਕਾਰ ਦੇ ਵੱਸੋਂ ਬਾਹਰ ਹੋ ਗਿਆ ਹੈ। ਆਰਥਿਕ ਮੰਦੀ ਦਾ ਸਾਹਮਣਾ ਕਰ ਰਹੀ ਸਰਕਾਰ ਨੇ ਲੋਕਾਂ ਨੂੰ ਦਵਾਈ-ਦਾਰੂ ਲਈ ਪ੍ਰਾਈਵੇਟ ਹਸਪਤਾਲਾਂ ਦੇ ਵੱਸ ਪਾ ਦਿੱਤਾ ਹੈ। ਸਰਕਾਰੀ ਰਿਕਾਰਡ ਦੱਸਦਾ ਹੈ ਕਿ ਫਰੀਦਕੋਟ ਜ਼ਿਲ੍ਹੇ ਵਿਚ 100 ਬਿਸਤਰਿਆਂ ਵਾਲਾ ਹਸਪਤਾਲ ਮੌਜੂਦ ਹੈ ਪਰ ਇਥੇ ਬਿਸਤਰਿਆਂ ਦੀ ਗਿਣਤੀ 60 ਤੋਂ 70 ਹੀ ਹੈ। ਮੁਹਾਲੀ ਦੇ ਹਸਪਤਾਲ ਵਿਚ 200 ਵਿਚੋਂ 150 ਬਿਸਤਰ ਹਨ। ਇਸੇ ਤਰ੍ਹਾਂ ਬਰਨਾਲੇ ਵਿਚ 100 ਵਿਚੋਂ 70, ਪਟਿਆਲੇ ਦੇ 200 ਦੀ ਥਾਂ 120, ਲੁਧਿਆਣੇ ਵਿਚ 200 ਦੀ ਥਾਂ 100, ਹੁਸ਼ਿਆਰਪੁਰ ਜ਼ਿਲ੍ਹੇ ਵਿਚ 200 ਵਿਚੋਂ 100, ਨਵਾਂਸ਼ਹਿਰ ਵਿਚ 100 ਵਿਚੋਂ 80 ਤੋਂ 90, ਤਰਨਤਾਰਨ 100 ਵਿਚੋਂ 70-80, ਫਾਜਿਲਕਾ ਵਿਚ 100 ਵਿਚੋਂ 50 ਤੋਂ 60 ਬਿਸਤਰੇ ਹੀ ਮੌਜੂਦ ਹਨ। ਦੱਸਣਯੋਗ ਹੈ ਕਿ ਸੰਨ 1945 ਵਿਚ ਪਹਿਲਾਂ ਬੋਹਰ ਕਮੇਟੀ, ਉਸ ਤੋਂ ਬਾਅਦ ਮੁਦਾਲੀਅਰ ਕਮੇਟੀ ਤੇ ਫਿਰ ਕਰਤਾਰ ਸਿੰਘ ਕਮੇਟੀ ਗਠਿਤ ਹੋਈ ਸੀ। ਕਰਤਾਰ ਸਿੰਘ ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਹਰ ਸੂਬੇ ਦੇ ਹਰ ਜ਼ਿਲ੍ਹੇ ਵਿਚ 500-500 ਬੈੱਡਾਂ (ਮੰਜਿਆਂ) ਵਾਲਾ ਸਰਕਾਰੀ ਹਸਪਤਾਲ ਹੋਣਾ ਚਾਹੀਦਾ ਹੈ ਪਰ ਇਹ ਸਿਫਾਰਸ਼ਾਂ ਹੁਣ ਸਿਰਫ ਕਾਗਜ਼ਾਂ ਵਿਚ ਹੀ ਲਾਗੂ ਹਨ।

ਸੂਬੇ ਵਿਚ 1186 ਪੇਂਡੂ ਡਿਸਪੈਂਸਰੀਆਂ ਵਿਚ ਪਿਛਲੇ ਦੋ ਸਾਲ ਤੋਂ ਪੂਰੀਆਂ ਦਵਾਈਆਂ ਨਹੀਂ ਪੁੱਜੀਆਂ ਤੇ ਬਲੱਡ ਪ੍ਰੈਸ਼ਰ ਜਾਂਚਣ ਵਾਲੀਆਂ ਮਸ਼ੀਨਾਂ ਤੇ ਥਰਮੋਮੀਟਰ ਵੀ ਘੱਟ ਹੀ ਵੇਖਣ ਨੂੰ ਮਿਲਦੇ ਹਨ। ਪੀਣ ਵਾਲਾ ਪਾਣੀ ਤੇ ਪਖ਼ਾਨੇ ਨਹੀਂ। ਇਨ੍ਹਾਂ ਡਿਸਪੈਂਸਰੀਆਂ ਵਿਚ ਸਾਲ 2012-13 ਵਿਚ 80 ਲੱਖ ਮਰੀਜ਼ਾਂ ਦਾ ਨਿਰੀਖਣ ਕੀਤਾ ਗਿਆ ਸੀ। ਵਿੱਤੀ ਸਾਲ 2015-16 ਦੇ ਬਜਟ ਵਿਚ ਸੂਬੇ ਦੇ 444 ਸਰਕਾਰੀ ਸਿਹਤ ਕੇਂਦਰਾਂ ਲਈ ਸਿਰਫ ਇਕ ਕਰੋੜ ਰੁਪਏ ਰੱਖੇ ਹਨ। ਸਿਹਤ ਮਾਹਿਰ ਡਾ. ਪੀ.ਐਲ. ਗਰਗ ਅਨੁਸਾਰ ਇਹ ਰਾਸ਼ੀ ਸਰਕਾਰੀ ਸਿਹਤ ਪ੍ਰਣਾਲੀ ਨਾਲ ਇਕ ਕੋਝਾ ਮਜ਼ਾਕ ਹੈ, ਜਦ ਕਿ 20 ਕਰੋੜ ਰੁਪਏ ਦੀ ਲੋੜ ਸੀ।

ਦੂਜੇ ਪਾਸੇ ਸਰਕਾਰੀ ਹਸਪਤਾਲਾਂ ਵਿਚ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਕਿਸੇ ਤੋਂ ਲੁਕੀ ਨਹੀਂ। ਇਕ ਗਾਇਨੀ ਡਾਕਟਰ ਨੂੰ ਇਕ ਦਿਨ ਵਿਚ ਛੇ ਤੋਂ ਸੱਤ ਤੱਕ ਜਣੇਪਾ ਅਪ੍ਰੇਸ਼ਨ ਕਰਨੇ ਪੈ ਰਹੇ ਹਨ। ਗਾਇਨੀ ਡਾਕਟਰ 28, ਆਮ ਸਰਜਨ ਦੀਆਂ 29, ਬਾਲ ਰੋਗਾਂ ਦੇ 119, ਮਨੋਵਿਗਿਆਨ ਦੇ 30, ਮੈਡੀਸਨ ਦੇ 36, ਰੇਡੀਓਲੋਜੀ ਦੇ 38, ਐਨੇਸਥੀਸੀਆ ਦੇ 58 ਤੇ ਚਮੜੀ ਦੇ ਸੱਤ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਸਿਹਤ ਵਿਭਾਗ ਵਿਚੋਂ 175 ਮਾਹਿਰ ਡਾਕਟਰਾਂ ਦੇ ਇਕੋ ਦਿਨ ਇਕੱਠਿਆਂ ਨੌਕਰੀ ਛੱਡ ਦਿੱਤੀ ਸੀ। ਨੌਕਰੀ ਛੱਡਣ ਵਾਲੇ ਡਾਕਟਰਾਂ ਨੂੰ ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲਾਂ ਵਿਚ ਸੀਨੀਅਰ ਰੈਜੀਡੈਂਟ ਦੀ ਨੌਕਰੀ ਮਿਲੀ ਸੀ। ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵੱਲੋਂ 250 ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਭਰਤੀ ਲਈ ਜਨਵਰੀ ਵਿਚ ਅਰਜ਼ੀਆਂ ਮੰਗੀਆਂ ਗਈਆਂ ਸਨ। ਇਨ੍ਹਾਂ ਆਸਾਮੀਆਂ ਲਈ 400 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਤੇ ਚੁਣੇ ਗਏ ਉਮੀਦਵਾਰਾਂ ਵਿਚੋਂ 250 ਸਿਹਤ ਵਿਭਾਗ ਵਿਚ ਤਾਇਨਾਤ ਸਨ।

ਪਹਿਲੇ ਗੇੜ ਵਿਚ ਪੌਣੇ ਦੋ ਸੌ ਮਾਹਿਰ ਡਾਕਟਰਾਂ ਨੇ ਸਿਹਤ ਵਿਭਾਗ ਨੂੰ ਛੱਡ ਕੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵਿਚ ਜੁਆਇੰਨ ਕਰ ਲਿਆ ਸੀ। ਦੂਜੇ ਗੇੜ ਵਿਚ 75 ਹੋਰ ਡਾਕਟਰਾਂ ਵੱਲੋਂ ਵੀ ਸਿਹਤ ਵਿਭਾਗ ਨੂੰ ਅਲਵਿਦਾ ਕਹਿਣ ਦੀ ਤਿਆਰੀ ਹੈ। ਚੁਣੇ ਗਏ ਡਾਕਟਰਾਂ ਨੂੰ 17 ਫਰਵਰੀ ਨੂੰ ਨਿਯੁਕਤੀ ਪੱਤਰ ਮਿਲੇ ਸਨ ਤੇ ਸਿਹਤ ਵਿਭਾਗ ਵੱਲੋਂ ਇਨ੍ਹਾਂ ਨੂੰ ਗੌਰਮਿੰਟ ਮੈਡੀਕਲ ਕਾਲਜਾਂ ਵਿਚ ਤਬਦੀਲ ਕਰਨ ਲਈ ਲਿਖਤੀ ਆਗਿਆ ਦੇ ਦਿੱਤੀ ਗਈ ਹੈ। ਇਨ੍ਹਾਂ ਡਾਕਟਰਾਂ ਦੇ ਨੌਕਰੀ ਛੱਡਣ ਪਿੱਛੋਂ ਸਿਹਤ ਵਿਭਾਗ ਨੇ ਕੋਈ ਨਵੀਂ ਭਰਤੀ ਨਹੀਂ ਕੀਤੀ। ਇਸ ਤੋਂ ਇਲਾਵਾ ਪੰਜਾਬ ਵਿਚ ਪਿਛਲੇ ਵਰ੍ਹੇ ਸਰਕਾਰੀ ਕੈਂਸਰ ਰਾਹਤ ਫੰਡਾਂ ਨੂੰ ਉਡੀਕਦੇ-ਉਡੀਕਦੇ 500 ਮਰੀਜ਼ਾਂ ਦੀ ਮੌਤ ਹੋ ਗਈ। 15 ਨਵੰਬਰ 2011 ਤੋਂ ਮਈ 2014 ਤੱਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਨੂੰ 2950 ਕੈਂਸਰ ਮਰੀਜ਼ਾਂ ਲਈ ਤਕਰੀਬਨ 32 ਕਰੋੜ ਰੁਪਏ ਪ੍ਰਵਾਨ ਹੋ ਕੇ ਆਏ ਸਨ ਪਰ ਉਨ੍ਹਾਂ ਵਿਚੋਂ ਸਿਰਫ ਚਾਰ ਕਰੋੜ ਰੁਪਏ ਹੀ ਕੈਂਸਰ ਮਰੀਜ਼ਾਂ ਤੱਕ ਪਹੁੰਚੇ, ਜਦਕਿ ਉਨ੍ਹਾਂ ਵਿਚੋਂ ਤਕਰੀਬਨ 637 ਕੈਂਸਰ ਮਰੀਜ਼ਾਂ ਨੂੰ ਇਕ ਰੁਪਈਆ ਵੀ ਨਹੀਂ ਮਿਲਿਆ।

### ਡਾਕਟਰਾਂ ਨੇ ਸਰਕਾਰੀ ਨੌਕਰੀ ਤੋਂ ਕੀਤਾ ਕਿਨਾਰਾ

ਸਿਹਤ ਵਿਭਾਗ ਵਿਚ ਮਾਹਿਰ ਡਾਕਟਰਾਂ ਦੀਆਂ 40 ਫ਼ੀਸਦੀ ਤੋਂ ਜ਼ਿਆਦਾ ਆਸਾਮੀਆਂ ਖ਼ਾਲੀ ਪਈਆਂ ਹਨ, ਜਦੋਂਕਿ ਨਵੇਂ ਡਾਕਟਰ ਲੱਭਣੇ ਮੁਸ਼ਕਲ ਹੋ ਰਹੇ ਹਨ। ਵਿਭਾਗ ਵੱਲੋਂ ਮਾਹਿਰ ਡਾਕਟਰਾਂ ਦੀ ਭਰਤੀ ਲਈ ਵਾਰ-ਵਾਰ ਇੰਟਰਵਿਊ ਰੱਖੀ ਗਈ ਹੈ ਪਰ ਵੱਡੀ ਗਿਣਤੀ ਉਮੀਦਵਾਰ ਨਿਯੁਕਤੀ ਪੱਤਰ ਲੈਣ ਤੋਂ ਹੀ ਕੰਨੀ ਕਤਰਾ ਜਾਂਦੇ ਹਨ।

ਸਿਹਤ ਵਿਭਾਗ ਵੱਲੋਂ ਮਾਹਿਰ ਡਾਕਟਰ ਲੱਭਣ ਵਾਸਤੇ ਰਾਜ ਤੋਂ ਬਾਹਰ ਦਿੱਲੀ ਵਿਚ ਵੀ ਇੰਟਰਵਿਊ ਰੱਖੀ ਗਈ ਸੀ ਪਰ ਡੇਢ ਦਰਜਨ ਉਮੀਦਵਾਰ ਇੰਟਰਵਿਊ ਦੇ ਕੇ ਵੀ ਡਿਊਟੀ ਦੇਣ ਲਈ ਰਾਜ਼ੀ ਨਹੀਂ ਹੋਏ ਹਨ। ਇਸ ਦਾ ਕਾਰਨ ਸਰਕਾਰ ਵੱਲੋਂ ਮਾਹਿਰ ਡਾਕਟਰਾਂ ਨੂੰ ਦੂਜੇ ਰਾਜਾਂ ਦੇ ਮੁਕਾਬਲੇ ਦਿੱਤੀ ਜਾ ਰਹੀ ਘੱਟ ਤਨਖ਼ਾਹ ਤੇ ਹੋਰ ਸਹੂਲਤਾਂ ਹਨ। ਡਾਕਟਰਾਂ ਨੂੰ ਸਰਕਾਰ ਵੱਲੋਂ ਨੌਕਰੀ ਲਈ ਦਿੱਤਾ ਜਾ ਰਿਹਾ ਮਾਹੌਲ ਵੀ ਭਾਅ ਨਹੀਂ ਰਿਹਾ ਹੈ। ਪੰਜਾਬ ਦੇਸ਼ ਦਾ ਇਕੋ-ਇਕ ਸੂਬਾ ਹੈ, ਜਿਥੇ ਐਮਬੀਬੀਐਸ ਤੇ ਮਾਹਿਰ ਇਕੋ ਜਿੰਨਾ ਸਕੇਲ ਲੈ ਰਹੇ ਹਨ। ਸਰਕਾਰ ਵੱਲੋਂ ਦੋਹਾਂ ਵਰਗਾਂ ਦੇ ਡਾਕਟਰਾਂ ਵਿਚ ਸਿਰਫ ਭੱਤਿਆਂ ਦਾ ਫ਼ਰਕ ਰੱਖਿਆ ਗਿਆ ਹੈ।

## ਸਿੱਖ ਸੰਗਠਨ ਵਲੋਂ ਕੈਨੇਡਾ 'ਚ ਮੋਦੀ ਖਿਲਾਫ ਮੁਕੱਦਮਾ ਚਲਾਉਣ ਦੀ ਮੰਗ

**ਟੋਰਾਂਟੋ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕੈਨੇਡਾ ਦੌਰੇ ਮੌਕੇ ਇਕ ਸਿੱਖ ਸੰਗਠਨ ਨੇ ਕੈਨੇਡਾ ਦੇ ਅਟਾਰਨੀ ਜਨਰਲ ਨੂੰ ਸ਼ਿਕਾਇਤ ਦਰਜ ਕਰਵਾ ਕੇ 2002 ਵਿਚ ਗੁਜਰਾਤ ਵਿਚ ਮੁਸਲਿਮ ਵਿਰੋਧੀ ਦੰਗਿਆਂ ਦੇ ਮਾਮਲੇ ਤਹਿਤ ਕੈਨੇਡਾ ਵਿਚ ਮੋਦੀ ਖਿਲਾਫ ਅਪਰਾਧਿਕ ਮੁਕੱਦਮਾ ਚਲਾਉਣ ਦੀ ਮੰਗ ਕੀਤੀ। ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੇ ਕੈਨੇਡੀਅਨ ਅਟਾਰਨੀ ਜਨਰਲ ਤੇ ਨਿਆਂ ਮੰਤਰੀ ਪੀਟਰ ਮੈਕਾਏ ਕੋਲ 16 ਸਫਿਆਂ ਦਾ ਸ਼ਿਕਾਇਤ ਪੱਤਰ ਦਰਜ ਕਰਵਾ ਕੇ ਮੋਦੀ ਖਿਲਾਫ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ।



ਦੱਸਣਯੋਗ ਹੈ ਕਿ ਸਿੱਖਸ ਫਾਰ ਜਸਟਿਸ ਨੇ ਹੀ ਬੀਤੇ ਸਾਲ ਸਤੰਬਰ ਵਿਚ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਉਸ ਖਿਲਾਫ ਉਥੇ ਮੁਕੱਦਮਾ ਦਾਇਰ ਕੀਤਾ ਸੀ। ਸਿੱਖਸ ਫਾਰ ਜਸਟਿਸ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੇ ਕੈਨੇਡਾ ਤੋਂ ਬਾਹਰ ਅਤਿਆਚਾਰ ਕੀਤੇ ਹਨ, ਪਰ ਕਿਸੇ ਸਮੇਂ ਕੈਨੇਡਾ ਵਿਚ ਹਾਜ਼ਰ ਹੈ, ਤਾਂ ਕੈਨੇਡਾ ਦਾ ਕਾਨੂੰਨ ਉਸ ਖਿਲਾਫ ਮੁਕੱਦਮੇ ਦੀ ਇਜਾਜ਼ਤ ਦਿੰਦਾ ਹੈ। ਸਿੱਖਸ ਫਾਰ ਜਸਟਿਸ ਦੇ ਵਕੀਲ ਮਾਰਲਿਸ ਐਡਵਰਡ ਨੇ ਕਿਹਾ ਕਿ ਭਾਰਤ ਵਿਚ ਮਿਲੀ ਛੋਟ, ਕੈਨੇਡਾ ਦੀ ਸਰਕਾਰ ਨੂੰ ਮੋਦੀ ਤੋਂ ਅੱਤਿਆਚਾਰਾਂ ਤੇ ਕਤਲੇਆਮ ਬਾਰੇ ਜਵਾਬਦੇਹੀ ਤੋਂ ਨਹੀਂ ਰੋਕ ਸਕਦੀ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਕਿ ਮੋਦੀ ਨੂੰ ਭਾਰਤ ਵਿਚ ਕੂਟਨੀਤਿਕ ਛੋਟ ਹਾਸਲ ਹੈ, ਇਸ ਲਈ ਉਨ੍ਹਾਂ ਕੈਨੇਡਾ ਦੇ ਕਾਨੂੰਨ ਤੋਂ ਅਪੀਲ ਕੀਤੀ ਹੈ ਕਿ ਨਰੇਂਦਰ ਮੋਦੀ ਨੂੰ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੇ ਬਦਲੇ ਜਵਾਬਦੇਹ ਬਣਾਇਆ ਜਾਵੇ। ਦੱਸਣਯੋਗ ਹੈ ਕਿ 1973 ਤੋਂ ਮਗਰੋਂ 42 ਸਾਲਾਂ ਬਾਅਦ ਕੋਈ ਭਾਰਤੀ ਪ੍ਰਧਾਨ ਮੰਤਰੀ ਕੈਨੇਡਾ ਦੇ ਦੌਰੇ 'ਤੇ ਜਾ ਰਿਹਾ ਹੈ।

## ਰਾਜਸਥਾਨ 'ਚ ਭੁੱਕੀ ਠੇਕਿਆਂ ਦਾ ਮੁੱਦਾ ਹਾਈਕੋਰਟ ਪੁੱਜਾ

**ਚੰਡੀਗੜ੍ਹ:** ਰਾਜਸਥਾਨ ਵਿਚ ਭੁੱਕੀ ਦੇ ਠੇਕਿਆਂ ਦੀ ਮਿਆਦ ਵਧਾਉਣ ਦਾ ਮਾਮਲਾ ਹੁਣ ਹਾਈਕੋਰਟ ਵਿਚ ਪਹੁੰਚ ਚੁੱਕਾ ਹੈ। ਸੜਕ ਸੁਰੱਖਿਆ ਤੇ ਪੰਜਾਬ, ਹਰਿਆਣਾ ਵਿਚ ਮਾਰਗਾਂ ਕਿਨਾਰੇ ਸ਼ਰਾਬ ਦੇ ਠੇਕਿਆਂ ਵਿਰੁੱਧ ਲਗਾਤਾਰ ਅਦਾਲਤੀ ਲੜਾਈ ਲੜ ਰਹੀ ਗੈਰ ਸਰਕਾਰੀ ਸੰਸਥਾ 'ਅਰਾਈਵ ਸੇਫ' ਵੱਲੋਂ ਇਸ ਬਾਬਤ ਦਾਇਰ ਪਟੀਸ਼ਨ ਉੱਤੇ ਰਾਜਸਥਾਨ ਹਾਈਕੋਰਟ (ਜੈਪੁਰ) ਨੇ ਆਉਂਦੀ 19 ਅਪਰੈਲ ਤੱਕ ਹੀ ਰਾਜਸਥਾਨ ਸਰਕਾਰ, ਆਬਕਾਰੀ ਕੰਟਰੋਲਰ, ਕੇਂਦਰੀ ਨਾਰਕੋਟਿਕਸ ਬਿਊਰੋ, ਕੋਟਾ ਤੇ ਗਵਾਲੀਅਰ (ਮੱਧ ਪ੍ਰਦੇਸ਼) ਦੇ ਕਮਿਸ਼ਨਰਾਂ ਸਣੇ ਕੇਂਦਰ ਸਰਕਾਰ ਦੀ ਜੁਆਬਤਲਬੀ ਕਰ ਲਈ ਹੈ। ਰਾਜਸਥਾਨ ਨਾਰਕੋਟਿਕ ਡਰੱਗ ਤੇ ਸਾਈਕੋਟ੍ਰੋਪਿਕ ਤੱਤ ਨਿਯਮ 1985 ਦੇ ਰੂਲ 45 ਤਹਿਤ ਰਾਜਸਥਾਨ ਵਿਚ ਮੈਡੀਕਲ ਪ੍ਰਵਾਨਗੀ ਦੇ ਆਧਾਰ ਉਤੇ ਪ੍ਰਾਈਵੇਟ ਖ਼ਪਤ ਲਈ ਲੋੜੀਂਦੀ ਮਾਤਰਾ ਵਿਚ ਭੁੱਕੀ ਰੱਖਣ ਦੀ ਇਜਾਜ਼ਤ ਹੈ।

ਪਟੀਸ਼ਨਰ ਅਤੇ 'ਅਰਾਈਵ ਸੇਫ' ਸੰਸਥਾ ਦੇ ਮੁਖੀ ਸ. ਹਰਮਨ ਸਿੰਘ ਸਿੱਧੂ ਵੱਲੋਂ ਕੇਂਦਰ ਸਰਕਾਰ ਦੇ ਉਸ ਫੈਸਲੇ ਦਾ ਹਵਾਲਾ ਲਿਆ ਗਿਆ ਹੈ, ਜਿਸ ਤਹਿਤ ਐਨ.ਡੀ.ਪੀ.ਐਸ. ਐਕਟ 1975 ਦੀ ਧਾਰਾ 74-ਏ ਅਧੀਨ ਰਾਜਸਥਾਨ ਸਰਕਾਰ ਨੂੰ ਮਾਰਚ 2015 ਮਗਰੋਂ ਭੁੱਕੀ (ਐਲ.ਪੀ.ਐਚ.-ਲੈਂਸਡ ਪੋਪੀ ਹੈਡਸ) ਦੀ ਸਰਕਾਰੀ ਵਿਕਰੀ ਬੰਦ ਕਰਨ ਲਈ ਕਿਹਾ ਗਿਆ ਸੀ। ਪਟੀਸ਼ਨਰ ਨੇ ਦੋਸ਼ ਲਾਇਆ ਕਿ ਰਾਜ ਸਰਕਾਰ ਨੇ ਕਾਨੂੰਨ ਤੇ ਸਬੰਧਤ ਨਿਯਮਾਂ ਦੀ ਉਲੰਘਣਾ ਕਰਦਿਆਂ ਸਾਲ 2015-16 ਲਈ ਭੁੱਕੀ ਦੇ ਠੇਕਿਆਂ ਦੇ ਲਾਇਸੈਂਸ ਮੁੜ ਨਿਵਿਆ ਦਿੱਤੇ ਹਨ। ਇਹ ਸਰਾਸਰ ਜ਼ਿਆਦਤੀ ਹੈ ਅਤੇ ਇਸ ਉਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਉਨ੍ਹਾਂ ਅਦਾਲਤ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਬਾਰੇ ਤੁਰੰਤ ਕਾਰਵਾਈ ਕੀਤੀ ਜਾਵੇ।

## ਪਾਣੀ ਤੇ ਪਖਾਨੇ ਦੀ ਸਹੂਲਤ ਵਾਲਾ ਪਹਿਲਾ ਸੂਬਾ ਬਣੇਗਾ ਪੰਜਾਬ

**ਚੰਡੀਗੜ੍ਹ:** ਹਰ ਪੇਂਡੂ ਘਰ ਨੂੰ ਜਲ ਸਪਲਾਈ ਤੇ ਪਖਾਨੇ ਦੀ ਸਹੂਲਤ ਮੁਹੱਈਆ ਕਰਵਾਉਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਨ ਕੰਢੇ ਪਹੁੰਚ ਗਿਆ ਹੈ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਹ ਸਹੂਲਤਾਂ ਅਗਲੇ ਛੇ ਸਾਲਾਂ ਵਿਚ ਮੁਹੱਈਆ ਕਰਵਾਈਆਂ ਜਾਣਗੀਆਂ।

ਵਿਸ਼ਵ ਬੈਂਕ ਨੇ ਹਾਲ ਹੀ ਵਿਚ ਪੇਂਡੂ ਇਲਾਕਿਆਂ ਵਿਚ ਜੀਵਨ ਮਿਆਰ ਵਿਚ ਸੁਧਾਰ ਲਿਆਉਣ ਲਈ ਸੂਬੇ ਦੀਆਂ ਜਲ ਤੇ ਸੈਨੀਟੇਸ਼ਨ ਸੇਵਾਵਾਂ ਦਾ ਪੱਧਰ ਉਚਾ ਚੁੱਕਣ ਵਾਲੇ 2200 ਕਰੋੜ ਰੁਪਏ ਦੇ ਪੰਜਾਬ ਦਿਹਾਤੀ ਜਲ ਤੇ ਸੈਨੀਟੇਸ਼ਨ ਸੈਕਟਰ ਇੰਪਰੂਵਮੈਂਟ ਪ੍ਰੋਜੈਕਟ ਲਈ 1540 ਕਰੋੜ ਰੁਪਏ ਦੇ ਕਰਜ਼ੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰੋਜੈਕਟ ਤਹਿਤ ਪਿੰਡਾਂ ਵਿਚ ਲੋਕਾਂ ਨੂੰ ਰੋਜ਼ਾਨਾ ਘੱਟੋ ਘੱਟ 10 ਘੰਟੇ ਜਲ ਮੁਹੱਈਆ ਕਰਵਾਉਣਾ ਹੈ। ਪਖਾਨੇ ਰਹਿਤ ਘਰਾਂ ਵਿਚ ਪਖਾਨੇ, 315 ਪਿੰਡਾਂ ਵਿਚ ਸੀਵਰੇਜ ਪ੍ਰਣਾਲੀ ਤੇ 121 ਪਿੰਡਾਂ ਵਿਚ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣਾ, ਇਸ ਪ੍ਰਾਜੈਕਟ ਦਾ ਉਦੇਸ਼ ਹੈ। ਇਨ੍ਹਾਂ 121 ਪਿੰਡਾਂ ਵਿਚ ਇਸ ਵੇਲੇ ਪਾਣੀ ਵਿਚ ਯੂਰੇਨੀਅਮ ਤੇ ਹੋਰ ਭਾਰੀ ਧਾਤਾਂ ਪਾਈਆਂ ਗਈਆਂ ਹਨ। ਇਸ ਪ੍ਰੋਜੈਕਟ ਦਾ ਪੰਜਾਬ ਦੇ 80.47 ਲੱਖ ਦਿਹਾਤੀ ਲੋਕਾਂ ਨੂੰ ਸਿੱਧੇ ਤੌਰ ਉਤੇ ਲਾਭ ਮਿਲੇਗਾ। ਇਨ੍ਹਾਂ ਲਾਭਪਾਤਰੀਆਂ ਵਿਚ 40 ਲੱਖ ਔਰਤਾਂ ਤੇ 20.44 ਲੱਖ ਲਾਭਪਾਤਰੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ। ਇਸ ਵੇਲੇ ਸੂਬੇ ਵਿਚ ਛੇ ਲੱਖ 25 ਹਜ਼ਾਰ ਘਰਾਂ ਵਿਚ ਪਖਾਨਿਆਂ ਦੀ ਸਹੂਲਤ ਨਹੀਂ। ਪੰਜਾਬ ਵਿਚ ਪਾਣੀ ਦੀ ਜ਼ਿਆਦਾ ਉਪਲਬਧਤਾ (95 ਫੀਸਦੀ) ਤੇ ਸੈਨੀਟੇਸ਼ਨ (71 ਫੀਸਦੀ) ਹੋਣ ਦੇ ਬਾਵਜੂਦ ਦਿਹਾਤੀ ਇਲਾਕਿਆਂ ਵਿਚ ਪਾਣੀ ਤੇ ਸੈਨੀਟੇਸ਼ਨ ਸੈਕਟਰ ਦੀਆਂ ਗੰਭੀਰ ਚੁਣੌਤੀਆਂ ਹਨ।

## ਬਿੱਟੂ ਔਲਖ ਤੇ ਹੋਰਾਂ ਦੀ ਜ਼ਮਾਨਤ ਪਟੀਸ਼ਨ 'ਤੇ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ (ਬਿਊਰੋ):** ਹਾਈਕੋਰਟ ਵੱਲੋਂ ਜਗਦੀਸ਼ ਭੋਲਾ ਨਸ਼ਾ ਕੇਸ ਦੇ ਸਹਿ ਮੁਲਜ਼ਮ ਤੇ ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਯੂਨਿਟ ਦੇ ਸਾਬਕਾ ਜ਼ਿਲ੍ਹਾ ਆਗੂ ਮਨਜਿੰਦਰ ਸਿੰਘ ਉਰਫ਼ ਬਿੱਟੂ ਔਲਖ ਤੇ ਕਈ ਹੋਰਨਾਂ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਔਲਖ ਤੋਂ ਇਲਾਵਾ ਪਰਮਜੀਤ ਸਿੰਘ ਪੰਮਾ (ਲੁਧਿਆਣਾ ਜੇਲ੍ਹ), ਰਵੀ ਉਰਫ਼ ਅਨਿਲ ਚੌਹਾਨ, ਦੇਵ ਰਾਜ ਉਰਫ਼ ਦੇਵ ਬਹਿਲ, ਦਵਿੰਦਰ ਕਾਂਤ ਸ਼ਰਮਾ, ਤਰਸੇਮ ਸਿੰਘ ਖਿਲਾਫ਼ ਪੁਲਿਸ ਥਾਣਾ ਬਨੂੜ ਤੇ ਲਾਂਬੜਾ ਤਹਿਤ ਐਨ.ਡੀ.ਪੀ.ਐਸ. ਤੇ ਅਸਲਾ ਐਕਟ ਤਹਿਤ ਵੱਖ-ਵੱਖ ਐਫ.ਆਈ.ਆਰ. ਦਰਜ ਹਨ। ਹਾਈਕੋਰਟ ਦੇ ਜਸਟਿਸ ਏ.ਕੇ. ਮਿੱਤਲ ਤੇ ਰੇਖਾ ਮਿੱਤਲ ਵਾਲੇ ਡਵੀਜ਼ਨ ਬੈਂਚ ਵੱਲੋਂ ਇਨ੍ਹਾਂ ਦੀਆਂ ਪੱਕੀਆਂ ਜ਼ਮਾਨਤਾਂ ਦੀਆਂ ਮੰਗ ਤਹਿਤ ਆਈਆਂ ਪਟੀਸ਼ਨਾਂ ਉਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਆਉਂਦੀ 22 ਅਪ੍ਰੈਲ ਲਈ ਨੋਟਿਸ ਜਾਰੀ ਕਰ ਦਿੱਤੇ ਗਏ ਹਨ।

## ਅਟਾਰੀ ਦੀ ਦਰਸ਼ਕ ਗੈਲਰੀ ਦੀ ਹੋਵੇਗੀ ਕਾਇਆ ਕਲਪ

**ਨਵੀਂ ਦਿੱਲੀ:** ਅਟਾਰੀ ਸਰਹੱਦ ਨੂੰ ਵੱਖਰੀ ਦਿਖ ਪ੍ਰਦਾਨ ਕਰਨ ਲਈ ਸੀ.ਪੀ. ਡਬਲਯੂ. ਡੀ ਦਰਸ਼ਕ ਗੈਲਰੀ ਦੇ ਨਿਰਮਾਣ ਲਈ ਵੱਡੇ ਕਦਮ ਚੁੱਕ ਰਹੀ ਹੈ। ਇਸ ਦੇ ਨਿਰਮਾਣ ਨਾਲ ਗੈਲਰੀ ਵਿਚ ਦਰਸ਼ਕਾਂ ਦੇ ਬੈਠਣ ਲਈ ਸੀਟਾਂ ਵਿਚ ਦੁੱਗਣੇ ਨਾਲੋਂ ਵੀ ਜ਼ਿਆਦਾ ਵਾਧਾ ਹੋਵੇਗਾ। ਯੋਜਨਾ ਅਨੁਸਾਰ ਪੰਜਾਬ ਵਿਚ ਅਟਾਰੀ ਸਰਹੱਦ ਉਤੇ ਦਰਸ਼ਕ ਗੈਲਰੀ ਵਿਚ ਦਰਸ਼ਕਾਂ ਦੇ ਬੈਠਣ ਲਈ ਸੀਟਾਂ ਨੂੰ 5000 ਤੋਂ ਵਧਾ ਕੇ 13525 ਕੀਤਾ ਜਾਵੇਗਾ। ਇਸ ਪ੍ਰਾਜੈਕਟ ਦੇ ਦਸੰਬਰ 2016 ਵਿਚ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਪ੍ਰਾਜੈਕਟ ਦੇ ਪਹਿਲੇ ਪੜਾਅ ਤਹਿਤ 24 ਕਰੋੜ ਦੀ ਲਾਗਤ ਨਾਲ ਹੋਣ ਵਾਲੇ ਕੰਮ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਤਹਿਤ ਨਵੀਂ ਗੈਲਰੀ, ਅਜਾਇਬ ਘਰ, ਪ੍ਰਦਰਸ਼ਨੀ ਤੇ ਸੋਵੀਨਾਰ ਲਈ ਸਥਾਨ, 20 ਬੈਡਾਂ ਵਾਲਾ ਆਰਾਮ ਕਰਨ ਲਈ ਹਾਲ, 31 ਸੀਟਾਂ ਵਾਲਾ ਕਾਨਫਰੰਸ ਹਾਲ,



ਰਸੋਈ ਨਾਲ ਡਾਇਨਿੰਗ ਹਾਲ, 11 ਕਮਰੇ ਤੇ ਗਾਰਡਾਂ ਲਈ ਇਕ ਬੈਰਕ ਦੀ ਉਸਾਰੀ ਕੀਤੀ ਜਾਵੇਗੀ। ਯੋਜਨਾ ਅਨੁਸਾਰ ਦਰਸ਼ਕ ਗੈਲਰੀ ਦੇ ਨੇੜੇ 85 ਵਾਹਨ ਖੜ੍ਹੇ ਹੋ ਸਕਣ ਵਾਲੀ ਪਾਰਕਿੰਗ ਵੀ ਮੁਹੱਈਆ ਕਰਵਾਈ ਜਾਵੇਗੀ। ਦੂਜੇ ਪੜਾਅ ਤਹਿਤ ਕੈਫੇਟੇਰੀਆ, ਸੰਗੀਤਕ ਫ਼ੁਹਾਰਾ, ਬੁੱਤ ਵਾਲਾ ਖੇਤਰ, ਯਾਤਰੀਆਂ ਲਈ ਉਡੀਕ ਵਾਲਾ ਖੇਤਰ, ਪਖਾਨੇ, ਯਾਤਰੀਆਂ ਲਈ ਪਾਰਕਿੰਗ ਤੇ ਚਾਰ ਲਿਫ਼ਟਾਂ ਦੇ ਨਾਲ ਕੁਦਰਤੀ ਦਿੱਖ ਦੀ ਉਸਾਰੀ ਕਰਵਾਈ ਜਾਵੇਗੀ।

ਸਾਂਝੀ ਚੈਕ ਪੋਸਟ ਜਿਥੇ ਰੋਜ਼ਾਨਾ ਹਜ਼ਾਰਾਂ ਸੈਲਾਨੀ ਆਉਂਦੇ ਹਨ, ਨੂੰ ਵੱਖਰੀ ਦਿੱਖ ਪ੍ਰਦਾਨ ਕਰਨਾ ਸੀ.ਪੀ. ਡਬਲਯੂ. ਡੀ ਲਈ ਚੁਣੌਤੀ ਭਰਿਆ ਕੰਮ ਹੈ ਕਿਉਂਕਿ ਰਿਟਰੀਟ ਸੈਰੇਮਨੀ ਨੂੰ ਬਿਨਾਂ ਪ੍ਰਭਾਵਿਤ ਕੀਤਿਆਂ ਉਥੇ ਪਹਿਲਾਂ ਮੌਜੂਦ ਗੈਲਰੀ ਨੂੰ ਤੋੜ ਕੇ ਨਵੀਂ ਗੈਲਰੀ ਦੀ ਉਸਾਰੀ ਕੀਤੀ ਜਾਣੀ ਹੈ। ਇਹ ਕੰਮ ਵੱਖ-ਵੱਖ ਬਲਾਕਾਂ ਵਿਚ ਵੰਡ ਕੇ ਕੀਤਾ ਜਾਵੇਗਾ ਤਾਂ ਜੋ ਨਿਰਮਾਣ ਕਾਰਜਾਂ ਦੌਰਾਨ ਸੈਲਾਨੀਆਂ ਦੇ ਬੈਠਣ ਲਈ ਲੋੜੀਂਦੀ ਜਗ੍ਹਾ ਵੀ ਉਪਲੱਬਧ ਕਰਵਾਈ ਜਾ ਸਕੇ। ਇਸ ਨਵੀਂ ਦਰਸ਼ਕ ਗੈਲਰੀ ਦਾ ਨੀਂਹ ਪੱਥਰ 22 ਮਾਰਚ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅਟਾਰੀ ਦੌਰੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰਾਂ ਦੀ ਮੌਜੂਦਗੀ ਵਿਚ ਰੱਖਿਆ ਸੀ।

# ਨੇਤਾ ਜੀ ਦੇ ਪਰਿਵਾਰ ਦੀ ਜਾਸੂਸੀ ਤੋਂ ਸਿਆਸਤ ਭਖੀ


**ਨਵੀਂ ਦਿੱਲੀ:** ਇੰਟੈਲੀਜੈਂਸ ਬਿਊਰੋ (ਆਈ.ਬੀ.) ਵੱਲੋਂ ਹਾਲ ਹੀ ਜਾਰੀ ਕੀਤੇ ਗਏ ਪੁਰਾਣੇ ਰਿਕਾਰਡ ਵਿਚ ਖੁਲਾਸਾ ਹੋਇਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਸਮੇਂ ਆਈ.ਬੀ. ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਰਿਸ਼ਤੇਦਾਰਾਂ 'ਤੇ ਦੋ ਦਹਾਕਿਆਂ ਤੱਕ ਤਿੱਖੀ ਨਜ਼ਰ ਰੱਖੀ ਸੀ। ਇਸ ਖੁਲਾਸੇ ਤੋਂ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਆਈ.ਬੀ. ਵੱਲੋਂ ਜਾਰੀ ਕੀਤੇ ਗਏ ਰਿਕਾਰਡ ਮੁਤਾਬਕ ਆਈ.ਬੀ. ਨੇ ਤਕਰੀਬਨ 20 ਸਾਲ (1948 ਤੋਂ 1968) ਤੱਕ ਨੇਤਾ ਜੀ ਦੇ ਭਰਾ ਸਰਤ ਚੰਦਰ ਬੋਸ ਦੇ ਪੁੱਤਰਾਂ ਸਿਸਿਰ ਕੁਮਾਰ ਬੋਸ ਤੇ ਅਮੀਆ ਨਾਥ ਬੋਸ ਦੀ ਜਾਸੂਸੀ ਕੀਤੀ।

ਦੱਸਣਯੋਗ ਹੈ ਕਿ ਇਨ੍ਹਾਂ 20 ਸਾਲਾਂ ਵਿਚੋਂ 16 ਸਾਲ ਤੱਕ ਪ੍ਰਧਾਨ ਮੰਤਰੀ ਸ੍ਰੀ ਨਹਿਰੂ ਸਨ। ਹੁਣ ਕੌਮੀ ਪੁਰਾਲੇਖ ਕੋਲ ਮੌਜੂਦ ਇਸ ਫਾਈਲ ਵਿਚ ਕਿਹਾ ਗਿਆ ਹੈ ਕਿ ਵੁੱਡਬਰਨ ਪਾਰਕ ਤੇ 38/2 ਇਲਗਿਨ ਰੋਡ ਉਤੇ ਸਥਿਤ ਮਕਾਨ ਵਿਚ ਰਹਿੰਦੇ ਨੇਤਾ ਜੀ ਦੇ ਪਰਿਵਾਰਕ ਮੈਂਬਰਾਂ ਉਤੇ ਨਜ਼ਰ ਰੱਖੀ ਗਈ ਸੀ। ਨੇਤਾ ਜੀ ਦੀ ਰਿਸ਼ਤੇਦਾਰ ਤੇ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਸੁਗਾਤਾ ਬੋਸ ਨੇ ਕਿਹਾ ਹੈ ਕਿ ਜਾਸੂਸੀ ਦੌਰਾਨ ਉਸ ਪਿਤਾ ਤੇ ਚਾਚੀ (ਨੇਤਾ ਜੀ ਦੀ ਪਤਨੀ) ਦੇ ਨਿੱਜੀ ਪੱਤਰਾਂ ਨੂੰ ਖੋਲ੍ਹ ਕੇ ਪੜ੍ਹਿਆ ਗਿਆ ਤੇ ਕਾਪੀ ਕੀਤਾ ਗਿਆ।

ਇਹ ਸੰਤੁਤਰਤਾ ਸੰਗਰਾਮੀਆਂ ਤੇ ਸੰਗਰਾਮੀ ਲਹਿਰ ਲਈ ਬੇਹੱਦ ਸ਼ਰਮਨਾਕ ਹੈ। ਨੇਤਾ ਜੀ ਦੇ ਪਰਿਵਾਰ ਦੀ ਜਾਸੂਸੀ 'ਤੇ ਚਿੰਤਾ ਤੇ ਹੈਰਾਨੀ ਜ਼ਾਹਿਰ ਕਰਦਿਆਂ ਭਾਜਪਾ ਨੇ ਕਾਂਗਰਸ 'ਤੇ ਹਮਲਾ ਬੋਲਦਿਆਂ ਕਿਹਾ ਕਿ ਵਿਰੋਧੀ ਪਾਰਟੀਆਂ ਦੀ ਜਾਸੂਸੀ ਕਰਨਾ ਇਸ ਪਾਰਟੀ ਦੇ ਡੀ.ਐਨ.ਏ. ਵਿਚ ਹੈ।

ਪੰਡਿਤ ਨਹਿਰੂ ਦੀ ਸਰਕਾਰ ਸਮੇਂ ਨੇਤਾ ਜੀ ਦੇ ਪਰਿਵਾਰ ਦੀ ਜਾਸੂਸੀ ਕੀਤੇ ਜਾਣ ਦੀਆਂ ਰਿਪੋਰਟਾਂ ਨੂੰ ਰੱਦ ਕਰਦਿਆਂ ਕਾਂਗਰਸ ਨੇ ਨਰੇਂਦਰ ਮੋਦੀ 'ਤੇ ਕੌਮੀ ਨੇਤਾਵਾਂ ਨੂੰ ਬਦਨਾਮ ਕਰਨ ਲਈ ਕੁਝ ਚੋਣਵੇਂ ਤੇ ਗਲਤ ਤੱਥਾਂ ਨੂੰ ਲੀਕ ਕਰਾਉਣ ਦਾ ਦੋਸ਼ ਲਾਇਆ ਹੈ। ਨੇਤਾ ਜੀ ਦੇ ਰਿਸ਼ਤੇਦਾਰ ਚੰਦਰਾ ਬੋਸ ਦਾ ਕਹਿਣਾ ਹੈ ਕਿ ਉਸ ਦਾ ਭਰਾ ਸੂਰਯ ਕੁਮਾਰ ਬੋਸ ਪ੍ਰਧਾਨ ਮੰਤਰੀ ਨਾਲ ਮੀਟਿੰਗ ਦੌਰਾਨ ਨੇਤਾ ਦੇ ਭੇਤਭਰੀ ਹਾਲਤ ਵਿਚ ਲਾਪਤਾ ਹੋਣ ਬਾਰੇ ਫਾਈਲਾਂ ਨੂੰ ਜਾਰੀ ਕਰਨ ਦੀ ਮੰਗ ਕਰੇਗਾ। ਜਾਸੂਸੀ ਉਤੇ ਹੈਰਾਨੀ ਜ਼ਾਹਿਰ ਕਰਦਿਆਂ ਕੇਂਦਰੀ ਮੰਤਰੀ ਐਮ. ਵੈਂਕਈਆ ਨਾਇਡੂ ਨੇ ਇਸ ਮਾਮਲੇ ਦੀ ਮੁਕੰਮਲ ਪੜਤਾਲ ਕੀਤੇ ਜਾਣ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਬਰਤਾਨਵੀ ਸਾਮਰਾਜ ਵੱਲੋਂ ਨੇਤਾ ਜੀ ਨੂੰ ਘਰ ਵਿਚ ਨਜ਼ਰਬੰਦ ਕੀਤਾ ਗਿਆ ਸੀ। ਭਾਰਤ ਦੀ ਆਜ਼ਾਦੀ ਲਈ 1941 ਵਿਚ ਉਹ ਵਿਦੇਸ਼ੀ ਸਮਰਥਨ ਲਈ ਭਾਰਤ ਤੋਂ ਫਰਾਰ ਹੋ ਗਏ ਸਨ। ਜਾਪਾਨ ਦੀ ਮਦਦ ਨਾਲ ਇੰਡੀਅਨ ਨੈਸ਼ਨਲ ਆਰਮੀ ਬਣਾਉਣ ਬਾਅਦ ਨੇਤਾ ਜੀ ਸਾਲ 1945 ਵਿਚ ਲਾਪਤਾ ਹੋ ਗਏ ਸਨ। ਨੇਤਾ ਜੀ ਦੇ ਲਾਪਤਾ ਹੋਣ ਦਾ ਭੇਤ ਅੱਜ ਤੱਕ ਬਰਕਰਾਰ ਹੈ।



### ਨੇਤਾ ਜੀ ਦੀ ਮੌਤ ਬਾਰੇ ਸਰਕਾਰ ਕੋਲ ਸੀ ਪੁਖਤਾ ਜਾਣਕਾਰੀ

ਇਹ ਵੀ ਖੁਲਾਸਾ ਹੋਇਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ ਮੰਨ ਲਿਆ ਸੀ ਕਿ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਮੌਤ ਹੋ ਚੁੱਕੀ ਹੈ। ਇੰਦਰਾ ਗਾਂਧੀ ਦੇ ਸਰਕਾਰੀ ਦਫ਼ਤਰ ਤੋਂ ਰਾਸ਼ਟਰੀ ਲੇਖਾਗਾਰ ਨੂੰ ਭੇਜੀ ਗਈ ਚਿੱਠੀ ਵਿਚ ਨੇਤਾਜੀ ਦੀਆਂ ਅਸਥੀਆਂ ਨੂੰ ਜਾਪਾਨ ਤੋਂ ਭਾਰਤ ਲਿਆਉਣ ਦਾ ਜ਼ਿਕਰ ਹੈ, ਜਦੋਂ ਕਿ ਹੁਣ ਤੱਕ ਇਹ ਸਾਬਤ ਹੀ ਨਹੀਂ ਹੋ ਸਕਿਆ ਕਿ ਨੇਤਾਜੀ ਦੀ ਮੌਤ ਕਦੋਂ ਤੇ ਕਿਵੇ ਹੋਈ ਸੀ। ਇਸਦੇ ਨਾਲ ਹੀ ਇੰਦਰਾ ਗਾਂਧੀ ਦੀ ਸਰਕਾਰ ਸਮੇਂ ਨੇਤਾਜੀ ਨਾਲ ਸਬੰਧਤ ਦੋ ਫਾਇਲਾਂ ਗੁਆਚ ਗਈਆਂ ਸਨ ਤੇ ਦੋ ਫਾਇਲਾਂ ਨਸ਼ਟ ਕਰ ਦਿੱਤੀਆਂ ਗਈਆਂ ਸਨ।

### ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੀ ਵੀ ਹੁੰਦੀ ਰਹੀ ਸੀ ਜਾਸੂਸੀ

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਨੇ ਅੱਜ ਇਥੇ ਪ੍ਰਗਟਾਵਾ ਕੀਤਾ ਕਿ ਆਜ਼ਾਦੀ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਵੀ ਲੰਬਾ ਸਮਾਂ ਖੁਫ਼ੀਆ ਏਜੰਸੀਆਂ ਦੀ ਨਿਗਰਾਨੀ ਵਿਚ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਭਾਰਤ ਦੇ ਕ੍ਰਾਂਤੀਕਾਰੀਆਂ ਨਾਲ ਸਬੰਧਤ ਸਾਰੇ ਗੁਪਤ ਦਸਤਾਵੇਜ਼ਾਂ ਨੂੰ ਜਨਤਕ ਕੀਤਾ ਜਾਵੇ।

ਅਭੈ ਸਿੰਘ ਸੰਧੂ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਕੁਲਬੀਰ ਸਿੰਘ ਸੰਧੂ ਦੀ ਜਦੋਂ ਤੱਕ ਮੌਤ ਨਹੀ ਹੋ ਗਈ, ਉਦੋਂ ਤੱਕ ਖੁਫੀਆ ਏਜੰਸੀਆਂ ਉਨ੍ਹਾਂ ਦੀ ਜਾਸੂਸੀ ਕਰਦੀਆਂ ਰਹੀਆਂ ਹਨ। ਅਭੈ ਸਿੰਘ ਸੰਧੂ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ, ਕ੍ਰਾਂਤੀਕਾਰੀਆਂ ਦੇ ਪਰਿਵਾਰਾਂ ਦੇ ਨਾਲ ਸਬੰਧਤ ਗੁਪਤ ਦਸਤਾਂਵੇਜ਼ਾਂ ਨੂੰ ਜਨਤਕ ਨਹੀਂ ਕਰੇਗੀ ਤਾਂ ਉਹ ਕਾਨੂੰਨ ਦਾ ਸਹਾਰਾ ਲੈਣਗੇ ਤੇ ਹੋਰ ਢੰਗ ਤਰੀਕੇ ਵੀ ਤਲਾਸ਼ੇ ਜਾਣਗੇ।

ਉਨ੍ਹਾਂ ਨੇ ਕਾਨੂੰਨੀ ਮਹਿਰਾਂ ਦੇ ਵਿਚਾਰ ਵਿਟਾਂਦਰੇ ਤੋਂ ਬਾਅਦ ਸਭ ਤੋਂ ਪਹਿਲਾਂ ਆਰਟੀਆਈ ਰਾਹੀਂ ਕੇਂਦਰ ਸਰਕਾਰ ਤੋਂ ਜਾਣਕਾਰੀ ਹਾਸਲ ਕਰਨ ਦਾ ਫੈਸਲਾ ਕੀਤਾ ਹੈ। ਜੇਕਰ ਕੇਂਦਰ ਸਰਕਾਰ ਇਨਕਾਰ ਕਰੇਗੀ ਤਾਂ ਫਿਰ ਹਾਈਕੋਰਟ ਤੇ ਫਿਰ ਸੁਪਰੀਮ ਕੋਰਟ ਵੀ ਜਾਣਗੇ।

## ਸੰਯੁਕਤ ਰਾਸ਼ਟਰ ਦੇ ਚਾਰ ਅਹਿਮ ਸੰਗਠਨਾਂ ਲਈ ਭਾਰਤ ਦੀ ਚੋਣ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵਿਚ ਭਾਰਤ ਨੇ ਚੋਣ ਜਿੱਤਣ ਦਾ ਆਪਣਾ ਪ੍ਰਭਾਵਸ਼ਾਲੀ ਰਿਕਾਰਡ ਬਰਕਰਾਰ ਰੱਖਦਿਆਂ ਆਰਥਿਕ ਤੇ ਸਮਾਜਿਕ ਮਾਮਲਿਆਂ ਦੀ ਸੰਯੁਕਤ ਰਾਸ਼ਟਰ ਦੀ ਏਜੰਸੀ ਦੀਆਂ ਚਾਰ ਸਬਸਿਡਰੀ ਸੰਸਥਾਵਾਂ ਵਿਚ ਚੋਣਾਂ ਵਿਚ ਜਿੱਤ ਹਾਸਲ ਕੀਤੀ ਹੈ।

ਭਾਰਤ ਨੂੰ ਸੰਯੁਕਤ ਰਾਸ਼ਟਰ ਆਰਥਿਕ ਤੇ ਸਮਾਜਿਕ ਪ੍ਰੀਸ਼ਦ (ਈ. ਸੀ. ਓ. ਐਸ. ਓ. ਸੀ.) ਦੀ ਤਾਲਮੇਲ ਤੇ ਪ੍ਰਬੰਧਨ ਬੈਠਕ ਦੌਰਾਨ ਸਬਸਿਡਰੀ ਸੰਸਥਾਵਾਂ ਵਿਚ ਜ਼ੁਬਾਨੀ ਵੋਟਾਂ ਰਾਹੀਂ ਚੁਣਿਆ ਗਿਆ। ਭਾਰਤ ਨੇ ਇਥੇ ਸੰਯੁਕਤ ਰਾਸ਼ਟਰ ਦਫਤਰ ਵਿਚ ਹੋਈਆਂ ਚੋਣਾਂ ਵਿਚ ਆਪਣੇ 100 ਫੀਸਦੀ ਜਿੱਤ ਦੇ ਰਿਕਾਰਡ ਨੂੰ ਬਰਕਰਾਰ ਰੱਖਿਆ ਹੈ।

ਭਾਰਤ ਨੂੰ 13 ਹੋਰਨਾਂ ਰਾਸ਼ਟਰਾਂ ਦੇ ਨਾਲ ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਬਾਲ ਕੋਸ਼ (ਯੂਨੀਸੇਫ) ਵਿਚ ਜਨਵਰੀ 2016 ਤੋਂ ਤਿੰਨ ਸਾਲਾਂ ਲਈ ਚੁਣਿਆ ਗਿਆ। ਇਸ ਤੋਂ ਇਲਾਵਾ ਭਾਰਤ ਨੂੰ 2016-18 ਲਈ ਵਿਸ਼ਵ ਖੁਰਾਕ ਪ੍ਰੋਗਰਾਮ ਦੇ ਕਾਰਜਕਾਰੀ ਬੋਰਡ ਵਿਚ ਇਕ ਵਾਰ ਫਿਰ ਚੁਣਿਆ ਗਿਆ। ਭਾਰਤ ਦੇ ਨਾਲ ਪੰਜ ਹੋਰਨਾਂ ਦੇਸ਼ਾਂ ਨੂੰ ਵੀ ਇਸ ਬੋਰਡ ਵਿਚ ਚੁਣਿਆ ਗਿਆ ਹੈ। ਭਾਰਤ ਨੂੰ ਜਨਵਰੀ 2016 ਤੋਂ ਤਿੰਨ ਸਾਲ ਦੇ ਲਈ ਅਪਰਾਧ ਰੋਕਥਾਮ ਤੇ ਅਪਰਾਧਿਕ ਨਿਆਂ ਆਯੋਗ (ਸੀ. ਸੀ. ਪੀ. ਸੀ. ਜੇ.) ਵਿਚ ਚੁਣਿਆ ਗਿਆ। ਭਾਰਤ ਤੋਂ ਇਲਾਵਾ ਈਰਾਨ, ਪਾਕਿਸਤਾਨ, ਸਾਊਦੀ ਅਰਬ, ਆਸਟਰੀਆ, ਫਰਾਂਸ, ਸਵੀਡਨ ਤੇ ਸੰਯੁਕਤ ਰਾਸ਼ਟਰ ਸਮੇਤ 19 ਹੋਰਨਾਂ ਦੇਸ਼ਾਂ ਦੀ ਵੀ ਸੀ.ਸੀ.ਪੀ.ਸੀ.ਜੇ. ਵਿਚ ਚੋਣ ਹੋਈ ਹੈ। ਭਾਰਤ ਨੂੰ 2016-2019 ਤੱਕ ਸੰਯੁਕਤ ਰਾਸ਼ਟਰ ਪ੍ਰਵਾਸ ਦੀ ਸੰਚਾਲਨ ਪ੍ਰੀਸ਼ਦ ਵਿਚ ਮੁੜ ਤੋਂ ਚੁਣਿਆ ਗਿਆ ਹੈ।

## ਸਮਾਰਟ ਸਿਟੀ ਯੋਜਨਾ ਲਈ ਪੰਜਾਬ ਵੀ ਕੇਂਦਰ ਕੋਲ ਪੁੱਜਾ

**ਜਲੰਧਰ:** ਕੇਂਦਰ ਸਰਕਾਰ ਦੀ ਦੇਸ਼ ਭਰ ਵਿਚ 100 ਸਮਾਰਟ ਸਿਟੀ ਬਣਾਉਣ ਦੀ ਯੋਜਨਾ ਵਿਚ ਪੰਜਾਬ ਨੇ ਵੀ ਆਪਣੇ ਛੇ ਸ਼ਹਿਰਾਂ ਨੂੰ ਸ਼ਾਮਲ ਕਰਨ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਸਰਕਾਰ ਨੇ ਕੇਂਦਰ ਕੋਲ ਪਹੁੰਚ ਕਰਕੇ ਛੇ ਜ਼ਿਲ੍ਹਿਆਂ ਨੂੰ ਸ਼ਾਮਲ ਕਰਨ ਲਈ ਇਕ ਪੱਤਰ ਵੀ ਲਿਖਿਆ ਹੈ। ਭਾਵੇਂ ਛੇ ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੀ ਯੋਜਨਾ ਵਿਚ ਸ਼ਾਮਲ ਕਰਨਾ ਔਖਾ ਹੈ ਪਰ ਪੰਜਾਬ ਸਰਕਾਰ ਨੂੰ ਉਮੀਦ ਹੈ ਕਿ ਉਸ ਦੇ ਤਿੰਨ ਵੱਡੇ ਸ਼ਹਿਰਾਂ ਨੂੰ ਯੋਜਨਾ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਸਮਾਰਟ ਸਿਟੀ ਲਈ ਸ਼ਹਿਰਾਂ ਦੇ ਸੁਧਾਰ ਲਈ 20 ਸਾਲਾਂ ਦੀ ਯੋਜਨਾ ਬਣਾ ਕੇ ਉਸ ਦਾ ਨਵੀਨੀਕਰਨ ਕੀਤਾ ਜਾਂਦਾ ਹੈ। ਗੁੱਡ ਗਵਰਨਰਸ, ਸਾਲਿਡ ਵੇਸਟ ਪ੍ਰਾਜੈਕਟਾਂ ਤੇ 100 ਫ਼ੀਸਦੀ ਸੀਵਰੇਜ ਤੇ ਪਾਣੀ ਸਪਲਾਈ, ਵਧੀਆ ਟਰਾਂਸਪੋਰਟ ਦੀ ਸਹੂਲਤ ਸਮਾਰਟ ਸਿਟੀ ਵਿਚ ਦਿੱਤੀ ਜਾਏਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਦੇਸ਼ ਭਰ ਵਿਚ ਵਿਦੇਸ਼ ਦੀ ਤਰਜ਼ ਉਤੇ 100 ਸਮਾਰਟ ਸਿਟੀ ਬਣਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਕਰਕੇ ਕਈ ਰਾਜਾਂ ਨੇ ਆਪਣੇ ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੀ ਯੋਜਨਾ ਵਿਚ ਸ਼ਾਮਲ ਕਰਾਉਣ ਲਈ ਯਤਨ ਤੇਜ਼ ਕਰ ਦਿੱਤੇ ਹਨ।

WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪੰਜਾਬ ਦੇ ਬਹੁਤੇ ਸਰਕਾਰੀ ਸਕੂਲ ਕੁਚੱਜੇ ਪ੍ਰਬੰਧਾਂ ਦੇ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਜਿਥੇ ਅਧਿਆਪਕਾਂ ਦੀ ਘਾਟ ਕਾਰਨ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ ਉਥੇ ਇਨ੍ਹਾਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਕੁਚੱਜੇ ਪ੍ਰਬੰਧਾਂ ਕਰਕੇ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਸੂਬੇ ਦੇ 21 ਜ਼ਿਲ੍ਹਿਆਂ ਦੇ ਸਰਕਾਰੀ ਹਾਈ/ਸੈਕੰਡਰੀ ਸਕੂਲਾਂ ਵਿਚ ਪੀਣ ਵਾਲੇ ਪਾਣੀ ਦੇ ਨਮੂਨਿਆਂ ਦੀ ਰਿਪੋਰਟ ਫੇਲ੍ਹ ਆਈ ਹੈ। ਸਭ ਤੋਂ ਬਦਤਰ ਸਥਿਤੀ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਤੇ ਤਰਨਤਾਰਨ ਜ਼ਿਲ੍ਹਿਆਂ ਦੇ ਸਕੂਲਾਂ ਦੀ ਦਰਜ ਕੀਤੀ ਗਈ ਹੈ। ਸਿੱਖਿਆ ਮਹਿਕਮੇ ਵੱਲੋਂ ਪਿਛਲੇ ਦਿਨੀਂ ਜਲ ਸਪਲਾਈ ਵਿਭਾਗ ਦੇ ਸਹਿਯੋਗ ਨਾਲ 22 ਜ਼ਿਲ੍ਹਿਆਂ ਵਿਚ ਤਕਰੀਬਨ ਸਾਢੇ ਛੇ ਹਜ਼ਾਰ ਹਾਈ/ਸੈਕੰਡਰੀ ਸਕੂਲਾਂ ਵਿਚੋਂ ਪਾਣੀ ਦੇ ਨਮੂਨੇ ਲਏ ਗਏ ਸਨ। ਰਿਪੋਰਟ ਮੁਤਾਬਕ ਗੁਰਦਾਸਪੁਰ ਜ਼ਿਲ੍ਹੇ ਵਿਚੋਂ 465 ਸਰਕਾਰੀ ਹਾਈ/ਸੈਕੰਡਰੀ ਸਕੂਲਾਂ ਵਿਚੋਂ ਪਾਣੀ ਦੇ ਨਮੂਨੇ ਲਏ ਗਏ ਸਨ, ਜਿਨ੍ਹਾਂ ਵਿਚੋਂ 105 ਸਕੂਲਾਂ ਦੀ ਰਿਪੋਰਟ ਫੇਲ੍ਹ ਭਾਵ ਸਿਹਤ ਲਈ ਹਾਨੀਕਾਰਕ ਦਰਜ ਕੀਤੀ ਗਈ ਹੈ। ਮੁੱਖ ਮੰਤਰੀ ਦੇ ਹਲਕੇ ਵਾਲੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ 218 ਸਕੂਲਾਂ ਵਿਚੋਂ 86 ਦੀ ਰਿਪੋਰਟ ਫੇਲ੍ਹ ਆਈ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ 531 ਸਕੂਲਾਂ ਵਿਚੋਂ 78, ਅੰਮ੍ਰਿਤਸਰ ਜ਼ਿਲ੍ਹੇ ਦੇ 417 ਸਕੂਲਾਂ ਵਿਚੋਂ 59, ਬਠਿੰਡੇ ਦੇ 274 ਸਕੂਲਾਂ ਵਿਚੋਂ 31, ਫਾਜ਼ਿਲਕਾ ਦੇ 233 ਸਕੂਲਾਂ ਵਿਚੋਂ 62, ਫਰੀਦਕੋਟ ਦੇ 166 ਸਕੂਲਾਂ ਵਿਚੋਂ 90, ਲੁਧਿਆਣਾ ਦੇ 579 ਸਕੂਲਾਂ ਵਿਚੋਂ 35, ਮਾਨਸਾ ਦੇ 190 ਸਕੂਲਾਂ ਵਿਚੋਂ 53, ਮੋਗਾ ਦੇ 239 ਸਕੂਲਾਂ ਵਿਚੋਂ 54, ਪਟਿਆਲਾ ਦੇ 374 ਸਕੂਲਾਂ ਵਿਚੋਂ 39, ਰੂਪਨਗਰ ਦੇ 275 ਸਕੂਲਾਂ ਵਿਚੋਂ 41, ਸੰਗਰੂਰ ਦੇ 358 ਸਕੂਲਾਂ ਵਿਚੋਂ 42, ਤਰਨਤਾਰਨ ਦੇ 266 ਸਕੂਲਾਂ ਵਿਚੋਂ 86, ਫਿਰੋਜ਼ਪੁਰ ਜ਼ਿਲ੍ਹੇ ਦੇ 221 ਸਕੂਲਾਂ ਵਿਚੋਂ 26 ਸ਼ਹੀਦ ਭਗਤ ਸਿੰਘ ਨਗਰ ਦੇ 213 ਸਕੂਲਾਂ ਵਿਚੋਂ ਪੰਜ, ਮੁਹਾਲੀ ਦੇ 211 ਸਕੂਲਾਂ ਵਿਚੋਂ ਛੇ, ਜਲੰਧਰ ਦੇ 491 ਸਕੂਲਾਂ ਵਿਚੋਂ ਅੱਠ, ਕਪੂਰਥਲਾ ਦੇ 277 ਸਕੂਲਾਂ ਵਿਚੋਂ ਚਾਰ, ਫਤਿਹਗੜ੍ਹ ਸਾਹਿਬ ਦੇ 218 ਸਕੂਲਾਂ ਵਿਚੋਂ ਪੰਜ ਤੇ ਬਰਨਾਲਾ ਦੇ 114 ਸਕੂਲਾਂ ਵਿਚੋਂ ਦੋ ਦੀ ਰਿਪੋਰਟ ਫੇਲ੍ਹ ਦਰਜ ਕੀਤੀ ਗਈ ਹੈ। ਇਕੱਲਾ ਪਠਾਨਕੋਟ ਜ਼ਿਲ੍ਹਾ ਅਜਿਹਾ ਹੈ, ਜਿਥੇ 157 ਸਕੂਲਾਂ ਵਿਚੋਂ ਇਕ ਵੀ ਨਮੂਨਾ ਫੇਲ੍ਹ ਦਰਜ ਨਹੀਂ ਕੀਤਾ ਗਿਆ।

ਪੰਜਾਬ ਦੇ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਸੀ. ਰਾਓਲ ਦਾ ਕਹਿਣਾ ਹੈ ਕਿ ਜਿਨ੍ਹਾਂ ਸਕੂਲਾਂ ਦੇ ਨਮੂਨੇ ਫੇਲ੍ਹ ਹੋਏ ਹਨ, ਉਥੇ ਬਹੁਤ ਗੰਭੀਰਤਾ ਨਾਲ ਆਰਜ਼ੀ ਜਾਂ ਪੱਕੇ (ਆਰ.ਓ.) ਪ੍ਰਬੰਧ ਕਰਨ ਦਾ ਕੰਮ ਆਰੰਭ ਦਿੱਤਾ ਗਿਆ ਹੈ। ਅਜਿਹੇ ਪ੍ਰਬੰਧਾਂ ਲਈ ਫੰਡਾਂ ਦੀ ਵੀ ਲੋੜ ਹੈ, ਜਿਸ ਲਈ ਵਿੱਤ ਵਿਭਾਗ ਨੂੰ ਲਿਖਿਆ ਗਿਆ ਹੈ। ਇਸ ਬਾਰੇ ਪੇਂਡੂ ਵਿਕਾਸ ਮਹਿਕਮੇ, ਸਿਹਤ ਵਿਭਾਗ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ ਤੇ ਪਿੰਡਾਂ ਦੀਆਂ ਪੰਚਾਇਤਾਂ ਤੇ ਗੈਰ-ਸਰਕਾਰੀ ਸੰਸਥਾਵਾਂ ਤੋਂ ਵੀ ਸਹਿਯੋਗ ਮੰਗਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਕਾਰਨ ਪੜ੍ਹਾਈ ਦਾ ਪਹਿਲਾਂ ਹੀ ਮੰਦਾ ਹਾਲ ਹੈ। ਸੂਬੇ ਦੇ 1168 ਸਰਕਾਰੀ ਹਾਈ ਸਕੂਲ ਮੁੱਖ ਅਧਿਆਪਕਾਂ ਤੋਂ ਸੱਖਣੇ ਹਨ। ਸਰਕਾਰੀ ਸਕੂਲਾਂ ਵਿਚ ਮੁੱਖ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨ ਲਈ ਸਿੱਖਿਆ ਵਿਭਾਗ ਵੱਲੋਂ ਸੂਬੇ ਦੇ 665 ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਨੂੰ ਤਰੱਕੀ ਦੇ ਕੇ ਮੁੱਖ ਅਧਿਆਪਕ ਵਜੋਂ ਪਦਉਨਤ ਕੀਤਾ ਗਿਆ ਹੈ ਪਰ ਇਨ੍ਹਾਂ ਤਰੱਕੀਆਂ ਦੇ ਬਾਵਜੂਦ ਕਈ ਸਰਕਾਰੀ ਹਾਈ ਸਕੂਲਾਂ ਵਿਚ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਰਹਿ ਜਾਣਗੀਆਂ। ਸਿੱਖਿਆ ਵਿਭਾਗ ਵੱਲੋਂ ਜਿਨ੍ਹਾਂ ਅਧਿਆਪਕਾਂ ਨੂੰ ਪਦਉਨਤ ਕੀਤਾ ਹੈ, ਉਨ੍ਹਾਂ ਵਿਚੋਂ 90 ਅਧਿਆਪਕ ਪਹਿਲਾਂ ਹੀ ਸੇਵਾਮੁਕਤ ਵੀ ਹੋ ਚੁੱਕੇ ਹਨ। ਮਿਲੀ ਜਾਣਕਾਰੀ ਅਨੁਸਾਰ ਮੁੱਖ ਅਧਿਆਪਕਾਂ ਦੀਆਂ ਸਭ ਤੋਂ ਵੱਧ ਖਾਲੀ ਸਕੂਲ ਲੁਧਿਆਣਾ ਤੇ ਜਲੰਧਰ ਜ਼ਿਲ੍ਹੇ ਵਿਚ ਹਨ।

ਲੁਧਿਆਣਾ ਜ਼ਿਲ੍ਹੇ ਵਿਚ 140 ਤੇ ਜਲੰਧਰ ਵਿਚ 131 ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਫਰੀਦਕੋਟ ਵਿਚ 28, ਗੁਰਦਾਸਪੁਰ 54, ਹੁਸ਼ਿਆਰਪੁਰ 60 ਕਪੂਰਥਲਾ 39, ਸੰਗਰੂਰ 72, ਬਠਿੰਡਾ 61, ਮੋਗਾ 56, ਮੁਹਾਲੀ 24, ਪਟਿਆਲਾ 59, ਤਰਤਾਰਨ 79, ਫਾਜ਼ਿਲਕਾ 32, ਫਤਿਹਗੜ੍ਹ ਸਾਹਿਬ 25, ਅੰਮ੍ਰਿਤਸਰ 64, ਰੋਪੜ 32, ਸ਼ਹੀਦ ਭਗਤ ਸਿੰਘ ਨਗਰ 46, ਮੁਕਤਸਰ 44, ਪਠਾਨਕੋਟ ਜ਼ਿਲ੍ਹੇ ਵਿਚ 15, ਮਾਨਸਾ 38 ਤੇ ਬਰਨਾਲਾ ਜ਼ਿਲ੍ਹੇ ਵਿਚ 33 ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਰੋਪੜ ਜ਼ਿਲ੍ਹੇ ਵਿਚ ਭਾਵੇਂ 32 ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ।

### ਬੱਚਿਆਂ ਲਈ ਮੁੱਢਲੀਆਂ ਸਹੂਲਤਾਂ ਤੋਂ ਵੀ ਵੱਟਿਆ ਪਾਸਾ



### ਬੱਚੇ ਮਿਡ-ਡੇ ਮੀਲ ਖਾਣ ਦੇ ਬਾਵਜੂਦ ਸਿਹਤਮੰਦ ਨਹੀਂ

**ਚੰਡੀਗੜ੍ਹ:** ਸ਼ਹਿਰ ਦੀਆਂ ਕਾਲੋਨੀਆਂ ਵਿਚ ਰਹਿੰਦੇ 83 ਫ਼ੀਸਦੀ ਸਕੂਲੀ ਬੱਚੇ ਸਿਹਤਮੰਦ ਨਹੀਂ ਹਨ। ਹਾਲਾਂਕਿ ਉਨ੍ਹਾਂ ਨੂੰ ਸਕੂਲਾਂ ਵਿਚ ਦੁਪਹਿਰ ਦਾ ਖਾਣਾ ਮਿਲਦਾ ਹੈ। ਉਨ੍ਹਾਂ ਦਾ ਬਾਡੀ ਮਾਸ ਇੰਡੈਕਸ 18.5 ਹੈ, ਜੋ ਆਮ ਨਾਲੋਂ ਘੱਟ ਹੈ। ਇਹ ਉਹ ਪੈਮਾਨਾ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਸਬੰਧਤ ਵਿਅਕਤੀ ਦਾ ਭਾਰ ਘੱਟ ਹੈ ਜਾਂ ਵੱਧ ਹੈ। ਭਾਰਤ ਸਰਕਾਰ ਵੱਲੋਂ ਸਕੂਲਾਂ ਵਿਚ ਦੁਪਹਿਰ ਦੇ ਖਾਣੇ ਦੀ ਸਕੀਮ ਦਾ ਇਕ ਮੰਤਵ ਬੱਚਿਆਂ ਨੂੰ ਸਿਹਤਮੰਦ ਰੱਖਣਾ ਵੀ ਸੀ। ਪੰਜਾਬ ਯੂਨੀਵਰਸਟੀ ਦੇ ਅਰਥ ਸ਼ਾਸਤਰ ਵਿਭਾਗ ਤੋਂ ਪੋਸਟ ਡੋਕਟੋਰਲ ਫ਼ੈਲੋ ਨੇ ਆਪਣੇ ਅਧਿਐਨ ਵਿਚ 500 ਬੱਚਿਆਂ, ਜਿਸ ਵਿਚ 250 ਮੁੰਡੇ ਤੇ 250 ਕੁੜੀਆਂ ਸ਼ਾਮਲ ਹਨ, ਉਤੇ ਇਹ ਸਰਵੇ ਕੀਤਾ। 500 ਬੱਚਿਆਂ ਵਿਚ 38 ਅਜਿਹੇ ਹਨ ਜਿਨ੍ਹਾਂ ਨੇ ਕਦੇ ਸਕੂਲ ਵਿਚ ਖਾਣਾ ਨਹੀਂ ਖਾਧਾ। 26 ਬੱਚਿਆਂ ਨੇ ਸਕੂਲ ਵਿਚ ਖਾਣਾ ਬੰਦ ਕਰ ਦਿੱਤਾ, ਜਦੋਂ ਕਿ 436 ਅਜੇ ਵੀ ਖਾਣਾ ਲੈ ਰਹੇ ਹਨ। ਦਿਲਚਸਪ ਤੱਥ ਇਹ ਹੈ ਕਿ ਕੁੜੀਆਂ, ਮੁੰਡੀਆਂ ਨਾਲੋਂ ਸਿਹਤਮੰਦ ਪਾਈਆਂ ਗਈਆਂ।

### ਮੁਢਲੀ ਸਿੱਖਿਆ ਪਿੱਛੋਂ ਜ਼ਿਆਦਾਤਰ ਬੱਚੇ ਛੱਡ ਜਾਂਦੇ ਨੇ ਸਕੂਲ

**ਨਵੀਂ ਦਿੱਲੀ:** ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਤਦਾਦ ਵਿਚ 90 ਫੀਸਦੀ ਕਮੀ ਦਰਜ ਕਰਵਾ ਕੇ ਭਾਰਤ ਨੇ ਭਾਵੇਂ 'ਸਭ ਲਈ ਸਿੱਖਿਆ' ਦੇ ਟੀਚੇ ਨੂੰ ਹਾਸਲ ਕਰਨ ਵਿਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ, ਪਰ ਬੱਚਿਆਂ ਨੂੰ ਮੁਢਲੀ ਤੋਂ ਅਗਲੇਰੀ ਸਿੱਖਿਆ ਤੱਕ ਲੈ ਜਾਣ ਲਈ ਭਾਰਤ ਨੂੰ ਹਾਲੇ ਵੀ ਕਾਫੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਵੇਗਾ। ਇਹ ਤੱਥ ਨਵੀਂ ਦਿੱਲੀ ਵਿਚ ਯੂਨੈਸਕੋ ਵੱਲੋਂ ਪਿਛਲੇ 15 ਸਾਲਾਂ ਵਿਚ (2000 ਤੋਂ 2015 ਤੱਕ) ਸਭ ਲਈ ਸਿੱਖਿਆ ਬਾਰੇ ਜਾਰੀ ਕੀਤੀ ਆਲਮੀ ਜਾਇਜ਼ਾ ਰਿਪੋਰਟ ਜਾਰੀ ਕਰਨ ਤੋਂ ਬਾਅਦ ਸਾਹਮਣੇ ਆਇਆ। ਯੂਨੈਸਕੋ ਦੇ ਡਾਇਰੈਕਟਰ ਜਨਰਲ ਇਰੀਨਾ ਬੋਕੋਵਾ ਨੇ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਭਾਰਤ ਦੇ ਜ਼ਿਆਦਾਤਰ ਨੌਜਵਾਨ ਜਾਂ ਤਾਂ ਅੱਠਵੀਂ ਜਮਾਤ ਤੱਕ ਪੜ੍ਹੇ ਹੋਏ ਹਨ ਜਾਂ ਇਸ ਤੋਂ ਵੀ ਘੱਟ ਜੋ ਕਿ ਇਕ ਚਿੰਤਾ ਦਾ ਵਿਸ਼ਾ ਹੈ। ਰਿਪੋਰਟ ਮੁਤਾਬਕ 1990 ਤੋਂ 2012 ਦਰਮਿਆਨ ਇਕ ਅਧਿਆਪਕ ਪਿੱਛੇ ਵਿਦਿਆਰਥੀਆਂ ਦੀ ਗਿਣਤੀ ਵਿਚ ਕਾਫੀ ਕਮੀ ਆਈ ਹੈ ਪਰ ਹਾਲੇ ਵੀ ਆਲਮੀ ਪੱਧਰ 'ਤੇ 40 ਲੱਖ ਅਧਿਆਪਕਾਂ ਦੀ ਘਾਟ ਹੈ।

## ਡਿਊਟੀ ਭੁੱਲਣ ਵਾਲੇ ਗ੍ਰੰਥੀ ਜਸਵਿੰਦਰ ਸਿੰਘ ਦਾ ਅਸਤੀਫਾ ਪ੍ਰਵਾਨ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ, ਜਿਸ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕਰ ਲਿਆ ਹੈ।

ਉਨ੍ਹਾਂ ਦੀਆਂ ਸੇਵਾਵਾਂ ਖਤਮ ਹੋ ਗਈਆਂ ਹਨ। ਅਸਤੀਫ਼ੇ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਗਿਆਨੀ ਜਸਵਿੰਦਰ ਸਿੰਘ ਨੇ ਸਿਹਤ ਦੇ ਆਧਾਰ ਉਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ। ਅਸਤੀਫ਼ਾ ਅੰਤ੍ਰਿੰਗ ਕਮੇਟੀ ਵਿਚ ਰੱਖਿਆ ਗਿਆ ਸੀ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕਰ ਲਿਆ। ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਗਿਆਨੀ ਜਸਵਿੰਦਰ ਸਿੰਘ ਨੇ ਸਿਹਤ ਦੇ ਆਧਾਰ ਉਤੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ ਪਰ ਇਸ ਪਿਛੇ ਅਸਲੀਅਤ ਕੁਝ ਹੋਰ ਹੈ। ਸੂਤਰਾਂ ਮੁਤਾਬਕ ਉਨ੍ਹਾਂ ਕੋਲੋਂ ਇਹ ਅਸਤੀਫਾ ਮੰਗਿਆ ਗਿਆ ਹੈ ਕਿਉਂਕਿ ਪਿਛਲੇ ਹਫਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਅਰੰਭਤਾ ਸਮੇਂ ਇਹ ਗ੍ਰੰਥੀ ਡਿਊਟੀ 'ਤੇ ਨਹੀਂ ਪੁੱਜੇ ਸਨ, ਜਿਸ ਕਾਰਨ ਪਾਵਨ ਸਰੂਪ ਨੂੰ ਸ੍ਰੀ ਅਕਾਲ ਤਖ਼ਤ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆਉਣ ਵਿਚ ਤਕਰੀਬਨ 15 ਮਿੰਟ ਦੀ ਦੇਰ ਹੋ ਗਈ ਸੀ।

## ਰੁਲਦਾ ਸਿੰਘ ਕੇਸ ਵਿਚ ਤਾਰੇ ਖਿਲਾਫ ਚਲਾਨ ਪੇਸ਼

**ਪਟਿਆਲਾ:** ਜ਼ਿਲ੍ਹਾ ਪੁਲਿਸ ਨੇ ਰਾਸ਼ਟਰੀ ਸਿੱਖ ਸੰਗਤ ਦੇ ਸਾਬਕਾ ਪ੍ਰਧਾਨ ਰੁਲਦਾ ਸਿੰਘ ਦੇ ਕਤਲ ਕੇਸ ਵਿਚ ਖਾਲਿਸਤਾਨ ਟਾਈਗਰ ਫੋਰਸ ਦੇ ਆਗੂ ਜਗਤਾਰ ਸਿੰਘ ਤਾਰਾ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ।

ਇਸ ਕੇਸ ਵਿਚ ਉਸ ਖਿਲਾਫ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਗਿਆ, ਜੋ ਥਾਣਾ ਤ੍ਰਿਪੜੀ ਦੇ ਐਸ.ਐਚ.ਓ. ਇੰਸਪੈਕਟਰ ਰਾਜੇਸ਼ ਛਿੱਬੜ ਨੇ ਇਥੇ ਜੁਡੀਸ਼ਲ ਮੈਜਿਸਟਰੇਟ ਜਗਮੀਤ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ। ਰੁਲਦਾ ਸਿੰਘ ਨੂੰ 29 ਸਤੰਬਰ 2009 ਨੂੰ ਅਣਪਛਾਤੇ



ਵਿਅਕਤੀਆਂ ਨੇ ਗੋਲੀਆਂ ਮਾਰ ਦਿੱਤੀਆਂ ਸਨ ਤੇ ਫਿਰ 15 ਅਗਸਤ ਨੂੰ ਉਸ ਦੀ ਮੌਤ ਹੋ ਗਈ ਸੀ। ਇਸ ਕੇਸ ਵਿਚ ਗ੍ਰਿਫਤਾਰ ਕੀਤੇ ਦਰਸ਼ਨ ਸਿੰਘ ਮਕਾਰੋਂਪੁਰ, ਜਗਮੋਹਨ ਸਿੰਘ ਵਾਸੀ ਮੁਹੱਲਾ ਸਿੰਘਪੁਰਾ ਬਸੀ, ਦਲਜੀਤ ਸਿੰਘ ਵਾਸੀ ਸੈਕਟਰ 6 ਅਰੋਲੀ ਮੁੰਬਈ, ਅਮਰਜੀਤ ਸਿੰਘ ਵਾਸੀ ਨੰਗਲ ਤੇ ਗੁਰਜੰਟ ਸਿੰਘ ਵਾਸੀ ਖੇੜੀ ਸ਼ੀਸ਼ਗਰਾਂ ਪਿਹੋਵਾ ਨੂੰ ਪਟਿਆਲਾ ਦੀ ਅਦਾਲਤ ਨੇ 27 ਫਰਵਰੀ 2015 ਨੂੰ ਬਰੀ ਕਰ ਦਿੱਤਾ ਸੀ ਪਰ ਤਾਰਾ ਨੂੰ ਇਸ ਕੇਸ ਵਿਚ ਕੁਝ ਮਹੀਨੇ ਪਹਿਲਾਂ ਹੀ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਕਰਕੇ ਉਸ ਖਿਲਾਫ ਹੁਣ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਗਿਆ ਹੈ।

# ਕਸ਼ਮੀਰੀ ਪੰਡਿਤਾਂ ਲਈ ਵੱਖਰੀਆਂ ਕਲੋਨੀਆਂ 'ਤੇ ਸਿਆਸੀ ਖਿੱਚੋਤਾਣ

**ਸ੍ਰੀਨਗਰ/ਜੰਮੂ:** ਜੰਮੂ ਕਸ਼ਮੀਰ ਵਿਚ ਕੇਂਦਰ ਸਰਕਾਰ ਵੱਲੋਂ ਕਸ਼ਮੀਰੀ ਪੰਡਿਤਾਂ ਲਈ ਸਾਂਝੀਆਂ ਬਸਤੀਆਂ ਵਸਾਉਣ ਦੀ ਯੋਜਨਾ ਦੇ ਐਲਾਨ ਨਾਲ ਹੀ ਵਾਦੀ ਵਿਚ ਸਿਆਸਤ ਭਖ ਗਈ ਹੈ। ਮੁੱਖ ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਵੱਖਵਾਦੀ ਗੁਟਾਂ ਨੇ ਵੀ ਸਰਕਾਰ ਦੀ ਇਸ ਯੋਜਨਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਨਾਲ ਲੋਕ ਵੰਡੇ ਜਾਣਗੇ ਤੇ ਸੁਰੱਖਿਆ ਨੂੰ ਵੀ ਖ਼ਤਰਾ ਖੜ੍ਹਾ ਹੋ ਜਾਏਗਾ।

ਨੈਸ਼ਨਲ ਕਾਨਫਰੰਸ (ਐਨ.ਸੀ.) ਨੇ ਕਿਹਾ ਹੈ ਕਿ ਪਾਰਟੀ ਵਾਦੀ ਅੰਦਰ ਕਿਸੇ ਵੱਖਰੇ 'ਹੋਮਲੈਂਡ' ਖ਼ਿਲਾਫ਼ ਹੈ। ਉਧਰ ਵੱਖਵਾਦੀਆਂ ਨੇ ਕਿਹਾ ਹੈ ਕਿ ਅਜਿਹੀਆਂ ਬਸਤੀਆਂ ਇਸਰਾਈਲ ਵਿਚ ਵਸਾਈਆਂ ਜਾ ਰਹੀਆਂ ਹਨ ਤੇ ਆਰ.ਐਸ.ਐਸ. ਨੇ ਉਨ੍ਹਾਂ ਤੋਂ ਇਹ ਪ੍ਰੇਰਨਾ ਲਈ ਹੈ। ਐਨ.ਸੀ. ਦੇ ਸੀਨੀਅਰ ਆਗੂ ਅਲੀ ਮੁਹੰਮਦ ਸਾਗਰ ਨੇ ਕਿਹਾ ਕਿ ਉਹ ਵੱਖਰੇ ਹੋਮਲੈਂਡ ਦੇ ਪੱਖ ਵਿਚ ਨਹੀਂ।

ਕੇਂਦਰ ਦਾ ਫੈਸਲਾ ਅਹਿਮ ਨਹੀਂ ਹੈ। ਇਹ ਤਾਂ ਲੋਕਾਂ ਵੱਲੋਂ ਸਵੀਕਾਰਿਆ ਜਾਣਾ ਚਾਹੀਦਾ ਹੈ। ਅਜਿਹੇ ਫੈਸਲੇ ਦੀ ਕੀ ਲੋੜ ਹੈ, ਜਿਹੜੇ ਵਾਦੀ ਦੇ ਲੋਕਾਂ ਵਿਚ ਵੰਡੀਆਂ ਪਾਉਂਦਾ ਹੋਵੇ। ਪਾਰਟੀ ਦੇ ਤਰਜਮਾਨ ਨੇ ਕਿਹਾ ਕਿ ਵਾਦੀ ਵਿਚ ਛਾਉਣੀਆਂ ਵਰਗੀਆਂ ਕਾਲੋਨੀਆਂ ਵਸਾਉਣ ਦੀ ਕੀ ਤੁੱਕ ਹੈ। ਜੇ.ਕੇ.ਐਲ.ਐਫ. ਚੇਅਰਮੈਨ ਯਾਸੀਨ ਮਲਿਕ ਨੇ ਕਿਹਾ ਕਿ ਵੱਖਵਾਦੀ ਗੁੱਟ ਤਾਂ ਪਹਿਲਾਂ ਹੀ ਕਸ਼ਮੀਰੀ ਪੰਡਿਤਾਂ ਨੂੰ ਵਾਦੀ ਵਿਚ ਪਰਤਣ ਦੀ ਅਪੀਲ ਕਰਦੇ ਰਹੇ ਹਨ। ਉਹ ਸਰਕਾਰ ਨੂੰ ਕਸ਼ਮੀਰੀ ਪੰਡਿਤਾਂ ਲਈ ਵੱਖਰੀਆਂ ਬਸਤੀਆਂ ਨਹੀਂ ਬਣਾਉਣ ਦੇਵਾਂਗੇ। ਆਰ.ਐਸ.ਐਸ. ਨੇ ਇਸਰਾਈਲ ਤੋਂ ਇਹ ਪ੍ਰੇਰਨਾ ਲਈ ਹੈ। ਉਹ ਲੋਕਾਂ ਨੂੰ ਵੰਡ ਕੇ ਅੱਗ ਭੜਕਾਉਣਾ ਚਾਹੁੰਦੇ ਹਨ ਤੇ ਨਫ਼ਰਤ ਦੀ ਦੀਵਾਰ ਪੈਦਾ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸਈਅਦ ਅਲੀ ਸ਼ਾਹ ਗਿਲਾਨੀ ਸਮੇਤ ਸਾਰੇ ਆਗੂਆਂ ਨੇ ਕਸ਼ਮੀਰੀ ਪੰਡਿਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਵਿਚ ਕਸ਼ਮੀਰੀ ਪੰਡਿਤਾਂ ਦੇ ਮੁੜ ਵਸੇਬੇ ਲਈ ਵੱਖਰੀਆਂ ਬਸਤੀਆਂ ਵਸਾਉਣ ਦੇ ਫ਼ੈਸਲੇ ਤੋਂ ਕਦਮ ਪਿੱਛੇ ਨਹੀਂ ਖਿੱਚੇ ਜਾਣਗੇ। ਇਸ ਤਰ੍ਹਾਂ ਸੂਬੇ ਦੀ ਪੀ.ਡੀ.ਪੀ.-ਭਾਜਪਾ ਸਰਕਾਰ ਵਿਚ ਇਸ ਨਾਜ਼ੁਕ ਮੁੱਦੇ ਉਤੇ ਵੱਖੋ-ਵੱਖਰੀਆਂ ਆਵਾਜ਼ਾਂ ਸੁਣਨ ਨੂੰ ਮਿਲ ਰਹੀਆਂ ਹਨ। ਸ੍ਰੀਨਗਰ ਵਿਚ ਇਸ ਯੋਜਨਾ ਖ਼ਿਲਾਫ਼ ਜੇ.ਕੇ.ਐਲ.ਐਫ਼. ਵੱਲੋਂ ਕੀਤੇ ਗਏ ਮੁਜ਼ਾਹਰੇ ਵਿਚ ਵਾਦੀ ਨਾਲ ਸਬੰਧਤ ਕਸ਼ਮੀਰੀ ਪੰਡਿਤਾਂ ਨੇ ਵੀ ਸ਼ਿਰਕਤ ਕੀਤੀ ਤੇ ਵੱਖਰੀਆਂ ਬਸਤੀਆਂ ਨੂੰ ਗ਼ਲਤ ਕਰਾਰ ਦਿੱਤਾ।

ਦੂਜੇ ਪਾਸੇ ਕੇਂਦਰ ਸਰਕਾਰ ਨੇ ਕਿਹਾ ਕਿ ਇਸ ਮਾਮਲੇ ਉਤੇ ਭਾਵੇਂ ਹਾਲੇ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ ਪਰ ਸਰਕਾਰ ਇਸ ਬਾਰੇ ਵੱਖਵਾਦੀਆਂ ਦੇ ਦਬਾਅ ਹੇਠ ਨਹੀਂ ਆਵੇਗੀ। ਦੂਜੇ ਪਾਸੇ ਜੰਮੂ ਵਿਚ ਕਸ਼ਮੀਰੀ ਪੰਡਿਤਾਂ ਦੀਆਂ ਵੱਖੋ-ਵੱਖ ਜਥੇਬੰਦੀਆਂ ਨੇ ਵੱਖਰੀਆਂ ਬਸਤੀਆਂ ਦਾ ਵਿਰੋਧ ਕਰਨ ਵਾਲੇ ਵੱਖਵਾਦੀਆਂ ਤੇ ਸਿਆਸੀ ਪਾਰਟੀਆਂ ਖ਼ਿਲਾਫ਼ ਮੁਜ਼ਾਹਰਾ ਕੀਤਾ। ਉਨ੍ਹਾਂ ਕਿਹਾ ਕਿ ਵਾਦੀ ਵਿਚ ਇਹ ਬਸਤੀਆਂ ਉਨ੍ਹਾਂ ਦੇ ਪੁਰਅਮਨ ਢੰਗ ਨਾਲ ਰਹਿਣ ਲਈ ਜ਼ਰੂਰੀ ਹਨ।




### 'ਇਸਰਾਈਲ ਵਰਗੀਆਂ ਬਸਤੀਆਂ ਨਹੀਂ ਵੱਸਣ ਦੇਵਾਂਗੇ'

**ਜੰਮੂ:** ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਨੇ ਕਸ਼ਮੀਰੀ ਪੰਡਿਤਾਂ ਲਈ ਵੱਖਰੀਆਂ ਬਸਤੀਆਂ ਦਾ ਵਿਰੋਧ ਜਾਰੀ ਰੱਖਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਭਾਈਚਾਰੇ ਨੂੰ ਵਾਪਸ ਲਿਆਉਣ ਲਈ ਤਾਂ ਵਚਨਬੱਧ ਹੈ ਪਰ ਉਨ੍ਹਾਂ ਲਈ 'ਇਸਰਾਈਲ ਵਰਗੀਆਂ' ਵੱਖਰੀਆਂ ਬਸਤੀਆਂ ਨਹੀਂ ਵਸਾਈਆਂ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਅਸੀਂ ਇਸਰਾਈਲ ਵਰਗੀਆਂ ਬਸਤੀਆਂ ਨਹੀਂ ਵੱਸਣ ਦੇਵਾਂਗੇ ਨਾ ਹੀ ਅਸੀਂ ਉਹ (ਸਾਂਝੀਆਂ ਬਸਤੀਆਂ) ਬਣਨ ਦੇਵਾਂਗੇ ਤੇ ਨਾ ਹੀ ਉਨ੍ਹਾਂ (ਕਸ਼ਮੀਰੀ ਪੰਡਿਤਾਂ) ਨੇ ਇਸ ਦੀ ਮੰਗ ਕੀਤੀ ਹੈ।

### ਮੁੜ ਵਸੇਬੇ ਲਈ ਸਿਆਸਤ ਤੋਂ ਕਸ਼ਮੀਰੀ ਪੰਡਿਤ ਨਿਰਾਸ਼

**ਜੰਮੂ:** ਕਸ਼ਮੀਰੀ ਪੰਡਿਤਾਂ ਨੇ ਘਾਟੀ ਵਿਚ ਉਨ੍ਹਾਂ ਦੀ ਵਾਪਸੀ ਤੇ ਮੁੜ ਵਸੇਬੇ ਨੂੰ ਲੈ ਕੇ ਕੀਤੀ ਜਾ ਰਹੀ ਸਿਆਸਤ ਉਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਲਈ ਅਲੱਗ ਕਾਲੋਨੀਆਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। 80 ਦੇ ਦਹਾਕੇ ਦੇ ਅਖੀਰ ਵਿਚ ਅਤਿਵਾਦੀਆਂ ਹੱਥੋਂ ਮਾਰੇ ਗਏ ਕਈ ਕਸ਼ਮੀਰੀ ਪੰਡਿਤਾਂ ਦੇ ਰਿਸ਼ਤੇਦਾਰਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਕੋਲ ਉਹ ਜਾਇਦਾਦ, ਜਿਹੜੀ ਉਹ ਉਸ ਸਮੇਂ ਦੌਰਾਨ ਪਲਾਇਨ ਦੇ ਸਮੇਂ ਛੱਡ ਆਏ ਸਨ, ਨੂੰ ਵਾਪਸ ਖ਼ਰੀਦਣ ਲਈ ਸਾਧਨ ਨਹੀਂ ਹਨ। ਅਤਿਵਾਦੀਆਂ ਹੱਥੋਂ ਮਾਰੇ ਗਏ ਟੀਕਾ ਲਾਲ ਟਪਲੂ ਦੇ ਪੁੱਤਰ ਆਸ਼ੂਤੋਸ਼ ਟਪਲੂ ਨੇ ਕਿਹਾ ਕਿ ਭਾਈਚਾਰੇ ਲਈ ਵੱਖਰੀਆਂ ਕਾਲੋਨੀਆਂ ਸਮੇਂ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਸਾਡੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਲਈ ਅਸਲ ਵਿਚ ਗੰਭੀਰ ਹਨ ਤਾਂ ਉਨ੍ਹਾਂ ਨੂੰ ਕਾਰਵਾਈ ਕਰਨੀ ਚਾਹੀਦੀ ਹੈ ਤੇ ਵੱਖਰੀਆਂ ਕਾਲੋਨੀਆਂ ਦੀ ਯੋਜਨਾ 'ਤੇ ਅੱਗੇ ਵਧਣਾ ਚਾਹੀਦਾ ਹੈ।

# ਸੰਗੀਤ ਸਮਰਾਟ ਚਰਨਜੀਤ ਆਹੂਜਾ ਦੀਆਂ ਗੱਲਾਂ

ਪੈਸੇ ਵਾਲਿਆਂ ਦੇ ਯਾਰ ਆਮ ਤੌਰ 'ਤੇ ਪੈਸੇ ਵਾਲੇ ਹੀ ਹੁੰਦੇ ਨੇ, ਜਾਂ ਉਹ ਜਿਨ੍ਹਾਂ ਨਾਲ ਰਹਿ ਕੇ ਪੈਸਾ ਹੋਰ ਕਮਾਇਆ ਜਾ ਸਕਦਾ ਹੈ, ਪਰ ਜਿਨ੍ਹਾਂ ਪੈਸੇ ਵਾਲਿਆਂ ਨੇ ਕਲਾ ਤੇ ਕ੍ਰਿਤ ਨਾਲ ਪਿਆਰ ਤੇ ਕਲਾਕਾਰ ਨੂੰ ਹੱਲਾਸ਼ੇਰੀ ਦਿੱਤੀ ਹੈ, ਉਨ੍ਹਾਂ ਦੀ ਹਾਲਤ ਇਹੀ ਬਣਦੀ ਹੈ ਜਿਵੇਂ ਨੱਚ ਕੋਈ ਹੇਠਾਂ ਰਿਹਾ ਹੋਵੇ, ਤੇ ਢੋਲ ਚੁਬਾਰੇ 'ਤੇ ਵੱਜਣ ਲੱਗ ਪਵੇ। ਮਜ਼ਦੂਰਾਂ ਦੇ ਹੱਕ ਖਾਣ ਦਾ ਇਲਜ਼ਾਮ ਭਾਵੇਂ ਲਗਦਾ ਰਿਹਾ ਹੈ, ਪਰ ਸ਼ਾਹ ਜਹਾਂ ਤੇ ਤਾਜ ਮਹਿਲ ਨੂੰ ਬਾਦਸ਼ਾਹ ਤੇ ਕਲਾ ਦੀ ਗਲਵੱਕੜੀ ਕਿਹਾ ਜਾਂਦਾ ਰਹੇਗਾ।

ਪੰਜਾਬੀ ਗਾਇਕੀ ਤੇ ਚਰਨਜੀਤ ਆਹੂਜਾ ਦਾ ਰਿਸ਼ਤਾ ਉਹੀ ਹੈ ਜਿਸ ਦਾ ਮੈਂ ਉਪਰ ਜ਼ਿਕਰ ਕੀਤਾ ਹੈ। ਜਿਸ ਕੰਮ ਨੂੰ ਸਿਆਣੇ ਲੋਕ ਆਮ ਕਰ ਕੇ ਕੰਜਰਖਾਨਾ ਕਹਿੰਦੇ ਸਨ, ਉਸ ਕੰਮ ਨੂੰ ਚਰਨਜੀਤ ਆਹੂਜਾ ਨੇ ਇੱਜ਼ਤ ਤੇ ਸਤਿਕਾਰ ਹੀ ਨਹੀਂ ਦਿਵਾਇਆ, ਸਗੋਂ ਗਾਇਕਾਂ ਨੂੰ ਖਾਣ-ਪੀਣ, ਪਹਿਨਣ, ਵਿਚਰਨ, ਕਮਾਉਣ ਤੇ ਆਪਣਾ ਮੁੱਲ ਪੁਆਉਣ ਦਾ ਹੁਨਰ ਵੀ ਉਸੇ ਨੇ ਲੈ ਕੇ ਦਿੱਤਾ।

ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਲੋਕ ਜਿਸ ਹਸਤੀ ਨੂੰ ਸੰਗੀਤ ਸਮਰਾਟ ਕਹਿੰਦੇ ਹਨ, ਉਹਦੇ ਨਾਲ ਮੈਂ ਪੂਰੇ ਚੌਂਤੀ ਸਾਲ ਵਿਚਰਦਾ ਰਿਹਾ ਹਾਂ। ਨਾਲੇ ਜਿਸ ਜੈ ਦੇਵ, ਬਬਲੂ ਦੀ ਇਸ ਵਕਤ ਮੁੰਬਈ ਵਿਚ ਚੜ੍ਹਾਈ ਹੈ ਤੇ ਜਿਹੜੇ ਪੰਜਾਬ ਦੇ ਗਾਇਕਾਂ ਲਈ ਮਹਿੰਗੇ ਸੰਗੀਤਕਾਰ ਹਨ, ਉਹ ਕਦੇ ਚਰਨਜੀਤ ਨਾਲ ਤੇ ਉਹਦੇ ਲਈ ਕੰਮ ਕਰਦੇ ਰਹੇ ਹਨ। 'ਸਾਗਾ' ਹੋਂਦ ਵਿਚ ਆਉਣ, ਤੇ ਉਸ ਤੋਂ ਪਹਿਲਾਂ 'ਮਿਊਜ਼ਿਕ ਬੈਂਕ' ਦੀ ਬੁਲੰਦੀ ਵੇਲੇ ਇਨ੍ਹਾਂ ਨੂੰ ਆਹੂਜਾ ਕਿਹਾ ਕਰਦਾ ਸੀ, 'ਜਾਓ! ਅਸ਼ੋਕ ਨੂੰ ਚਾਹ ਪਿਆ ਕੇ ਲਿਆਓ।' ਜੈ ਦੇਵ ਹੋਰੀਂ ਵੀ ਮੰਨਦੇ ਹਨ ਤੇ ਚਰਨਜੀਤ ਵੀ ਇਹ ਗੱਲ ਸਵੀਕਾਰਦਾ ਹੈ ਕਿ ਟੀਸੀ ਦਾ ਇਹ ਬੇਰ ਤੋੜਨ ਵਾਲੇ ਉਸ ਤੋਂ ਅਗਲੀ ਗੱਲ ਹਨ।

ਜੇ ਪੰਜਾਬੀ ਗਾਇਕੀ ਦਾ ਬਹੁਤਾ ਲਾਣਾ ਇਸ ਵੇਲੇ ਕੁਰਾਹੇ ਪੈ ਗਿਆ ਹੈ, ਜੇ ਰਿਸ਼ਤੇ ਫੂਕ ਦਿੱਤੇ ਗਏ ਨੇ, ਜੇ ਗਾਇਕ ਵਪਾਰੀ ਬਣ ਗਏ ਨੇ, ਜੇ ਨਿਮਰਤਾ ਤੇ ਸਾਦਗੀ ਨਾਲੋਂ ਫਤੂਰ ਤੇ ਫੁਕਰਾਪਨ ਸਿਰ ਨੂੰ ਆਣ ਚੜ੍ਹਿਆ ਹੈ, ਤਾਂ ਇਸ ਕਰ ਕੇ ਕਿ ਮਰਨ ਤੋਂ ਪਹਿਲਾਂ ਹਰ ਕੋਈ ਸ਼ਹੀਦੀ ਦਾ ਵਟਣਾ ਲਾਉਣ ਦੀ ਤਾਕ ਵਿਚ ਹੈ; ਮਤਲਬ, ਕਈ ਵਿਚਾਰੇ ਗਾਇਕ ਵੀ ਨਹੀਂ ਸਨ, ਪਰ ਲੋਕ ਗਾਇਕ ਅਖਵਾਉਣ ਦੇ ਦਾਅਵੇਦਾਰ ਹੋ ਗਏ। ਪੰਨਾ ਨਾਲ, ਸੋਹਣ ਲਾਲ, ਜਸਵੰਤ ਭੰਵਰਾ ਤੇ ਕੇਸਰ ਸਿੰਘ ਨਰੂਲਾ ਤੋਂ ਬਾਅਦ ਜੇ ਵੰਡ ਤੋਂ ਮਗਰਲੀ ਗਾਇਕੀ ਦਾ ਮੁਲੰਕਣ ਕਰੀਏ ਤਾਂ ਇਸ ਇਨਕਲਾਬ ਦਾ ਸਿਹਰਾ ਚਰਨਜੀਤ ਆਹੂਜਾ ਨੂੰ ਹੀ ਜਾਂਦਾ ਹੈ।



ਚਰਨਜੀਤ ਅਹੂਜਾ ਦੀ ਸ਼ਾਗਿਰਦ ਬਣਨ ਪਿਛੋਂ ਖੰਨੇ ਵਿਚ ਅਮਰ ਨੂਰੀ, ਸੰਗੀਤਾ ਅਹੂਜਾ ਤੋਂ ਮੂੰਹ ਮਿੱਠਾ ਕਰਦੀ ਹੋਈ।

ਰਤਾ ਇਕਾਗਰ ਚਿੱਤ ਹੋ ਕੇ ਦੇਖੋ- ਚਰਨਜੀਤ ਆਹੂਜਾ ਦੇ ਸੰਗੀਤ ਹੇਠ 'ਦਿਲ ਸਾਫ਼ ਹੋਣਾ ਚਾਹੀਦਾ' ਨਾਲ ਗੁਰਦਾਸ ਮਾਨ ਕਿਥੇ ਚਲਾ ਗਿਆ ਸੀ, ਸੁਰਿੰਦਰ ਸ਼ਿੰਦਾ ਨੂੰ 'ਜਿਓਣਾ ਮੌੜ' ਨਾਲ ਲੰਮਾ ਸਮਾਂ ਰਿਜ਼ਰਵ ਬੈਂਕ 'ਤੇ ਹੱਥ ਰੱਖਣ ਵਾਂਗ ਹਾਲਾਤ ਕੀਹਨੇ ਬਣਾਏ ਸਨ, ਚਮਕੀਲੇ ਦੇ ਹਿੱਟ ਗੀਤਾਂ ਦਾ ਕੀ ਰਾਜ਼ ਸੀ, ਹਰਭਜਨ ਮਾਨ 'ਚਿੱਠੀਏ ਨੀ ਚਿੱਠੀਏ' ਨਾਲ ਕਿਥੇ ਅੱਪੜਿਆ ਸੀ, 'ਜਦ ਵਿਛੜੇਂਗੀ ਪਤਾ ਲੱਗ ਜੂ'ਗਾ' ਨਾਲ ਬੁੱਗੇ ਨੂੰ ਕਿੰਨੀ ਵੱਡੀ ਬ੍ਰੇਕ ਮਿਲੀ ਸੀ। ਇਵੇਂ ਹੀ ਦੁਰਗੇ ਰੰਗੀਲੇ ਨੂੰ 'ਖੁਫੀਆ ਜਸ਼ਨ' ਨਾਲ ਚਰਨਜੀਤ ਨੇ ਕੀ ਦਿੱਤਾ ਸੀ, ਕਮਲਜੀਤ ਨੀਰੂ ਦੇ ਹਿੱਟ ਹੋਣ ਦੇ ਕੀ ਰਾਜ਼ ਹਨ। ਹੰਸ ਰਾਜ ਹੰਸ, ਸਰਦੂਲ ਸਿਕੰਦਰ ਤੇ ਸੁਖਵਿੰਦਰ ਨੂੰ ਸਿੱਧੀਆਂ ਪੌੜੀਆਂ ਤਾਂ ਆਹੂਜਾ ਨੇ ਹੀ ਚੜ੍ਹਾਈਆਂ ਹਨ, ਵੱਖਰੀ ਗੱਲ ਹੈ ਕਿ ਵਪਾਰ ਮੰਡੀ ਵਿਚ ਸੌਦਾ ਫਿਰ ਕਈ ਥਾਂ ਮਿਲਣ ਤੇ ਵਿਕਣ ਲੱਗ ਪੈਂਦਾ ਹੈ। ਦੇਬੀ ਮਖਸੂਸਪੁਰੀ, ਦਵਿੰਦਰ ਖੰਨੇਵਾਲਾ, ਸਵਰਨ ਸਿਵੀਆ, ਸੰਜੀਵ ਆਨੰਦ, ਜਸਵੀਰ ਗੁਣਾਚੌਰੀਆ ਤੋਂ ਲਾਲ ਅਠੌਲੀ ਵਾਲੇ ਤੱਕ ਸਾਰੇ ਗੀਤਕਾਰ ਪਹਿਲੀ ਆਰਤੀ ਚਰਨਜੀਤ ਆਹੂਜਾ ਦੀ ਇਸ ਕਰ ਕੇ ਉਤਾਰਦੇ ਰਹਿਣਗੇ, ਕਿਉਂਕਿ ਸ਼ੋਹਰਤ ਦੀ ਤਿੱਲੇ ਵਾਲੀ ਜੁੱਤੀ ਸਭ ਤੋਂ ਪਹਿਲਾਂ ਇਨ੍ਹਾਂ ਦੇ



1994 ਵਿਚ ਅਸ਼ੋਕ ਭੌਰਾ ਨਾਲ ਸ਼ੌਂਕੀ ਮੇਲੇ 'ਤੇ ਚਰਨਜੀਤ ਆਹੂਜਾ। ਵਿਚਕਾਰ ਹਨ ਦਵਿੰਦਰ ਖੰਨੇਵਾਲਾ, ਪਿਛੇ ਹਨ ਦੇਬੀ ਮਖਸੂਸਪੁਰੀ ਤੇ ਖੱਬੇ ਗਾਇਕਾ ਕਮਲਜੀਤ ਨੀਰੂ।

ਪੈਰੀਂ ਪੁਆਈ ਹੀ ਉਸ ਨੇ ਸੀ।

ਇਕ ਅੰਕੜਾ ਪੰਜਾਬੀ ਗਾਇਕੀ ਵਿਚ ਬਣਿਆ ਰਹੇਗਾ ਕਿ 'ਜਿਓਣਾ ਮੌੜ' ਸੁਰਿੰਦਰ ਸ਼ਿੰਦੇ ਦਾ ਹਿੱਟ ਹੋਇਆ, ਪਰ ਉਸ ਦੀ ਇਕ ਨਿਸ਼ਾਨੀ ਚਰਨਜੀਤ ਆਹੂਜਾ ਰਾਹੀਂ ਹੁੰਦੀ ਹੋਈ ਸਰਦੂਲ ਸਿਕੰਦਰ ਕੋਲ ਖੰਨੇ ਸਾਂਭੀ ਪਈ ਹੈ। 'ਜਿਓਣਾ ਮੌੜ' ਨਾਲ ਸ਼ਿੰਦੇ ਦੀ ਸਿਖਰ ਹੋਈ ਤਾਂ ਉਹਨੇ ਚਿੱਟੀ ਅੰਬੈਸਡਰ ਕਾਰ ਚਰਨਜੀਤ ਆਹੂਜਾ ਨੂੰ ਤਾਂ ਪਤਾ ਨਹੀਂ ਕਿੰਨੇ ਦੀ ਵੇਚੀ ਹੋਵੇਗੀ, ਪਰ 'ਰੋਡਵੇਜ਼ ਦੀ ਲਾਰੀ' ਚੜ੍ਹਨ ਪਿਛੋਂ ਸਰਦੂਲ ਨੇ ਇਹ ਕਾਰ ਉਸ ਤੋਂ ਚਾਲੀ ਹਜ਼ਾਰ ਦੀ ਖਰੀਦੀ ਤੇ ਉਹਨੇ ਇਹ ਇਸ ਕਰ ਕੇ ਸਾਂਭੀ ਹੋਈ ਹੈ ਕਿ ਸੰਘਰਸ਼ ਦੀ ਜੰਗ ਦੌਰਾਨ ਨੈਪੋਲੀਅਨ ਵਾਂਗ ਪ੍ਰੇਮਿਕਾ ਦੇ ਖਤ ਵੀ ਮਹੱਤਵਪੂਰਨ ਹੁੰਦੇ ਹਨ।

ਮੇਰਾ ਜਦੋਂ ਵਿਅਕਤੀਗਤ ਰੂਪ ਵਿਚ ਚਰਨਜੀਤ ਆਹੂਜਾ ਨਾਲ ਮੇਲ ਹੋਇਆ ਤਾਂ ਇਹ ਗੱਲ 1981-82 ਦੀ ਹੋਵੇਗੀ। ਸਾਡੀ ਮੁਹੱਬਤ ਨੂੰ ਕਲਿਪ ਇਸ ਕਰ ਕੇ ਲੱਗ ਗਿਆ ਕਿਉਂਕਿ ਦਰਿਆਗੰਜ ਦੀ ਭਰਤ ਰਾਮ ਰੋਡ 'ਤੇ ਸਥਿਤ ਸਟੂਡੀਓ ਵਿਚ ਜਦੋਂ ਮੈਂ ਪੌੜੀਆਂ ਚੜ੍ਹਿਆ ਤਾਂ ਉਹ ਖਾਣਾ ਖਾ ਰਿਹਾ ਸੀ। ਉਦੋਂ 'ਜਿਓਣਾ ਮੌੜ' ਅਤੇ ਮਾਣਕ ਦਾ 'ਜੁਗਨੀ ਯਾਰਾਂ ਦੀ' ਉਹਦੇ ਸੰਗੀਤ ਹੇਠ ਹਿੱਟ ਹੀ ਨਹੀਂ, ਸਗੋਂ ਹਰ ਪੰਜਾਬੀ ਦੇ ਲਬਾਂ 'ਤੇ ਸਨ, ਤੇ ਉਦੋਂ ਉਹਦੇ ਮੂੰਹੋਂ ਪਹਿਲਾ ਸੰਵਾਦ ਸੁਣਿਆ, "ਅਸ਼ੋਕ, ਆ ਜਾ, 'ਕੱਠੇ ਖਾ ਲੈਨੇ ਆਂ ਖਾਣਾ।" ਰੋਟੀ ਤਾਂ ਭਾਵੇਂ ਇਕ ਹੀ ਖਾਧੀ ਸੀ, ਪਰ ਮਹਾਨ ਸੰਗੀਤਕਾਰ ਨਾਲ ਹੱਥ ਘੁੱਟ ਕੇ ਮਿਲਣ ਦੀ ਥਾਂ ਜੁੜ ਹੀ ਗਿਆ ਸੀ।

ਨਾਲ ਲਗਦੀ ਘਟਨਾ ਇਹ ਸੀ ਕਿ ਐਚ.ਐਮ.ਵੀ. ਵਰਗੀ ਵੱਡੀ ਗ੍ਰਾਮੋਫੋਨ ਕੰਪਨੀ ਬਿਰਲਾ ਗਰੁਪ ਦੇ ਹੱਥਾਂ ਵਿਚ ਚਲੇ ਗਈ। ਆਰ.ਪੀ.ਜੀ. (ਰਾਮ ਪ੍ਰਕਾਸ਼ ਗੋਇਨਕਾ) ਉਦੋਂ ਹੀ ਕੰਪਨੀ ਦੀਆਂ ਟੇਪਾਂ ਤੇ ਤਵਿਆਂ ਉਤੇ ਲਿਖਿਆ ਜਾਣ ਲੱਗਾ ਸੀ। ਚਰਨਜੀਤ ਨੇ ਮੈਨੂੰ ਕੁਝ ਫੋਟੋਆਂ ਦਿੱਤੀਆਂ ਜੋ ਗੋਇਨਕਾ ਵਲੋਂ ਇਕ ਖਾਸ ਸਮਾਗਮ ਦੀਆਂ ਸਨ। ਮੈਂ 'ਦਿੱਲੀ ਡਾਇਰੀ' ਬਣਾ ਕੇ ਜਦੋਂ ਬਰਜਿੰਦਰ ਸਿੰਘ ਹਮਦਰਦ ਕੋਲ ਗਿਆ ਤਾਂ ਉਹ ਹੱਸ ਪਏ, 'ਤੂੰ ਬੰਗਿਆਂ ਦੀ ਡਾਇਰੀ ਲਿਖ, ਅਜੇ ਨਿਆਣੈਂ... ਦਿੱਲੀ ਦੀਆਂ ਛਾਲਾਂ ਨਾ ਮਾਰ।' ਖੈਰ! ਇਹ ਡਾਇਰੀ ਛਪਣ ਨਾਲ ਜਿਵੇਂ ਵੱਡੀ ਕੰਪਨੀ ਦਾ ਸੰਗੀਤਕ ਪੱਖ ਮੇਰੇ ਨਾਂ ਇੰਤਕਾਲ ਵਾਂਗ ਚੜ੍ਹ ਗਿਆ ਹੋਵੇ।

ਫਿਰ ਘਰ ਤੋਂ ਦਿੱਲੀ, ਦਿੱਲੀ ਵਿਚ ਐਚ.ਐਮ.ਵੀ. ਤੇ ਉਥੇ ਚਰਨਜੀਤ ਆਹੂਜਾ। ਪੜ੍ਹਾਈ ਨਾਲ ਇਹ ਖਾਹ-ਮਖਾਹ ਸੰਘਰਸ਼ ਸਿਰਫ ਇਸ ਕਰ ਕੇ ਸ਼ੁਰੂ ਹੋ ਗਿਆ ਸੀ ਕਿ ਅੰਦਰ ਦੇਵ ਥਰੀਕਿਆਂ ਵਾਲਾ ਬਣਨ ਦੀਆਂ ਦੁਹਾਈਆਂ ਪੈ ਰਹੀਆਂ ਸਨ। ਜਿਵੇਂ ਮੇਲਿਆਂ ਵਿਚ ਜਨਾਨੀਆਂ ਦੇ ਮੋਢਾ ਮਾਰ ਕੇ ਲੰਘਣਾ ਤਾਂ ਕੁਝ ਨਹੀਂ ਹੁੰਦਾ, ਬੰਦਾ ਜੁੱਤੀਆਂ ਨੂੰ ਥਾਂ ਸਿਰ ਜ਼ਰੂਰ ਕਰ ਲੈਂਦਾ ਹੈ; ਇਵੇਂ ਨਿਆਣ-ਬੁੱਧੀ ਨਾਲ ਇਕ ਗੀਤ ਮੇਰਾ ਵੀ ਰਿਕਾਰਡ ਹੋ ਗਿਆ ਉਹਦੇ ਸੰਗੀਤ ਹੇਠ, ਪਰ ਗਾਉਣ ਵਾਲੀਆਂ ਆਵਾਜ਼ਾਂ ਦੇ ਨਾਂ ਇਸ ਕਰ ਕੇ ਨਹੀਂ ਦੱਸ ਸਕਾਂਗਾ ਕਿ ਜਿੰਨੇ ਕੁ ਮੈਨੂੰ ਸਾਹਿਤਕਾਰ ਮੰਨਦੇ ਹਨ, ਉਹ ਫਿੱਟ ਲਾਹਨਤ ਪਾਉਣਗੇ; ਤੇ ਜਿਹੜੇ ਵਿਰੋਧੀ ਜਾਂ ਸ਼ਰੀਕੇ ਵਿਚੋਂ ਹਨ, ਉਹ ਜੱਖਣਾ ਤੇ ਦਫ਼ਾ ਪੁੱਟ ਦੇਣਗੇ। ਊਂ ਉਸ ਦੋ-ਗਾਣੇ ਦੇ ਬੋਲ ਜ਼ਰੂਰ ਦੱਸ ਦਿੰਨਾਂ, 'ਜਦੋਂ ਦਾ ਜੱਟ ਫੇਰ ਗਿਆ ਹੱਥ, ਬੜਾ ਪੈਰੀਂ ਹੱਥ ਲਾਉਂਦੀ ਆਂ।' ਘਰ ਵਿਚ ਤਾਂ ਮੈਂ ਕਿਸੇ ਨੂੰ ਉਦੋਂ ਸੁਣਾਇਆ ਨਹੀਂ, ਆਪਣੇ ਇਕ ਅਧਿਆਪਕ ਕੋਲ ਬੋਲ ਸਾਂਝੇ ਕੀਤੇ ਤਾਂ ਪਹਿਲਾਂ ਤਾਂ ਉਹ ਇਹ ਕਹਿ ਕੇ ਹੱਸ ਪਿਆ, 'ਜੱਟਾਂ ਦਾ ਮੁੰਡਾ ਤਾਂ ਤੂੰ ਹੈ ਨ੍ਹੀਂ, ਪਰ ਝੱਗੇ ਉਨ੍ਹਾਂ ਦੇ ਪਤਾ ਨਹੀਂ ਕਿਧਰੋਂ ਦੀ ਹੋ ਕੇ ਚੱਕ'ਤੇ'। ਨਾਲ ਹੀ ਅੱਗ ਦੀ ਨਾਲ ਬਣ ਗਿਆ, 'ਮੈਂ ਤਾਂ ਤੈਨੂੰ ਚੰਗਾ ਸਿਆਣਾ ਸਮਝਦਾ ਸੀ, ਤੂੰ ਤਾਂ ਲੁੱਚਾ ਨਿਕਲਿਆ। ਹੈਦਾਂ ਦੀਆਂ ਜੁੱਤੀਆਂ ਖਾਣ ਵਾਲੀਆਂ ਪ੍ਰਾਪਤੀਆਂ ਲੈ ਕੇ ਮੇਰੇ ਕੋਲ ਨਾ ਮੁੜ ਕੇ ਆਵੀਂ।' ਅਹਿਸਾਸ ਤਾਂ ਮੈਨੂੰ ਹੋ ਗਿਆ ਸੀ ਕਿ ਚੁਪੇੜ ਇਕ ਪਾਸੇ ਵੱਜੀ ਹੈ, ਪਰ ਮੂੰਹ ਦੋਹਾਂ ਪਾਸਿਆਂ ਤੋਂ ਲਾਲ ਹੋ ਗਿਆ ਸੀ।

ਫਿਰ ਬਲੂ ਸਟਾਰ ਅਪ੍ਰੇਸ਼ਨ ਹੋ ਗਿਆ। ਮੇਰੀ ਸੋਚ 'ਤੇ ਕੁਝ ਅਸਰ ਹੋਇਆ। ਇਸੇ ਸਾਲ ਹੀ ਲੋਕ ਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਨੇ ਸਟਾਰ ਰਿਕਾਰਡਿੰਗ ਕੰਪਨੀ ਖੋਲ੍ਹ ਕੇ ਪੰਜਾਬੀ ਸੰਗੀਤ ਦੇ ਖੇਤਰ ਵਿਚ ਚਰਨਜੀਤ ਆਹੂਜਾ ਨੂੰ ਲੈ ਕੇ ਸਿਹਤਮੰਦ ਦਾਖ਼ਲਾ ਲੈ ਲਿਆ। ਗੁਰਦਾਸ ਮਾਨ ਦਾ 'ਚੱਕਰ' ਐਲ.ਪੀ. ਅਤੇ ਕੁਲਦੀਪ ਮਾਣਕ ਦਾ 'ਮਿੱਤਰਾਂ ਦੇ ਕਾਲਜੇ ਨੂੰ ਹੌਲ ਪੈ ਗਿਆ, ਸਾਡੀ ਮੁੰਦਰੀ ਵਗਾਹ ਕੇ ਮਾਰੀ' ਸਟਾਰ ਕੰਪਨੀ ਦੀ ਹੀ ਪੇਸ਼ਕਾਰੀ ਸਨ। ਚਰਨਜੀਤ ਆਹੂਜਾ ਜ਼ਰੀਏ ਮੇਰੀ ਹਰੀਸ਼ ਜੈਨ ਨਾਲ ਨੇੜਤਾ ਹੋ ਗਈ ਤੇ ਅਕਸਰ ਅਸੀਂ ਤੇ ਜੈਨ ਦਾ ਭਰਾ ਅਸ਼ੋਕ ਵੀ ਪਹਾੜਗੰਜ ਦੇ 'ਅਪਸਰਾ ਹੋਟਲ' ਠਹਿਰਦੇ। ਮੇਰਾ ਖਰਚ-ਪਾਣੀ ਆਹੂਜੇ ਵੱਲ ਹੁੰਦਾ ਸੀ। ਇੰਦਰਾ ਗਾਂਧੀ ਤੇ ਸਿੱਖਾਂ ਦੇ ਕਤਲ ਹੋਣ ਵੇਲੇ ਵੀ ਮੈਂ ਇਸੇ ਅਪਸਰਾ ਹੋਟਲ ਵਿਚੋਂ ਬਚ ਕੇ ਨਿਕਲਿਆ ਸਾਂ।

ਫਿਰ ਦੋ-ਚਾਰ ਮਹੀਨੇ ਬਾਅਦ ਮੈਂ ਨਵਾਂ ਸ਼ਹਿਰੋਂ ਪੂਨਮ ਬਾਲਾ (ਜੋ ਪੂਰਨ ਸ਼ਾਹਕੋਟੀ ਦੀ ਸ਼ਾਗਿਰਦ ਸੀ ਤੇ ਗਾਉਂਦੀ ਬਹੁਤ ਸੁਰੀਲਾ ਸੀ, ਪਰ ਰੰਗ ਤੋਬਾ ਤੋਬਾ) ਨੂੰ ਪਹਿਲੀ ਵਾਰ ਮਿਲਾਇਆ ਤਾਂ ਚਰਨਜੀਤ ਹੱਸ ਪਿਆ, "ਮੈਨੂੰ ਡਰਾਉਣ ਲਿਆਇਆਂ ਕਿ ਇਹਨੂੰ ਗਵਾਉਣ।" ਮੈਂ ਕਿਹਾ, "ਸੁਣੋ ਤਾਂ ਸਹੀ।" ਖੈਰ, ਆਵਾਜ਼ ਪਸੰਦ ਆ ਗਈ, ਸਾਡੇ ਲਾਗੇ ਕਾਹਮੇ ਦੇ ਮੁੰਡੇ ਰੂਪ ਕਾਹਮਾ ਨਾਲ ਮੇਰੇ ਲਿਖੇ ਚਾਰ ਗੀਤ ਰਿਕਾਰਡ ਹੋ ਗਏ। ਇਨ੍ਹਾਂ ਵਿਚੋਂ ਇਕ ਬੋਲੀ ਯਾਦ ਹੈ,

ਚਿੱਟੀ ਘੱਗਰੀ ਦਾਜ ਵਿਚ ਦਿੱਤੀ
ਉਤੇ ਪੁਆਈਆਂ ਤਾਰਾਂ।
ਮਾਂ ਤੇਰੀ ਦੇ ਨੌਂ ਨਿਆਣੇ
ਭੂਆ ਤੇਰੀ ਦੇ 'ਠਾਰਾਂ।
ਬੋਲੀ ਦੇਹ ਮੁੰਡਿਆ,
ਵਿਕਦੀਆਂ ਵਿਚ ਬਾਜ਼ਾਰਾਂ...।

ਇਨ੍ਹਾਂ ਪ੍ਰਾਪਤੀਆਂ 'ਤੇ ਮੈਨੂੰ ਝੋਰਾ ਹੋਣ ਲੱਗਾ ਤਾਂ ਮੈਂ ਸਾਹਿਤ ਵੱਲ ਝੁਕ ਗਿਆ; ਹਾਲਾਂਕਿ ਫਿਰ ਕਈ ਚਿਰ ਪਿਛੋਂ ਸਰਦੂਲ ਸਿਕੰਦਰ ਦੀ ਐਚ.ਐਮ.ਵੀ. ਦੀ ਐਲਬਮ 'ਨਵੀਂ ਵਿਆਹੀ ਨੱਚੀ' ਵਿਚ ਮੇਰਾ ਗੀਤ 'ਬਿਸ਼ਨ ਕੁਰੇ ਭਾਬੀਏ ਨੀ, ਸਾਨੂੰ ਗਿੱਧੇ ਵਿਚ ਨੱਚਣਾ ਸਿਖਾ ਦੇ' ਚੰਗੇ ਢੰਗ ਨਾਲ ਰਿਕਾਰਡ ਵੀ ਹੋਇਆ ਸੀ, ਪਰ ਮੈਂ ਇਹ ਸ਼ੌਂਕ ਨੰਬਰ ਦੋ 'ਤੇ ਲੈ ਗਿਆ।

ਚਰਨਜੀਤ ਆਹੂਜਾ ਨਾਲ ਜੁੜੀਆਂ ਕੁਝ ਯਾਦਾਂ ਐਸੀਆਂ ਨੇ ਜੋ ਹਮੇਸ਼ਾ ਮੇਰੇ ਅੰਦਰ ਉਥਲ-ਪੁਥਲ ਕਰੀ ਰੱਖਦੀਆਂ ਹਨ। ਇਨ੍ਹਾਂ ਦਾ ਖੁਲਾਸਾ ਕਰ ਕੇ ਮੈਂ ਆਪਣੇ ਮਨ ਦਾ ਭਾਰ ਹੌਲਾ ਕਰਨਾ ਇਸ ਲਈ ਜ਼ਰੂਰੀ ਸਮਝਦਾ ਹਾਂ ਕਿ ਆਉਣ ਵਾਲੀਆਂ ਨਸਲਾਂ ਅਸਲੀਅਤ ਤੇ ਹਾਲਾਤ ਤੋਂ ਜਾਣੂ ਰਹਿਣਗੀਆਂ।

ਹੰਸ ਰਾਜ ਹੰਸ ਦਾ ਪਹਿਲਾ ਐਲ.ਪੀ. 'ਜੋਗੀਆਂ ਦੇ ਕੰਨਾਂ ਵਿਚ' ਐਚ.ਐਮ.ਵੀ. ਨੇ ਚਰਨਜੀਤ ਦੇ ਸੰਗੀਤ ਹੇਠ ਰਿਲੀਜ਼ ਕੀਤਾ ਸੀ। ਇਸ ਦੇ ਗੀਤ ਚੰਨ ਗੁਰਾਇਆ ਵਾਲੇ ਤੇ ਦੇਵ-ਮਲਕੀਤ ਖਾਬਰਿਆਂ ਵਾਲਿਆਂ ਨੇ ਲਿਖੇ ਸਨ। 'ਸੱਸੀ ਸੁੱਤੀ ਨਾਲ ਪਾ ਗਿਓਂ ਜੁਦਾਈ ਪੁੰਨਣਾ', 'ਪੱਲੇ ਪਾ ਗਈਆਂ ਫਕੀਰੀ ਅੱਖਾਂ ਹੀਰ ਦੀਆਂ' ਜਲੰਧਰ ਰੇਡੀਓ ਸਟੇਸ਼ਨ ਤੋਂ ਵੀ ਬਹੁਤ ਚੱਲੇ। ਮੈਂ ਜਦੋਂ ਵੀ ਚਰਨਜੀਤ ਨੂੰ ਮਿਲਣਾ ਤਾਂ ਹੰਸ ਦੀ ਗੱਲ ਜ਼ਰੂਰ ਕਰਨੀ ਕਿਉਂਕਿ ਫਿਰ ਕਈ ਸਾਲ ਉਹ ਚੁੱਪ ਹੋ ਗਿਆ ਸੀ। ਉਹਨੇ ਕਹਿਣਾ, "ਉਹਨੂੰ ਲੈ ਕੇ ਮੈਂ ਰਿਕਾਰਡ ਕਰਾਂਗਾ, ਉਹ ਪਤਾ ਹੀ ਨਹੀਂ ਰਹਿੰਦਾ ਕਿਥੇ ਹੈ?" ਫਿਰ 1986-87 ਦੇ ਕਰੀਬ ਬਲਦੇਵ ਮਸਤਾਨੇ ਨੇ ਹੰਸ ਦੀ 'ਵਾਰਿਸ ਪੰਜਾਬ ਦੇ' ਰਿਕਾਰਡ ਕੀਤੀ ਜਿਸ ਨੂੰ ਇਸੇ ਨਾਂ ਹੇਠ ਇੰਗਲੈਂਡ ਵਿਚ ਜਾਰੀ ਕੀਤਾ ਅਤੇ ਪੰਜਾਬ ਵਿਚ 'ਆਸ਼ਕਾਂ ਦੀ ਕਾਹਦੀ ਜ਼ਿੰਦਗੀ' ਜਲੰਧਰ ਦੀ ਇਕ ਕੰਪਨੀ ਨੇ। ਹੰਸ ਪੂਰੇ ਦਾ ਪੂਰਾ ਉਪਰ ਵੱਲ ਖਿਸਕ ਗਿਆ, ਤੇ ਜਦੋਂ ਫਿਰ ਚਰਨਜੀਤ ਆਹੂਜਾ ਦੇ ਸੰਗੀਤ ਹੇਠ 'ਤੇਰਾ ਮੇਰਾ ਪਿਆਰ' ਆਈ। 'ਬੱਸਾਂ ਲੁਧਿਆਣੇ ਦੀਆਂ', 'ਸਾਨੂੰ ਕਾਹਨੂੰ ਚਾਹ ਪੁੱਛਦੈਂ', 'ਅੱਜ ਕੱਲ੍ਹ ਸੁਣਿਆ ਫਤੂਰ ਵਿਚ ਰਹਿੰਦੇ ਹੋ' ਗੀਤ ਸੁਪਰ-ਡੁਪਰ ਹਿੱਟ ਹੋ ਗਏ ਤਾਂ ਚਰਨਜੀਤ ਬਾਗੋਬਾਗ ਹੋ ਗਿਆ, ਪਰ ਇਕ ਪੂਰਾ ਦਿਨ ਮੈਂ ਉਹਦੇ ਕੋਲ ਜਾਗ੍ਰਤੀ ਇਨਕਲੇਵ ਵਾਲੇ ਘਰ ਵਿਚ ਦਿੱਲੀ ਰਿਹਾ ਤਾਂ ਉਹਨੇ ਦਵਾਈਆਂ ਬੈੱਡ 'ਤੇ ਖਿਲਾਰ ਦੇ ਕਿਹਾ, "ਆਹ ਮੈਨੂੰ ਹੰਸ ਨੇ ਖਾਣ ਲਾਇਆ ਹੈ।" ਮੇਰੇ 'ਕਿਉਂ?' ਦੇ ਜਵਾਬ ਵਿਚ ਕਿਹਾ, "ਵਰਤ ਗਏ ਕਈ ਮੈਨੂੰ ਵੀ।"

'ਮਾਝੇ ਮਾਲਵੇ ਦੁਆਬੇ ਦੀਆਂ ਜੱਟੀਆਂ', 'ਰੀਲਾਂ ਦੀ ਦੁਕਾਨ', 'ਹੁਸਨਾਂ ਦੇ ਮਾਲਕੋ', 'ਸੌਰੀ ਰੌਂਗ ਨੰਬਰ' ਤੇ 'ਸਿੱਖ ਲੈ ਕਲਹਿਰੀਆ ਮੋਰਾ' ਬਾਰੇ ਕਹਿਣਾ ਪਵੇਗਾ ਕਿ ਸਰਦੂਲ ਸਿਕੰਦਰ ਤੇ ਅਮਰ ਨੂਰੀ ਦੇ ਸੰਗੀਤਕ ਕੈਰੀਅਰ ਵਿਚ ਇਹ ਤੋਹਫ਼ੇ ਚਰਨਜੀਤ ਆਹੂਜਾ ਨੇ ਆਪਣੀਆਂ ਧੁਨਾਂ ਨਾਲ ਦਿੱਤੇ। ਹਰ ਵਕਤ ਸਰਦੂਲ ਦੇ ਘਰ ਖੇੜੀ ਤੇ ਖੰਨੇ, ਨੂਰੀ ਦੇ ਘਰ ਰੋਪੜ ਚੱਤੋ ਪਹਿਰ 'ਗੁਰੂ ਜੀ ਗੁਰੂ ਜੀ' ਨਾਲ ਚਰਨਜੀਤ ਹਾਜ਼ਰ ਹੁੰਦਾ ਸੀ।

ਪੰਜਾਬੀ ਗਾਇਕੀ ਦੇ ਅੰਦਰ ਬਾਹਰ



ਐਸ. ਅਸ਼ੋਕ ਭੌਰਾ
ਫੋਨ: 510-415-3315

ਸਰਦੂਲ ਨੇ ਫਿਰ ਉਹਨੂੰ ਰਸਮੀ ਤੌਰ 'ਤੇ ਆਪਣਾ ਉਸਤਾਦ ਵੀ ਧਾਰਿਆ। ਇਨ੍ਹਾਂ ਘਰਾਂ ਵਿਚ ਮਾਂ ਸਰਸਵਤੀ ਦੀ ਤਸਵੀਰ ਵਾਂਗ ਚਰਨਜੀਤ ਆਹੂਜਾ ਦੀ ਫੋਟੋ ਅੱਗੇ ਵੀ ਧੂਫ਼ ਦਿੱਤਾ ਜਾਣ ਲੱਗ ਪਿਆ ਸੀ। ਜਿੱਦਣ ਪਹਿਲੀ ਵਾਰ ਚਰਨਜੀਤ ਨੇ ਖੰਨੇ ਆਉਣਾ ਸੀ, ਸਰਦੂਲ ਨੇ ਮੈਨੂੰ ਮੇਰੀ ਪਤਨੀ ਕਸ਼ਮੀਰ ਨਾਲ ਖੰਨੇ ਆਉਣ ਦੀ ਤਾਕੀਦ ਕੀਤੀ, ਪਰ ਭੇਤ ਨਹੀਂ ਸੀ ਪਤਾ। ਘਰ ਵਿਚ ਤਿਆਰੀ ਵਿਆਹ ਵਾਂਗ ਸੀ। ਸਰਦੂਲ ਤੇ ਮੈਂ ਜਦੋਂ ਮੰਡੀ ਗੋਬਿੰਦਗੜ੍ਹ ਵਾਲੇ ਚੌਕ ਵਿਚ ਜਿਪਸੀ ਲੈ ਕੇ ਖੜ੍ਹੇ ਹੋਏ ਤਾਂ ਉਹ ਕਹਿਣ ਲੱਗਾ, "ਗੁਰੂ ਜੀ ਆ ਰਹੇ ਹਨ, ਨਾਲ ਬੀਬੀ ਜੀ ਵੀ।" ਫੋਨ ਤਾਂ ਉਦੋਂ ਹੱਥਾਂ ਵਾਲੇ ਹੈ ਹੀ ਨਹੀਂ ਸਨ, ਚਾਰ ਘੰਟੇ ਅਸੀਂ ਉਥੇ ਅੱਡੇ ਵਿਚ ਖੜ੍ਹੇ ਰਹੇ, ਫਿਰ ਕਿਤੇ ਜਾ ਕੇ ਫੀਅਟ ਕਾਰ ਵਿਚ ਚਰਨਜੀਤ, ਉਹਦੀ ਪਤਨੀ ਸੰਗੀਤਾ ਤੇ ਛੋਟੇ ਪੁੱਤਰ ਲਵ ਤੇ ਕੁਸ਼ ਆਏ ਸਨ। ਊਂ ਘਰ ਵਿਚ ਦਵਿੰਦਰ ਖੰਨੇਵਾਲਾ ਤੇ ਹੋਰ ਨਾਮੀ ਲੋਕ ਸਨ। ਸਾਰੀ ਰਾਤ ਚਹਿਲ-ਪਹਿਲ ਰਹੀ, ਉਸ ਦਿਨ ਨੂਰੀ ਨੇ ਚਰਨਜੀਤ ਦੀ ਸ਼ਾਗਿਰਦ ਬਣਨਾ ਸੀ। ਰਸਮਾਂ ਹੋਈਆਂ ਅਤੇ ਮਾਹੌਲ ਅਗਲੇ ਦਿਨ ਤੱਕ ਵੀ ਘਰ ਦਾ ਇੱਦਾਂ ਦਾ ਰਿਹਾ ਜਿਵੇਂ ਕੋਈ ਦੇਵਤਾ ਸ਼ਾਇਦ ਪੱਕੇ ਤੌਰ 'ਤੇ ਧਰਤੀ ਉਤੇ ਆ ਗਿਆ ਹੋਵੇ। ਫਿਰ ਸਰਦੂਲ-ਨੂਰੀ ਦੀ ਰਿਸੈਪਸ਼ਨ 'ਤੇ ਮੈਂ ਚਰਨਜੀਤ ਨੂੰ ਗਾਉਂਦਿਆਂ ਸੁਣਿਆ ਸੀ, 'ਦੁਨੀਆਂ 'ਤੇ ਯੁੱਗ ਯੁੱਗ ਜਿਉਣ ਭਾਬੀਆਂ।' ਉਸ ਤੋਂ ਬਾਅਦ 'ਤੜੱਕ ਤੜੱਕ'। ਹੁਣ 'ਗੁਰੂ ਜੀ' ਵਾਲੀ ਗੱਲ ਮੱਠੀ ਤਾਂ ਪੈ ਗਈ ਹੈ, ਪਰ ਮਹੱਤਵਪੂਰਨ ਇਸ ਕਰ ਕੇ ਨਹੀਂ ਰਹੀ ਕਿ ਨੂਰੀ ਤੇ ਸਰਦੂਲ ਗ੍ਰਾਫ਼ ਤੋਂ ਹੇਠਾਂ ਵੱਲ ਖਿਸਕ ਗਏ ਹਨ, ਪਰ ਚਰਨਜੀਤ ਦੀ ਖਿੱਚ ਕਾਇਮ ਹੈ ਤੇ ਉਹਦੀ ਪੈੜ ਦੋਹਾਂ ਪੁੱਤਰਾਂ ਸਚਿਨ ਤੇ ਪੰਕਜ ਨੇ ਮੱਲ ਲਈ ਹੈ।

ਚਰਨਜੀਤ ਕਿਸੇ ਵਕਤ ਬਹੁਤ ਵੱਡਾ ਚੇਨ-ਸਮੋਕਰ ਸੀ। ਮੈਂ ਆਪਣੀਆਂ ਮੁਲਾਕਾਤਾਂ ਵਿਚ ਉਹਨੂੰ ਕਦੇ ਪੈੱਗ ਲਾਉਂਦੇ ਨਹੀਂ ਦੇਖਿਆ। ਲਮਰੇਟਾ ਸਕੂਟਰ ਉਹਦੇ ਕੋਲ ਬਹੁਤ ਦੇਰ ਰਿਹਾ। ਇਕ ਵਾਰ ਯਮੁਨਾ ਪਾਰ 'ਮਦਰ ਡੇਅਰੀ' ਕੋਲ ਪੈਂਦੇ ਸੋਨੋਟੋਨ ਸਟੂਡੀਓ ਤੋਂ ਉਹ ਮੈਨੂੰ ਬਿਨਾਂ ਹੈਲਮਟ ਕ੍ਰਿਸ਼ਨਾ ਨਗਰ ਤੱਕ ਪੁਲਿਸ ਤੋਂ ਬਚਾ ਕੇ ਤੰਗ ਗਲੀਆਂ ਵਿਚ ਦੀ ਘਰ ਲੈ ਕੇ ਗਿਆ ਸੀ।

(ਬਾਕੀ ਸਫਾ 30 ਉਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਮੁਰਗੇ ਦੀ ਬਾਂਗ

ਮੁਰਗੀ ਪੁੱਛੇ ਮੁਰਗੇ ਨੂੰ, ਕਿਉਂ ਦੇਨੈਂ ਤੂੰ ਬਾਂਗ।
ਸੁਬ੍ਹਾ ਜਗਾਉਨੈਂ ਜਿਨ੍ਹਾਂ ਨੂੰ, ਆਥਣੇ ਦੇਂਦੇ ਛਾਂਗ।
ਪਹਿਲਾਂ ਤੈਨੂੰ ਭੁੰਨ ਕੇ ਫਿਰ ਪਾਉਂਦੇ ਨੇ ਪੈਗ,
ਕੁੱਤੇ ਵਾਂਗ ਚਰੂੰਡਦੇ ਨੇ ਫੜ੍ਹ ਕੇ ਤੇਰੀ ਲੈਗ।
ਚੜ੍ਹੀਆਂ ਅੱਖਾਂ ਕਲਗੀ ਕੱਸੀ, ਚੁੰਝ ਸਾਣ 'ਤੇ ਲਾਈ,
ਪੌਂਚੇ ਦੇ ਵਿਚ ਖੰਭ ਫਸਾ ਕੇ ਮੁਰਗੀ ਗਲ ਨਾ ਲਾਈ।
ਫੌਜਾਂ ਨੇ ਫਿਰ ਹਮਲਾ ਕੀਤਾ, ਮੁਰਗਾ ਧੌਣੋਂ ਫੜ੍ਹਿਆ,
ਮੁਰਗੀ ਭਰੀਆਂ ਅੱਖਾਂ, ਫੌਜਾਂ ਮੂੰਹ ਪਾਣੀ ਨਾਲ ਭਰਿਆ।
ਸਤਿਸੰਗ ਕਰਕੇ ਆਏ ਬਾਬੇ ਜਾ ਪਤੀਲਾ ਚਾੜ੍ਹਨਗੇ,
ਬਲੈਕ ਲੇਵਲ ਦੀ ਪੀ ਕੇ ਬੋਤਲ, ਮੁਰਗਾ ਪੂਰਾ ਪਾੜਨਗੇ।
ਰੱਬ ਹੀ ਜਾਣੇ ਕਦ ਤੱਕ 'ਭੌਰੇ' ਏਦਾਂ ਪਊਗਾ ਮਰਨਾ,
ਦਿੱਲੀ ਤੱਕ ਇਨ੍ਹਾਂ ਜਾਣ ਨਹੀਂ ਦੇਣਾ, ਕਿੱਥੇ ਲਾਈਏ ਧਰਨਾ!

# ਵੈਸਾਖੁ ਭਲਾ ਸਾਖਾ ਵੇਸ ਕਰੇ

**ਗੁਰਮਤਿ ਗਿਆਨ**



**ਡਾ. ਗੁਰਨਾਮ ਕੌਰ, ਕੈਨੇਡਾ**

ਦੇਸੀ ਪਰੰਪਰਾ ਅਨੁਸਾਰ ਨਵਾਂ ਵਰ੍ਹਾ ਚੇਤ ਜਾਂ ਚੇਤ੍ਰ ਤੋਂ ਸ਼ੁਰੂ ਹੁੰਦਾ ਹੈ ਅਤੇ ਵੈਸਾਖ ਸਾਲ ਦਾ ਦੂਜਾ ਮਹੀਨਾ ਹੈ। ਭਾਰਤ ਖੇਤੀ ਪ੍ਰਧਾਨ ਮੁਲਕ ਹੋਣ ਦੇ ਨਾਤੇ ਵੈਸਾਖ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ ਕਿਉਂਕਿ ਇਸ ਮਹੀਨੇ ਹਾੜੀ ਦੀ ਫਸਲ ਕੱਟ ਕੇ ਸਮੇਟੀ ਜਾਂਦੀ ਹੈ ਜਿਸ ਨਾਲ ਕਿਸਾਨ ਦੀ ਖੁਸ਼ਹਾਲੀ ਅਤੇ ਪਰਿਵਾਰਕ ਖੁਸ਼ੀਆਂ ਜੁੜੀਆਂ ਹੁੰਦੀਆਂ ਹਨ। ਇਸ ਲਈ ਵਿਸਾਖੀ ਅਰਥਾਤ ਵੈਸਾਖ ਦੇ ਚੜ੍ਹਨ ਦੇ ਦਿਨ 'ਤੇ ਮੇਲੇ ਲੱਗਦੇ ਹਨ ਅਤੇ ਭੰਗੜਾ ਪਾ ਕੇ ਖੁਸ਼ੀ ਦਾ ਇਜ਼ਹਾਰ ਵੀ ਕੀਤਾ ਜਾਂਦਾ ਹੈ, ਜਸ਼ਨ ਮਨਾਏ ਜਾਂਦੇ ਹਨ। ਸਿੱਖ ਧਰਮ ਵਿਚ ਵਿਸਾਖੀ ਦੀ ਬਹੁਤ ਇਤਿਹਾਸਕ ਮਹੱਤਤਾ ਹੈ ਕਿਉਂਕਿ 1699 ਦੀ ਵਿਸਾਖੀ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜ ਕੇ ਗੁਰੂ ਨਾਨਕ ਸਾਹਿਬ ਦੀ ਸਥਾਪਤ ਕੀਤੀ ਸੰਗਤ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਦਾ ਸਰੂਪ ਬਖਸ਼ਿਸ਼ ਕੀਤਾ ਸੀ ਅਤੇ ਫਿਰ ਪੰਜ ਪਿਆਰਿਆਂ ਕੋਲੋਂ ਖੰਡੇ-ਬਾਟੇ ਦੀ ਪਹੁਲ ਹਾਸਿਲ ਕਰਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ ਅਤੇ 'ਆਪੇ ਗੁਰ ਚੇਲਾ' ਕਹਿਲਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਬਾਰਹ ਮਾਹਾ' ਦੇ ਨਾਮ ਹੇਠਾਂ ਦੋ ਬਾਣੀਆਂ ਪ੍ਰਾਪਤ ਹਨ ਜਿਨ੍ਹਾਂ ਵਿਚ ਵਰ੍ਹੇ ਦੇ ਵੱਖ ਵੱਖ ਮਹੀਨਿਆਂ ਦਾ ਰੁੱਤਾਂ ਸਮੇਤ ਜ਼ਿਕਰ ਕੀਤਾ ਹੈ; ਗੁਰੂ ਨਾਨਕ ਸਾਹਿਬ ਵਲੋਂ ਰਾਗ ਤੁਖਾਰੀ ਵਿਚ ਅਤੇ ਪੰਚਮ ਪਾਤਿਸ਼ਾਹ ਹਜ਼ੂਰ ਵਲੋਂ ਰਚਿਤ 'ਬਾਰਹ ਮਾਹਾ' ਰਾਗ ਮਾਝ ਵਿਚ। ਮਨੁੱਖੀ ਮਨ ਉਤੇ ਕੁਦਰਤ ਦਾ, ਆਪਣੇ ਆਲੇ-ਦੁਆਲੇ ਦਾ ਅਸਰ ਪੈਣਾ ਬਿਲਕੁਲ ਕੁਦਰਤੀ ਹੈ। ਮਨ ਦਾ ਉਦਾਸ ਹੋਣਾ, ਖੁਸ਼ੀ ਵਿਚ ਖੀਵਾ ਹੋਣਾ ਜਾਂ ਹੁਲਾਸ ਵਿਚ ਆਉਣਾ ਬਹੁਤ ਹੱਦ ਤੱਕ ਉਸ ਦੇ ਆਲੇ-ਦੁਆਲੇ ਪਸਰੇ ਕੁਦਰਤੀ ਵਾਤਾਵਰਣ 'ਤੇ ਵੀ ਮੁਨੱਸਰ ਹੈ।

'ਬਾਰਹਮਾਹਾ' ਬਾਣੀ ਦੇ ਅਰੰਭ ਵਿਚ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਹੇ ਪਰਵਰਦਗਾਰ! ਮਨੁੱਖ ਦੇ ਪੂਰਬਲੇ ਕੀਤੇ ਹੋਏ ਕਰਮਾਂ ਅਨੁਸਾਰ ਹਰ ਇੱਕ ਨੂੰ ਦੁੱਖ ਅਤੇ ਸੁੱਖ ਜੋ ਵੀ ਸਹਿਣ ਲਈ ਤੂੰ ਦਿੰਦਾ ਹੈਂ, ਉਹੀ ਠੀਕ ਹੈ। ਇਹ ਸਾਰੀ ਰਚਨਾ ਅਕਾਲ ਪੁਰਖ ਦੀ ਰਚੀ ਹੋਈ ਹੈ ਅਤੇ ਮੇਰਾ ਜੀਵ ਵਿਚਾਰੇ ਦਾ ਤੇਰੀ ਇਸ ਰਚਨਾ ਵਿਚ ਕੀ ਹਾਲ ਹੋਵੇਗਾ? ਉਸ ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਇੱਕ ਘੜੀ ਵੀ ਜਿਉਣਾ ਦੁਸ਼ਵਾਰ ਹੈ। ਉਸ ਪਰਮ ਪਿਆਰੇ ਪਰਮਾਤਮਾ ਤੋਂ ਬਿਨਾਂ ਜੀਵ ਦੁਖੀ ਹੁੰਦਾ ਹੈ ਅਤੇ ਕੋਈ ਵੀ ਇਸ ਦੁੱਖ ਵਿਚੋਂ ਕੱਢਣ ਵਾਲਾ ਨਹੀਂ ਹੈ। ਉਸ ਪਰਵਰਦਗਾਰ ਨੂੰ ਅਰਦਾਸ ਕੀਤੀ ਗਈ ਹੈ ਕਿ ਉਹ ਆਪਣੀ ਮਿਹਰ ਕਰੇ ਜਿਸ ਸਦਕਾ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਜੀਵ ਨਾਮ-ਅੰਮ੍ਰਿਤ ਪੀਂਦਾ ਰਹੇ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਅਸੀਂ ਜੀਵ ਵਿਚਾਰੇ ਉਸ ਮਾਇਆ ਤੋਂ ਨਿਰਲੇਪ ਵਾਹਿਗੁਰੂ ਦੀ ਰਚੀ ਮਾਇਆ 'ਚ ਮਸ਼ਰੂਫ ਹਾਂ ਪਰ ਸਭ ਤੋਂ ਉਤਮ ਕਰਮ ਉਸ ਪਰਮਾਤਮਾ ਨੂੰ ਆਪਣੇ ਮਨ ਵਿਚ ਵਸਾਉਣਾ ਹੈ। ਉਹ ਸਰਬ-ਵਿਆਪਕ ਅਕਾਲ ਪੁਰਖ ਨੂੰ ਜੀਵ-ਇਸਤਰੀ ਦੀ ਅਰਦਾਸ ਸੁਣਨ ਦੀ ਜੋਦੜੀ ਕੀਤੀ ਗਈ ਹੈ ਜੋ ਉਸ ਦਾ ਰਸਤਾ ਦੇਖ ਰਹੀ ਹੈ,

ਤੂ ਸੁਣਿ ਕਿਰਤ ਕਰੰਮਾ
ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ
ਦੇਹਿ ਸੁ ਤੂ ਭਲਾ॥
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ
ਹਰਿ ਬਿਨੁ ਘੜੀ ਨ ਜੀਵਾ॥
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ
ਗੁਰਮੁਖਿ ਅੰਮ੍ਰਿਤੁ ਪੀਵਾਂ॥
ਰਚਨਾ ਰਾਚਿ ਰਹੇ ਨਿਰੰਕਾਰੀ
ਪ੍ਰਭ ਮਨਿ ਕਰਮ ਸੁਕਰਮਾ॥
ਨਾਨਕ ਪੰਥੁ ਨਿਹਾਲੇ ਸਾਧਨ
ਤੂ ਸੁਣਿ ਆਤਮਰਾਮਾ॥੧॥
(ਪੰਨਾ ੧੧੦੭)

ਕੁਦਰਤ ਦੇ ਜੀਵਾਂ ਵਿਚੋਂ ਉਦਾਹਰਣ ਦਿੰਦਿਆਂ ਗੁਰੂ ਨਾਨਕ ਸਾਹਿਬ ਬਿਆਨ ਕਰਦੇ ਹਨ ਕਿ ਜਿਸ ਤਰ੍ਹਾਂ ਪਪੀਹਾ 'ਪ੍ਰਿਉ ਪ੍ਰਿਉ' ਬੋਲ ਕੇ ਅਤੇ ਕੋਇਲ ਆਪਣੀ ਬੋਲੀ ਵਿਚ 'ਕੂ ਕੂ' ਕਰਕੇ ਆਪਣੇ ਪ੍ਰੀਤਮ ਪਿਆਰੇ ਨੂੰ ਯਾਦ ਕਰਦੇ ਹਨ, ਇਸੇ ਤਰ੍ਹਾਂ ਜਿਹੜੀ ਜੀਵ-ਇਸਤਰੀ ਵੈਰਾਗ ਵਿਚ ਆਪਣੇ ਅਕਾਲ ਪੁਰਖ ਨੂੰ ਯਾਦ ਕਰਦੀ ਹੈ, ਉਹ ਪਰਮਾਤਮ-ਮੇਲ ਦੇ ਸਾਰੇ ਅਨੰਦ ਮਾਣਦੀ ਹੈ ਅਤੇ ਉਸ ਦੀ ਸੁਰਤਿ ਅਕਾਲ ਪੁਰਖ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ। ਜਦੋਂ ਜੀਵ-ਇਸਤਰੀ ਅਕਾਲ ਪੁਰਖ ਨੂੰ ਭਾਅ ਜਾਂਦੀ ਹੈ, ਉਦੋਂ ਉਸ ਦੇ ਚਰਨਾਂ ਵਿਚ ਉਹ ਟਿਕੀ ਰਹਿੰਦੀ ਹੈ ਅਤੇ ਉਹ ਜੀਵ ਭਾਗਾਂ ਵਾਲਾ ਹੁੰਦਾ ਹੈ। ਅਜਿਹਾ ਜੀਵ ਆਪਣੇ ਸਰੀਰ ਨੂੰ ਜੁਗਤਿ ਵਿਚ ਰੱਖਣਾ ਸਿੱਖ ਜਾਂਦਾ ਹੈ ਅਤੇ ਇਸ ਜੁਗਤਿ ਰਾਹੀਂ ਅਕਾਲ ਪੁਰਖ ਦੇ ਆਪਣੇ ਅਸਲੀ ਸਰੂਪ ਵਿਚ ਟਿਕ ਜਾਂਦਾ ਹੈ, ਸੰਸਾਰਕਤਾ ਤੋਂ ਉਤੇ ਉਠ ਕੇ ਉਸ ਅਕਾਲ ਪੁਰਖ ਦੇ ਉਚੇ ਮਹਿਲ ਵਿਚ ਥਾਂ ਪ੍ਰਾਪਤ ਕਰ ਲੈਂਦਾ ਹੈ। ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਉਸ ਅਕਾਲ ਪੁਰਖ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਜੀਵ ਦਿਨ ਰਾਤ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ। ਇਹ ਸਾਰੀ ਰਚਨਾ ਉਸ ਅਕਾਲ ਪੁਰਖ ਦੀ ਹੈ ਅਤੇ ਉਹ ਹੀ ਜੀਵ ਦਾ ਸੱਚਾ ਮਾਲਕ ਹੈ। ਗੁਰੂ ਦੇ ਸ਼ਬਦ ਰਾਹੀਂ ਮਨੁੱਖ ਪਰਮਾਤਮਾ ਦੀ ਸਿਫਤਿ-ਸਾਲਾਹ ਕਰਕੇ ਸੋਹਣਾ ਲੱਗਦਾ ਹੈ,

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥
ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ
ਸਾ ਸੋਹਾਗਣਿ ਨਾਰੇ॥
ਨਵ ਘਰ ਥਾਪਿ ਮਹਲ ਘਰੁ ਊਚਉ
ਨਿਜ ਘਰਿ ਵਾਸੁ ਮੁਰਾਰੇ॥
ਸਭ ਤੇਰੀ ਤੂ ਮੇਰਾ ਪ੍ਰੀਤਮੁ
ਨਿਸਿ ਬਾਸੁਰ ਰੰਗਿ ਰਾਵੈ॥
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ
ਕੋਕਿਲ ਸਬਦਿ ਸੁਹਾਵੈ॥੨॥
(ਪੰਨਾ ੧੧੦੭)

ਅੱਗੇ ਫਿਰ ਉਸ ਰਸ-ਭਿੰਨੇ, ਰੋਮ ਰੋਮ ਵਿਚ ਰਮੇ ਹੋਏ ਅਕਾਲ ਪੁਰਖ ਅੱਗੇ ਇਹ ਸੁਣਨ ਲਈ ਅਰਦਾਸ ਕੀਤੀ ਗਈ ਹੈ ਕਿ ਮੈਂ ਜੀਵ ਤੈਨੂੰ ਇੱਕ ਘੜੀ ਵਾਸਤੇ ਵੀ ਭੁਲਾ ਨਹੀਂ ਸਕਦਾ। ਇੱਕ ਘੜੀ ਵੀ ਨਹੀਂ ਵਿਸਾਰ ਸਕਦਾ, ਜੀਵ ਉਸ ਪਰਵਰਦਗਾਰ ਤੋਂ ਸਦਕੇ ਜਾਂਦਾ ਹੈ ਅਤੇ ਉਸ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਨ ਨਾਲ ਆਤਮਕ ਜੀਵਨ ਪੈਦਾ ਹੁੰਦਾ ਹੈ। ਗੁਰੂ ਸਾਹਿਬ ਅਰਦਾਸ ਕਰਦੇ ਹਨ ਕਿ ਨਾ ਕੋਈ ਹੋਰ ਜੀਵ ਦੇ ਨਾਲ ਨਿਭਣ ਵਾਲਾ ਹੈ ਅਤੇ ਨਾ ਹੀ ਜੀਵ ਕਿਸੇ ਦਾ ਸਦਾ ਲਈ ਸਾਥੀ ਹੈ। ਅਕਾਲ ਪੁਰਖ ਨੂੰ ਯਾਦ ਕੀਤੇ ਬਿਨਾਂ ਮਨ ਚੈਨ ਵਿਚ ਨਹੀਂ ਆਉਂਦਾ। ਅਕਾਲ ਪੁਰਖ ਦੀ ਸ਼ਰਨ ਆਇਆਂ, ਉਸ ਦੇ ਚਰਨਾਂ ਨੂੰ ਆਪਣੇ ਮਨ ਵਿਚ ਵਸਾਉਣ ਨਾਲ ਮਨੁੱਖ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। ਗੁਰੂ ਨਾਨਕ ਦੱਸਦੇ ਹਨ ਕਿ ਅਜਿਹੇ ਮਨੁੱਖ ਦੀ ਦ੍ਰਿਸ਼ਟੀ ਵਿਸ਼ਾਲ ਹੋ ਜਾਂਦੀ ਹੈ, ਉਹ ਸਦਾ ਆਤਮਕ ਅਨੰਦ ਮਾਣਦਾ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਦੇ ਮਨ ਦੀ ਭਟਕਣ ਮੁੱਕ ਜਾਂਦੀ ਹੈ,

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥
ਕਿਉ ਘੜੀ ਬਿਸਾਰੀ ਹਉ ਬਲਿਹਾਰੀ
ਹਉ ਜੀਵਾ ਗੁਣ ਗਾਏ॥
ਨਾ ਕੋਈ ਮੇਰਾ ਹਉ ਕਿਸੁ ਕੇਰਾ
ਹਰਿ ਬਿਨੁ ਰਹਣੁ ਨ ਜਾਏ॥
ਓਟ ਗਹੀ ਹਰਿ ਚਰਣ ਨਿਵਾਸੇ
ਭਏ ਪਵਿਤ੍ਰ ਸਰੀਰਾ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ
ਗੁਰ ਸਬਦੀ ਮਨੁ ਧੀਰਾ॥੩॥
(ਪੰਨਾ ੧੧੦੭)

ਅੱਗੇ ਦੱਸਿਆ ਗਿਆ ਹੈ ਕਿ ਜੋ ਜੀਵ-ਇਸਤਰੀ ਅਰਥਾਤ ਮਨੁੱਖ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦਾ ਹੈ, ਜਿਸ ਦੇ ਮਨ ਵਿਚ ਉਸ ਦੀ ਸਿਫਤਿ-ਸਾਲਾਹ ਰੂਪੀ ਅੰਮ੍ਰਿਤ ਦੀ ਧਾਰ ਬੂੰਦ-ਬੂੰਦ ਕਰਕੇ ਵਰਸਦੀ ਹੈ, ਉਸ ਨੂੰ ਪਰਮਾਤਮਾ ਸਹਿਜ ਸੁਭਾਅ ਹੀ ਆ ਕੇ ਮਿਲ ਪੈਂਦਾ ਹੈ। ਭਾਵ ਪਰਮਾਤਮਾ ਦੇ ਗੁਣ ਗਾਇਨ ਕਰਨ ਨਾਲ ਸਹਿਜ ਸੁਭਾਅ ਹੀ ਉਸ ਬੇਲੀ ਪਰਵਰਦਗਾਰ ਨਾਲ ਮੇਲ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਨਾਲ ਪ੍ਰੇਮ ਬਣਿਆ ਰਹਿੰਦਾ ਹੈ। ਉਹ ਅਕਾਲ ਪੁਰਖ ਮਨੁੱਖੀ ਹਿਰਦੇ ਵਿਚ ਓਦੋਂ ਆ ਕੇ ਨਿਵਾਸ ਕਰਦਾ ਹੈ ਜਦੋਂ ਉਸ ਦਾ ਭਾਣਾ ਹੁੰਦਾ ਹੈ। ਜੀਵ-ਇਸਤਰੀ ਉਤਸ਼ਾਹ ਭਰਪੂਰ ਹੋ ਕੇ ਉਸ ਦੇ ਗੁਣਾਂ ਦਾ ਗਾਇਨ ਕਰਦੀ ਹੈ ਅਤੇ ਕਹਿੰਦੀ ਹੈ ਕਿ ਹਰ ਇੱਕ ਭਾਗਾਂ ਵਾਲੀ ਇਸਤਰੀ ਦੇ ਅੰਦਰ ਉਸ ਅਕਾਲ ਪੁਰਖ ਦਾ ਨਿਵਾਸ ਹੈ, ਹਰ ਇੱਕ ਭਾਗਾਂ ਵਾਲਾ ਮਨੁੱਖ ਉਸ ਦੇ ਪ੍ਰੇਮ ਦਾ ਅਨੰਦ ਮਾਣ ਰਿਹਾ ਹੈ, ਫਿਰ ਅਕਾਲ ਪੁਰਖ ਨੇ ਮੈਨੂੰ ਕਿਉਂ ਭੁਲਾ ਦਿੱਤਾ ਹੈ। ਮਨ ਵਿਚ ਵੈਰਾਗ ਉਠਦਾ ਹੈ ਅਤੇ ਜੀਵ-ਇਸਤਰੀ ਅਰਦਾਸ ਕਰਦੀ ਹੈ, ਹੇ ਘਟਾ ਬਣ ਕੇ ਛਾਏ ਹੋਏ ਬੱਦਲ! ਅਕਾਲ ਪੁਰਖ ਦੇ ਪ੍ਰੇਮ ਦਾ ਮੀਂਹ ਵਰਸਾ ਅਰਥਾਤ ਪ੍ਰੇਮ ਨਾਲ ਉਸ ਅਕਾਲ ਪੁਰਖ ਦੀ ਸਿਫਤਿ-ਸਾਲਾਹ ਦਾ ਮੀਂਹ ਮੇਰੇ ਅੰਦਰ ਵਰਸੇ ਕਿਉਂਕਿ ਉਸ ਅਕਾਲ ਪੁਰਖ ਦਾ ਪ੍ਰੇਮ ਮੇਰੇ ਮਨ ਅਤੇ ਤਨ ਵਿਚ ਅਨੰਦ ਪੈਦਾ ਕਰਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਭਾਗਾਂ ਵਾਲੇ ਮਨੁੱਖ ਦੇ ਮਨ ਅੰਦਰ ਅਕਾਲ ਪੁਰਖ ਦੀ ਸਿਫਤਿ-ਸਾਲਾਹ ਦੀ ਬਾਣੀ ਦੀ ਵਰਖਾ ਹੁੰਦੀ ਹੈ, ਉਥੇ ਅਕਾਲ ਪੁਰਖ ਆਪ ਮਿਹਰ ਕਰਕੇ ਨਿਵਾਸ ਕਰਦਾ ਹੈ,

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥
ਸਾਜਨ ਮਿਲੇ ਸਹਜਿ ਸੁਭਾਇ
ਹਰਿ ਸਿਉ ਪ੍ਰੀਤਿ ਬਣੀ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ
ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤੁ ਰਵੈ ਸੋਹਾਗਣਿ
ਹਉ ਕਿਉ ਕੰਤਿ ਵਿਸਾਰੀ॥
ਉਨਵਿ ਘਨ ਛਾਏ ਬਰਸੁ ਸੁਭਾਏ
ਮਨਿ ਤਨਿ ਪ੍ਰੇਮੁ ਸੁਖਾਵੈ॥
ਨਾਨਕ ਵਰਸੈ ਅੰਮ੍ਰਿਤ ਬਾਣੀ
ਕਰਿ ਕਿਰਪਾ ਘਰਿ ਆਵੈ॥੪॥
(ਪੰਨਾ ੧੧੦੭)

ਕੁਦਰਤ ਦੇ ਖਿੜਾਉ ਜਾਂ ਮੌਲਣ ਦਾ ਮਨੁੱਖੀ ਮਨ 'ਤੇ ਪੈਣ ਵਾਲੇ ਇਸੇ ਅਸਰ ਵੱਲ ਸੰਕੇਤ ਕਰਦਿਆਂ ਗੁਰੂ ਨਾਨਕ ਸਾਹਿਬ 'ਬਾਰਹ ਮਾਹਾ' ਰਾਗੁ ਤੁਖਾਰੀ ਵਿਚ ਵੈਸਾਖ ਦੇ ਮਹੀਨੇ ਵਿਚ ਕੁਦਰਤ ਦੇ ਮੌਲਣ ਦਾ ਵਰਨਣ ਕਰਦੇ ਹਨ ਕਿ ਵੈਸਾਖ ਦਾ ਮਹੀਨਾ ਮਨ ਨੂੰ ਕਿੰਨਾ ਚੰਗਾ ਲੱਗਦਾ ਹੈ। ਇਸ ਮਹੀਨੇ ਰੁੱਖਾਂ ਦੀਆਂ ਲਗਰਾਂ ਨੂੰ ਕੂਲੇ-ਕੂਲੇ ਨਵੇਂ ਪੱਤਰ ਨਿਕਲਦੇ ਹਨ ਜੋ ਉਨ੍ਹਾਂ ਦੇ ਹਾਰ-ਸ਼ਿੰਗਾਰ ਦਾ ਸਾਧਨ ਹਨ। ਕੁਦਰਤ ਨੂੰ ਇਸ ਤਰ੍ਹਾਂ ਮੌਲੀ ਹੋਈ ਦੇਖ ਕੇ ਪਤੀ ਤੋਂ ਵਿਛੜੀ ਪਤਨੀ ਦੇ ਮਨ ਵਿਚ ਆਪਣੇ ਪਤੀ ਨੂੰ ਮਿਲਣ ਦੀ ਧੂਹ ਪੈਂਦੀ ਹੈ ਅਤੇ ਉਹ ਆਪਣੇ ਪਿਆਰੇ ਪਤੀ ਨੂੰ ਘਰ ਦੇ ਦਰਵਾਜ਼ੇ ਵਿਚ ਖੜੀ ਉਸ ਦਾ ਰਸਤਾ ਤੱਕਦੀ ਹੈ। ਇਸੇ ਤਰ੍ਹਾਂ ਕੁਦਰਤ ਦੀ ਸੁੰਦਰਤਾ/ਜੋਬਨ ਦੇਖ ਕੇ ਜੀਵ-ਇਸਤਰੀ ਦੇ ਮਨ ਵਿਚ ਆਪਣੇ ਸੁਆਮੀ ਪਰਮਾਤਮਾ ਨੂੰ ਮਿਲਣ ਦੀ ਇੱਛਾ ਪੈਦਾ ਹੁੰਦੀ ਹੈ ਅਤੇ ਉਹ ਆਪਣੇ ਸੁਆਮੀ ਪ੍ਰਭੂ ਨੂੰ ਉਡੀਕਦੀ ਹੋਈ ਉਸ ਅੱਗੇ ਅਰਦਾਸ ਕਰਦੀ ਹੈ, ਹੇ ਅਕਾਲ ਪੁਰਖ! ਮਿਹਰ ਕਰੋ ਅਤੇ ਮੇਰੇ ਹਿਰਦੇ ਰੂਪੀ ਘਰ ਵਿਚ ਆਉ, ਮੈਨੂੰ ਇਸ ਬਿਖਮ ਸੰਸਾਰ ਸਮੁੰਦਰ ਤੋਂ ਪਾਰ ਕੱਢ ਲਵੋ ਕਿਉਂਕਿ ਅਕਾਲ ਪੁਰਖ ਬਿਨਾਂ ਹੋਰ ਕੋਈ ਆਸਰਾ ਨਹੀਂ ਹੈ, ਅਕਾਲ ਪੁਰਖ ਦੇ ਆਸਰੇ ਤੋਂ ਬਿਨਾਂ ਜੀਵ-ਆਤਮਾ ਦਾ ਮੁੱਲ ਅੱਧੀ ਕੌਡੀ ਜਿੰਨਾ ਵੀ ਨਹੀਂ ਹੈ। ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ ਹੈ ਕਿ ਜੇ ਗੁਰੂ ਤੇਰਾ ਦਰਸ਼ਨ ਕਰਕੇ ਇਸ ਜੀਵ-ਇਸਤਰੀ ਨੂੰ ਵੀ ਦਰਸ਼ਨ ਕਰਾ ਦੇਵੇ ਅਤੇ ਜੇ ਕਰ ਉਹ ਅਕਾਲ ਪੁਰਖ ਨੂੰ ਚੰਗੀ ਲੱਗੇ ਤਾਂ ਉਹ ਅਮੋਲਕ ਹੋ ਜਾਵੇਗੀ ਅਰਥਾਤ ਕੋਈ ਵੀ ਉਸ ਦਾ ਮੁੱਲ ਨਹੀਂ ਅੰਕ ਸਕਦਾ। ਅਜਿਹੀ ਅਵਸਥਾ ਵਿਚ ਫਿਰ ਜੀਵ-ਇਸਤਰੀ ਨੂੰ ਪਰਮਾਤਮਾ ਦੇ ਨਿਵਾਸ ਸਥਾਨ ਦਾ ਪਤਾ ਲੱਗ ਜਾਵੇਗਾ ਕਿ ਉਹ ਕਿਧਰੇ ਦੂਰ ਨਹੀਂ ਵੱਸਦਾ, ਉਸ ਦਾ ਨਿਵਾਸ ਸਥਾਨ ਹਿਰਦੇ-ਘਰ ਵਿਚ ਹੀ ਹੈ, ਜਿਸ ਦੀ ਪਛਾਣ ਜੀਵ-ਇਸਤਰੀ ਨੂੰ ਹੋ ਜਾਵੇਗੀ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਵੈਸਾਖ ਦੇ ਮਹੀਨੇ ਕੁਦਰਤ ਦੇ ਸ਼ਿੰਗਾਰ ਨੂੰ ਦੇਖ ਕੇ ਉਹ ਜੀਵ-ਇਸਤਰੀ ਪਰਮਾਤਮ-ਪਤੀ ਦਾ ਮਿਲਾਪ ਪ੍ਰਾਪਤ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਉਸ ਅਕਾਲ ਪੁਰਖ ਦੀ ਸਿਫਤਿ-ਸਾਲਾਹ ਵਿਚ ਲੱਗ ਜਾਂਦਾ ਹੈ,

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ
ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ
ਸਬਦਿ ਮਨੁ ਮਾਨਾ॥੬॥ (ਪੰਨਾ ੧੧੦੮)

'ਬਾਰਹ ਮਾਹਾ ਮਾਂਝ' ਵਿਚ ਗੁਰੂ ਅਰਜਨ ਦੇਵ ਵੀ ਵੈਸਾਖ ਦੀ ਵਿਆਖਿਆ ਜੀਵ-ਇਸਤਰੀ ਦੇ ਅਕਾਲ ਪੁਰਖ ਨਾਲ ਰਿਸ਼ਤੇ ਦੇ ਸੰਦਰਭ ਵਿਚ ਹੀ ਕਰਦੇ ਹਨ। ਵੈਸਾਖ ਦੇ ਮਹੀਨੇ ਨੂੰ ਸਾਰਿਆਂ ਲਈ ਖੁਸ਼ੀਆਂ ਲਿਆਉਣ ਵਾਲਾ ਮੰਨਿਆ ਜਾਂਦਾ ਹੈ। ਗੁਰੂ ਅਰਜਨ ਦੇਵ ਦੱਸਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਨੂੰ ਪ੍ਰੇਮ ਦਾ ਵਿਯੋਗ ਲੱਗਿਆ ਹੋਇਆ ਹੈ, ਜੋ ਆਪਣੇ ਪਰਮਾਤਮਾ ਤੋਂ ਵਿਛੜੀਆਂ ਹੋਈਆਂ ਹਨ, ਉਹ ਕਿਸ ਤਰ੍ਹਾਂ ਧੀਰਜ ਵਿਚ ਰਹਿ ਸਕਦੀਆਂ ਹਨ? ਅਜਿਹੀਆਂ ਜੀਵ-ਇਸਤਰੀਆਂ ਅਰਥਾਤ ਮਨੁੱਖ ਆਪਣੇ ਮਿੱਤਰ-ਪਿਆਰੇ ਅਕਾਲ ਪੁਰਖ ਨੂੰ ਵਿਸਾਰ ਕੇ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ। ਇਸਤਰੀ, ਪੁੱਤਰ, ਮਾਇਆ-ਧਨ ਆਦਿ ਕੁਝ ਵੀ ਮਨੁੱਖ ਦੇ ਨਾਲ ਪੱਕੇ ਤੌਰ 'ਤੇ ਨਹੀਂ ਰਹਿੰਦਾ, ਕੋਈ ਵੀ ਇਨ੍ਹਾਂ ਵਿਚੋਂ ਸਾਥ ਨਹੀਂ ਨਿਭਾਉਂਦਾ, ਸਦੀਵੀ ਕਾਇਮ ਰਹਿਣ ਵਾਲੀ ਹਸਤੀ ਅਕਾਲ ਪੁਰਖ ਹੀ ਹੈ ਜੋ ਮਨੁੱਖ ਦਾ ਸਾਥੀ ਹੈ। ਝੂਠੇ, ਨਾਸ਼ਵਾਨ ਧੰਧੇ ਸਾਰੀ ਮਨੁੱਖਤਾ ਨੂੰ ਵਿਆਪ ਰਹੇ ਹਨ ਜਿਨ੍ਹਾਂ ਵਿਚ ਲੱਗ ਕੇ ਸਾਰੀ ਮਨੁੱਖਤਾ ਵਾਰ-ਵਾਰ ਫਸਦੀ ਹੈ ਅਤੇ ਮਰ ਰਹੀ ਹੈ। ਇੱਕ ਅਕਾਲ ਪੁਰਖ ਦਾ ਨਾਮ ਹੀ ਹੈ ਜੋ ਨਾਲ ਜਾਂਦਾ ਹੈ, ਬਾਕੀ ਸਾਰੇ ਕਰਮ ਮਨੁੱਖ ਕੋਲੋਂ ਇਥੇ ਹੀ ਖੋਹ ਲਏ ਜਾਂਦੇ ਹਨ। ਉਸ ਪ੍ਰੇਮ-ਸਰੂਪ ਪਰਮਾਤਮਾ ਨੂੰ ਭੁਲਾ ਕੇ ਮਨੁੱਖ ਨੂੰ ਖੁਆਰੀ ਹੀ ਹੁੰਦੀ ਹੈ ਕਿਉਂਕਿ ਉਸ ਤੋਂ ਬਿਨਾਂ ਇਸ ਜਿੰਦੜੀ ਦਾ ਕੋਈ ਵੀ ਸਾਥੀ ਨਹੀਂ ਹੁੰਦਾ। ਜਿਹੜੇ ਮਨੁੱਖ ਅਕਾਲ ਪੁਰਖ ਦੇ ਚਰਨਾਂ ਦਾ ਓਟ ਆਸਰਾ ਤੱਕ ਲੈਂਦੇ ਹਨ, ਉਨ੍ਹਾਂ ਦੀ ਲੋਕ-ਪ੍ਰਲੋਕ ਵਿਚ ਵਡਿਆਈ ਹੁੰਦੀ ਹੈ। ਗੁਰੂ ਅਰਜਨ ਦੇਵ ਅਕਾਲ ਪੁਰਖ ਅੱਗੇ ਉਸ ਦੇ ਮਿਲਾਪ ਅਤੇ ਪ੍ਰੇਮ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ। ਇਹ ਵੈਸਾਖ ਦਾ ਮਹੀਨਾ ਜੀਵ ਨੂੰ ਤਾਂ ਹੀ ਸੋਹਣਾ ਲੱਗਦਾ ਹੈ ਜੇ ਹਰੀ-ਸੰਤ ਅਕਾਲ ਪੁਰਖ ਨਾਲ ਮੇਲ ਹੋ ਜਾਵੇ,

ਵੈਸਾਖਿ ਧੀਰਨਿ ਕਿਉ ਵਾਢੀਆ
ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ
ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ
ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ
ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ
ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ
ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ
ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ
ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ
ਜਾ ਸੰਤੁ ਭੇਟੈ ਹਰਿ ਸੋਇ॥੩॥
(ਪੰਨਾ ੧੩੩-੩੪)

# ਤੁਮ ਹਰਿ ਸੇਤੀ ਰਾਤੇ ਸੰਤਹੁ

**ਗੁਰਬਾਣੀ ਗਿਆਨ**

**ਗਉੜੀ ਮਹਲਾ ੫**
ਤੁਮ ਹਰਿ ਸੇਤੀ ਰਾਤੇ ਸੰਤਹੁ॥
ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ
ਓੜਿ ਪਹੁਚਾਵਹੁ ਦਾਤੇ॥੧॥ ਰਹਾਉ॥
ਤੁਮਰਾ ਮਰਮੁ ਤੁਮਾ ਹੀ ਜਾਨਿਆ
ਤੁਮ ਪੂਰਨ ਪੁਰਖ ਬਿਧਾਤੇ॥
ਰਾਖਹੁ ਸਰਣਿ ਅਨਾਥ ਦੀਨ ਕਉ
ਕਰਹੁ ਹਮਾਰੀ ਗਾਤੇ॥੧॥
ਤਰਣ ਸਾਗਰ ਬੋਹਿਥ ਚਰਣ ਤੁਮਾਰੇ
ਤੁਮ ਜਾਨਹੁ ਅਪੁਨੀ ਭਾਤੇ॥
ਕਰਿ ਕਿਰਪਾ ਜਿਸੁ ਰਾਖਹੁ ਸੰਗੇ
ਤੇ ਤੇ ਪਾਰਿ ਪਰਾਤੇ॥੨॥
ਈਤ ਊਤ ਪ੍ਰਭ ਤੁਮ ਸਮਰਥਾ
ਸਭੁ ਕਿਛੁ ਤੁਮਰੈ ਹਾਥੇ॥
ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ
ਚਲੈ ਹਮਾਰੈ ਸਾਥੇ॥੩॥
ਨਿਰਗੁਨੀਆਰੇ ਕਉ ਗੁਨੁ ਕੀਜੈ
ਹਰਿ ਨਾਮੁ ਮੇਰਾ ਮਨੁ ਜਾਪੇ॥
ਸੰਤ ਪ੍ਰਸਾਦਿ ਨਾਨਕ ਹਰਿ ਭੇਟੇ
ਮਨ ਤਨ ਸੀਤਲ ਧ੍ਰਾਪੇ॥੪॥

ਬਾਣੀ ਦੇ ਬੋਹਿਥ ਸਤਿਗੁਰੂ ਪੰਚਮ ਪਾਤਿਸ਼ਾਹ ਉਸ ਮਿਹਰਵਾਨ ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਉਸਤਤ ਕਰਦਿਆਂ ਪ੍ਰਭੂ ਅੱਗੇ ਅਰਦਾਸ ਕਰਦੇ ਆਖ ਰਹੇ ਹਨ- ਤੁਮ ਹਰਿ ਸੇਤੀ ਰਾਤੇ ਸੰਤਹੁ, ਹੇ ਪ੍ਰਭ ਜੀ ਦੇ ਪਿਆਰੇ ਸੰਤ ਜਨੋ! ਤੁਸੀਂ ਤਾਂ ਵੱਡੇ ਭਾਗਾਂ ਵਾਲੇ ਹੋ, ਜੋ ਪ੍ਰਭੂ ਦੇ ਰੰਗ ਵਿਚ ਰੰਗੇ ਗਏ ਹੋ; ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ, ਹੇ ਸਰਬ ਵਿਆਪਕ ਸੰਸਾਰ ਦੇ ਮਾਲਕ ਦੇ ਪੂਰਨ ਪੁਰਖ ਦਾਤਾਰ ਜੀਉ! ਮੈਨੂੰ ਵੀ ਆਪਣੀ ਤੋੜ ਤੱਕ ਨਿਭ ਜਾਣ ਵਾਲੀ ਸੱਚੀ ਪ੍ਰੀਤ ਵਿਚ ਜੋੜ ਲੈ ਤਾਂ ਜੋ ਤੇਰੇ ਨਾਲ ਓੜਕ ਤੱਕ ਨਿਭ ਜਾਵੇ।

ਤੁਮਰਾ ਮਰਮੁ ਤੁਮਾ ਹੀ ਜਾਨਿਆ
ਤੁਮ ਪੂਰਨ ਪੁਰਖ ਬਿਧਾਤੇ॥
ਰਾਖਹੁ ਸਰਣਿ ਅਨਾਥ ਦੀਨ ਕਉ
ਕਰਹੁ ਹਮਾਰੀ ਗਾਤੇ॥੧॥

ਹੇ ਜਗਤ ਦੇ ਪਾਲਣਹਾਰ ਮਿਹਰਵਾਨ ਪ੍ਰਭੂ ਜੀਉ! ਜ਼ੱਰੇ-ਜ਼ੱਰੇ ਵਿਚ ਸਮਾਈ ਬੈਠੇ ਹੇ ਪ੍ਰਭ ਜੀਉ! ਆਪਣੇ ਦਿਲ ਦੀ ਗੱਲ ਤੂੰ ਆਪ ਹੀ ਜਾਣਦਾ ਹੈਂ, ਪ੍ਰਭੂ ਜੀ ਤੇਰਾ ਭੇਤ ਜਾਣਨ ਵਾਲਾ ਦੂਜਾ ਹੋਰ ਕੋਈ ਹੈ ਹੀ ਨਹੀਂ ਹੈ; ਹੇ ਜਗਤ ਦੇ ਸਵਾਮੀ ਪ੍ਰਭ ਜੀਉ! ਮੈਨੂੰ ਅਨਾਥ ਗਰੀਬ ਨੂੰ ਆਪਣੀ ਸ਼ਰਨ ਵਿਚ ਰੱਖ ਲੈ; ਕਰਹੁ ਹਮਾਰੀ ਗਾਤੇ, ਮੇਰੀ ਸਭ ਭਟਕਣਾ ਮੁਕਾ ਕੇ ਮੇਰੀ ਆਤਮਕ ਅਵਸਥਾ ਨੂੰ ਉਚੀ ਬਣਾ ਦਿਓ।

ਤਰਣ ਸਾਗਰ ਬੋਹਿਥ ਚਰਣ ਤੁਮਾਰੇ
ਤੁਮ ਜਾਨਹੁ ਅਪੁਨੀ ਭਾਤੇ॥
ਕਰਿ ਕਿਰਪਾ ਜਿਸੁ ਰਾਖਹੁ ਸੰਗੇ
ਤੇ ਤੇ ਪਾਰਿ ਪਰਾਤੇ॥੨॥

ਹੇ ਮਿਹਰਾਂ ਦੇ ਮਾਲਕ ਪ੍ਰਭੂ ਜੀਉ! ਇਸ ਬਿਖੜੇ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਤੇਰੇ ਸੋਹਣੇ ਚਰਨ ਕੰਵਲ ਹੀ ਮੇਰੇ ਲਈ ਬੋਹਿਥ ਭਾਵ ਜਹਾਜ ਹਨ; ਜੀਵਾਂ ਨੂੰ ਇਸ ਬਿਖੜੇ ਭਵਜਲ ਤੋਂ ਤੂੰ ਕਿਸ ਤਰ੍ਹਾਂ ਪਾਰ ਲੰਘਾਉਂਦਾ ਹੈਂ, ਇਹ ਤੇਰਾ ਭੇਤ ਤੂੰ ਆਪ ਹੀ ਜਾਣਦਾ ਹੈਂ, ਕਰਿ ਕਿਰਪਾ ਜਿਸ ਰਾਖਹੁ ਸੰਗੇ, ਆਪਣੀ ਮਿਹਰ ਨਾਲ ਜਿਸ ਜਿਸ ਜੀਵ ਨੂੰ ਤੂੰ ਆਪਣੇ ਨਾਲ ਰੱਖ ਲੈਂਦਾ ਹੈਂ, ਉਹ ਸਾਰੇ ਵਡਭਾਗੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

ਈਤ ਊਤ ਪ੍ਰਭ ਤੁਮ ਸਮਰਥਾ
ਸਭੁ ਕਿਛੁ ਤੁਮਰੈ ਹਾਥੇ॥
ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ
ਚਲੈ ਹਮਾਰੈ ਸਾਥੇ॥੩॥

ਹੇ ਬਖ਼ਸ਼ੰਦ ਬਖ਼ਸ਼ਨਹਾਰ ਪਿਤਾ ਜੀਉ! ਸੰਸਾਰ ਦੇ ਜੀਵਾਂ ਲਈ ਤਾਂ ਇਥੇ ਅਤੇ ਉਥੇ ਵੀ ਲੋਕ-ਪ੍ਰਲੋਕ ਵਿਚ ਦੋਹੀਂ ਥਾਂਈਂ ਤੂੰ ਹੀ ਸਭ ਤਾਕਤਾਂ ਦਾ ਮਾਲਕ ਹੈਂ; ਹੇ ਮਿਹਰਵਾਨ ਪ੍ਰਭ ਜੀਉ! ਸਾਡਾ ਨਿਮਾਣੇ ਜੀਵਾਂ ਦਾ ਹਰ ਇਕ ਦੁਖ ਵੀ ਅਤੇ ਸੁਖ ਵੀ, ਸਭ ਕੁਝ ਤੇਰੇ ਹੱਥ ਹੈ; ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਮੈਨੂੰ ਅਜਿਹਾ ਨਾਮ ਰੂਪੀ ਖਜ਼ਾਨਾ ਦਿਓ ਜੋ ਸੰਸਾਰ ਤੋਂ ਰੁਖਸਤ ਹੋਣ ਵੇਲੇ ਵੀ ਮੇਰਾ ਸਦਾ ਸਾਥ ਦੇਵੇ।

ਨਿਰਗੁਨੀਆਰੇ ਕਉ ਗੁਨੁ ਕੀਜੈ
ਹਰਿ ਨਾਮੁ ਮੇਰਾ ਮਨੁ ਜਾਪੇ॥
ਸੰਤ ਪ੍ਰਸਾਦਿ ਨਾਨਕ ਹਰਿ ਭੇਟੇ
ਮਨ ਤਨ ਸੀਤਲ ਧ੍ਰਾਪੇ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਮੈਨੂੰ ਗੁਣਾਂ ਤੋਂ ਹੀਣ ਅਉਗਣ ਹਾਰ ਨੂੰ ਪਰਮਾਤਮਾ ਦੀ ਸਿਫਤਿ ਸਾਲਾਹ ਦਾ ਗੁਣ ਬਖਸ਼ੋ ਜੀ; ਮੇਰੇ ਉਤੇ ਕ੍ਰਿਪਾ ਦ੍ਰਿਸ਼ਟੀ ਕਰੋ ਤਾਂ ਕਿ ਮੇਰਾ ਮਨ ਸਦਾ ਹੀ ਉਸ ਹਰੀ ਪ੍ਰਭੂ ਦਾ ਨਾਮ ਜਪਦਾ ਰਹੇ; ਸੰਤ ਪ੍ਰਸਾਦਿ ਨਾਨਕ ਹਰਿ ਭੇਟੇ, ਹੇ ਨਾਨਕ! ਗੁਰੂ ਸੰਤ ਦੀ ਮਿਹਰ ਸਦਕਾ ਜਿਨ੍ਹਾਂ ਜੀਵਾਂ ਨੂੰ ਉਹ ਮਿਹਰਵਾਨ ਪ੍ਰਭੂ ਮਿਲ ਪੈਂਦਾ ਹੈ, ਉਨ੍ਹਾਂ ਦੇ ਮਨ ਅਤੇ ਤਨ ਸੀਤਲ ਠੰਢੇ-ਠਾਰ ਹੋ ਜਾਂਦੇ ਹਨ, ਤੇ ਉਹ ਵਿਕਾਰਾਂ ਦੀ ਤਪਸ਼ ਤੋਂ ਬਚ ਜਾਂਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਵਿਸਾਖੀ ਪੰਜਾਬੀਅਤ ਦੀ ਪਹਿਚਾਣ ਦਾ ਸਮਾਜਕ ਤੇ ਮਹਾਤਮੀ ਸਰੂਪ

ਜੀਵਨ ਦੇ ਉਚੇ ਆਦਰਸ਼ਾਂ ਅਤੇ ਨੈਤਿਕ ਮੁੱਲਾਂ ਦੀ ਸਥਾਪਨਾ ਕਰਨ ਲਈ ਮਨੁੱਖ ਲਗਾਤਾਰ ਇਕ ਕਾਰਜਸ਼ੀਲ ਵਿਵਸਥਾ ਵਿਚ ਰਹਿੰਦਾ ਹੈ। ਇਹ ਕਾਰਜ ਨਿਰੰਤਰ ਕਦੇ ਆਪਣੇ ਅੰਦਰ, ਕਦੇ ਆਪਣੇ ਬਾਹਰ ਉਹ ਸਦਾ ਕਰਦਾ ਰਹਿੰਦਾ ਹੈ। ਕਿਰਤ ਕੁਦਰਤ ਦੀ ਵਿਰਾਟ ਗੋਦ ਵਿਚ ਬੈਠੇ ਮਨੁੱਖ ਦਾ ਖਾਸਾ ਹੈ। ਉਹ ਆਪਣੇ ਵਿਪਰੀਤ ਸਥਿਤੀਆਂ ਨਾਲ ਟਕਰਾਓ ਵਿਚ ਆਏ ਬਿਨਾਂ ਨਹੀਂ ਰਹਿ ਸਕਦਾ। ਇਸ ਟੱਕਰ ਵਿਚ ਕਈ ਤਰ੍ਹਾਂ ਦੇ ਉਤਰਾ-ਚੜ੍ਹਾ ਆਉਂਦੇ ਹਨ। ਉਸਾਰੀਆਂ, ਤਬਾਹੀਆਂ, ਮੁੜ ਉਸਾਰੀਆਂ ਦਾ ਨਿਰੰਤਰ ਸਿਲਸਿਲਾ ਚਲਦਾ

ਤੇਜਵੰਤ ਮਾਨ (ਡਾ.)

ਰਹਿੰਦਾ ਹੈ। ਇਸ ਅਨੁਭਵ ਵਿਚੋਂ ਉਹ ਵਿਸ਼ਵਾਸੀ, ਸਾਹਰੀ, ਕਰਤਾਰੀ, ਮਹਾਤਮੀ, ਪਰਉਪਕਾਰੀ, ਮੇਲ ਮਿਲਾਪੀ, ਚਾਅ-ਮਲ੍ਹਾਰੀ ਨੈਤਿਕ ਤੇ ਸਮਾਜਿਕ ਮੁੱਲਾਂ ਨੂੰ ਨਿਰਧਾਰਿਤ ਕਰਦਾ ਹੈ। ਇਸੇ ਅਨੁਭਵ ਵਿਚੋਂ ਉਹ ਹੰਕਾਰੀ, ਦੁਰਾਚਾਰੀ, ਆਤਮਘਾਤੀ, ਜ਼ੁਲਮੀ, ਕਾਮੀ, ਕਰੋਧੀ, ਲੋਭੀ ਭਾਵਾਂ ਦੇ ਸਨਮੁੱਖ ਵੀ ਹੁੰਦਾ ਹੈ। ਇਸ ਵਿਰੋਧ ਜੁਟ ਦਾ ਉਹ ਸੰਵਾਦੀ ਹੱਲ ਮੇਲ-ਮਿਲਾਪ, ਗੁਰ ਪ੍ਰਸਾਦਿ ਦੀ ਸਮਾਜੀ ਅਤੇ ਮਹਾਤਮੀ ਪਹਿਚਾਣ ਵਿਚੋਂ ਕੱਢਦਾ ਹੈ।

ਪੁਰਾਣੇ ਸਮੇਂ ਤੋਂ ਹੀ ਮੇਲੇ ਅਤੇ ਤਿਓਹਾਰ ਉਪਰੋਕਤ ਮੇਲ-ਮਿਲਾਪ ਅਤੇ ਗੁਰੂ ਦੀ ਕ੍ਰਿਪਾ ਪ੍ਰਾਪਤ ਕਰਨ ਦੇ ਸਮਾਜਿਕ ਅਤੇ ਮਹਾਤਮੀ ਪਹਿਚਾਣ ਦਾ ਅੰਗ ਰਹੇ ਹਨ। ਮੇਲਾ ਸ਼ਬਦ ਮੇਲ ਤੋਂ ਹੀ ਬਣਿਆ ਹੈ। ਮੇਲੇ ਜਿਥੇ ਜੀ ਪਰਚਾਵੇ ਅਤੇ ਮਨੋਰੰਜਨ ਦਾ ਸਾਧਨ ਹਨ, ਉਥੇ ਇਹ ਸਮਾਜਿਕ, ਰਾਜਸੀ ਅਤੇ ਵਪਾਰਕ ਦ੍ਰਿਸ਼ਟੀ ਤੋਂ ਵੀ ਆਪਣੀ ਵਿਸ਼ੇਸ਼ਤਾ ਰੱਖਦੇ ਹਨ। ਪੰਜਾਬ ਦੀ ਬਹੁਤੀ ਵਸੋਂ ਕਿਰਸਾਨੀ ਹੈ, ਇਸ ਲਈ ਇਹ ਮੇਲੇ ਰੁੱਤ ਅਤੇ ਫ਼ਸਲਾਂ ਦੀ ਬਿਜਾਈ ਜਾਂ ਕਟਾਈ ਦੇ ਦਿਨਾਂ ਨੂੰ ਮੁੱਖ ਰੱਖ ਕੇ ਲਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਦਾ ਸਬੰਧ ਮੌਸਮਾਂ ਦੀ ਤਬਦੀਲੀ ਨਾਲ ਵੀ ਹੈ। ਵਿਸਾਖੀ ਸਰਦੀ ਦੇ ਅੰਤ ਅਤੇ ਗਰਮੀ ਦੇ ਅਰੰਭ ਵਿਚ ਮਨਾਈ ਜਾਂਦੀ ਹੈ। ਇਸੇ ਤਰ੍ਹਾਂ ਦੀਵਾਲੀ ਸਰਦੀ ਦੇ ਅਰੰਭ ਅਤੇ ਗਰਮੀਆਂ ਦੇ ਅੰਤ 'ਤੇ ਮਨਾਈ ਜਾਂਦੀ ਹੈ। ਬਸੰਤ ਅਤੇ ਹੋਲੀ ਨਾ ਗਰਮੀ ਨਾ ਸਰਦੀ, ਖੁੱਲ੍ਹੀ ਰੁੱਤ ਦੇ ਤਿਓਹਾਰ ਹਨ।

ਵਿਸਾਖੀ ਦਾ ਸਬੰਧ ਪੰਜਾਬ ਵਿਚ ਖੇਤੀ ਅਤੇ ਆਰਥਿਕਤਾ ਦੇ ਅਧਾਰ ਉਤੇ ਹਾੜੀ ਦੀ ਫਸਲ ਦੀ ਵਾਢੀ ਨਾਲ ਹੈ। 'ਜੱਟਾ ਆ ਗਈ ਮੇਖ, ਕਚੀ ਪੱਕੀ ਨਾ ਦੇਖ' ਦੀ ਲੋਕ ਉਕਤੀ ਅਨੁਸਾਰ ਕਣਕਾਂ ਦੀ ਵਢਾਈ ਦਾ ਢੋਲ ਵੱਜ ਜਾਂਦਾ ਹੈ। ਪੰਜਾਬ ਦੇ ਕਿਰਸਾਨ ਦੀ ਕੋਠੀ ਦਾਣੇ ਆ ਜਾਣ ਦੀ ਵੱਡੀ ਆਸ ਬੱਝਦੀ ਹੈ ਅਤੇ ਉਹ ਮੀਂਹ ਕਣੀ ਤੋਂ ਪਹਿਲਾਂ ਪਹਿਲਾਂ ਦਾਣਾ-ਫੱਕਾ ਸੰਭਾਲਣ ਦੇ ਕਾਰਜ ਵਿਚ ਜੁਟ ਜਾਂਦਾ ਹੈ। ਭਰਪੂਰ ਫਸਲ ਦੇ ਆਉਣ ਦੀ ਆਸ ਉਸ ਵਿਚ ਹੱਸਣ-ਖੇਡਣ ਦਾ ਚਾਅ ਪੈਦਾ ਕਰਦੀ ਹੈ। ਆਪਣੇ ਮਨ ਦੇ ਚਾਓ ਨੂੰ ਪੂਰਾ ਕਰਨ ਲਈ ਅਤੇ ਮਹਾਤਮੀ ਸਰੂਪ ਵਿਚ ਆਪਣੇ ਇਸ਼ਟ ਗੁਰੂ ਦੇ ਸ਼ੁਕਰਾਨੇ ਲਈ ਉਹ ਮੇਲੇ ਜਾਂਦਾ ਹੈ। ਸੂਰਜ ਦੇ ਹਿਸਾਬ ਵੈਸਾਖ ਦਾ ਪਹਿਲਾ ਦਿਨ ਵਿਸਾਖੀ ਦਾ ਦਿਨ ਮੰਨਿਆ ਜਾਂਦਾ ਹੈ। ਵੈਸਾਖ ਦੀ ਸੰਗਰਾਂਦ ਨੂੰ ਮੇਖੀ ਵੀ ਕਿਹਾ ਜਾਂਦਾ ਹੈ। ਇਸ ਦਿਨ ਲੋਕ ਚੰਗੇ ਨਛੱਤਰਾਂ ਦੀ ਮਾਨਤਾ ਅਨੁਸਾਰ ਪੂਰਨਮਾਸ਼ੀ ਵਾਲੇ ਦਿਨ ਨੇੜਲੇ ਮਹਾਤਮੀ ਸਰੋਵਰ ਵਿਚ ਇਸ਼ਨਾਨ ਕਰਦੇ ਹਨ। ਆਪਣੇ ਇਸ਼ਟ ਜਾਂ ਗੁਰੂ ਦੇ ਦਰਸ਼ਨ ਕਰਦੇ ਹਨ।

ਸਮੂਹਕ ਖੁਸ਼ੀਆਂ ਮਨਾਉਣ ਦੇ ਇਸ ਸਮਾਜਿਕ ਵਿਵਹਾਰ ਨਾਲ ਹੌਲੀ ਹੌਲੀ ਇਤਿਹਾਸਕ ਘਟਨਾਵਾਂ ਵੀ ਜੁੜਦੀਆਂ ਗਈਆਂ। ਵਿਸਾਖੀ ਦਾ ਇਹ ਮੇਲਾ ਗੁਰ

ਨਾਨਕ ਦੇਵ ਜੀ ਦੇ ਜਨਮ ਦਿਵਸ ਵਜੋਂ ਨਾਨਕਿਆਣਾ ਸਾਹਿਬ ਵਿਖੇ ਭਰਨ ਲੱਗਾ। ਭਾਵੇਂ ਹੁਣ ਨਾਨਕਿਆਣੇ ਦੀ ਇਤਿਹਾਸਕ ਧਰਤੀ ਪਾਕਿਸਤਾਨ ਦਾ ਹਿੱਸਾ ਹੈ ਪਰ ਸਮੁੱਚੇ ਸੰਸਾਰ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਅਤੇ ਗੁਰਮਤਿ ਦੇ ਅਨੁਆਈ ਹਰ ਸਾਲ ਵੈਸਾਖ ਦੇ ਪਹਿਲੇ ਦਿਨ ਹੀ ਨਾਨਕਿਆਣਾ ਵਿਖੇ ਸੰਗਤ ਰੂਪ ਵਿਚ ਇਕੱਠੇ ਹੁੰਦੇ ਹਨ ਅਤੇ ਸਰੋਵਰ ਵਿਚ ਇਸ਼ਨਾਨ ਕਰਕੇ ਗੁਰੂ ਦਾ ਸ਼ੁਕਰਾਨਾ ਅਦਾ ਕਰਦੇ ਹਨ। ਜਦੋਂ 1559 ਈ. ਵਿਚ ਗੁਰੂ ਅਮਰਦਾਸ ਜੀ ਨੇ 84 ਪਾਉੜੀਆਂ ਵਾਲੀ ਬਾਉਲੀ ਗੋਇੰਦਵਾਲ ਸਾਹਿਬ ਵਿਖੇ ਬਣਵਾਈ ਤਾਂ ਭੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਵਿਸਾਖੀ ਵਾਲੇ ਦਿਨ ਵੱਡਾ ਭਾਰੀ ਇਕੱਠ ਗੋਇੰਦਵਾਲ ਸਾਹਿਬ ਸੱਦਿਆ। ਕਿਹਾ ਜਾਂਦਾ ਹੈ ਕਿ 1571 ਈ. ਦੀ ਵਿਸਾਖੀ ਦੇ ਮੌਕੇ ਅਕਬਰ ਬਾਦਸ਼ਾਹ ਨੇ ਖ਼ੁਦ ਗੋਇੰਦਵਾਲ ਸਾਹਿਬ ਇਸ ਪੁਰਬ 'ਤੇ ਹਾਜ਼ਰ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਮੁਗਲ ਬਾਦਸ਼ਾਹਤ ਦੀਆਂ ਰਾਜਸੀ ਪਾਬੰਦੀਆਂ ਕਾਰਨ ਇਹ ਵਿਸਾਖੀ ਦਾ ਮੇਲਾ ਸਥਾਨਕ ਅਨੁਸ਼ਠਾਨ ਵਿਚ ਤਬਦੀਲ ਹੋ ਗਿਆ। ਇਸ ਦਾ ਮਹਾਤਮ ਵੀ ਸਥਾਨਕ ਸਰੋਵਰਾਂ, ਨਦੀਆਂ ਦੇ ਨੇੜਲੇ ਧਾਰਮਿਕ ਸਥਲਾਂ ਨਾਲ ਜੁੜ ਗਿਆ। ਹਰ ਵਿਸਾਖੀ ਦੀ ਸੰਗਰਾਂਦ ਵਾਲੇ ਦਿਨ ਸਥਾਨਕ ਵਿਸਾਖੀ ਦੇ ਮੇਲੇ ਲੱਗਣੇ ਸ਼ੁਰੂ ਹੋ ਗਏ।

'ਵੈਸਾਖਿ ਧੀਰਨਿ ਕਿਉ ਵਾਢੀਆ' ਦੇ ਗੁਰ ਵਾਕ ਅਨੁਸਾਰ ਪੰਜਾਬ ਦੇ ਕਿਰਸਾਨ ਦੀਆਂ ਖ਼ੁਸ਼ੀਆਂ ਲਈ 'ਵੈਸਾਖ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ' ਦਾ ਮਹਾਤਮੀ ਸਰੂਪ ਪੰਜਾਬੀ ਲੋਕ ਮਾਨਸਿਕਤਾ ਦਾ ਭਾਗ ਬਣ ਗਿਆ। ਰਾਜਸੀ ਉਥਲ-ਪੁੱਥਲ ਅਤੇ ਸਮੇਂ ਦੇ ਸਮਾਜਿਕ ਵੇਗ ਨੇ ਉਸ ਸਮੇਂ ਦੀ ਮਸੰਦ ਪਰੰਪਰਾ ਵਿਚ ਕਈ ਤਰ੍ਹਾਂ ਦੀਆਂ ਗਿਰਾਵਟਾਂ ਲੈ ਆਂਦੀਆਂ। ਸਿੱਟਾ ਇਹ ਕਿ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਕੇਸਗੜ੍ਹ ਵਾਲੀ ਥਾਂ ਇਕ ਵੱਡਾ ਭਾਰੀ ਇਕੱਠ 29 ਮਾਰਚ 1699 ਈ. ਨੂੰ ਵਿਸਾਖੀ ਵਾਲੇ ਦਿਨ ਕੀਤਾ। ਮਸੰਦ ਅਤੇ ਖ਼ਾਲਸ ਦੀ ਪਹਿਚਾਣ ਲਈ ਪੰਜ ਪਿਆਰਿਆਂ ਦੀ ਪੰਚਾਇਤ ਦਾ ਸੰਕਲਪ ਸਥਾਪਤ ਕੀਤਾ। ਇਸ ਤਰ੍ਹਾਂ ਖਾਲਸਾ ਸਾਜਨਾ ਦਾ ਕ੍ਰਾਂਤੀਕਾਰੀ ਕਾਰਜ ਵਿਸਾਖੀ ਵਾਲੇ ਦਿਨ ਸਾਧਿਆ। ਵਿਸਾਖੀ ਦਾ ਦਿਹਾੜਾ ਪੰਜਾਬੀ ਮਾਨਸਿਕਤਾ ਵਿਚ ਲੋਕ ਰਾਜ ਸੰਕਲਪ ਵਜੋਂ ਵੀ ਮਾਨਤਾ ਪ੍ਰਾਪਤ ਕਰ ਗਿਆ।

ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਪੰਜ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ, ਫਤਿਹਗੜ੍ਹ ਅਤੇ ਹੋਲਗੜ੍ਹ ਉਸਾਰ ਕੇ ਖਾਲਸੇ ਦੀ ਰਾਜ ਸੱਤਾ ਕਾਇਮ ਕੀਤੀ। 1708 ਈ. ਵਿਚ ਗੁਰੂ ਸਾਹਿਬ ਦੇ ਵਿਛੋੜੇ ਤੋਂ ਬਾਅਦ ਖਾਲਸਈ ਰਾਜ ਸੱਤਾ ਦਾ ਟਕਰਾਓ ਦਿੱਲੀ ਸਲਤਨਤ ਨਾਲ ਵੱਧਦਾ ਗਿਆ। ਛੇਤੀ ਹੀ ਦਿੱਲੀ ਸਲਤਨਤ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਤਾਂ ਖਾਲਸਈ ਰਾਜ ਸੱਤਾ ਦਾ ਟਕਰਾਓ ਬਾਹਰੀ ਦੁਰਾਨੀ ਹਮਲਾਵਰਾਂ ਨਾਲ ਹੋ ਗਿਆ। ਖਾਲਸੇ ਦੀਆਂ ਸਰਗਰਮੀਆਂ ਦਾ ਕੇਂਦਰ ਅੰਮ੍ਰਿਤਸਰ ਹੋ ਗਿਆ। 10 ਅਪਰੈਲ 1765 ਈ. ਦੇ ਅੰਮ੍ਰਿਤਸਰ ਦੀ ਵਿਸਾਖੀ ਦੇ ਇਕੱਠ ਦੇ ਗੁਰਮਤੇ ਅਨੁਸਾਰ ਸਿੰਘਾਂ ਨੇ ਲਾਹੌਰ 'ਤੇ ਕਬਜ਼ਾ ਕਰਕੇ ਸੁਤੰਤਰ ਖਾਲਸਾ ਗਣਰਾਜ ਦੀ ਸਥਾਪਨਾ ਕੀਤੀ। ਮੁੜ ਅੰਮ੍ਰਿਤਸਰ ਹਰ ਵਿਸਾਖੀ ਉਤੇ ਇਕੱਠ ਹੁੰਦੇ ਰਹੇ ਅਤੇ ਗੁਰਮਤੇ ਪਾਸ ਹੁੰਦੇ ਰਹੇ ਪਰ 1805 ਈ. ਦੀ ਵਿਸਾਖੀ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀਸ਼ਾਲੀ ਇਕ ਪੁਰਖਾ ਰਾਜ ਸਥਾਪਤ ਕਰਨ ਦੀ ਮਨਸ਼ਾ ਨੇ ਗੁਰਮਤੇ ਦੀ ਪਰੰਪਰਾ ਨੂੰ ਰੱਦ ਕਰ ਦਿੱਤਾ ਜੋ ਉਦੋਂ ਤੱਕ ਸਰਬਤ ਖਾਲਸੇ ਦੀ ਰਾਜ ਸੱਤਾ ਦਾ ਪ੍ਰਤੀਕ ਸੀ ਅਤੇ ਮਿਸਲਾਂ ਦੇ ਛੋਟੇ-ਛੋਟੇ ਗਣਰਾਜਾਂ ਨੂੰ ਸ਼ਕਤੀ ਪ੍ਰਦਾਨ ਕਰਦਾ ਸੀ।

ਅਪਰੈਲ 1919 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਵੀ ਪੰਜਾਬੀਆਂ ਦੀ ਰਾਜਸੀ ਨੈਤਿਕਤਾ ਦਾ ਵੱਡਾ ਆਦਰਸ਼ ਬਣ ਗਿਆ। ਇਸ ਦਿਨ ਨਿਹੱਥੇ ਵਿਸਾਖੀ ਦੇ ਇਕੱਠ ਉਤੇ ਅੰਗਰੇਜ਼ ਹਕੂਮਤ ਦੇ ਜਨਰਲ ਡਾਇਰ ਨੇ ਗੋਲਾਬਾਰੀ ਕੀਤੀ ਅਤੇ ਹਜ਼ਾਰਾਂ ਹੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕੁਰਬਾਨੀ ਅਤੇ ਦੇਸ਼ ਭਗਤੀ ਦੀ ਇਕ ਸ਼ਾਨਦਾਰ ਮਿਸਾਲ ਭਾਰਤੀ ਲੋਕਾਂ ਦੇ ਸਾਹਮਣੇ ਪੰਜਾਬੀਆਂ ਨੇ ਰੱਖੀ।

ਸਮੇਂ ਦੇ ਫੇਰ ਨਾਲ ਲੋਕ ਮੇਲ ਮਿਲਾਪ ਦਾ ਸੰਕਲਪ ਹੁਣ ਖ਼ਤਮ ਹੋ ਗਿਆ ਹੈ। ਮਨੁੱਖ ਅੱਜ ਪੂੰਜੀ ਦੀ ਦੌੜ ਵਿਚ ਨਿਜੀ ਵਧੇਰੇ ਹੋ ਗਿਆ। ਅੱਜ ਪੂੰਜੀ ਦੀ ਸਰਦਾਰੀ ਨੇ ਕਿਰਤ ਆਧਾਰਤ ਸਮਾਜਿਕ ਮੁੱਲਾਂ ਨੂੰ ਵੱਡੀ ਸੱਟ ਮਾਰੀ ਹੈ। ਕਿਰਤ ਆਧਾਰਤ ਭਾਈਚਾਰਕ ਸਾਂਝ ਅਤੇ ਮੇਲ ਦੀ ਥਾਂ ਹੁਣ ਨਿੱਜੀ ਸੁਤੰਤਰਤਾ ਅਤੇ ਪੂੰਜੀ ਨੇ ਲੈ ਲਈ ਹੈ। ਅੱਜ ਸਮੂਹਕ ਕਿਰਤ, ਸਮੂਹਕ ਹੱਸਣ-ਖੇਡਣ, ਸਮੂਹਕ ਸੋਚ ਦਾ ਦੌਰ ਖ਼ਤਮ ਹੋ ਗਿਆ ਹੈ। ਅੱਜ ਸੰਗਤ, ਪੰਗਤ, ਮੇਲ ਦੀ ਥਾਂ ਨਿਜੀ ਹਉਮੈ ਅਤੇ ਇਕੱਲੇਪਨ ਨੇ ਲੈ ਲਈ ਹੈ। ਹੁਣ ਮੇਲੇ ਤਿਓਹਾਰਾਂ ਦਾ ਵਪਾਰੀਕਰਨ, ਰਾਜਸੀਕਰਨ ਅਤੇ ਸਮਾਜੀਕਰਨ ਹੋ ਗਿਆ ਹੈ। ਅੱਜ ਮਸ਼ੀਨ ਨੇ ਮਨੁੱਖੀ ਭਾਈਚਾਰੇ ਨੂੰ ਤੋੜ ਦਿੱਤਾ ਹੈ। ਵਿਸਾਖੀ ਦਾਤੀਆਂ ਨਾਲ ਕਣਕਾਂ ਵੱਢਦੇ ਕਿਰਸਾਨਾਂ ਦੀ ਹੁੰਦੀ ਸੀ ਪਰ ਹੁਣ ਕੰਬਾਈਨਾਂ ਨਾਲ ਫਸਲ ਕੱਟਣ ਦੀ ਰੀਤ ਵਿਚੋਂ ਮੇਲਾ ਸ਼ਬਦ ਕਿਵੇਂ ਨਿਕਲੇਗਾ? ਜਦੋਂ ਢੋਲ ਦੀ ਥਾਂ ਅਰਥਹੀਣ ਪੌਪ ਆ ਜਾਵੇ ਤਾਂ ਸਪਸ਼ਟ ਹੈ ਕਿ ਅਸੀਂ ਖੇਤਾਂ ਖਿਲਵਾੜਾਂ ਤੋਂ ਸੁੰਗੜ ਕੇ ਕਲੱਬ ਘਰਾਂ ਵਿਚ ਆ ਗਏ ਹਾਂ। ਹੁਣ ਅਸੀਂ ਦਮਦਮਾ ਸਾਹਿਬ ਦੀ ਵਿਸਾਖੀ ਉਤੇ ਰਸਮੀ ਤੌਰ 'ਤੇ ਜਾਂਦੇ ਹਾਂ ਅਤੇ ਜਾਂ ਫੇਰ ਇਕ ਦੂਜੇ ਦੀ ਰਾਜਨੀਤਕ ਧੌਂਸ ਜਮਾਉਣ ਲਈ ਟਰੱਕਾਂ-ਟਰਾਲੀਆਂ ਰਾਹੀਂ ਢੋਈਆਂ ਹੋਈਆਂ ਰਾਜਸੀ ਵੋਟਾਂ ਦੀ ਤਰ੍ਹਾਂ। ਹੁਣ ਵਿਸਾਖੀ 'ਤੇ ਹੋਏ ਇਕੱਠ ਉਤੇ ਸਰਬਤ ਦੇ ਭਲੇ ਲਈ ਕੋਈ ਸਮੂਹਕ ਯਤਨ ਕਰਨ ਦਾ ਪ੍ਰਣ ਕਰਨ ਲਈ ਨਹੀਂ ਜਾਂਦੇ ਸਗੋਂ ਇਕ ਦੂਜੇ ਦੀਆਂ ਬੜ੍ਹਕਾਂ ਸੁਣਨ ਜਾਂਦੇ ਹਨ।

ਅੱਜ ਪੰਜਾਬ ਦੇ ਹੋਰਨਾਂ ਮੇਲਿਆਂ ਵਾਂਗ ਹੀ ਵਿਸਾਖੀ ਦੇ ਮੇਲੇ ਦਾ ਸਮਾਜਿਕ ਅਤੇ ਮਹਾਤਮੀ ਸਰੂਪ ਖ਼ਤਮ ਹੁੰਦਾ ਜਾ ਰਿਹਾ ਹੈ ਸਗੋਂ ਇਸ ਦਾ ਵਪਾਰੀਕਰਨ ਅਤੇ ਰਾਜਸੀਕਰਨ ਸਰੂਪ ਵੀ ਦਿਨੋ-ਦਿਨ ਹੋਰ ਵਿਗੜਦਾ ਜਾ ਰਿਹਾ ਹੈ ਜਿਸ ਦੀ ਸਾਨੂੰ ਸਾਰਿਆਂ ਨੂੰ ਚਿੰਤਾ ਕਰਨੀ ਚਾਹੀਦੀ ਹੈ। ਦੁਸ਼ਟ ਦਮਨ ਕਰਨ ਲਈ ਵਿਸਾਖੀ 1699 ਦੇ ਇਕੱਠ ਦੇ ਮਹੱਤਵ ਨੂੰ ਅਸੀਂ ਵਿਸਾਖੀ 1999 ਦੇ ਇਕੱਠ ਵਿਚ ਬਿਲਕੁਲ ਹੀ ਉਲਟਾ ਦਿੱਤਾ ਹੈ। ਵਿਸਾਖੀ ਦੇ ਤਿੰਨ ਸੌ ਸਾਲਾਂ ਦੇ ਇਤਿਹਾਸ ਵਿਚ ਕੋਈ ਸੁਨਹਿਰੀ ਵਰਕਾ ਜੋੜਨ ਵਿਚ ਅਸੀਂ ਕਾਮਯਾਬ ਨਹੀਂ ਹੋਏ। ਇਹ ਪੰਜਾਬੀਆਂ ਲਈ ਵਿਚਾਰਨ ਵਾਲੀ ਸਥਿਤੀ ਹੈ। ਹੁਣ ਤਾਂ ਅਸੀਂ ਸ਼ਾਇਦ ਵਿਸਾਖੀ ਨੂੰ ਕਣਕ ਦੀ ਵਾਢੀ ਨਾਲ ਜੁੜੇ ਮੌਸਮੀ ਤਿਓਹਾਰ ਦਾ ਨਾਂ ਵੀ ਨਾ ਦੇ ਸਕੀਏ।

#

---

## ਜਨਮ ਦਿਨ 'ਤੇ ਵਿਸ਼ੇਸ਼

# ਧੰਨਾ ਵਡਭਾਗਾ

ਮੱਧ ਕਾਲ ਵਿਚ ਉਭਰੀ ਭਗਤੀ ਲਹਿਰ ਨੇ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਇੱਕ ਅਹਿਮ ਯੋਗਦਾਨ ਪਾਇਆ ਹੈ। ਇਸ ਲਹਿਰ ਨਾਲ ਜੁੜੇ ਭਗਤ ਆਪਣੀ ਭਗਤੀ-ਭਾਵਨਾ ਸਦਕਾ ਅਕਾਲ ਪੁਰਖ ਦੀ ਕਿਰਪਾ ਦੇ ਵਿਸ਼ੇਸ਼ ਪਾਤਰ ਰਹੇ ਹਨ। ਇਲਾਕਾਈ ਅਤੇ ਭਾਸ਼ਾਈ ਹੱਦਬਸਤ ਤੋਂ ਉਪਰ ਉਠ ਕੇ ਵਿਚਰਨ ਵਾਲੇ ਇਹ ਮਹਾਪੁਰਖ ਆਪਣੀ ਸਰਬ ਕਲਿਆਣੀ ਸੋਚ ਸਦਕਾ ਆਪਸੀ ਭਾਈਚਾਰੇ ਅਤੇ ਬਰਾਬਰੀ ਦੇ ਹਾਮੀ ਰਹੇ ਹਨ। ਅਥਾਹ ਸ਼ਰਧਾ ਅਤੇ ਦ੍ਰਿੜ ਇਰਾਦੇ ਦੇ ਮਾਲਕ

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਇਨ੍ਹਾਂ ਭਗਤਾਂ ਨੇ ਆਪਣੀ ਰੂਹ ਨੂੰ ਰੱਬੀ ਰੰਗ ਵਿਚ ਰੰਗ ਕੇ ਅਜਿਹੇ ਵਡਮੁੱਲੇ ਅਤੇ ਪਵਿੱਤਰ ਬਚਨ ਉਚਾਰਣ ਕੀਤੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕੋਈ ਵੀ ਵਿਅਕਤੀ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁਹੇਲਾ ਬਣਾ ਸਕਦਾ ਹੈ।

ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਦੇ ਬਾਵਜੂਦ ਇਨ੍ਹਾਂ ਭਗਤਾਂ ਦੀ ਟੇਕ ਹਮੇਸ਼ਾ ਇੱਕ ਅਕਾਲ ਪੁਰਖ 'ਤੇ ਰਹੀ ਹੈ। ਇਸ ਟੇਕ ਸਦਕਾ ਹੀ ਇਹ ਭਗਤ ਉਸ ਪਰਮ ਪਿਤਾ ਨਾਲ ਇਕਸੁਰ ਹੁੰਦੇ ਰਹੇ ਹਨ। ਸੋਚ ਪੱਖੋਂ ਉਚੇ ਅਤੇ ਵਿਹਾਰ ਪੱਖੋਂ ਸੁੱਚੇ ਇਨ੍ਹਾਂ ਭਗਤਾਂ ਦੀ ਚਾਲ ਸੰਸਾਰੀਆਂ ਨਾਲੋਂ ਕੁਝ ਨਿਰਾਲੀ ਬਣੀ ਰਹੀ ਹੈ। ਇਸ ਚਾਲ ਦੀ ਗਵਾਹੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਆਪਣੀ ਪਾਵਨ ਬਾਣੀ ਅਨੰਦ ਸਾਹਿਬ ਦੀ 14ਵੀਂ ਪਾਉੜੀ ਵਿਚ ਇਸ ਤਰ੍ਹਾਂ ਭਰਦੇ ਹਨ,

ਭਗਤਾ ਕੀ ਚਾਲ ਨਿਰਾਲੀ ਚਾਲਾ ਨਿਰਾਲੀ
ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ॥ (ਪੰਨਾ 918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਇਨ੍ਹਾਂ ਬਿਖਮ ਮਾਰਗ ਦੇ ਪਾਂਧੀ ਭਗਤਾਂ ਨੂੰ ਜਦੋਂ ਕਦੇ ਸੰਸਾਰੀ ਲੋਕਾਂ ਨੇ ਸਤਾਉਣ ਜਾਂ ਅਜ਼ਮਾਉਣ ਦਾ ਕੋਈ ਕੋਝਾ ਯਤਨ ਕੀਤਾ ਹੈ ਤਾਂ ਆਪਣੇ ਪਿਆਰੇ ਭਗਤਾਂ ਦੀ ਬਾਂਹ ਪ੍ਰਭੂ ਨੇ ਅੱਗੇ ਹੋ ਕੇ ਆਪ ਫੜੀ ਹੈ। ਇਸ ਗੱਲ ਨੂੰ ਤਸਦੀਕ ਕਰਦਿਆਂ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਸਾਹਿਬ ਇੰਜ ਫਰਮਾਉਂਦੇ ਹਨ,

ਹਰਿ ਜੁਗ ਜੁਗ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ॥

ਸਿਦਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਕੀਤੀ ਪ੍ਰੇਮਾ-ਭਗਤੀ ਜਦੋਂ ਆਪਣੀ ਸਿਖਰ ਛੋਹ ਜਾਂਦੀ ਹੈ ਤਾਂ ਉਸ ਵਕਤ ਰੱਬ ਨੂੰ ਵੀ ਇਨ੍ਹਾਂ ਭਗਤਾਂ ਦੀ ਗੁਲਾਮੀ ਕਰਨੀ ਪੈ ਜਾਂਦੀ ਹੈ। ਅਜਿਹੀ ਹੀ ਗੁਲਾਮੀ ਰੱਬ ਨੂੰ ਧੰਨੇ ਭਗਤ ਦੀ ਵੀ ਕਰਨੀ ਪਈ ਸੀ ਜਦੋਂ ਉਸ ਨੇ ਆਪਣੇ ਭੋਲੇਪਨ ਅਤੇ ਦ੍ਰਿੜ ਵਿਸ਼ਵਾਸ ਨਾਲ ਉਸ ਨੂੰ ਆਪਣਾ ਸੱਜਣ ਬਣਾ ਲਿਆ ਸੀ। ਜੱਟਕੀ ਜ਼ਿੱਦ ਤੇ ਅਟੱਲ ਭਰੋਸੇ ਨਾਲ ਰੱਬੀ ਬਖ਼ਸ਼ਿਸ਼ ਦਾ ਪਾਤਰ ਬਣਨ ਵਾਲੇ ਅਤੇ ਇਸ ਬਖ਼ਸ਼ਿਸ਼ ਦੀ ਬਦੌਲਤ ਆਪਣੇ ਖੇਤਾਂ ਦੇ ਨੱਕੇ ਮੁੜਵਾਉਣ ਵਾਲੇ ਭਗਤ ਧੰਨਾ ਜੀ ਦਾ ਜਨਮ 21 ਅਪਰੈਲ ਸੰਨ 1416 ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਪਿੰਡ ਧੁਆਨ ਵਿਖੇ ਭਾਈ ਭੋਲਾ ਤੇ ਮਾਤਾ ਧੰਨੋ ਦੇ ਘਰ ਹੋਇਆ। ਭਗਤ ਧੰਨਾ ਜੱਟ ਦਾ ਸ਼ੁਮਾਰ ਉਨ੍ਹਾਂ ਸਿਦਕਵਾਨਾਂ ਵਿਚ ਕੀਤਾ ਜਾਂਦਾ ਹੈ ਜਿਹੜੇ ਆਪਣਾ ਹੱਥ ਕਾਰ (ਕਿਰਤ) ਵੱਲ ਅਤੇ ਦਿਲ ਯਾਰ (ਪ੍ਰਭੂ) ਵੱਲ ਲਾਈ ਰੱਖਦੇ ਹਨ। ਇਸ ਲਗਨ ਸਦਕਾ ਉਨ੍ਹਾਂ ਨੇ ਉਸ ਪਰਮ ਪਿਤਾ ਦੇ ਨਾ ਸਿਰਫ ਦਰਸ਼ਨ ਹੀ ਕੀਤੇ ਸਗੋਂ ਉਸ ਨੂੰ ਆਪਣੇ ਕੰਮ-ਕਾਜ ਦਾ ਹਿੱਸਾ ਵੀ ਬਣਾ ਲਿਆ।

ਭਗਤ ਧੰਨਾ ਜੱਟ ਨਾਲ ਜੁੜੇ ਸਾਖੀ-ਸਾਹਿਤ ਨੂੰ ਪੜ੍ਹਨ ਤੋਂ ਬਾਅਦ ਜਿਹੜੀਆਂ ਗੱਲਾਂ ਪ੍ਰਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਅਨੁਸਾਰ ਬਚਪਨ ਤੋਂ ਧਾਰਮਿਕ ਰੁਚੀਆਂ ਰੱਖਣ ਵਾਲੇ ਭਗਤ ਧੰਨਾ ਜੱਟ ਦਾ ਜੀਵਨ ਬਹੁਤ ਹੀ ਸਾਦਾ ਅਤੇ ਸੰਘਰਸ਼ਮਈ ਸੀ। ਇੱਕ ਦਿਨ ਉਨ੍ਹਾਂ ਨੇ ਇੱਕ ਪੰਡਿਤ ਨੂੰ ਠਾਕੁਰ ਦੀ ਪੂਜਾ ਕਰਦਿਆਂ ਬੜੇ ਧਿਆਨ ਨਾਲ ਦੇਖਿਆ ਅਤੇ ਮਨ ਵਿਚ ਪੂਜਾ ਦੀ ਇੱਛਾ ਪ੍ਰਚੰਡ ਹੋ ਗਈ। ਉਨ੍ਹਾਂ ਨੇ ਉਸ ਪੰਡਿਤ ਤੋਂ ਠਾਕੁਰ ਦੀ ਮੰਗ ਕੀਤੀ। ਬਦਲੇ ਵਿਚ ਉਸ ਪੰਡਿਤ ਨੇ ਭਗਤ ਧੰਨਾ ਜੱਟ ਨੂੰ ਕੁਝ ਵਸਤਾਂ ਦਕਸ਼ਣਾ ਦੇ ਰੂਪ ਵਿਚ ਦੇਣ ਲਈ ਕਿਹਾ, ਜੋ ਭਗਤ ਜੀ ਨੇ ਸਹਿਜ ਹੀ ਦੇਣੀਆਂ ਪ੍ਰਵਾਨ ਕਰ ਲਈਆਂ। ਪੰਡਿਤ ਨੇ ਇਕ ਸਾਧਾਰਣ ਪੱਥਰ ਭਗਤ ਧੰਨਾ ਜੱਟ ਦੇ ਸਪੁਰਦ ਕਰ ਦਿੱਤਾ।

ਸਿਦਕੀ ਭਾਵਨਾ ਅਤੇ ਸੱਚੀ ਲਗਨ ਵਾਲੇ ਭਗਤ ਨੇ ਉਸ ਸਾਧਾਰਣ ਪੱਥਰ (ਭਗਵਾਨ ਸਮਝ ਕੇ) ਦਾ ਇਸ਼ਨਾਨ ਕਰਾ ਕੇ ਉਸ ਦੀ ਪੂਜਾ ਕੀਤੀ ਅਤੇ ਉਸ ਨੂੰ ਪ੍ਰਸ਼ਾਦੇ-ਪਾਣੀ ਨੂੰ ਭੋਗ ਲਗਾਉਣ ਲਈ ਕਿਹਾ। ਪੱਥਰ ਵਲੋਂ ਕੋਈ ਹੁੰਗਾਰਾ ਨਾ ਮਿਲਦਾ ਦੇਖ ਕੇ ਭਗਤ ਨੇ ਆਪ ਵੀ ਕੁਝ ਖਾਣ ਤੋਂ ਇਨਕਾਰ ਕਰ ਦਿੱਤਾ। ਭਗਤ ਧੰਨਾ ਜੀ ਦੇ ਇਸ ਹਠ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਤੇਰਵੀਂ ਪਾਉੜੀ ਵਿਚ ਇਸ ਤਰ੍ਹਾਂ ਭਰੀ ਹੈ,

ਠਾਕੁਰ ਨੋ ਨ੍ਹਾਵਾਲਿ ਕੈ
ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ
ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜਠਾਲਸਾਂ
ਤੂ ਰੁਠਾ ਮੈ ਕਿਹੁ ਨਾ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ
ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੇ ਇੱਕ ਸ਼ਬਦ ਵਿਚ ਜਿਥੇ ਹੋਰ ਬਹੁਤ ਸਾਰੇ ਭਗਤਾਂ ਦੀ ਕਰਣੀ ਕਮਾਈ ਦਾ ਜ਼ਿਕਰ ਕਰਦੇ ਹਨ, ਉਥੇ ਭਗਤ ਧੰਨਾ ਜੀ ਨੂੰ 'ਧੰਨਾ ਸੇਵਿਆ ਬਾਲ ਬੁਧਿ' ਕਹਿ ਕੇ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਹਵਾਲਾ ਵੀ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਗ 487 ਉਪਰ ਸੁਸ਼ੋਭਿਤ ਆਪਣੇ ਇਕ ਹੋਰ ਪਾਵਨ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ ਪੰਜਵੇਂ ਨਾਨਕ ਫੁਰਮਾਉਂਦੇ ਹਨ,

ਇਹ ਬਿਧਿ ਸੁਨਿ ਕੈ ਜਾਟਰੋ
ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥

ਗੁਰੂ ਅਰਜਨ ਦੇਵ ਪਾਤਸ਼ਾਹ ਇਨ੍ਹਾਂ ਪਾਵਨ ਪੰਕਤੀਆਂ ਰਾਹੀਂ ਇਹ ਸੰਕੇਤ ਦੇ ਰਹੇ ਹਨ ਕਿ ਭਗਤ ਧੰਨਾ ਜੀ ਨੇ ਇਸ ਗੱਲ ਨੂੰ ਭਲੀ-ਭਾਂਤ ਸਮਝ ਲਿਆ ਸੀ ਕਿ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣ ਨਾਲ ਜਿਥੇ ਉਸ ਤੋਂ ਪੂਰਵਕਾਲੀ ਭਗਤਾਂ (ਨਾਮਦੇਵ, ਰਵਿਦਾਸ ਅਤੇ ਸੈਣ ਆਦਿ) ਨੇ ਰੱਬੀ ਪਿਆਰ ਨੂੰ ਹਾਸਲ ਕਰ ਲਿਆ ਸੀ ਤਾਂ ਭਗਤੀ ਦੀ ਇਹ ਵਿਧੀ ਉਸ ਨੂੰ ਵੀ ਪਰਮੇਸ਼ਰ ਤੱਕ ਪਹੁੰਚਾ ਸਕਦੀ ਹੈ। ਉਨ੍ਹਾਂ ਦੀ ਇਸ ਸਮਰਪਣ ਦੀ ਭਾਵਨਾ ਵਾਲੀ ਭਗਤੀ ਨੇ ਉਨ੍ਹਾਂ ਨੂੰ ਸਾਖਿਆਤ ਰੂਪ ਵਿਚ ਪ੍ਰਭੂ ਦੇ ਦਰਸ਼ਨ-ਦੀਦਾਰੇ ਹੀ ਨਹੀਂ ਕਰਵਾ ਦਿੱਤੇ ਸਗੋਂ ਪ੍ਰਭੂ ਨੇ ਆਪਣੇ ਪਿਆਰੇ ਅਤੇ ਨਿਆਰੇ ਭਗਤ ਦੇ ਕਾਰਜ ਵੀ ਆਪਣੇ ਜ਼ਿੰਮੇ ਲੈ ਲਏ ਸਨ। ਗੋਪਾਲ ਵਲੋਂ ਨਿਭਾਏ ਜਾ ਰਹੇ ਇਸ ਜ਼ਿੰਮੇ ਨੂੰ ਦੇਖ ਕੇ ਹੀ ਭਗਤ ਧੰਨਾ ਜੀ ਉਚਾਰਦੇ ਹਨ,

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ॥1॥ ਰਹਾਉ॥

ਭਗਤ ਧੰਨਾ ਜੀ ਦੀ ਧੰਨਤਾ ਇਸ ਗੱਲ ਵਿਚ ਵੀ ਹੈ ਕਿ ਜਿਥੇ ਕੁਝ ਧਾਰਮਿਕ ਰਹਿਬਰ ਔਰਤ ਨੂੰ ਭਗਤੀ-ਮਾਰਗ ਲਈ ਰੁਕਾਵਟ ਮਹਿਸੂਸਦੇ ਹਨ, ਉਥੇ ਉਹ ਧੜੱਲੇ ਨਾਲ ਆਖ ਰਹੇ,

ਘਰ ਕੀ ਗੀਹਨਿ ਚੰਗੀ॥
ਜਨੁ ਧੰਨਾ ਲੇਵੈ ਮੰਗੀ॥

ਔਰਤ ਜਾਤੀ ਅਤੇ ਕਿਰਤ ਦੇ ਪ੍ਰਤੀ ਅਜਿਹੀ ਸਤਿਕਾਰਤ ਤੇ ਨੇਕ ਸੋਚ ਰੱਖਣ ਵਾਲੇ ਭਗਤ ਧੰਨਾ ਜੀ ਦਾ ਰੁਤਬਾ ਅਤੇ ਫਬਵਾਂ ਸਤਿਕਾਰ ਕਰਦਿਆਂ ਹੀ ਬਾਣੀ ਕੇ ਬੋਹਿਥ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਲਾਹੀ ਬਚਨਾਂ ਦਾ ਉਚਾਰਣ ਕਰਨ ਵਾਲੇ ਛੇ ਗੁਰੂ ਸਾਹਿਬਾਨ, ਗਿਆਰਾਂ ਭੱਟਾਂ, ਚਾਰ ਗੁਰੂ ਦੇ ਨਿਕਟਵਰਤੀਆਂ ਅਤੇ ਪੰਦਰਾਂ ਭਗਤਾਂ ਦੀ ਬਾਣੀ ਨੂੰ ਇਕ (ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ) ਲੜੀ ਵਿਚ ਪਰੋਇਆ ਸੀ ਤਾਂ ਉਸ ਵਿਚ ਭਗਤ ਧੰਨਾ ਜੀ ਦੇ ਤਿੰਨ ਪਵਿੱਤਰ ਸ਼ਬਦ (ਦੋ ਰਾਗ ਆਸਾ ਅਤੇ ਇੱਕ ਰਾਗ ਧਨਾਸਰੀ) ਵੀ ਸ਼ਾਮਿਲ ਕਰ ਲਏ ਸਨ। ਭਗਤ ਧੰਨਾ ਜੀ ਆਪਣੀ ਧਾਰਮਿਕ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ 15 ਦਸੰਬਰ 1502 ਈਸਵੀ ਨੂੰ ਪਰਲੋਕ ਸਿਧਾਰ ਗਏ।



ਭਗਤ ਧੰਨਾ ਜੱਟ ਦਾ ਇਕ ਚਿੱਤਰ

# ਪੈਸਾ ਸਭ ਕੁਝ ਹੁੰਦਾ ਨਈਂ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੇਰੇ ਸ਼ਹਿਰ ਵਿਚ ਹੀ ਰਹਿੰਦੇ ਇਕ ਪਾਠਕ ਪ੍ਰੇਮੀ ਨਾਲ 'ਪੰਜਾਬ ਟਾਈਮਜ਼' ਦੀ ਬਦੌਲਤ ਮਿੱਤਰਤਾ ਦੀ ਗੰਢ ਹੋਰ ਕੱਸੀ ਗਈ। ਇਹ ਬਾਈ ਹਰਦੇਵ ਸਿੰਘ ਆਪਣੇ ਭਰਾ ਵੱਲੋਂ ਭਰੇ ਪੇਪਰਾਂ ਨਾਲ ਇੱਥੇ ਪਰਿਵਾਰ ਸਮੇਤ ਪਹੁੰਚਿਆ ਸੀ। ਭਰਾ ਤੋਂ ਜਿੰਨੀ ਮਦਦ ਹੋਈ, ਉਹਨੇ ਕੀਤੀ ਤੇ ਫਿਰ ਵੱਖ ਕਰ ਦਿੱਤਾ। ਬਾਈ ਫਿਰ ਹੌਲੀ-ਹੌਲੀ ਰੁੜ-ਖਿੜ ਕੇ ਆਪਣੇ ਪੈਰੀਂ ਹੋ ਗਿਆ। ਬਾਈ ਦੇ ਦੋ ਧੀਆਂ ਤੇ ਇਕ ਛੋਟਾ ਪੁੱਤਰ ਹੈ। ਰੋਜ਼ੀ-ਰੋਟੀ ਲਈ ਟਰੱਕ ਚਲਾਉਂਦਾ ਹੈ, ਅਖਬਾਰ ਤੇ ਇਤਿਹਾਸ ਪੜ੍ਹਨ ਦਾ ਸ਼ੌਕੀਨ ਹੈ।

ਪਿਛਲੇ ਸਾਲ ਜਦੋਂ ਬਾਈ ਸਾਡੇ ਪਿੰਡ ਗਿਆ, ਤਾਂ ਮੇਰੇ ਪਿਤਾ ਜੀ ਨਾਲ ਮੇਰੇ ਬਾਰੇ ਗੱਲਾਂ ਕੀਤੀਆਂ। ਪਿਤਾ ਜੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ, ਉਨ੍ਹਾਂ ਬੱਸ ਇੰਨਾ ਹੀ ਕਿਹਾ, "ਪੜ੍ਹਨਾ-ਲਿਖਣਾ ਉਹਦਾ ਬਚਪਨ ਦਾ ਸ਼ੌਂਕ ਸੀ ਜੋ ਅਮਰੀਕਾ ਵਿਚ 'ਪੰਜਾਬ ਟਾਈਮਜ਼' ਨੇ ਪੂਰਾ ਕਰ ਦਿੱਤਾ। ਇਸੇ ਦੀ ਬਦੌਲਤ ਹੀ ਤਾਂ ਤੁਸੀਂ ਅੱਜ ਮੈਨੂੰ ਮਿਲਣ ਆਏ ਹੋ।

ਬਾਈ ਜੀ ਨੇ ਮੇਰੇ ਬੇਟਿਆਂ ਨੂੰ ਦੇਖ ਕੇ ਗਿਲਾ ਕੀਤਾ, "ਕੁਲਾਰਾ! ਤੈਂ ਪਹਿਲਾਂ ਕਿਉਂ ਨਹੀਂ ਦੱਸਿਆ ਕਿ ਬੇਟੇ ਤਾਂ ਵਿਆਹੁਣ ਵਾਲੇ ਨੇ।"

ਮੈਂ ਕਿਹਾ, "ਬਾਈ ਜੀ! ਤੁਹਾਨੂੰ ਗੁਰਸਿੱਖ ਜਵਾਈ ਚਾਹੀਦਾ ਸੀ।"

"ਆਪਾਂ ਇਨ੍ਹਾਂ ਨੂੰ ਗੁਰਸਿੱਖ ਬਣਾ ਲੈਂਦੇ।" ਬਾਈ ਨੇ ਕਿਹਾ।

"ਬਾਈ ਜੀ! ਗੁਰਸਿੱਖ ਬਣਾਉਣਾ ਕੋਈ ਡਰਾਇੰਗ ਨਹੀਂ ਕਿ ਜੋ ਦਿਲ ਚਾਹੇ, ਬਣਾ ਧਰਿਆ। ਗੁਰਸਿੱਖ ਤਾਂ ਦਿਲ ਦੇ ਸ਼ੌਂਕ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਹੀ ਬਣੀਦਾ ਹੈ।" ਖੈਰ! ਬਾਈ ਆਪਣੀ ਵੱਡੀ ਧੀ ਦਾ ਵਿਆਹ ਕਰ ਆਇਆ ਸੀ। ਉਹਨੇ ਆਪਣਾ ਜਿਹੜਾ ਗੁਰਸਿੱਖ ਜਵਾਈ ਲੱਭਿਆ, ਉਸ ਪਰਿਵਾਰ ਦੀ ਕਹਾਣੀ ਮੈਨੂੰ ਸੁਣਾਈ...

...ਬਾਈ ਕੁਲਾਰ! ਵੱਡੀ ਧੀ ਸੁੱਖੀ ਦੀ ਪਹਿਲਾਂ ਤੋਂ ਮੰਗ ਸੀ ਕਿ ਗੁਰਸਿੱਖ ਮੁੰਡੇ ਨਾਲ ਵਿਆਹ ਕਰਵਾਉਣਾ ਹੈ। ਅਸੀਂ ਇੱਥੇ ਵੀ ਕਈ ਥਾਂ ਮੁੰਡੇ ਦੇਖੇ ਪਰ ਗੱਲ ਨਾ ਬਣੀ। ਪਿਛਲੇ ਦੋ ਸਾਲ ਲਗਾਤਾਰ ਇਸੇ ਕੰਮ ਇੰਡੀਆ ਜਾਂਦਾ ਰਿਹਾ। ਪਿੰਡ ਗਿਆ ਤਾਂ ਘਰੇ ਸਹਿਜ ਪਾਠ ਕਰਵਾਇਆ। ਜਿਹੜਾ ਪਾਠੀ ਸਿੰਘ ਸੀ, ਉਹ ਪਿੰਡ ਦਾ ਹੀ ਸੀ। ਪਾਠ ਤੋਂ ਬਾਅਦ ਅਸੀਂ ਗੱਲੀਂ ਲੱਗ ਜਾਣਾ। ਮੈਂ ਉਹਨੂੰ ਧੀ ਦੇ ਰਿਸ਼ਤੇ ਬਾਰੇ ਕਿਹਾ ਤਾਂ ਉਹਨੇ ਸੋਚ-ਵਿਚਾਰ ਕੇ ਦੱਸਿਆ ਕਿ ਇਕ ਪਾਠੀ ਉਨ੍ਹਾਂ ਨਾਲ ਪਾਠ ਕਰਦਾ ਹੈ, ਉਹਦਾ ਮੁੰਡਾ ਹੈ ਛੇ ਫੁੱਟ ਲੰਮਾ, ਸੋਹਣਾ ਸੁਨੱਖਾ ਤੇ ਗੁਰਸਿੱਖ, ਪਰ ਘਰ ਠੀਕ ਹੀ ਹੈ। ਮੈਂ ਕਿਹਾ, ਮੁੰਡਾ ਦਿਖਾ, ਆਪਾਂ ਨੂੰ ਮੁੰਡਾ ਚਾਹੀਦਾ ਹੈ। ਅਮੀਰੀ-ਗਰੀਬੀ ਤਾਂ ਕਰਮਾਂ ਦੀਆਂ ਦਾਤਾਂ ਨੇ।

...ਸਹਿਜ ਪਾਠ ਦੇ ਭੋਗ ਤੋਂ ਬਾਅਦ ਅਸੀਂ ਉਸ ਮੁੰਡੇ ਦੇ ਘਰ ਗਏ। ਮੁੰਡੇ ਦੇ ਬਾਪ ਗਿਆਨੀ ਭਾਗ ਸਿੰਘ ਜਿਸ ਦਾ ਇਕ ਹੱਥ ਕੱਟਿਆ ਹੋਇਆ ਸੀ, ਨੇ ਸਾਡਾ ਨਿੱਘਾ ਸਵਾਗਤ ਕੀਤਾ। ਪਾਣੀ ਛਕਣ ਤੋਂ ਬਾਅਦ ਦੁੱਧ ਵਿਚ ਦੇਸੀ ਚਾਹ ਪਾ ਕੇ ਦਿੱਤੀ। ਮੁੰਡੇ ਬਾਰੇ ਪੁੱਛਿਆ ਤਾਂ ਉਹਨੇ ਕਿਹਾ ਕਿ ਮੁੰਡਾ ਮਕੈਨੀਕਲ ਇੰਜਨੀਅਰਿੰਗ ਕਰਦਾ ਹੈ। ਅਜੇ ਗੱਲਾਂ ਹੀ ਕਰ ਰਹੇ ਸਾਂ ਕਿ ਮੁੰਡਾ ਵੀ ਆ ਗਿਆ। ਮੁੰਡਾ ਦੇਖ ਕੇ ਰੂਹ ਖੁਸ਼ ਹੋ ਗਈ। ਮੁੰਡੇ ਤੋਂ ਦੋ-ਚਾਰ ਸਵਾਲ ਪੁੱਛੇ।

ਭਾਗ ਸਿੰਘ ਨਾਲ ਗੱਲਾਂ ਕਰਦਿਆਂ ਹੱਥ ਬਾਰੇ ਪੁੱਛਿਆ। ਭਾਗ ਸਿੰਘ ਨੇ ਆਪਣੇ ਗਲ ਵਿਚਲੀ ਸ੍ਰੀ ਸਾਹਿਬ ਨੂੰ ਬੁੱਕਲ ਵਿਚ ਹੀ ਰੱਖਦਿਆਂ ਚੜ੍ਹਦੀ ਕਲਾ ਵਿਚ ਦੱਸਿਆ, "ਖਾਲਸਾ ਜੀ! ਜੋ ਤੁਸੀਂ ਮੇਰਾ ਇਹ ਰੂਪ ਦੇਖ ਰਹੇ ਹੋ, ਇਹ ਪਹਿਲਾਂ ਨਹੀਂ ਸੀ, ਬਹੁਤ ਸ਼ਰਾਬ ਪੀਂਦਾ ਸੀ। ਘਰ ਦੀ ਜ਼ਮੀਨ ਨਾਲ ਕੁਝ ਜ਼ਮੀਨ ਮਾਮਲੇ 'ਤੇ ਲੈ ਕੇ ਵਾਹੁੰਦਾ ਹੁੰਦਾ ਸੀ। ਘਰ ਦੀ ਸ਼ਰਾਬ ਕੱਢ ਕੇ ਵੇਚਦਾ ਵੀ ਸੀ। ਬੱਚੇ ਛੋਟੇ ਸਨ, ਘਰਵਾਲੀ ਪੀਣ ਤੋਂ ਰੋਕਦੀ, ਤਾਂ ਪਾਸੇ ਭੰਨ ਦਿੰਦਾ। ਆਂਢੀ-ਗੁਆਂਢੀ ਵੀ ਤੰਗ ਸਨ, ਪਰ ਮੈਂ ਲਗਾਤਾਰ ਆਪਣੇ 'ਸ਼ੌਂਕ' ਪੂਰੇ ਕਰ ਰਿਹਾ ਸੀ। ਖੇਤੀਬਾੜੀ ਦੀ ਆਮਦਨ ਖਰਚੇ ਪੂਰੇ ਕਰ ਜਾਂਦੀ, ਤੇ ਕੰਮ ਫਿਰ ਅਗਾਂਹ ਤੁਰ ਪੈਂਦਾ। ਖੇਤੀ ਦਾ ਰਿਮੋਟ ਆੜ੍ਹਤੀਏ ਹੱਥ ਸੀ। ਖੈਰ! ਫਿਰ ਇਕ ਦਿਨ ਭਾਣਾ ਵਰਤਿਆ। ਸ਼ਰਾਬ ਪੀਤੀ ਵਿਚ ਪੱਠੇ ਕੁਤਰਨ ਲੱਗ ਪਿਆ। ਬੱਸ ਤੀਜੇ ਰੁੱਗ ਹੀ ਆਹ ਹੱਥ ਮਸ਼ੀਨ ਨੇ ਖਿੱਚ ਲਿਆ, ਤੇ ਗੁੱਟ ਤੱਕ ਵੱਢਿਆ ਗਿਆ। ਪਿੰਡੋਂ ਕਾਰ ਵਾਲਾ ਮੈਨੂੰ ਸ਼ਹਿਰ ਲੈ ਗਿਆ। ਚਾਰ-ਪੰਜ ਦਿਨਾਂ ਪਿਛੋਂ ਛੁੱਟੀ ਮਿਲੀ, ਤੇ ਘਰ ਆ ਕੇ ਸਾਰੇ ਖੱਲਾਂ-ਖੂੰਜਿਆਂ ਵਿਚੋਂ ਸ਼ਰਾਬ ਕੱਢ ਕੇ ਬਾਹਰ ਸੁੱਟ ਦਿੱਤੀ। ਬੱਸ, ਮੁੜ ਕੇ ਮੂੰਹ ਨਾ ਲਾਈ। ਘਰਵਾਲੀ ਨੂੰ ਮੇਰੇ ਹੱਥ ਕੱਟਣ ਦਾ ਦੁੱਖ ਤਾਂ ਸੀ, ਪਰ ਨਾਲ ਹੀ ਮੇਰੀ ਮਾੜੀ ਆਦਤ ਦਾ ਵੀ ਜੂੜ ਵੱਢਿਆ ਗਿਆ ਸੀ। ਉਹ ਇਸ ਵਿਚ ਵੀ ਕੋਈ ਭਲਾ ਸਮਝਦੀ ਸੀ। ਇਕੱਲੇ ਹੱਥ ਨਾਲ ਖੇਤੀ ਦਾ ਕੰਮ ਔਖਾ ਹੋ ਗਿਆ। ਇਹ ਮੁੰਡਾ ਮਨਵੀਰ ਬਾਰਾਂ ਸਾਲਾ ਦਾ ਸੀ ਜਦੋਂ ਪੱਠੇ ਵੱਢਣ ਲੱਗ ਪਿਆ ਸੀ। ਮੈਂ ਤੇ ਮਨਵੀਰ ਪੱਠੇ ਲੈ ਆਉਂਦੇ, ਤੇ ਘਰ ਕੁੜੀਆਂ ਪਸ਼ੂ ਸਾਂਭ ਲੈਂਦੀਆਂ।

ਇਕ ਦਿਨ ਗੁਰਦੁਆਰੇ ਵਾਲੇ ਬਾਬਾ ਜੀ ਕਹਿੰਦੇ, 'ਭਾਗ ਸਿਆਂ, ਬਾਣੀ ਦੀ ਸੰਥਿਆ ਲੈ ਕੇ ਪਾਠੀ ਬਣ ਜਾ, ਨਾਲੇ ਤਾਂ ਬਾਣੀ ਪੜ੍ਹਨ ਨਾਲ ਤੇਰਾ ਜੀਵਨ ਸਫ਼ਲਾ ਹੋ ਜਾਊ, ਤੇ ਨਾਲੇ ਘਰ ਦਾ ਖਰਚਾ ਤੁਰਦਾ ਰਹੂ...ਬੱਚੇ ਵਧੀਆ ਪੜ੍ਹ ਜਾਣਗੇ।' ਬਾਬਾ ਜੀ ਨੇ ਦੋ ਸਾਲਾਂ ਵਿਚ ਮੈਨੂੰ ਵਧੀਆ ਪਾਠੀ ਬਣਾ ਦਿੱਤਾ। ਜਿਹੜੇ ਲੋਕ ਭਾਗ ਸਿੰਘ ਨਾਲ ਗੱਲ ਕਰਨਾ ਹੱਤਕ ਸਮਝਦੇ ਸਨ, ਉਹੀ ਲੋਕ ਭਾਗ ਸਿੰਘ ਦੇ ਮੂੰਹੋਂ ਬਾਣੀ ਸੁਣਨਾ ਸ਼ਾਨ ਸਮਝਣ ਲੱਗੇ। ਬਾਬਿਆਂ ਦੇ ਕਹਿਣ 'ਤੇ ਅੰਮ੍ਰਿਤਪਾਨ ਕਰ ਲਿਆ। ਘਰ ਦੀ ਰੂਪ-ਰੇਖਾ ਬਦਲਦੀ ਗਈ। ਮਨਵੀਰ ਨੂੰ ਵੀ ਬਾਣੀ ਸਿੱਖਣ ਦਾ ਜਾਗ ਲੱਗ ਗਿਆ। ਹੌਲੀ-ਹੌਲੀ ਇਹ ਵੀ ਪਾਠੀ ਬਣ ਗਿਆ। ਕੋਈ ਨਸ਼ਾ ਸਾਡੇ ਘਰ ਨਹੀਂ ਵੜਦਾ।"

ਭਾਗ ਸਿੰਘ ਨੇ ਆਪਣੀ ਜ਼ਿੰਦਗੀ ਦੀਆਂ ਕੌੜੀਆਂ ਯਾਦਾਂ ਦੀ ਸਮਾਪਤੀ ਬਾਣੀ ਦੇ ਮਿਠਾਸ ਨਾਲ ਪੂਰੀ ਕਰ ਦਿੱਤੀ। ਮੈਂ ਭਾਗ ਸਿੰਘ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋਇਆ। ਉਸ ਦੇ ਪਿੰਡੋਂ ਵੀ ਇਕ-ਦੋ ਬੰਦਿਆਂ ਤੋਂ ਪੁੱਛਿਆ, ਉਨ੍ਹਾਂ ਨੇ ਵੀ ਇਹੀ ਕੁਝ ਦੱਸਿਆ। ਮੁੰਡੇ ਬਾਰੇ ਪਤਾ ਕੀਤਾ, ਉਹ ਵੀ ਖਰਾ ਨਿਕਲਿਆ। ਫਿਰ ਮੈਂ ਆਪਣੀ ਧੀ ਤੇ ਘਰਵਾਲੀ ਨੂੰ ਵੀ ਪਿੰਡ ਸੱਦ ਲਿਆ। ਕੁੜੀ ਮੁੰਡੇ ਨੂੰ ਇਕ-ਦੂਜੇ ਨਾਲ ਮਿਲਾਇਆ, ਦੋਵੇਂ ਇਕ-ਦੂਜੇ ਨੂੰ ਪਸੰਦ ਆ ਗਏ। ਮੇਰੇ ਭਰਾ ਕਹਿਣ, 'ਤੂੰ ਕੋਈ ਚੱਜ ਹਾਲ ਦਾ ਘਰ ਕਿਉਂ ਨਹੀਂ ਲੱਭਦਾ? ਪੰਜਾਬ ਵਿਚੋਂ ਮੁੰਡੇ ਮੁੱਕ ਗਏ?' ਮੈਂ ਕਿਹਾ, 'ਸਾਨੂੰ ਨਹੀਂ ਚਾਹੀਦੇ ਵੱਡਿਆਂ ਘਰਾਂ ਦੇ ਕਾਕੇ! ਮੈਂ ਤਾਂ ਆਪਣੇ ਵਰਗਾ ਹੀ ਘਰ ਲੱਭਿਆ ਹੈ।' ਭਰਾ ਮੂੰਹ ਮੋਟਾ ਕਰ ਗਏ। ਪਰ ਮੈਨੂੰ ਯਕੀਨ ਸੀ ਕਿ ਜਿਥੇ ਗੱਲ ਬਾਣੀ ਤੋਂ ਚੱਲਦੀ ਹੋਵੇ, ਤੇ ਬਾਣੀ ਉਤੇ ਮੁੱਕਦੀ ਹੋਵੇ, ਉਸ ਘਰ ਵਾਹਿਗੁਰੂ ਦਾ ਵਾਸਾ ਹੁੰਦਾ ਹੈ।

ਭਾਗ ਸਿੰਘ ਨੇ ਜੋ ਦੱਸਿਆ, ਸਭ ਸੱਚ ਸੀ। ਫਿਰ ਅਸੀਂ ਆਪਣੇ ਰਿਸ਼ਤੇਦਾਰ ਇਕੱਠੇ ਕੀਤੇ, ਘਰੇ ਹੀ ਮੰਗਣੇ ਦੀ ਰਸਮ ਕਰ ਦਿੱਤੀ, ਤੇ ਵੀਹ ਦਿਨਾਂ ਬਾਅਦ ਵਿਆਹ ਰੱਖ ਦਿੱਤਾ। ਕੋਈ ਮੈਰਿਜ ਪੈਲੇਸ ਬੁੱਕ ਨਹੀਂ ਕੀਤਾ, ਕੁੱਲ ਬਰਾਤੀ ਪੰਜਾਹ ਕੁ ਸਨ। ਮੈਂ ਆਪਣੇ ਘਰ ਹੀ ਆਨੰਦ ਕਾਰਜ ਦੀ ਰਸਮ ਪੂਰੀ ਕਰਵਾਈ। ਭਾਗ ਸਿੰਘ ਨੇ ਆਪ ਲਾਵਾਂ ਦਾ ਪਾਠ ਕੀਤਾ। ਮੈਨੂੰ ਆਪਣੇ ਰਿਸ਼ਤੇਦਾਰਾਂ ਤੋਂ ਵੀ ਗੱਲਾਂ ਸੁਣਨੀਆਂ ਪਈਆਂ, ਪਰ ਮੈਂ ਕੋਈ ਪਰਵਾਹ ਨਾ ਕੀਤੀ। ਮੈਂ ਸਿਰਫ ਸਾਫ਼-ਸੁਥਰਾ ਪਰਿਵਾਰ ਲੱਭਿਆ ਸੀ। ਹਰ ਇਕ ਦੀ ਆਪੋ-ਆਪਣੀ ਰਾਏ ਹੈ। ਕੋਈ ਐਸ.ਪੀ. ਦੇ ਮੁੰਡੇ ਦੀ ਦੱਸ ਪਾਉਂਦਾ, ਤੇ ਕੋਈ ਚੇਅਰਮੈਨ ਦੇ ਪੋਤੇ ਦੀ; ਪਰ ਮੈਂ ਇਕ ਨਹੀਂ ਸੀ ਸੁਣੀ।

ਵਿਆਹ ਤੋਂ ਦੂਜੇ ਦਿਨ ਭਾਗ ਸਿੰਘ ਦੇ ਘਰ ਸਹਿਜ ਪਾਠ ਦਾ ਭੋਗ ਪਿਆ। ਗੁਰਬਾਣੀ ਦਾ ਰਸਭਿੰਨਾ ਕੀਰਤਨ ਹੋਇਆ। ਰਾਗੀ ਢਾਡੀ ਆਏ ਹੋਏ ਸਨ। ਅਸੀਂ ਮਿਲਣੀ ਵੀ ਕਰ ਆਏ ਤੇ ਭੋਗ 'ਤੇ ਵੀ ਜਾ ਆਏ। ਭਾਗ ਸਿੰਘ ਦੇ ਪਰਿਵਾਰ ਦੇ ਕਿਸੇ ਜੀਅ ਨੇ ਰੱਤੀ ਭਰ ਸੋਨਾ ਨਹੀਂ ਲਿਆ, ਨਾ ਹੀ ਮੇਰੀ ਧੀ ਨੂੰ ਸੋਨਾ ਪਾਇਆ। ਸਾਡੇ ਦੋਵਾਂ ਪਿੰਡਾਂ ਵਿਚੋਂ ਸ਼ਾਇਦ ਇਹ ਪਹਿਲਾਂ ਅਜਿਹਾ ਵਿਆਹ ਸੀ ਜਿਸ ਵਿਚ ਸੋਨੇ ਦੀ ਚਮਕ ਨਹੀਂ ਪਈ।

ਜਿਸ ਘਰ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਪੜ੍ਹੀ ਜਾਂਦੀ ਹੋਵੇ ਤੇ ਰਾਤ ਨੂੰ ਕੀਰਤਨ ਸੋਹਿਲੇ ਦਾ ਪਾਠ ਹੁੰਦਾ ਹੋਵੇ, ਉਹ ਘਰ ਪੂਜਣ ਯੋਗ ਬਣ ਜਾਂਦਾ ਹੈ। ਮੈਂ ਤੇ ਘਰਵਾਲੀ ਮਹੀਨਾ ਰਹਿ ਕੇ ਆਏ, ਧੀ ਚਾਰ ਮਹੀਨਿਆਂ ਪਿਛੋਂ ਵਾਪਸ ਆਈ। ਮਨਵੀਰ ਨੇ ਉਹਨੂੰ ਵੀ ਨਿਤਨੇਮ ਪੜ੍ਹਨਾ ਸਿੱਖਾ ਦਿੱਤਾ ਸੀ। ਵੱਡੀ ਧੀ ਦੀਆਂ ਗੱਲਾਂ ਸੁਣ ਕੇ ਛੋਟੀ ਧੀ ਵੀ ਗੁਰਸਿੱਖ ਲੜਕੇ ਵੱਲ ਉਲਰ ਗਈ, ਉਹਦਾ ਭਾਰ ਵੀ ਸਿਰੋਂ ਲੱਥ ਜਾਵੇਗਾ। ਪੁੱਤਰ ਅਜੇ ਪੜ੍ਹਦਾ ਹੈ, ਉਹ ਜਿਥੇ ਕਹੇਗਾ, ਉਥੇ ਉਹਦਾ ਵਿਆਹ ਕਰ ਦੇਵਾਂਗੇ। ਇੱਥੇ ਜਾਂ ਇੰਡੀਆ।

ਮਨਵੀਰ ਹੁਣ ਅਮਰੀਕਾ ਆ ਗਿਆ ਹੈ।

"ਬਾਈ ਜੀ! ਤੁਹਾਡੇ ਭਰਾ ਮਨਵੀਰ ਨੂੰ ਮਿਲ ਕੇ ਖੁਸ਼ ਹੋਏ ਕਿ ਨਹੀਂ?" ਮੈਂ ਪੁੱਛਿਆ।

"ਬਾਈ ਕੁਲਾਰ! ਬਹੁਤੇ ਰੁਪਏ ਨਾਲ ਬੰਦਾ ਸਿਆਣਾ ਨਹੀਂ ਹੁੰਦਾ। ਜ਼ਿੰਦਗੀ ਦੇ ਤਜਰਬਿਆਂ ਵਿਚੋਂ ਪਾਸ ਬੰਦੇ ਨੂੰ ਹੀ ਸਰਟੀਫਿਕੇਟ ਮਿਲਦਾ ਹੈ। ਵੱਡੇ ਭਰਾ ਦੀ ਧੀ ਬਹੁਤੀ ਪੜ੍ਹੀ ਨਹੀਂ ਸੀ, ਪਰ ਕਹਿੰਦੀ ਸੀ, ਮੁੰਡਾ ਡਾਕਟਰ ਲਿਆਉਣਾ ਹੈ। ਇੰਡੀਆ ਕਿਸੇ ਅਖਬਾਰ ਵਿਚ ਕਢਾ ਕੇ ਡਾਕਟਰ ਲੱਭ ਵੀ ਲਿਆ, ਚੰਗੇ ਖਾਨਦਾਨ ਦਾ ਮੁੰਡਾ ਸੀ। ਛੇ ਮਹੀਨਿਆਂ ਵਿਚ ਇਥੇ ਆ ਗਿਆ। ਇਥੇ ਆ ਕੇ ਪਤਾ ਨਹੀਂ ਕੀ ਹੋਇਆ, ਘਰੋਂ ਹੀ ਨਹੀਂ ਨਿਕਲਿਆ। ਭਰਾ ਉਹਨੂੰ ਆਪਣੇ ਸਟੋਰਾਂ 'ਤੇ ਘੁਮਾਉਣ ਲੈ ਗਿਆ। ਆਪਣੀ ਅਮੀਰੀ ਦੀਆਂ ਵਡਿਆਈਆਂ ਸੁਣਾਉਣ ਲੱਗਾ। ਮੁੰਡਾ ਹੋਰ ਖਿਝ ਗਿਆ, 'ਮੈਂ ਕੋਈ ਮਲੰਗਾਂ ਦਾ ਪੁੱਤ ਹਾਂ ਜਿਹੜਾ ਤੁਸੀਂ ਮਹਿੰਗੀਆਂ ਕਾਰਾਂ ਦੀਆਂ ਗੱਪਾਂ ਸੁਣਾਉਣ ਲੱਗ ਪਏ ਹੋ।' ਬੱਸ ਗੱਲ ਮੁਕਾ, ਮੁੰਡਾ ਗਰੀਨ ਕਾਰਡ ਭਰਾ ਨੂੰ ਫੜਾ ਕੇ ਇੰਡੀਆ ਜਹਾਜ਼ ਚੜ੍ਹ ਗਿਆ। ਧੀ ਦਾ ਤਲਾਕ ਹੋ ਗਿਆ। ਮੁੰਡੇ ਨੇ ਪਿੰਡ ਹੀ ਵਿਆਹ ਕਰਵਾ ਲਿਆ।

ਮਨਵੀਰ ਨੂੰ ਦੇਖ ਕੇ ਲੋਕ ਕਹਿੰਦੇ, ਤੇਲ ਨਾ ਦੇਖੋ, ਤੇਲ ਦੀ ਧਾਰ ਦੇਖੋ! ਉਹ ਦਿਨ ਦੂਰ ਨਹੀਂ ਜਦੋਂ 'ਭੁੱਖੇ ਦੀ ਧੀ ਰੱਜੀ, ਪਿੰਡ ਉਜਾੜਨ ਲੱਗੀ' ਵਾਲੀ ਗੱਲ ਸੱਚ ਸਾਬਤ ਨਾ ਹੋਈ। ਮੈਂ ਕਿਹਾ, ਭਰਾ ਤਾਂ ਉਹ ਗੱਲਾਂ ਕਰਦੇ ਨੇ ਕਿ 'ਮੁਰਦਾ ਬੋਲੂ, ਕੱਫਣ ਪਾੜੂ'। ਉਏ ਜੇ ਕਿਸੇ ਦੀ ਧੀ ਲਈ ਚਾਰ ਸ਼ਬਦ ਚੰਗੇ ਨਹੀਂ ਬੋਲ ਸਕਦੇ ਤਾਂ ਮਾੜੇ ਵੀ ਨਾ ਬੋਲੋ।

ਇਸ ਬਾਈ ਦੇ ਚੰਗੇ ਸੁਭਾਅ ਅਤੇ ਸੋਚ ਨੇ ਮੇਰੇ ਹੱਥ ਕਲਮ ਫੜਾ ਦਿੱਤੀ, ਤੇ ਤੁਹਾਡੇ ਨਾਲ ਇਹ ਵਾਰਤਾ ਸਾਂਝੀ ਕਰ ਲਈ।

## ਸੰਪਾਦਕ ਦੀ ਡਾਕ

# ਦੇਖ ਕਬੀਰਾ ਰੋਇਆ...

ਪੰਜਾਬ ਟਾਈਮਜ਼ ਦੇ 11 ਅਪਰੈਲ ਦੇ ਅੰਕ ਵਿਚ ਪ੍ਰੋ. ਹਰਪਾਲ ਸਿੰਘ ਨੇ "ਦੇਖ ਕਬੀਰਾ ਰੋਇਆ" ਵਿਚ ਮੌਤ ਨੂੰ ਜੀਵਨ ਦਾ ਕੇਂਦਰ-ਬਿੰਦੂ ਗਰਦਾਨ ਕੇ ਅਧਿਆਤਮਕ ਗਿਆਨ ਦੇ ਇਸ ਮੂਲ ਸਿਧਾਂਤ ਨੂੰ ਪ੍ਰਭਾਵਸ਼ਾਲੀ ਸਾਹਿਤਕ ਸ਼ੈਲੀ ਵਿਚ ਬਿਆਨ ਕੀਤਾ ਹੈ। ਗੁਰਬਾਣੀ ਦੇ ਬਹੁਤੇ ਵਿਆਖਿਆਕਾਰ ਜਾਂ ਤਾਂ ਇਸ ਮੂਲ ਸਿਧਾਂਤ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਜਾਂ ਫਿਰ ਇਸ ਨੂੰ ਧਾਰਮਿਕ ਵਿਹਾਰਾਂ ਵਿਚ ਰਲਗੱਡ ਕਰਕੇ ਉਲਝਾ ਦਿੰਦੇ ਹਨ। ਮੌਤ ਜੀਵਨ ਦਾ ਵਾਸਤਵਿਕ ਸੱਚ ਹੈ। ਜਨਮ ਤੋਂ ਮੌਤ ਤੱਕ ਦੇ ਸਫਰ ਨੂੰ ਹੀ ਜੀਵਨ ਦਾ ਨਾਂ ਦਿੱਤਾ ਗਿਆ ਹੈ।

ਗੁਰਬਾਣੀ ਵਿਚ ਜੀਵਨ ਨੂੰ ਝੂਠ, ਸੁਪਨਾ ਜਾਂ ਭਰਮ ਵੀ ਆਖਿਆ ਗਿਆ ਹੈ, ਜਿਵੇਂ "ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥ (ਗੁਰੂ ਨਾਨਕ ਦੇਵ); "ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥ (ਗੁਰੂ ਤੇਗ ਬਹਾਦਰ) ਅਤੇ "ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਜਾਨੀਐ ਹੋਇ ਨ ਤੈਸਾ॥"

ਭਗਤ ਰਵਿਦਾਸ ਆਖਦੇ ਹਨ ਕਿ ਮਨੁੱਖ ਨੂੰ ਇਹ ਭਰਮ ਹੈ ਕਿ ਸੰਸਾਰ ਜੈਸਾ ਨਜ਼ਰ ਆਉਂਦਾ ਹੈ, ਐਸਾ ਹੀ ਹੈ ਪਰ ਇਹ ਸੱਚ ਨਹੀਂ ਹੈ। ਸੰਸਾਰ ਦੀ ਸੱਚਾਈ ਇਹ ਹੈ ਕਿ ਇਸ ਦਾ ਹਰ ਪਦਾਰਥ ਨਿਰੰਤਰ ਬਦਲ ਰਿਹਾ ਹੈ ਅਤੇ ਨਿਰੰਤਰ ਬਦਲ ਰਹੇ ਪਦਾਰਥ ਦੀ ਅਸਲੀਅਤ ਉਹ ਨਹੀਂ ਹੁੰਦੀ ਜੋ ਨਜ਼ਰ ਆਉਂਦੀ ਹੈ ਕਿਉਂਕਿ ਜੋ ਦਿਸਦਾ ਹੈ, ਉਹ ਬਦਲੇ ਹੋਏ ਦਾ ਪ੍ਰਤੀਬਿੰਬ ਹੁੰਦਾ ਹੈ ਅਤੇ ਜੋ ਹੁੰਦਾ ਹੈ ਉਹ ਬਦਲ ਰਿਹਾ ਹੋਣ ਕਾਰਨ ਨਜ਼ਰ ਨਹੀਂ ਆਉਂਦਾ। ਵਿਗਿਆਨੀ ਕੁਐਂਟਮ ਮਕੈਨਿਕਸ ਵਿਚ ਇਸੇ ਉਲਝਣ ਨੂੰ ਸਮਝਣ ਦਾ ਯਤਨ ਕਰਦੇ ਹਨ। ਐਸੀ ਸਥਿਤੀ ਨੂੰ ਨਜ਼ਰ ਦੇ ਭੁਲੇਖੇ (ਅੌਪਟਿਅਲ ਇਲੂਜ਼ਨ) ਦਾ ਨਾਂ ਵੀ ਦੇ ਦਿੱਤਾ ਜਾਂਦਾ ਹੈ। ਮਨੁੱਖ ਦੇ ਬੱਚਾ, ਜੁਆਨ ਜਾਂ ਬੁਢੇ ਹੋਣ ਦਾ ਬੋਧ ਤੇ ਸੰਭਵ ਹੈ ਪਰ ਉਸ ਦੇ ਸਰੀਰ ਵਿਚ ਹਰ ਪਲ ਹੋ ਰਹੇ ਬਦਲਾਓ ਨੂੰ ਅਨੁਭਵ ਕਰਨਾ ਮੁਮਕਿਨ ਨਹੀਂ।

ਵਿਗਿਆਨੀ ਦੱਸਦੇ ਹਨ ਕਿ ਸਰੀਰ ਦੇ ਸੈਲ ਨਿਰੰਤਰ ਜੰਮਦੇ ਅਤੇ ਮਰਦੇ ਰਹਿੰਦੇ ਹਨ। ਇਸ ਲਈ ਇਹ ਆਖਣਾ ਉਚਿੱਤ ਹੋਵੇਗਾ ਕਿ ਬਦਲਾਓ ਹੀ ਮਨੁੱਖਾ ਜੀਵਨ ਦੀ ਅਸਲੀਅਤ ਹੈ, ਜਾਂ ਇਉਂ ਕਹੋ ਕਿ ਜੀਵਨ ਜਨਮ ਤੋਂ ਮਰਨ ਤਕ ਦੀ ਯਾਤਰਾ ਦਾ ਹੀ ਨਾਂ ਹੈ। ਇਸ ਨੂੰ ਯਾਤਰਾ ਜਾਣ ਕੇ ਹੀ ਜੀਉਣਾ ਠੀਕ ਹੈ। ਗੁਰਬਾਣੀ ਦਾ ਇਹ ਵੀ ਨਿਰਣਾ ਹੈ ਕਿ ਮਨੁੱਖਾ ਸਰੀਰ ਨਿਰਾ ਭਰਮ ਨਹੀਂ, ਇਸ ਵਿਚ ਪ੍ਰਭੂ ਦਾ ਵਾਸਾ ਹੋਣ ਕਾਰਨ ਇਹ ਸੱਚ ਵੀ ਹੈ। "ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥" (ਅਨੰਦ, ਗੁਰੂ ਅਮਰ ਦਾਸ)। ਪਰ ਪ੍ਰਭੂ ਦੇ ਸਰਬ ਵਿਆਪਕ ਹੋਣ ਦੇ ਬਾਵਜੂਦ ਮਨੁੱਖ ਵਿਚ ਪ੍ਰਭੂ ਨੂੰ ਵੇਖਣ ਦੀ ਸਮਰਥਾ ਨਹੀਂ ਹੈ ਕਿਉਂਕਿ "ਸੇ ਅਖੜੀਆਂ ਬਿਅੰਨਿ ਜਿਨ੍ਹੀ ਡਿਸੰਦੋ ਮਾਪਿਰੀ॥" (ਗੁਰੂ ਅਰਜਨ ਦੇਵ)

ਸਾਧਾਰਣ ਮਨੁੱਖ ਸੰਸਾਰ ਵਿਚ ਬਾਹਰੀ ਮਾਇਆ ਦੇ ਪ੍ਰਭਾਵ ਨੂੰ ਹੀ ਸੱਚ ਮੰਨੀ ਜਾਂਦਾ ਹੈ ਕਿਉਂਕਿ ਉਹ ਲੋਕਾਈ ਵਿਚ ਪ੍ਰਭੂ ਵਲੋਂ ਬਖਸ਼ੀ ਬਰਾਬਰੀ ਵੇਖਣਯੋਗ ਨਹੀਂ ਹੁੰਦਾ। ਸੰਸਾਰ ਕਰਮ ਧਰਤੀ ਹੈ ਜਿਸ ਵਿਚ ਪ੍ਰਭੂ ਦੀ ਰਜ਼ਾ ਅਨੁਸਾਰ ਨਿਸ਼ਕਾਮ ਕਰਮ ਕਰਨਾ ਹੀ ਧਰਮ ਹੈ, "ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥" (ਗੁਰੂ ਅਰਜਨ ਦੇਵ)

ਆਸ ਹੈ ਪ੍ਰੋ. ਹਰਪਾਲ ਸਿੰਘ ਵਲੋਂ ਗੁਰਬਾਣੀ ਦੇ ਇਸ ਅਣਗੌਲੇ ਮੂਲ ਉਪਦੇਸ਼ ਨੂੰ ਉਜਾਗਰ ਕੀਤੇ ਜਾਣ ਨਾਲ ਗੁਰਬਾਣੀ ਪ੍ਰੇਮੀਆਂ ਦੀ ਇਸ ਸਿਧਾਂਤ ਨੂੰ ਸਮਝਣ ਅਤੇ ਵਿਚਾਰਨ ਵਿਚ ਰੁਚੀ ਵਧੇਗੀ।

*-ਹਾਕਮ ਸਿੰਘ*

## ਪੰਜਾਬ ਟਾਈਮਜ਼ ਨੂੰ ਵਧਾਈ

ਪੰਜਾਬ ਟਾਈਮਜ਼ ਦੀ 15ਵੀਂ ਵਰ੍ਹੇਗੰਢ 'ਤੇ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ ਪੰਜਾਬ ਟਾਈਮਜ਼ ਦੇ ਸਮੁੱਚੇ ਪਰਿਵਾਰ-ਲੇਖਕਾਂ, ਕਾਲਮਨਵੀਸਾਂ ਤੇ ਪਾਠਕਾਂ ਨੂੰ ਹਾਰਦਿਕ ਵਧਾਈ ਦੇਂਦਾ ਹਾਂ! ਪੰਜਾਬ ਟਾਈਮਜ਼ ਵਿਚ ਛਪੀਆਂ ਸਾਰੀਆਂ ਲਿਖਤਾਂ ਬਹੁਤ ਹੀ ਮਿਆਰੀ ਹੁੰਦੀਆਂ ਹਨ। ਪਰਚਾ ਹਥ ਆਉਂਦੇ ਹੀ ਦਿਲ ਕਰਦੈ, ਪੜ੍ਹ-ਪੜ੍ਹ ਕੇ ਚੂੰਡ ਲਈਏ। ਭਾਅ ਜੀ ਦਾ ਰੋਗ ਦੇਖ ਕੇ ਬੜਾ ਦੁਖ ਹੁੰਦੈ, ਸੋਚੀਦੈ ਕਿ ਜੇ ਇਹ ਬੰਦਾ ਤੰਦਰੁਸਤ ਹੁੰਦਾ, ਪਤਾ ਨਹੀਂ ਕਿਨੀਆਂ ਕੁ ਪੁਲਾਂਘਾਂ ਹੋਰ ਭਰਦਾ। ਫਿਰ ਵੀ ਸਦਕੇ ਜਾਈਏ ਇਸ ਵੀਰ ਦੇ ਜੋ ਜੋਧਿਆਂ ਵਾਂਗੂ ਮਾਰਾਂ ਮਾਰ ਰਿਹਾ ਹੈ ਤੇ ਪੰਜਾਬੀ ਦੀ ਸੇਵਾ ਕਰ ਰਿਹਾ ਹੈ। ਕਈ ਵਾਰ ਸੋਚਦਾਂ, ਮੇਰੇ ਹਥ ਕੋਈ ਜਾਦੂ ਦੀ ਛੜੀ ਆ ਜਾਵੇ ਤੇ ਆਪਣੇ ਇਸ ਵੀਰ ਨੂੰ ਭੰਗੜਾ ਪਾਉਣ ਲਾ ਦੇਵਾਂ।

*-ਰਾਣਾ ਇਕਬਾਲ ਸਿੰਘ*

## 15ਵੀਂ ਵਰ੍ਹੇਗੰਢ ਦੀ ਵਧਾਈ

**ਅਮੋਲਕ ਜੀ,**

ਪੰਜਾਬ ਟਾਈਮਜ਼ ਦੀ 15ਵੀਂ ਵਰ੍ਹੇਗੰਢ 'ਤੇ ਆਪ ਨੂੰ, ਅਖਬਾਰ ਦੇ ਸੰਪਾਦਕੀ ਮੰਡਲ, ਕਾਲਮਨਵੀਸਾਂ, ਸਹਿਯੋਗੀਆਂ ਅਤੇ ਅਨਗਿਣਤ ਪਾਠਕਾਂ, ਜੋ ਹਰ ਹਫਤੇ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਇਸ ਅਖਬਾਰ ਨੂੰ ਉਡੀਕਦੇ ਹਨ, ਨੂੰ ਹਾਰਦਿਕ ਵਧਾਈ ਹੋਵੇ।

ਆਪ ਦੀ ਯੋਗ ਅਗਵਾਈ ਹੇਠ ਮੰਡੀਕਰਨ ਦੇ ਅਜੋਕੇ ਹੜ੍ਹ ਵਿਚ ਵੀ ਇਹ ਅਖਬਾਰ ਆਪਣੀ ਬੁਲੰਦ ਆਵਾਜ਼ ਅਤੇ ਪੱਤਰਕਾਰੀ ਦੀਆਂ ਮਿਆਰੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਦਾ ਹੋਇਆ ਗੌਰਵ ਨਾਲ ਅੱਗੇ ਵਧ ਰਿਹਾ ਹੈ। ਇਹ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਇਕ ਮਿਸਾਲ ਹੈ। ਅਖਬਾਰ ਦੀ ਪਹਿਲੀ ਤੋਂ ਆਖਰੀ ਸਤਰ ਦਾ ਹਰ ਵਾਕ ਵਜ਼ਨਦਾਰ ਹੁੰਦਾ ਹੈ ਜੋ ਇਸ ਦੇ ਕਾਲਮਨਵੀਸਾਂ ਅਤੇ ਸੰਪਾਦਕੀ ਮੰਡਲ ਦੀ ਮਿਹਨਤ ਅਤੇ ਲਗਨ ਦੀ ਮੂੰਹ ਬੋਲਦੀ ਤਸਵੀਰ ਹੈ ਜਿਸ ਸਦਕਾ ਅੱਜ ਪੰਜਾਬ ਟਾਈਮਜ਼ ਦੇ ਹਮਦਰਦਾਂ ਅਤੇ ਪਾਠਕਾਂ ਦਾ ਇਕ ਵੱਡਾ ਕਾਫਲਾ ਬਣ ਗਿਆ ਹੈ।

15ਵੀਂ ਵਰ੍ਹੇਗੰਢ ਦੇ ਇਸ ਖੁਸ਼ੀਆਂ ਭਰੇ ਮੌਕੇ 'ਤੇ ਮੈਂ ਵੀ ਇਸ ਕਾਫਲੇ ਦਾ ਅਮਲੀ ਰੂਪ ਵਿਚ ਇਕ ਅੰਸ਼ ਬਣਨ ਦੀ ਖੁਸ਼ੀ ਪ੍ਰਾਪਤ ਕਰਨੀ ਚਾਹੁੰਦਾ ਹੋਇਆ ਨਿੱਕੀ ਜਿਹੀ ਭੇਟ ਭੇਜ ਰਿਹਾ ਹਾਂ, ਜੋ ਲਗਾਤਾਰ ਹਰ ਮਹੀਨੇ ਆਪ ਤੀਕ ਪਹੁੰਚਦੀ ਰਹੇਗੀ।

*-ਹਰਜਿੰਦਰ ਪੰਧੇਰ*
*ਫੋਨ: 209-610-5055*

# ਸੰਗੀਤ ਸਮਰਾਟ ਚਰਨਜੀਤ ਆਹੂਜਾ

*(ਸਫਾ 27 ਦੀ ਬਾਕੀ)*

1994 ਵਿਚ ਜਦੋਂ ਉਹ ਮੇਰੇ ਸੱਦੇ ਉਤੇ ਮਾਹਿਲਪੁਰ ਸ਼ੌਂਕੀ ਮੇਲੇ 'ਤੇ ਆਇਆ, ਉਥੇ ਗੁਰਦਾਸ ਮਾਨ ਨੂੰ ਛੱਡ ਕੇ ਹਰ ਗਾਇਕ ਹਾਜ਼ਰ ਸੀ। ਦੇਬੀ ਮਖਸੂਸਪੁਰੀ, ਮਨਮੋਹਨ ਵਾਰਸ ਤੇ ਜੈਜ਼ੀ ਬੈਂਸ ਨੇ ਪਹਿਲੀ ਵਾਰ ਗਾਉਣਾ ਸੀ ਤੇ ਕਿਸੇ ਵੱਡੇ ਮੇਲੇ ਵਿਚ ਚਰਨਜੀਤ ਆਹੂਜਾ ਦੀ ਵੀ ਪਹਿਲੀ ਹਾਜ਼ਰੀ ਸੀ। ਦਾਅਵਾ ਹੈ ਕਿ ਉਸ ਵਰ੍ਹੇ ਦੇ ਲੱਖ ਤੋਂ ਵੀ ਵੱਡੇ ਇਕੱਠ ਵਿਚ ਤੀਹ ਫੀਸਦੀ ਉਹ ਲੋਕ ਮੇਲਾ ਦੇਖਣ ਆਏ ਸਨ ਜਿਨ੍ਹਾਂ ਨੇ ਸਿਰਫ਼ ਚਰਨਜੀਤ ਆਹੂਜਾ ਨੂੰ ਵੇਖਣਾ ਸੀ।

ਮੈਂ ਜਾਣਦਾ ਹਾਂ ਕਿ ਚਰਨਜੀਤ ਆਹੂਜਾ ਬਹੁਤ ਸਾਰੇ ਗਾਇਕਾਂ ਤੋਂ ਔਖਾ ਹੈ ਤੇ ਔਖਾ ਰਹੇਗਾ ਵੀ, ਕਿਉਂਕਿ ਉਸ ਨੇ ਕਈਆਂ ਨੂੰ ਰਿਜ਼ਕ ਵਿਚ ਹੀ ਨਹੀਂ ਪਾਇਆ, ਬਹੁਤ ਵੱਡੇ ਵੀ ਬਣਾਇਆ ਹੈ। ਮੇਰੇ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਉਤੇ ਉਹਦਾ ਮੀਡੀਏ ਲਈ ਵੀਡੀਓ ਸੰਦੇਸ਼ ਆਇਆ। ਉਹਨੇ ਜੋ ਕਿਹਾ ਸੀ, ਉਹ ਮਾਣ ਵਾਲਾ ਇਸ ਕਰ ਕੇ ਸੀ ਕਿ ਗੀਤਕਾਰ ਮੈਂ ਬਣ ਨਹੀਂ ਸਾਂ ਸਕਿਆ, ਗਾਇਕ ਮੈਂ ਹੈ ਨਹੀਂ ਸੀ, ਪਰ ਜੋ ਕੁਝ ਕੀਤਾ ਤਾਂ ਉਹਦੀ ਤਸਦੀਕ ਚਰਨਜੀਤ ਵਲੋਂ ਕੀਤੇ ਜਾਣਾ ਪੰਜਾਬ ਦੇ ਭਾਸ਼ਾ ਤੇ ਸਭਿਆਚਾਰ ਦੇ ਐਵਾਰਡ ਨਾਲੋਂ ਵੱਡਾ ਸੀ।

ਗਲੇ ਦੇ ਕੈਂਸਰ ਨੇ ਜਦੋਂ ਉਹਨੂੰ ਘੇਰਿਆ, ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ। ਥਰੈਪੀ ਨਾਲ ਵਾਲ ਝੜ ਗਏ, ਰੰਗ ਕਾਲਾ ਪੈ ਗਿਆ ਤੇ ਚਰਨਜੀਤ ਬੇਪਛਾਣ ਹੋ ਗਿਆ। ਉਨ੍ਹੀਂ ਦਿਨੀਂ ਗਿਆ ਤਾਂ ਉਹ ਓਦਰ ਗਿਆ। ਕਹਿਣ ਲੱਗਾ, "ਅਸ਼ੋਕ, ਸੰਗੀਤ ਤੋਂ ਬਿਨਾਂ ਤਾਂ ਕੋਈ ਕੰਮ ਨਹੀਂ ਕੀਤਾ, ਰਿਜ਼ਕ ਦਿੱਤਾ ਹੀ ਹੈ, ਕਦੀ ਖੋਹਿਆ ਨਹੀਂ, ਪਰ...।" ਉਹਨੇ ਅੱਖਾਂ ਭਰ ਲਈਆਂ। ਹੁਣ ਉਹ ਬਾਣੀ ਤੇ ਗੁਰਬਾਣੀ ਨਾਲ ਪਹਿਲਾਂ ਵਾਂਗ ਜੀ ਰਿਹਾ ਹੈ। ਡਾਕਟਰ ਹਾਰ ਗਏ ਨੇ ਅਤੇ ਉਹ ਜਿੱਤ ਗਿਆ ਹੈ। ਚਰਨਜੀਤ ਨੂੰ ਚੇਤਾ ਤਾਂ ਹੈ, ਕੈਂਸਰ ਹੋਇਆ ਸੀ, ਪਰ ਹੁਣ ਨਾਂ-ਨਿਸ਼ਾਨ ਵੀ ਨਹੀਂ।

ਸੱਚ ਹੈ ਕਿ ਚਰਨਜੀਤ ਆਹੂਜਾ ਕੱਬਾ, ਕੌੜਾ, ਸੰਗੀਤਕਾਰ ਰਿਹਾ ਹੈ। ਉਹ ਗਾਲ੍ਹਾਂ ਵੀ ਕੱਢ ਲੈਂਦਾ ਸੀ, ਪਰ ਜਿਹੜੇ ਉਹਦੇ ਕੋਲੋਂ ਕੁਝ ਖੱਟ ਗਏ, ਉਹ ਹੀ ਜਾਣਦੇ ਹਨ ਕਿ ਇਹ ਗਾਲ੍ਹਾਂ ਘਿਉ ਦੀਆਂ ਨਾਲਾਂ ਵੀ ਸਨ।

ਮੇਰੇ ਵਾਂਗ ਬਹੁਤ ਲੋਕ ਗੁਲਾਮ ਅਲੀ ਨੂੰ ਨਹੀਂ ਮਿਲ ਸਕੇ, ਪਰ ਮੈਂ ਮਾਣ ਨਾਲ ਕਹਿੰਦਾ ਰਹਾਂਗਾ ਕਿ ਸਮਰਾਟ ਸੰਗੀਤਕਾਰ ਚਰਨਜੀਤ ਆਹੂਜਾ ਸਾਡੇ ਸਾਰਿਆਂ ਵਿਚ ਸੀ ਤੇ ਅਸੀਂ ਖਾਣਾ ਇਕ ਭਾਂਡੇ ਵਿਚ ਖਾਧਾ ਹੈ।

ਤੇ ਪਿਆਰ ਵਿਚੋਂ ਮੁਹੱਬਤ ਦਾ ਨਫ਼ਾ ਸੱਚੇ ਯਾਰਾਂ ਨੂੰ ਹੀ ਮਿਲ ਸਕਦਾ ਹੈ।

# ਖੰਡ ਬ੍ਰਹਿਮੰਡ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਖੰਡ ਸ਼ਬਦ ਭਾਵੇਂ ਕਈ ਵਸਤੂਆਂ, ਵਿਚਾਰਾਂ ਤੇ ਵਰਤਾਰਿਆਂ ਦਾ ਲਖਾਇਕ ਹੈ ਪਰ ਪੰਜਾਬੀ ਵਿਚ ਮੁਖ ਤੌਰ ਤੇ ਇਸ ਤੋਂ ਅਸੀ ਇਕ ਅਜਿਹੇ ਮਿੱਠੇ ਦਾ ਭਾਵ ਲੈਂਦੇ ਹਾਂ ਜੋ ਰਸ ਤੋਂ ਬਣਾਈ ਜਾਂਦੀ ਚਿੱਟੀ ਰਵੇਦਾਰ ਚੀਜ਼ ਹੈ। ਪੰਜਾਬ ਵਿਚ ਸੱਗਾ ਰੱਤੇ ਪ੍ਰਾਹੁਣੇ ਦੀ ਸੇਵਾ ਖੰਡ ਘਿਉ ਨਾਲ ਕੀਤੀ ਜਾਂਦੀ ਸੀ। ਬੋਲੀ ਹੈ, "ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਸੱਸੇ ਤੇਰੀ ਮਝ ਮਰ ਜਾਏ।" ਕਈ ਔਰਤਾਂ ਭਾਈਆਂ ਦੀਆਂ ਏਨੀਆਂ ਸ਼ਰਧਾਵਾਨ ਹੁੰਦੀਆਂ ਹਨ ਕਿ ਬੋਲੀ ਬਣੀ, "ਭਾਈਆਂ ਦੇ ਫੁਲਕੇ ਨੂੰ ਮੈਂ ਖੰਡ ਦਾ ਪਲੇਥਣ ਲਾਵਾਂ।" ਦੋ ਜਣਿਆਂ ਦੇ ਘਣੇ ਜੋੜ ਹੋਣ ਨੂੰ ਖੰਡ ਘਿਉ ਹੋਣਾ ਕਿਹਾ ਜਾਂਦਾ ਹੈ। ਵੰਡ ਛਕਣ ਅਤੇ ਇਕੱਠੇ ਰਹਿਣ ਦੀ ਸਲਾਹੁਤਾ ਕਰਦੀ ਕਹਾਵਤ ਹੈ, "ਅੱਡ ਖਾਏ ਹੱਡ ਖਾਏ, ਵੰਡ ਖਾਏ ਖੰਡ ਖਾਏ।" ਸ਼ੱਕਰ ਵਾਲੇ ਲੇਖ ਵਿਚ ਅਸੀਂ ਦੱਸਿਆ ਸੀ ਕਿ ਸ਼ੱਕਰ ਸ਼ਬਦ ਵਿਚ ਵੀ ਮੁਢਲਾ ਭਾਵ ਕਣਦਾਰ ਚੀਜ਼ ਤੋਂ ਹੀ ਹੈ ਕਿਉਂਕਿ ਇਸ ਦੇ ਪੂਰਬਲੇ ਰੂਪ ਸ਼ਰਕਰਾ ਦਾ ਅਰਥ ਰੇਤ ਕਣ, ਬਜਰੀ ਆਦਿ ਹੈ।

ਮੁਖ ਤੌਰ 'ਤੇ ਖੰਡ ਤਿੰਨ ਤਰ੍ਹਾਂ ਦੀ ਹੁੰਦੀ ਹੈ-ਬੂਰਾ, ਦੇਸੀ ਅਤੇ ਦਾਣੇਦਾਰ, ਜਿਸ ਨੂੰ ਅਸੀਂ ਚੀਨੀ ਵੀ ਆਖ ਦਿੰਦੇ ਹਾਂ। ਰਸ ਆਦਿ ਤੋਂ ਤਿਆਰ ਮਿੱਠਾ ਕਿਸੇ ਤਰ੍ਹਾਂ ਦਾ ਵੀ ਹੋਵੇ, ਮੋਟੇ ਜਾਂ ਮਹੀਨ ਰਵਿਆਂ ਦੀ ਸ਼ਕਲ ਵਿਚ ਹੋਣਾ ਇਸ ਦਾ ਇਕ ਰਸਾਇਣਕ ਗੁਣ ਹੈ। ਲੂਣ ਅਤੇ ਬਰਫ ਵੀ ਰਵੇਦਾਰ ਹੁੰਦੇ ਹਨ। ਮਿੱਠੀ ਚੀਜ਼ ਵਿਚ ਮਿਠਾਸ ਘਟ ਹੋਵੇ ਤਾਂ ਅਸੀਂ ਆਮ ਹੀ ਕਹਿ ਦਿੰਦੇ ਹਾਂ ਕਿ ਇਸ ਵਿਚ ਕਣ ਜਾਂ ਕਣੀ ਨਹੀਂ। ਸੋ ਬੂਰਾ ਜਾਂ ਦੇਸੀ ਖੰਡ ਵੀ ਮਹੀਨ ਰਵਿਆਂ ਦੀ ਸ਼ਕਲ ਵਿਚ ਹੀ ਹੁੰਦੇ ਹਨ।

ਬਾਬਾ ਫਰੀਦ ਨੇ ਕੁਝ ਇਕ ਵਾਰੀ ਚੀਨੀ ਦੇ ਅਰਥਾਂ ਵਿਚ ਖੰਡ ਸ਼ਬਦ ਦੀ ਵਰਤੋਂ ਕੀਤੀ ਹੈ, "ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ" ਤੇ ਗੁਰੂ ਨਾਨਕ ਦੇਵ ਨੇ ਵੀ, "ਅੰਮ੍ਰਿਤਿ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ।" ਵਾਰਿਸ ਦੀ ਖੰਡ ਦੀ ਮਿਠਾਸ ਵੀ ਚਖੋ, ਜਦੋਂ ਹੀਰ ਰਾਂਝੇ ਨੂੰ ਚਾਕ ਵਜੋਂ ਰਖਵਾ ਲੈਂਦੀ ਹੈ ਤਾਂ ਉਸ ਨੂੰ ਧਰਵਾਸਾ ਦਿੰਦੀ ਹੈ,

ਮੱਖਣ ਖੰਡ ਪਰਾਵਠੇ ਖਾਹ ਮੀਆਂ,
ਮਹਿੰ ਛੇੜ ਦੇ ਰੱਬ ਦੇ ਆਸਰੇ ਤੇ।
ਹੁਸਨ ਘਬਰੋ ਰਾਂਝਿਆ ਜਾਲ ਮੀਆਂ,
ਗੁਜ਼ਰ ਆਵਸੀ ਦੁੱਧ ਦੇ ਕਾਸੜੇ ਤੇ।
ਹੀਰ ਆਖਦੀ ਰੱਬ ਰੱਜ਼ਾਕ ਤੇਰਾ ਮੀਆਂ,
ਜਾਈਂ ਨਾ ਲੋਕਾਂ ਦੇ ਹਾਸੜੇ ਤੇ ।
ਮਹਿੰ ਛੇੜਦੇ ਝੱਲ ਦੇ ਵਿਚ ਮੀਆਂ,
ਆਪ ਹੋ ਬਹੇਂ ਇਕ ਪਾਸੜੇ ਤੇ।

'ਨਾਦਰ ਸ਼ਾਹ ਦੀ ਵਾਰ' 'ਚੋਂ ਢੁਕਵੇਂ ਸ਼ਬਦ ਸਰਵਣ ਕਰੋ,

ਬਾਦਸ਼ਾਹ ਆਖੇ,
'ਨਾਰਦ ਨੂੰ ਲੈ ਜਾਹੋ ਬਜ਼ਾਰੇ।
ਤੇ ਕਰ ਦਿਓ ਇਸ ਦੀ ਤਾਬਿਆ,
ਹਲਵਾਈ ਸਾਰੇ।
ਕੱਠੀ ਕਰ ਦਿਓ ਮੇਦਨੀ,
ਭਰ ਦਿਓ ਤਗ਼ਾਰੇ।
ਖੰਡ ਪੇੜੇ ਤੇ ਜਲੇਬੀਆਂ,
ਔਰ ਸ਼ੱਕਰਪਾਰੇ।
ਲੱਡੂ, ਮਠੇ ਮੋਹਨ ਭੋਗ,
ਤੇ ਗਰੀ ਛੁਹਾਰੇ।



ਨਾਰਦ ਆਵੇ ਨ੍ਹਾ ਕੇ,
ਬਹਿ ਵਰਤ ਉਪਾਰੇ।
ਪਰ ਰੋਟੀ ਖਾਹ ਦੁਆ ਦੇ,
ਬਹਿ ਠਾਕਰ ਦੁਆਰੇ।

ਚੀਨੀ ਵਾਲੇ ਅਰਥਾਂ ਤੋਂ ਇਲਾਵਾ ਸੰਸਕ੍ਰਿਤ ਵਿਚ ਖੰਡ ਦੇ ਅਰਥ ਰਾਬ, ਸੀਰਾ ਤੇ ਗੰਨਾ ਵੀ ਹੈ। ਖੰਡ ਸ਼ਬਦ ਦਾ ਮੁਢਲਾ ਅਰਥ ਟੁਕੜਾ, ਹਿੱਸਾ, ਭਾਗ, ਜ਼ੱਰਾ, ਕਣ ਆਦਿ ਹੈ। ਖੰਡ ਭੂਤਕਾਲਕ ਵਿਸ਼ੇਸ਼ਣ ਵਜੋਂ ਵੀ ਵਰਤਿਆ ਜਾਂਦਾ ਹੈ ਜਿਸ ਦਾ ਅਰਥ ਹੈ ਟੁੱਟਾ ਹੋਇਆ, ਭੰਗ, ਕੱਟਿਆ ਹੋਇਆ, "ਅਬਿਨਾਸੀ ਨਾਹੀ ਕਿਛੁ ਖੰਡ" -ਗੁਰੂ ਅਰਜਨ ਦੇਵ।

'ਖੰਡ ਖੰਡ ਹੋਣਾ' ਦਾ ਮਤਲਬ ਟੁਕੜੇ ਟੁਕੜੇ ਹੋਣਾ ਹੁੰਦਾ ਹੈ। ਟੁਕੜੇ ਦੇ ਅਰਥਾਂ ਵਿਚ ਭਗਤ ਰਵੀਦਾਸ ਦੀ ਤੁਕ ਹੈ, "ਖੰਡ ਖੰਡ ਕਰਿ ਭੋਜਨਿ ਕੀਨੋ ਤਊ ਨ ਬਿਸਰਿਓ ਪਾਨੀ॥" ਖੰਡ ਤੋਂ ਖੰਡਨ ਦਾ ਅਰਥ ਬਣਦਾ ਹੈ, ਕਿਸੇ ਨੂੰ ਕੱਟਣਾ, ਖਾਸ ਤੌਰ 'ਤੇ ਕਿਸੇ ਦੀ ਦਲੀਲ ਨੂੰ ਕੱਟਣਾ। ਇਸ ਦੇ ਤੋੜਨ ਦੇ ਅਰਥ ਤੋਂ ਹੀ ਨਾਸ਼ ਕਰਨ ਦੇ ਅਰਥ ਬਣ ਜਾਂਦੇ ਹਨ, "ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖਮਡਨੁ" -ਗੁਰੂ ਰਾਮ ਦਾਸ। ਖੰਡਰ ਵੀ ਟੁੱਟੀ ਭੱਜੀ ਇਮਾਰਤ ਹੀ ਹੁੰਦੀ ਹੈ। ਖੰਡ ਸ਼ਬਦ ਦੇ ਟੁਕੜੇ ਦੇ ਅਰਥ ਤੋਂ ਹੀ ਇਸ ਦਾ ਅਰਥ ਵਿਕਾਸ ਕਰਕੇ ਭੂਮੀ ਦਾ ਹਿੱਸਾ, ਟੁਕੜਾ, ਪ੍ਰਦੇਸ਼, ਇਲਾਕਾ, ਖੇਤਰ ਦੇ ਭਾਵ ਅਖਤਿਆਰ ਕਰ ਲੈਂਦਾ ਹੈ। ਇਥੇ ਟੁਕੜਾ ਵੀ ਸਮੁੱਚ ਬਣ ਜਾਂਦਾ ਹੈ। ਬਹੁਤ ਸਾਰੇ ਪ੍ਰਦੇਸ਼ਾਂ ਦੇ ਨਾਂ ਪਿਛੇ ਖੰਡ ਪਿਛੇਤਰ ਲਗਦਾ ਹੈ ਜਿਵੇਂ ਝਾੜਖੰਡ, ਬੁੰਦੇਲਖੰਡ, ਰੁਹੇਲਖੰਡ, ਉਤਰਖੰਡ। ਗੁਰੂ ਗ੍ਰੰਥ ਸਾਹਿਬ ਵਿਚ ਇਸ ਭਾਵ ਦੀ ਚੋਖੀ ਵਰਤੋਂ ਹੋਈ ਹੈ। ਜੰਗਲੀ ਇਲਾਕੇ ਨੂੰ ਬਨ ਖੰਡ ਕਿਹਾ ਗਿਆ ਹੈ, "ਕੰਦ ਮੂਲ ਚੁਣਿ ਖਾਵਹਿ ਵਣ ਖੰਡ ਵਾਸਾ" -ਗੁਰੂ ਨਾਨਕ ਦੇਵ। ਖੰਡ ਦਾ ਘੇਰਾ ਵਧਦਾ ਵਧਦਾ ਮਹਾਂਦੀਪ ਦਾ ਅਰਥ ਦੇਣ ਲਗਦਾ ਹੈ, ਖਾਸ ਤੌਰ 'ਤੇ ਨਵ ਖੰਡ, ਖੰਡ-ਬ੍ਰਹਿਮੰਡ ਜਾਂ ਖੰਡ-ਵਰਭੰਡ ਸ਼ਬਦ ਜੁੱਟਾਂ ਵਿਚ, "ਨਉ ਖੰਡ ਪਿਰਥਮੀ ਫਿਰੈ ਚਿਰ ਜੀਵ", ਧਰਤੀ ਨੂੰ ਨੌਂ ਮਹਾਂਦੀਪਾਂ ਵਿਚ ਵੰਡੀ ਹੋਈ ਸਮਝਿਆ ਜਾਂਦਾ ਸੀ ਜੋ ਆਧੁਨਿਕ ਸਮਝ ਅਨੁਸਾਰ ਦਰੁਸਤ ਨਹੀਂ ਹੈ; 'ਖੰਡ ਬ੍ਰਹਮੰਡ ਕਾ ਏਕੋ ਠਾਣਾ॥' -ਗੁਰੂ ਅਰਜਨ ਦੇਵ। ਵਰਭੰਡ ਸ਼ਬਦ ਬ੍ਰਹਿਮੰਡ ਦਾ ਹੀ ਵਿਗੜਿਆ ਰੂਪ ਹੈ, ਮੋਟੇ ਤੌਰ 'ਤੇ 'ਮ' ਧੁਨੀ 'ਭ' ਧੁਨੀ ਵਿਚ ਵਟ ਗਈ ਹੈ। ਭਵ ਖੰਡਨਾ ਸ਼ਬਦ ਜੁੱਟ ਤੋਂ ਭਾਵ ਹੈ ਜਨਮ-ਮਰਨ ਤੋਂ ਮੁਕਤ ਕਰਨ ਵਾਲਾ, 'ਕੈਸੀ ਆਰਤੀ ਹੋਇ ਭਵ ਖੰਡਨਾ।' ਇਥੇ ਭਵ ਦਾ ਮਤਲਬ ਹੋਂਦ ਹੈ ਨਾ ਕਿ ਭੈਅ ਜਿਵੇਂ ਕਈ ਕਰਦੇ ਹਨ। ਖੰਡ ਸ਼ਬਦ ਭਾਵਵਾਚਕ ਵੀ ਹੋ ਜਾਂਦਾ ਹੈ, ਜਪੁ ਦੇ ਅੰਤ ਵਿਚ 34 ਤੋਂ 37ਵੀਂ ਪਉੜੀ ਤੱਕ ਆਤਮਿਕ ਚੜ੍ਹਾਈ ਦੀਆਂ ਪੰਜ ਅਵਸਥਾਵਾਂ ਦਾ ਵਰਨਣ ਹੈ, ਜਿਨ੍ਹਾਂ ਨੂੰ ਖੰਡ ਕਿਹਾ ਗਿਆ ਹੈ-ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ।

ਖੰਡ ਦਾ ਅਰਥ ਤਰੇੜਾਂ ਜਾਂ ਖੱਪਿਆਂ ਵਾਲਾ ਵੀ ਹੁੰਦਾ ਹੈ। ਇਸ ਦੇ ਕੱਟਣ ਵਾਲੇ ਗੁਣ ਤੋਂ ਹੀ ਖੰਡਾ ਜਾਂ ਖੜਗ ਸ਼ਬਦ ਵੀ ਬਣੇ, 'ਪੀਓ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ॥' ਸ਼ਾਇਦ ਖੰਡਾ ਤੇ ਖੜਗ ਸ਼ਬਦ ਵੀ ਇਸੇ ਤੋਂ ਬਣੇ ਹਨ। ਖੰਡਾ ਦਾ ਇਕ ਰੁਪਾਂਤਰ ਹੈ ਖੰਨਾ, 'ਖੰਨਿਅਹੁ ਤਿਖੀ ਵਾਲਹੁ ਨਿਕੀ', 'ਖੰਨਾ ਸਗਲ ਰੇਨੁ ਛਾਰੀ।' ਖੰਨ ਕਿਰਿਆ ਦਾ ਅਰਥ ਟੁਕੜੇ-ਟੁਕੜੇ ਹੋਣਾ ਹੈ। ਗੁਰਬਾਣੀ ਵਿਚ ਸ਼ਬਦ ਦੇ ਇਸ ਰੂਪ ਦੀ ਬਹੁਤ ਵਰਤੋਂ ਮਿਲਦੀ ਹੈ ਤੇ ਇਸ ਦੇ ਟੋਟੇ ਹੋਣ ਦੇ ਭਾਵ ਤੋਂ ਪਰਮਾਤਮਾ ਤੇ ਕੁਰਬਾਨ ਹੋ ਜਾਣ ਦਾ ਆਸ਼ਾ ਹੈ, 'ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸ॥' (ਗੁਰੂ ਰਾਮ ਦਾਸ) ਅਰਥਾਤ ਜੋ ਮੈਨੂੰ ਨਾਮ ਦਾ ਚਾਨਣ ਦੇ ਦੇਵੇ ਮੈਂ ਉਸ ਉਤੇ ਕੁਰਬਾਨ (ਚਾਰ ਟੋਟੇ) ਹੋ ਜਾਵਾਂ। ਖੰਨਾ ਦਾ ਇਕ ਹੋਰ ਅਰਥ ਰੋਟੀ ਦਾ ਟੁਕੜਾ ਹੈ। ਅੱਧੀ ਜਾਂ ਕਈ ਪ੍ਰਸੰਗਾਂ ਵਿਚ ਚੌਥਾ ਹਿੱਸਾ ਰੋਟੀ ਨੂੰ ਖੰਨੀ ਵੀ ਕਿਹਾ ਜਾਂਦਾ ਹੈ। ਖੰਨੀ ਖੰਨੀ ਰੋਟੀ ਖਾਣਾ ਇਕ ਮੁਹਾਵਰਾ ਵੀ ਹੈ ਅਰਥਾਤ ਗਰੀਬੀ ਜਾਂ ਮੁਸ਼ਕਲ ਕਾਰਨ ਥੋੜਾ ਖਾਣ ਨੂੰ ਮਿਲਣਾ। 'ਇਕਨਾ ਖੰਨੀ ਨੂੰ ਤਰਸਾਵੇਂ, ਇਕ ਵੰਡ ਵੰਡ ਦੇਂਦੇ ਨੇ ਸਾਰੀਆਂ ਵੈ'-ਸ਼ਾਹ ਹੁਸੈਨ।

ਕਿਸੇ ਪੁਸਤਕ ਦਾ ਕਾਂਡ, ਭਾਗ ਆਦਿ ਵੀ ਖੰਡ ਹੈ। ਰਤਨਮਾਲਾ ਵਿਚ ਅੰਮ੍ਰਿਤਧਾਰੀ ਸਿੱਖ ਨੂੰ ਵੀ ਖੰਡ ਕਿਹਾ ਗਿਆ ਹੈ। ਗਣਿਤ ਦੇ ਸਮੀਕਰਣ ਵਿਚ ਖੰਡ ਦਾ ਅਰਥ ਗਿਣਤੀ ਜਿਹਾ ਵੀ ਹੈ ਜਿਵੇਂ ਗੁਣਨਖੰਡ। ਇਕਾਈ ਜਾਂ ਸਮੂਹ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਜਿਵੇਂ ਘੁਮਾਂ ਖੰਡ, ਸਾਲ ਖੰਡ, ਮਹੀਨਾ ਖੰਡ ਸ਼ਬਦ ਜੁੱਟਾਂ ਵਿਚ। ਫਿਰ ਇਸ ਦਾ ਅਰਥ ਤੇੜ, ਖੱਪਾ, ਦਰਾੜ ਆਦਿ ਵੀ ਹੈ। ਨਿਚੋੜੇ ਹੋਏ ਦਹੀਂ ਵਿਚ ਖੰਡ ਪਾ ਕੇ ਇਕ ਮਰਾਠੀ, ਗੁਜਰਾਤੀ ਵਿਅੰਜਨ ਬਣਾਇਆ ਜਾਂਦਾ ਹੈ ਜਿਸ ਨੂੰ ਸ੍ਰੀਖੰਡ ਕਿਹਾ ਜਾਂਦਾ ਹੈ। ਸ਼ਰਧਾ ਵਜੋਂ ਚੰਦਨ ਲਈ ਵੀ ਇਸ ਸ਼ਬਦ ਦੀ ਵਰਤੋਂ ਹੁੰਦੀ ਹੈ। ਹਾਥੀ ਦੰਦ ਨੂੰ ਦੰਦ-ਖੰਡ ਕਿਹਾ ਜਾਂਦਾ ਹੈ, ਭਾਵ ਦੰਦ ਦਾ ਟੁਕੜਾ।

ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਖੰਡ ਸ਼ਬਦ ਦੇ ਆਪਣੇ ਆਪਣੇ ਰੁਪਾਂਤਰ ਮਿਲਦੇ ਹਨ, ਮਸਲਨ ਹਿੰਦੀ ਵਿਚ ਖਾਂਡ, ਤਾਮਿਲ ਵਿਚ ਕਾਟੂ, ਕੰਨੜ ਵਿਚ ਕਿਆਂਦੀ। ਫਾਰਸੀ ਵਿਚ ਜਾ ਕੇ ਇਸ ਸ਼ਬਦ ਦਾ ਰੂਪ ਹੋਇਆ ਕੰਦ। ਕੰਦ ਕੁਝ ਸ਼ਬਦਾਂ ਵਿਚ ਪਿਛੇਤਰ ਲੱਗ ਕੇ ਮਿੱਠੇ ਦਾ ਭਾਵ ਦਿੰਦਾ ਹੈ ਜਿਵੇਂ ਕਲਾਕੰਦ, ਗੁਲਕੰਦ ਤੇ ਕੁਝ ਵਿਚ ਖੇਤਰ, ਪ੍ਰਦੇਸ਼ ਆਦਿ ਦਾ ਜਿਵੇਂ ਤਾਸ਼ਕੰਦ (ਤਾਸ਼ ਦਾ ਤੁਰਕਿਕ ਵਿਚ ਅਰਥ ਹੈ ਪੱਥਰ), ਸਮਰਕੰਦ (ਸ਼ਾਬਦਿਕ ਅਰਥ ਯੁਧਖੇਤਰ, ਗਰੀਕ ਵਿਚ ਮਾਰਕੰਡ), ਯਾਰਕੰਦ (ਚੀਨੀ ਸ਼ਹਿਰ), ਉਜ਼ਕੰਦ ਆਦਿ। ਕੰਦ ਫਾਰਸੀ ਤੋਂ ਅਰਬੀ ਵਿਚ ਹੁੰਦਾ ਹੋਇਆ ਫਰਾਂਸੀਸੀ ਵਿਚ ਜਾ ਵੜਿਆ। ਫਰਾਂਸੀਸੀ ਵਿਚ ਇਕ ਸ਼ਬਦ ਜੁੱਟ ਬਣਿਆ 'ਸਿਉਕਰ ਕੋਂਦੀ' ਜੋ ਅੰਗਰੇਜ਼ੀ ਵਿਚ ਪਹਿਲਾਂ ਸ਼ੂਗਰ ਕੈਂਡੀ ਵਜੋਂ ਪ੍ਰਚਲਤ ਹੋਇਆ ਪਰ ਹੌਲੀ-ਹੌਲੀ ਸ਼ੂਗਰ ਨਾਲੋਂ ਲੱਥ ਗਿਆ ਤੇ ਸ਼ਬਦ ਰਹਿ ਗਿਆ-ਕੈਂਡੀ। ਇਸ ਦੇ ਅਰਥਾਂ ਵਿਚ ਵੀ ਕੁਝ ਤਬਦੀਲੀ ਆ ਗਈ। ਕੈਂਡੀ ਮਿੱਠੀ ਅਰਥਾਤ ਖੰਡ ਦੀ ਗੋਲੀ ਨੂੰ ਕਿਹਾ ਜਾਂਦਾ ਹੈ। ਲੱਛੇ ਨੂੰ ਅੰਗਰੇਜ਼ੀ ਵਿਚ ਕੌਟਨ ਕੈਂਡੀ ਜਾਂ ਕੈਂਡੀ ਫਲੌਸ ਕਹਿੰਦੇ ਹਨ।

ਖੰਡ ਤੋਂ ਹੀ ਖਿੰਡਣਾ ਸ਼ਬਦ ਬਣਿਆ ਹੈ ਅਰਥਾਤ ਜ਼ੱਰਿਆ ਜਾਂ ਟੁਕੜਿਆਂ ਦੇ ਰੂਪ ਵਿਚ ਬਿਖਰ ਜਾਣਾ। ਖਿੰਡ-ਪੁੰਡ ਜਾਣਾ ਮੁਹਾਵਰਾ ਵੀ ਹੈ। ਫੁੱਲ ਆਦਿ ਦਾ ਖਿੜਨਾ ਵੀ ਖਿੰਡਣਾ ਨਾਲ ਜਾ ਜੁੜਦਾ ਹੈ। ਕਿਸੇ ਦੇ ਮੂੰਹ ਦੇ ਖਿੜਨ ਤੋਂ ਭਾਵ ਹੈ ਖੁਸ਼ੀ ਆਦਿ ਵਿਚ ਉਸ ਦਾ ਫੈਲ ਜਾਣਾ। ਅਜਿਹਾ ਖੂਨ ਦੇ ਦੌਰੇ ਦੇ ਵਧਣ ਨਾਲ ਹੁੰਦਾ ਹੈ। ਭੁੱਜ ਕੇ ਖਿੜੀ ਹੋਈ ਵਸਤੂ ਜਿਵੇਂ ਮੱਕੀ ਜਾਂ ਫਟਕੜੀ ਨੂੰ ਖਿਲ ਕਿਹਾ ਜਾਂਦਾ ਹੈ। ਖਿਲਰਨਾ ਇਸ ਦਾ ਇਕ ਹੋਰ ਰੂਪ ਹੈ। ਛੱਤ ਦੇ ਦੋ ਸ਼ਤੀਰਾਂ ਦੇ ਵਿਚਕਾਰਲੇ ਭਾਗ ਨੂੰ ਖਾਨਾ ਜਾਂ ਖਣ ਕਿਹਾ ਜਾਂਦਾ ਹੈ, 'ਕਣਕ ਆਈ ਤੇ ਦੋ ਖਣ ਛੱਤ ਲਵਾਂਗੇ।' ਇਹ ਸ਼ਬਦ ਵੀ ਖੰਡ ਤੋਂ ਵਿਕਸਿਤ ਹੋਏ ਹਨ। ਜੀਵਾਂ ਦੀ ਉਤਪਤੀ ਦੀ ਪ੍ਰਧਾਨ ਵੰਡ ਅਰਥਾਤ ਅੰਡਜ, ਜੇਰਜ, ਸੇਤਜ ਉਤਭੁਜ ਨੂੰ ਖਾਣੀ ਕਿਹਾ ਜਾਂਦਾ ਹੈ, 'ਕਈ ਕੋਟਿ ਖਾਣੀ ਅਰੁ ਖੰਡ' -ਗੁਰੂ ਅਰਜਨ ਦੇਵ। ਹੋਰ ਦੇਖੋ, 'ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ।' ਖਾਣੀ ਸ਼ਬਦ ਵੀ ਖੰਡ ਦੇ ਟੁਕੜੇ, ਹਿੱਸੇ ਆਦਿ ਦੇ ਭਾਵ ਤੋਂ ਵਿਕਸਿਤ ਹੋਇਆ ਹੈ।

# ਹੁਣ ਮਾਂਵਾਂ ਦੇ ਜਾਗਣ ਦਾ ਵੇਲਾ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਪੰਜਾਬ ਦੇ ਸਾਰੇ ਨਾਲੇ, ਨਦੀਆਂ ਅਤੇ ਦਰਿਆਵਾਂ ਵਿਚ ਨਸ਼ਿਆਂ ਦੀ ਸੁਨਾਮੀ ਹੈ। ਹਰ ਰੋਜ਼ ਇਸ ਦਾ ਵਹਾਅ ਵਧ ਰਿਹਾ ਹੈ, ਰੁਕਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਇਸ ਸੁਨਾਮੀ ਨੇ ਪੂਰੇ ਪੰਜਾਬ ਨੂੰ ਆਪਣੀ ਜਕੜ ਵਿਚ ਲੈ ਲਿਆ ਹੈ; ਇਹ ਭਾਵੇਂ ਪੰਜਾਬ ਦਾ ਧਾਰਮਿਕ ਢਾਂਚਾ ਹੈ ਜਾਂ ਸਿਆਸਤਦਾਨ ਹਨ, ਤੇ ਜਾਂ ਫਿਰ ਪੰਜਾਬ ਦਾ ਸਮਾਜ ਹੈ। ਇਸ ਸੁਨਾਮੀ ਵਿਚ ਪੰਜਾਬ ਰੁੜ੍ਹ ਰਿਹਾ ਹੈ, ਡੁੱਬ ਰਿਹਾ ਹੈ। ਸੱਤਾ 'ਤੇ ਕਾਬਜ਼ ਲੋਕ ਇਸ ਸੁਨਾਮੀ ਦੀਆਂ ਭਿਆਨਕ ਲਹਿਰਾਂ ਵਿਚ ਡੁੱਬ ਰਹੇ ਪੰਜਾਬ ਨੂੰ ਹੈਲੀਕਾਪਟਰ ਅਤੇ ਜਹਾਜ਼ਾਂ ਉਤੇ ਚੜ੍ਹ-ਚੜ੍ਹ ਵੇਖ ਰਹੇ ਹਨ। ਨਾਲ ਹੀ ਆਪਣੀ ਕਾਮਯਾਬੀ 'ਤੇ ਠਹਾਕੇ ਵੀ ਲਗਾ ਰਹੇ ਹਨ। ਭਾਰਤ ਵਿਚ ਪੰਜਾਬ ਪਹਿਲਾ ਸੂਬਾ ਹੈ, ਤੇ ਪਹਿਲੇ ਨੰਬਰ 'ਤੇ ਹੈ ਜੋ ਨਸ਼ਿਆਂ ਦੀ ਲਪੇਟ ਵਿਚ ਹੈ। ਨਸ਼ਿਆਂ ਦੇ ਇਸ ਹੜ੍ਹ ਵਿਚ ਜੇ ਕਿਸੇ ਦਾ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ ਤਾਂ ਉਹ ਪੰਜਾਬ ਦੀਆਂ ਮਾਂਵਾਂ ਹਨ, ਔਰਤਾਂ ਹਨ।

ਔਰਤ ਮਾਂ ਹੈ, ਭੈਣ, ਪਤਨੀ, ਨੂੰਹ ਤੇ ਬੇਟੀ ਹੈ। ਅੱਜ ਪੰਜਾਬ ਦੀਆਂ ਲੱਖਾਂ ਮਾਂਵਾਂ ਦੇ ਪੁੱਤਰ ਨਸ਼ਿਆਂ ਵਿਚ ਡੁੱਬ ਚੁੱਕੇ ਹਨ ਅਤੇ ਮਾਨਸਿਕ ਤੇ ਸਰੀਰਕ ਤੌਰ 'ਤੇ ਅਪਾਹਜ ਹੋ ਰਹੇ ਹਨ। ਬੇ-ਸ਼ੁਮਾਰ ਭੈਣਾਂ ਦੇ ਵੀਰ ਸਕੂਲਾਂ ਕਾਲਜਾਂ ਵਿਚੋਂ ਪੜ੍ਹਾਈਆਂ ਛੱਡ ਕੇ ਨਸ਼ਿਆਂ ਦੇ ਆਦੀ ਹੋ ਕੇ ਭਟਕ ਰਹੇ ਹਨ। ਅਣਗਿਣਤ ਮੁਟਿਆਰਾਂ ਦੇ ਜੀਵਨ ਸਾਥੀਆਂ ਨੂੰ ਨਸ਼ੇ ਦਾ ਅਜਗਰ ਨਿਗਲ ਰਿਹਾ ਹੈ। ਅਣਗਿਣਤ ਬੇਟੀਆਂ ਦੇ ਬਾਪ ਨਸ਼ਿਆਂ ਦੀ ਮਾਰ ਕਾਰਨ ਤੜਫ ਰਹੇ ਹਨ ਅਤੇ ਮੌਤ ਨੂੰ ਆਵਾਜ਼ਾਂ ਦੇ ਰਹੇ ਹਨ। ਨਸ਼ੇ ਵਿਚ ਡੁੱਬ ਰਹੇ ਆਦਮੀ ਦਾ ਸਿੱਧਾ ਸਬੰਧ ਮਾਂ, ਭੈਣ, ਪਤਨੀ, ਨੂੰਹ ਅਤੇ ਬੇਟੀ ਨਾਲ ਜੁੜਦਾ ਹੈ। ਫਿਰ ਦੱਸੋ, ਬਰਬਾਦ ਕੌਣ ਹੋ ਰਿਹਾ ਹੈ? ਪੰਜਾਬ ਦੀ ਮਾਂ ਬਰਬਾਦ ਹੋ ਰਹੀ ਹੈ ਅਤੇ ਚਾਰੇ ਪਾਸਿਓਂ ਲੁੱਟੀ ਜਾ ਰਹੀ ਹੈ। ਪੰਜਾਬ ਦੀ ਮਾਂ ਦਾ ਘਰ ਅਤੇ ਪਰਿਵਾਰ ਨਸ਼ੇ ਦੀ ਦਲਦਲ ਵਿਚ ਧਸ ਰਿਹਾ ਹੈ ਤੇ ਉਹ ਬੇਵਸ ਅਤੇ ਲਾਚਾਰ ਖੜ੍ਹੀ ਦੇਖ ਰਹੀ ਹੈ।

ਹੁਣ ਇੰਨੀਆਂ ਤਕਲੀਫ਼ਾਂ ਅਤੇ ਮੁਸੀਬਤਾਂ ਤੋਂ ਬਾਅਦ ਪੰਜਾਬ ਦੀ ਮਾਂ ਨੂੰ ਜਾਗਣਾ ਪਵੇਗਾ। ਉਸ ਨੂੰ ਆਪਣੇ ਡੁੱਬ ਰਹੇ ਪੰਜਾਬ ਨੂੰ ਬਚਾਉਣ ਲਈ ਕਮਰ ਕੱਸਣੀ ਪਵੇਗੀ ਅਤੇ ਨਸ਼ਿਆਂ ਦੀ ਸੁਨਾਮੀ ਨੂੰ ਠੱਲ੍ਹ ਪਾਉਣ ਲਈ ਮੈਦਾਨ ਵਿਚ ਨਿਤਰਨਾ ਪਵੇਗਾ। ਅੱਜ ਦਾ ਸਮਾਂ ਪੰਜਾਬ ਲਈ ਅਤਿ ਚੁਣੌਤੀਆਂ ਭਰਪੂਰ ਹੈ ਅਤੇ ਸੱਤਾ 'ਤੇ ਕਾਬਜ਼ ਲੋਕ ਤੇ ਹੋਰ ਆਗੂ ਇਹਨੂੰ ਬਚਾਉਣ ਲਈ ਕੁਝ ਨਹੀਂ ਕਰ ਰਹੇ। ਵਜ਼ੀਰਾਂ ਦੇ ਨਾਂ ਡਰੱਗ ਤਸਕਰੀ ਵਿਚ ਗੂੰਜ ਰਹੇ ਹਨ। ਮੰਤਰੀ-ਸੰਤਰੀ ਭ੍ਰਿਸ਼ਟਾਚਾਰ ਦੀ ਕਤਾਰ ਵਿਚ ਖੜ੍ਹੇ ਦਿਖਾਈ ਦੇ ਰਹੇ ਹਨ। ਜਨਤਾ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸਰਹੱਦਾਂ ਉਤੇ ਧਰਨੇ ਅਤੇ ਭਾਸ਼ਣ ਦਿੱਤੇ ਜਾਂਦੇ ਹਨ, ਪਰ ਜੋ ਧਰਨੇ ਦੇ ਰਹੇ ਹਨ, ਉਹ ਆਪ ਹੀ ਡਰੱਗ ਮਾਫੀਆ ਦੇ ਸਰਗਨੇ ਹਨ। 'ਰਾਜੇ ਸੀਹ ਮੁਕਦਮ ਕੁਤੇ' ਦੀ ਨਿਆਈਂ ਸਿਖਰ ਦੁਪਹਿਰੇ ਪੰਜਾਬ ਨੂੰ ਲੁੱਟਿਆ ਤੇ ਡੋਬਿਆ ਜਾ ਰਿਹਾ ਹੈ। ਜਿਥੇ ਸਿਆਸਤ ਦੇ ਸਿਰ ਉਤੇ ਧਰਮ ਦਾ ਕੁੰਡਾ ਹੋਣਾ ਚਾਹੀਦਾ ਸੀ, ਉਥੇ ਸਿਆਸਤ 'ਤੇ ਕਾਬਜ਼ ਲੋਕਾਂ ਨੇ ਧਰਮ ਨੂੰ ਆਪਣੀ ਜੇਬ ਵਿਚ ਪਾਇਆ ਹੋਇਆ ਹੈ। ਧਰਮ ਦੇ ਰਖਵਾਲਿਆਂ ਦੀ ਜ਼ੁਬਾਨ ਸਿਆਸਤਦਾਨਾਂ ਦੇ ਇਸ਼ਾਰੇ 'ਤੇ ਖੁੱਲ੍ਹਦੀ ਤੇ ਬੰਦ ਹੁੰਦੀ ਹੈ। ਸਮਾਜ ਦਾ ਜੋ ਉਤਲਾ ਅਮੀਰ ਵਰਗ ਹੈ, ਤੇ ਜਿਸ ਦੀ ਸਰਕਾਰੇ-ਦਰਬਾਰੇ ਤਕੜੀ ਭਾਈਵਾਲੀ ਹੈ, ਉਹ ਵੀ ਖਾਮੋਸ਼ ਹੈ, ਕਿਉਂਕਿ ਉਸ ਨੂੰ ਕੋਈ ਖਤਰਾ ਨਹੀਂ ਹੈ। ਦੂਜੇ ਬੰਨੇ ਮੱਧ ਵਰਗੀ ਸਮਾਜ ਦੇ ਆਮ ਲੋਕ ਚੱਕੀ ਦੇ ਦੋ ਪੁੜਾਂ ਵਿਚਕਾਰ ਪਿਸ ਰਹੇ ਹਨ। ਪੜ੍ਹਿਆ-ਲਿਖਿਆ ਨੌਜਵਾਨ ਤਬਕਾ ਬੇਕਾਰੀ ਦੀ ਮਾਰ ਵਿਚ ਤੜਫਦਾ ਨਸ਼ਿਆਂ ਦੇ ਸਾਗਰ ਵਿਚ ਡੁੱਬ ਰਿਹਾ ਹੈ। ਪਿੰਡਾਂ-ਪਰਿਵਾਰਾਂ ਦੇ ਆਮ ਘਰਾਂ ਵਿਚ ਤਾਂ ਰੋਜ਼ ਸ਼ਾਮ ਨੂੰ ਸ਼ਰਾਬ ਦੇ ਦੌਰ ਚਲਾਉਣ ਦੀ ਪਰੰਪਰਾ ਬਣ ਚੁੱਕੀ ਹੈ। ਬਹੁਤੇ ਬਾਪ ਖੁਦ ਆਪਣੇ ਪੁੱਤਰਾਂ ਨੂੰ ਨਾਲ ਬਿਠਾ ਕੇ ਸ਼ਰਾਬ ਪੀਣ ਲਈ ਉਤਸ਼ਾਹਿਤ ਕਰਦੇ ਹਨ। ਪਿੰਡ-ਪਿੰਡ ਸ਼ਰਾਬ ਦੇ ਠੇਕੇ ਖੋਲ੍ਹੇ ਜਾ ਰਹੇ ਹਨ। ਸਮੇਂ ਦੀ ਸਰਕਾਰ ਦਾ ਸਾਰਾ ਕਾਰੋਬਾਰ ਸ਼ਰਾਬ ਦੀ ਕਮਾਈ ਦੇ ਸਿਰ ਉਤੇ ਹੀ ਚੱਲ ਰਿਹਾ ਹੈ। ਸ਼ਰਾਬ ਤੋਂ ਇਲਾਵਾ ਅੱਜ ਦੀ ਪੀੜ੍ਹੀ ਭੁੱਕੀ, ਚਰਸ, ਸਮੈਕ, ਨਸ਼ੇ ਦੇ ਟੀਕਿਆਂ ਤੇ ਗੋਲੀਆਂ ਅਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਜਾਨਲੇਵਾ ਨਸ਼ਿਆਂ ਦੇ ਸੇਵਨ ਕਰ-ਕਰ ਕੇ ਆਪਣੀ ਜ਼ਿੰਦਗੀ ਨੂੰ ਮੌਤ ਦੇ ਮੂੰਹ ਧੱਕ ਰਹੀ ਹੈ। ਕੈਮਿਸਟਾਂ ਦੀਆਂ ਦੁਕਾਨਾਂ ਤੋਂ ਲੈ ਕੇ ਆਮ ਥਾਂਵਾਂ ਬਲਕਿ ਸਕੂਲਾਂ, ਕਾਲਜਾਂ ਦੇ ਗੇਟਾਂ ਦੇ ਅੱਗੇ ਸ਼ਰੇਆਮ ਨਸ਼ੇ ਵਿਕ ਰਹੇ ਹਨ। ਅਫ਼ਸਰਸ਼ਾਹੀ ਨਸ਼ੇ ਦੀਆਂ ਪੁੜੀਆਂ ਵੇਚਣ ਵਾਲਿਆਂ ਨੂੰ ਤਾਂ ਫੜ-ਫੜ ਕੇ ਜੇਲ੍ਹਾਂ ਵਿਚ ਸੁੱਟ ਰਹੀ ਹੈ, ਪਰ ਨਸ਼ੇ ਦੇ ਸੌਦਾਗਾਰਾਂ ਦਾ ਸਾਥ ਦੇ ਰਹੀ ਹੈ ਤੇ ਉਨ੍ਹਾਂ ਨੂੰ ਸਲੂਟ ਵੀ ਮਾਰ ਰਹੀ ਹੈ।

ਇਕ ਜਮਾਤ ਹੈ ਪੰਜਾਬੀ ਬੋਲੀ ਦੇ ਪੁੱਤਰਾਂ ਤੇ ਧੀਆਂ ਦੀ, ਜਿਨ੍ਹਾਂ ਦੇ ਹੱਥਾਂ ਵਿਚ ਰੱਬ ਨੇ ਕਲਮਾਂ ਦਿੱਤੀਆਂ ਹਨ। ਮੈਂ ਪੜ੍ਹਿਆ ਵੀ ਹੈ ਤੇ ਸੁਣਿਆ ਵੀ, ਕਿ ਕਲਮ ਦੀ ਤਾਕਤ ਤਲਵਾਰ ਨਾਲੋਂ ਕਿਤੇ ਜ਼ਿਆਦਾ ਵੱਧ ਹੁੰਦੀ ਹੈ, ਪਰ ਅੱਜ ਕਲਮਾਂ ਵਾਲੇ ਵੀ ਪੰਜਾਬ ਨਾਲ ਅਨਿਆਂ ਕਰ ਰਹੇ ਹਨ ਅਤੇ ਪੰਜਾਬ ਅੰਦਰ ਹੋ ਰਹੀਆਂ ਬੇਨਿਯਮੀਆਂ ਰੋਕਣ ਵਿਚ ਨਾਕਾਮਯਾਬ ਰਹੇ ਹਨ। ਦੁਖਾਂਤ ਤਾਂ ਇਹ ਹੈ ਕਿ ਬਹੁਤੇ ਕਲਮਾਂ ਵਾਲੇ ਆਪ ਹੀ ਮੈਖਾਨਿਆਂ ਵਿਚ ਉਲਝ ਕੇ ਰਹਿ ਗਏ ਹਨ ਅਤੇ ਉਨ੍ਹਾਂ ਦੀ ਲੇਖਣੀ ਵੀ ਆਸ਼ਕ-ਮਾਸ਼ੂਕ ਤੇ ਜਾਮ ਤੱਕ ਹੀ ਸਿਮਟ ਗਈ ਹੈ।

ਬਸ ਹੁਣ ਇਕੋ ਇਕ ਆਸ ਬਾਕੀ ਹੈ ਅਤੇ ਉਹ ਹੈ ਪੰਜਾਬ ਦੀ ਮਾਂ ਉਤੇ। ਗੱਲ ਆਸਾਨ ਨਹੀਂ, ਬਹੁਤ ਔਖੀ ਤੇ ਕਠਿਨ ਹੈ, ਪਰ ਜੇ ਪੰਜਾਬ ਦੀ ਮਾਂ ਜਾਗ ਉਠਦੀ ਹੈ ਤਾਂ ਮੱਸਿਆ ਦੀ ਕਾਲੀ ਬੋਲੀ ਹਨੇਰੀ ਰਾਤ ਵਿਚ ਜੋ ਜੁਗਨੂੰ ਟਿਮਟਿਮਾਉਂਦਾ ਨਜ਼ਰ ਆਉਂਦਾ ਹੈ, ਉਹ ਪੂਰਨਮਾਸ਼ੀ ਦਾ ਚੰਦਰਮਾ ਬਣ ਕੇ ਨਸ਼ਿਆਂ ਵਿਚ ਡੁੱਬ ਰਹੇ ਲੋਕਾਂ ਨੂੰ ਰਸਤਾ ਦਿਖਾ ਸਕਦਾ ਹੈ। ਪੰਜਾਬ ਦੇ ਹਰ ਖੇਤਰ ਵਿਚ ਔਰਤ ਅੱਜ ਭਰਪੂਰ ਮੱਲਾਂ ਮਾਰ ਰਹੀ ਹੈ, ਸਿਆਸਤ ਦੇ ਪਿੜ ਵਿਚ ਵੀ ਇਹ ਮੂਹਰਲੀ ਕਤਾਰ ਵਿਚ ਖੜ੍ਹੀ ਹੈ, ਪਰ ਉਸ ਨੂੰ ਰਤਾ ਕੁ ਹਲੂਣਾ ਦੇਣ ਦੀ ਜ਼ਰੂਰਤ ਹੈ, ਜਗਾਉਣ ਦੀ ਲੋੜ ਹੈ। ਸ਼ਾਇਦ ਪੰਜਾਬੀ ਔਰਤ ਨਵੇਂ ਯੁੱਗ ਦੀ ਦੌੜ ਵਿਚ ਸ਼ਾਮਲ ਹੋ ਕੇ ਇਹ ਵਿਸਾਰ ਚੁੱਕੀ ਹੈ ਕਿ ਮਾਂ ਤਾਂ ਹੈ ਹੀ ਬਲੀਦਾਨ ਦਾ ਨਾਂ। ਇਸ ਲਈ ਹੁਣ ਪੰਜਾਬ ਦੀਆਂ ਮਾਂਵਾਂ, ਭੈਣਾਂ, ਬੇਟੀਆਂ, ਪਤਨੀਆਂ ਤੇ ਨੂੰਹਾਂ ਨੂੰ ਆਪਣੇ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣ ਲਈ ਇਕਜੁੱਟ ਹੋਣਾ ਪਵੇਗਾ; ਇਕ ਖਾਸ ਵਿਚਾਰ ਤੇ ਨਿਸ਼ਾਨਾ ਲੈ ਕੇ ਮੈਦਾਨ ਵਿਚ ਉਤਰਨਾ ਪਵੇਗਾ; ਲੀਡਰੀ ਤੇ ਚੌਧਰ ਦੀ ਹਵਸ ਨੂੰ ਪਰ੍ਹਾਂ ਸੁੱਟ ਕੇ ਸਿਰਫ ਤੇ ਸਿਰਫ ਆਪਣੇ ਪੰਜਾਬ ਨੂੰ ਨਸ਼ਿਆਂ ਤੋਂ ਮੁਕਤੀ ਦਿਵਾ ਕੇ ਪੰਜਾਬ ਦੀ ਆਬੋ-ਹਵਾ ਨੂੰ ਸਾਫ਼ ਤੇ ਸਵੱਛ ਬਣਾਉਣ ਲਈ ਪ੍ਰਣ ਕਰਨਾ ਹੋਵੇਗਾ। ਜੋ ਮਰਦ ਸਮਾਜ ਅੱਜ ਨਸ਼ਿਆਂ ਵਿਚ ਡੁੱਬ ਕੇ ਪੰਜਾਬ ਦੇ ਨਾਂ ਨੂੰ ਕਲੰਕ ਲਾ ਰਿਹਾ ਹੈ, ਇਸ ਕਲੰਕ ਨੂੰ ਵੀ ਮਿਲ ਕੇ ਧੋਣਾ ਹੋਵੇਗਾ। ਇਸ ਅਤਿ ਔਖੇ ਕਾਰਜ ਨੂੰ ਮੁਹਿੰਮ ਵਾਂਗ ਸ਼ੁਰੂ ਕਰ ਕੇ ਪੰਜਾਬ ਦੀਆਂ ਮਾਂਵਾਂ ਨਵਾਂ ਇਤਿਹਾਸ ਰਚ ਸਕਦੀਆਂ ਹਨ।



ਔਰਤ ਅਗਰ ਠਾਣ ਲਵੇ ਤਾਂ ਕੀ ਨਹੀਂ ਕਰ ਸਕਦੀ? ਅੱਜ ਔਰਤ ਸੰਸਾਰ ਵਿਚ ਛਾਈ ਹੋਈ ਹੈ। ਔਰਤ ਮਾਈ ਭਾਗੋ ਹੈ, ਰਾਣੀ ਝਾਂਸੀ ਹੈ, ਕਲਪਨਾ ਚਾਵਲਾ ਹੈ, ਸੁਨੀਤਾ ਵਿਲੀਅਮ ਹੈ, ਤੇ ਮਦਰ ਟਰੇਸਾ ਵੀ। ਫਿਰ ਪੰਜਾਬੀ ਮਾਂਵਾਂ ਤਾਂ ਸ਼ੇਰਨੀਆਂ ਹਨ, ਬਹਾਦਰ ਹਨ, ਜੰਗਜੂ ਹਨ। ਆਓ! ਅੱਜ ਫਿਰ ਜਾਗਣ ਅਤੇ ਕੁਝ ਕਰ ਗੁਜ਼ਰਨ ਦਾ ਵਕਤ ਹੈ; ਇਸ ਲਈ ਜਾਗੀਏ, ਉਠੀਏ ਤੇ ਨਸ਼ਿਆਂ ਵਿਚ ਡੁੱਬ ਰਹੇ ਪੰਜਾਬ ਨੂੰ ਬਚਾਈਏ। ਪੰਜਾਬ ਹਾਕਾਂ ਮਾਰ ਰਿਹਾ ਹੈ।

# ਜੱਟ, ਜ਼ਮੀਨ ਤੇ ਜ਼ੋਰੀਂ ਦਾਨ ਮੰਗਦੀ ਸਰਕਾਰ

***ਸਰਕਾਰ ਦੇ ਜ਼ਮੀਨ-ਖੋਹੂ ਅੜੀਅਲ ਰਵੱਈਏ ਨੇ ਭਾਰਤ ਭਰ ਦੇ ਖੇਤ-ਮਾਲਕ ਤਾਂ ਜਗਾ ਹੀ ਦਿੱਤੇ ਹਨ, ਟੋਟੇ ਟੋਟੇ ਹੋਈ ਵਿਰੋਧੀ ਧਿਰ ਨੂੰ ਵੀ ਇਕਮੁੱਠ ਕਰ ਦਿੱਤਾ ਹੈ। ਇਨ੍ਹਾਂ ਸਭਨਾਂ ਦੀ ਗੱਲ ਸੁਣੇ ਬਿਨਾਂ ਸਰਕਾਰ ਦਾ ਰਾਹ ਸੌਖਾ ਨਹੀਂ ਹੋਣ ਲੱਗਿਆ। ਸਰਕਾਰ ਦਾ ਰਵੱਈਆ ਉਸ ਕਟਾਰ ਵਾਲੇ ਵਰਗਾ ਹੈ ਜੋ ਕਿਸੇ ਦੀ ਸਾਹਰਗ ਚੀਰ ਕੇ ਕਹਿ ਰਿਹਾ ਹੋਵੇ, ਮੈਂ ਨੱਕ ਤੇ ਮੂੰਹ ਦੇ ਨਾਲ ਨਾਲ ਤੇਰੇ ਸੌਖਾ ਸਾਹ ਲੈਣ ਵਾਸਤੇ ਤੀਜਾ ਰਾਹ ਬਣਾ ਰਿਹਾ ਹਾਂ। ਭਾਰਤੀ ਇਤਿਹਾਸ-ਮਿਥਿਹਾਸ ਦਾ ਮਾਣ ਕਰਨ ਵਾਲੀ ਭਾਜਪਾ ਸਰਕਾਰ ਨੂੰ ਹੋਰ ਨਹੀਂ ਤਾਂ ਮਹਾਂਭਾਰਤ ਦਾ ਸਬਕ ਹੀ ਚੇਤੇ ਰੱਖਣਾ ਚਾਹੀਦਾ ਹੈ। ਮਹਾਂਭਾਰਤ ਦਾ ਸਰਬਨਾਸ਼ਕ ਯੁੱਧ ਉਸ ਸਮੇਂ ਹੋਇਆ ਸੀ ਜਦੋਂ ਪਾਂਡਵਾਂ ਨੂੰ ਉਨ੍ਹਾਂ ਦੇ ਪੂਰੇ ਹੱਕ ਦੀ ਥਾਂ ਸਿਰਫ਼ ਪੰਜ ਪਿੰਡ ਦੇਣ ਦੀ ਕ੍ਰਿਸ਼ਨ ਦੀ ਸਲਾਹ ਨੂੰ ਵੀ ਦੁਰਯੋਧਨ ਨੇ ਇਹ ਆਖ ਕੇ ਰੱਦ ਕਰ ਦਿੱਤਾ ਸੀ ਕਿ ਉਹ "ਪੰਜ ਪਿੰਡ ਤਾਂ ਕੀ, ਸੂਈ ਦੀ ਨੋਕ ਜਿੰਨੀ ਥਾਂ ਵੀ ਨਹੀਂ ਦੇਵੇਗਾ!" ਜ਼ਮੀਨ ਦੇ ਹੱਕਦਾਰਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਿਰਵਾ ਕਰਨਾ ਮਹਾਂਭਾਰਤ ਨੂੰ ਹੀ ਜਨਮ ਦਿੰਦਾ ਹੈ।***

ਸਰਕਾਰ ਵੱਲੋਂ ਵਿਕਾਸ ਦਾ ਨਾਂ ਲੈ ਕੇ ਖੇਤੀ ਵਾਲੀ ਜ਼ਮੀਨ ਹਥਿਆਏ ਜਾਣ ਦਾ ਬਿਲ ਇਸ ਸਮੇਂ ਭਾਰਤ ਦਾ ਸਭ ਤੋਂ ਭਖਵਾਂ ਆਰਥਿਕ-ਰਾਜਨੀਤਕ ਮੁੱਦਾ ਬਣਿਆ ਹੋਇਆ ਹੈ। ਵੱਖ ਵੱਖ ਰਾਜਨੀਤਕ ਪਾਰਟੀਆਂ ਅਤੇ ਧਿਰਾਂ ਇਹਦੀ ਇਕ ਇਕ ਧਾਰਾ ਨੂੰ ਲੈ ਕੇ ਪੁਣਛਾਣ ਕਰਨ ਅਤੇ ਆਪਣਾ ਆਪਣਾ ਪੱਖ ਦੱਸਣ ਵਿਚ ਲੱਗੀਆਂ ਹੋਈਆਂ ਹਨ। ਹੁਣ ਮੁੱਖ ਝਗੜਾ ਤਿੰਨ ਧਾਰਾਵਾਂ ਦਾ ਹੈ। ਭਾਜਪਾ ਉਨ੍ਹਾਂ ਨੂੰ 'ਕੁੱਲ ਤਿੰਨ' ਆਖ ਕੇ ਵਿਵਾਦ ਨੂੰ ਬੇਲੋੜਾ ਕਹਿ ਰਹੀ ਹੈ। ਉਹ ਇਨ੍ਹਾਂ ਧਾਰਾਵਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਵਿਕਾਸ ਦੇ ਵਿਰੋਧੀ ਗਰਦਾਨ ਰਹੀ ਹੈ। ਵਿਰੋਧੀਆਂ ਦਾ ਇਤਰਾਜ਼ ਹੈ ਕਿ ਇਹ 'ਕੁੱਲ ਤਿੰਨ' ਤਾਂ ਜ਼ਰੂਰ ਹਨ, ਪਰ ਇਨ੍ਹਾਂ ਵਿਚੋਂ ਹਰ ਧਾਰਾ ਜੱਟ ਦੀ ਬਰਬਾਦੀ ਦਾ ਰਾਹ ਖੋਲ੍ਹਦੀ ਹੈ।



**ਗੁਰਬਚਨ ਸਿੰਘ ਭੁੱਲਰ**
**ਸੰਪਰਕ: 011-42502364**

ਇਕ ਧਾਰਾ ਜ਼ਮੀਨ ਲੈਣ ਲਈ 70-80 ਫ਼ੀਸਦੀ ਮਾਲਕਾਂ ਦੀ ਲਾਜ਼ਮੀ ਸਹਿਮਤੀ ਨੂੰ ਰੱਦ ਕਰਦੀ ਹੈ। ਦੂਜੀ ਧਾਰਾ ਜ਼ਮੀਨ ਲੈਣ ਤੋਂ ਪਹਿਲਾਂ ਸਬੰਧਤ ਮਾਲਕਾਂ ਉੱਤੇ ਪੈਣ ਵਾਲੇ ਸਮਾਜਕ-ਆਰਥਿਕ ਅਸਰ ਦਾ ਪਤਾ ਕਰਨ ਦੀ ਜ਼ਰੂਰਤ ਨੂੰ ਖ਼ਤਮ ਕਰਦੀ ਹੈ। ਤੀਜੀ ਧਾਰਾ ਬਹੁ-ਫ਼ਸਲੀ ਜ਼ਮੀਨ ਲੈਣ ਦਾ ਵੀ ਰਾਹ ਖੋਲ੍ਹਦੀ ਹੈ। ਜੇ ਅਸੀਂ ਪਹਿਲੀ ਧਾਰਾ ਦੀ ਹੀ ਪੁਣਛਾਣ ਕਰੀਏ, ਮੁੱਦੇ ਦੀ ਜੜ੍ਹ ਸਾਡੇ ਹੱਥ ਆ ਜਾਂਦੀ ਹੈ। ਉਹ ਹੈ ਜੱਟ ਦਾ ਜ਼ਮੀਨ ਦਾ ਮਾਲਕ ਹੁੰਦਿਆਂ ਵੀ ਸਹੀ ਅਰਥਾਂ ਵਿਚ ਉਹਦਾ ਮਾਲਕ ਨਾ ਹੋਣਾ। ਇਹਦੀ ਟਕਸਾਲੀ ਮਿਸਾਲ ਅਦਿਸਦੇ ਅਤੀਤ ਤੋਂ ਉਹਦਾ ਆਪਣੀ ਪੈਦਾਵਾਰ ਦਾ ਮੁੱਲ ਮਿਥਣ ਦੀ ਹੈਸੀਅਤ ਤੋਂ ਵਾਂਝੇ ਹੋਣਾ ਹੈ। ਬਾਕੀ ਹਰ ਪੈਦਾਕਾਰ ਹੀ ਗਾਹਕ ਨੂੰ ਇਹ ਦਸਦਾ ਹੈ ਕਿ ਉਹ ਆਪਣੀ ਚੀਜ਼ ਕਿੰਨੇ ਵਿਚ ਵੇਚੇਗਾ। ਇਕ ਜੱਟ ਹੈ ਜਿਸ ਨੂੰ ਗਾਹਕ, ਉਹ ਆੜ੍ਹਤੀਆ ਹੋਵੇ ਜਾਂ ਕੋਈ ਸਰਕਾਰੀ ਮਹਿਕਮਾ, ਦੱਸਦਾ ਹੈ ਕਿ ਉਹਦੀ ਪੈਦਾਵਾਰ ਉਹ ਕਿਸ ਭਾਅ ਖਰੀਦੇਗਾ। ਉਹਨੇ ਵੇਚਣੀ ਹੈ ਜਾਂ ਮੰਡੀ ਤੱਕ ਢੁਆਈ ਤੋਂ ਵੀ ਸਸਤੀ ਹੋਣ ਕਰ ਕੇ ਖੇਤ ਵਿਚ ਗਲ਼ਣ ਲਈ ਛੱਡਣੀ ਜਾਂ ਸੜਕ ਦੇ ਕਿਨਾਰੇ ਸੁੱਟਣੀ ਹੈ, ਇਹ ਚੋਣ ਕਰਨ ਵਿਚ ਮਾਲਕ ਹੋਣ ਦੇ ਨਾਤੇ ਉਹ ਪੂਰੀ ਤਰ੍ਹਾਂ ਆਜ਼ਾਦ ਹੈ।

ਇਹ ਜ਼ਮੀਨ-ਮਾਲਕ ਦੀ ਪੈਦਾਵਾਰ ਹਥਿਆਉਣ ਵੱਲ ਇਹੋ ਰਵੱਈਆ ਹੈ ਜੋ ਸਰਕਾਰ ਉਹਦੀ ਜ਼ਮੀਨ ਹਥਿਆਉਣ ਉੱਤੇ ਵੀ ਲਾਗੂ ਕਰ ਰਹੀ ਹੈ। ਇਉਂ ਗੱਲ ਉਸ ਸੋਚ ਦੀ ਹੈ ਜੋ ਇਸ ਰਵੱਈਏ ਨੂੰ ਜਨਮ ਦਿੰਦੀ ਹੈ। ਇਹੋ ਸੋਚ ਹੈ ਜੋ ਅਸਲ ਵਿਚ ਹੁਣ ਵਿਵਾਦ ਦਾ ਕੇਂਦਰ ਬਣੇ ਹੋਏ ਜ਼ਮੀਨੀ ਬਿਲ ਦੀ ਬੁਨਿਆਦ ਹੈ ਪਰ ਜਿਸ ਨੂੰ ਬਹੁਤੇ ਲੋਕ ਪਛਾਣ ਅਤੇ ਸਮਝ ਨਹੀਂ ਰਹੇ। ਜ਼ਮੀਨ ਮਾਲਕ ਨੂੰ ਆਪਣੀ ਪੈਦਾਵਾਰ ਵਾਂਗ ਆਪਣੀ ਜ਼ਮੀਨ ਦਾ ਮਾਲਕ ਹੁੰਦਿਆਂ ਵੀ ਦਿਲੋਂ ਮਾਲਕ ਪਰਵਾਨ ਨਹੀਂ ਕੀਤਾ ਜਾਂਦਾ। ਹਰ ਸਰਕਾਰ ਦਾ ਮੱਤ ਰਿਹਾ ਹੈ ਕਿ ਜਦੋਂ ਕਿਸੇ ਵੀ ਕੰਮ ਲਈ ਜ਼ਮੀਨ ਦੀ ਲੋੜ ਹੋਵੇ, ਉਹਨੂੰ ਉਹ ਬਿਨਾਂ ਕਿਸੇ ਉਜਰ ਤੋਂ ਦੇ ਦੇਣੀ ਚਾਹੀਦੀ ਹੈ, ਭਾਵ ਸਰਕਾਰ ਦੀ ਨਜ਼ਰ ਵਿਚ ਜ਼ਮੀਨ ਮਾਲਕ ਆਪਣੀ ਜ਼ਮੀਨ ਦਾ ਪੂਰਾ ਨਹੀਂ, ਅਧੂਰਾ ਮਾਲਕ ਹੈ। ਇਹ ਕੇਹਾ ਲੈਣ-ਦੇਣ ਹੈ ਜਿਸ ਵਿਚ ਚੀਜ਼ ਲੈਣ ਸਮੇਂ ਉਸ ਦੇ ਮਾਲਕ ਨਾਲ ਅਗੇਤਾ ਵਿਚਾਰ ਕਰਨਾ ਅਤੇ ਉਹਦੀ ਸਹਿਮਤੀ ਲੈਣਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ?

ਜਦੋਂ ਅੰਗਰੇਜ਼ ਦਾ ਰਾਜ ਸੀ, ਇਹ ਨੀਤੀ ਸਮਝ ਆਉਂਦੀ ਸੀ। ਇਕ ਤਾਂ ਸਰਕਾਰ ਦੇ 'ਹਜ਼ੂਰ ਮਾਈ-ਬਾਪ' ਰੂਪ ਸਾਹਮਣੇ ਜਿਸ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ; ਅਨਪੜ੍ਹ, ਪਛੜੇ, ਬੇਸਹਾਰਾ ਤੇ ਗ਼ੈਰ-ਜਥੇਬੰਦ ਜੱਟਾਂ ਦਾ ਉਜਰ ਵੈਸੇ ਹੀ ਸੰਭਵ ਨਹੀਂ ਸੀ। ਦੂਜੇ, ਜ਼ਮੀਨ ਆਮ ਕਰ ਕੇ ਬਹੁਤੀ ਲਈ ਵੀ ਨਹੀਂ ਸੀ ਜਾਂਦੀ। ਵਿਰਲੀ-ਟਾਂਵੀਂ ਸੜਕ, ਰੇਲ ਜਾਂ ਨਹਿਰ ਉਨ੍ਹਾਂ ਨੂੰ ਕੁਝ ਨੁਕਸਾਨ ਪੁਚਾਉਂਦੀ ਸੀ ਜਿਨ੍ਹਾਂ ਦੇ ਖੇਤਾਂ ਨੂੰ ਉਹ ਚੀਰਦੀ ਹੋਈ ਲੰਘਦੀ ਸੀ ਜਾਂ ਦੂਰ-ਦੂਰ ਛਾਉਣੀਆਂ ਬਣਾਈਆਂ ਜਾਂਦੀਆਂ ਸਨ ਜਿਨ੍ਹਾਂ ਲਈ ਜ਼ਮੀਨ ਦੇ ਵਡੇਰੇ ਟੁਕੜੇ ਲੋੜੀਂਦੇ ਹੁੰਦੇ ਸਨ। ਓਪਰੇ ਹਾਕਮਾਂ ਦੇ ਜ਼ਮੀਨ ਹਥਿਆਉਣ ਨੂੰ ਮਜਬੂਰੀ ਸਮਝ ਕੇ ਸਹਿ ਲਿਆ ਜਾਂਦਾ ਸੀ। ਤਾਂ ਵੀ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਜੱਟ ਦੇ ਮਨ ਵਿਚ ਰੋਸ ਉਸ ਸਮੇਂ ਵੀ ਜਾਗਦਾ ਸੀ।

ਮੇਰੇ ਫ਼ੌਜੀ ਪਿਤਾ ਅਜੀਬ ਕਿੱਸਾ ਸੁਣਾਇਆ ਕਰਦੇ ਸਨ ਜੋ ਉਸ ਜ਼ਮਾਨੇ ਵਿਚ ਵੀ ਆਪਣੀ ਜ਼ਮੀਨ ਬਚਾਉਣ ਲਈ ਜੱਟਾਂ ਦੇ ਹੀਲਿਆਂ ਨੂੰ ਉਜਾਗਰ ਕਰਦਾ ਹੈ। ਕਹਿੰਦੇ, ਜਦੋਂ ਅੰਗਰੇਜ਼ ਨੇ ਲੁਧਿਆਣੇ ਦੀ ਛਾਉਣੀ ਬਣਾਉਣ ਦਾ ਸੋਚਿਆ, ਤਾਂ ਜੱਟਾਂ ਨੇ ਕਿਹਾ, "ਇਹ ਜ਼ਮੀਨ ਛਾਉਣੀ ਲਈ ਸ਼ੁਭ ਨਹੀਂ ਰਹਿਣੀ। ਇਥੇ ਭੂਤ ਰਹਿੰਦੇ ਨੇ। ਜੇ ਕਹੋਂ, ਰਾਤ ਨੂੰ ਦਿਖਾ ਦੇਵਾਂਗੇ।" ਉਨ੍ਹਾਂ ਨੇ ਰਾਤ ਦੇ ਹਨੇਰੇ ਵਿਚ ਇਕ ਆਦਮੀ ਲੋਹੇ ਦੇ ਛਾਣਨੇ ਵਿਚ ਅੰਗਿਆਰ ਪਾ ਕੇ ਦਰਖ਼ਤ ਉੱਤੇ ਬਿਠਾ ਦਿੱਤਾ। ਉਹ ਕੁਝ-ਕੁਝ ਸਮੇਂ ਮਗਰੋਂ ਛਾਣਨਾ ਹਿਲਾਵੇ ਤਾਂ ਚੰਗਿਆੜੇ ਕਿਰਨ ਲੱਗਣ। ਅੰਗਰੇਜ਼ ਸਮਝ ਗਿਆ ਕਿ ਭੂਤ-ਭਾਤ ਤਾਂ ਹੋ ਨਹੀਂ ਸਕਦਾ, ਕੋਈ ਹੋਰ ਗੜਬੜ ਹੈ। ਉਹਨੇ ਚੰਗਿਆੜਿਆਂ ਦਾ ਨਿਸ਼ਾਨਾ ਸੇਧ ਕੇ ਹਨੇਰੇ ਵਿਚ ਅੰਦਾਜ਼ਨ ਗੋਲ਼ੀ ਚਲਾ ਦਿੱਤੀ। ਭੂਤ ਬਣਿਆ ਆਦਮੀ ਕੂਕ ਮਾਰ ਕੇ ਉਸੇ ਜ਼ਮੀਨ ਉੱਤੇ ਆ ਡਿੱਗਿਆ ਜਿਸ ਨੂੰ ਬਚਾਉਣ ਲਈ ਉਹ ਹੱਥ-ਪੈਰ ਮਾਰ ਰਿਹਾ ਸੀ। ਅੰਗਰੇਜ਼ ਤੁਰਨ ਲੱਗਿਆ ਕਹਿੰਦਾ, "ਵੁਹ ਪੜਾ ਟੁਮਾਰਾ ਭੂਤ, ਆਗੇ ਸੇ ਨਾ ਟੁਮ ਕੋ ਡਰਾਏਗਾ, ਨਾ ਹਮ ਕੋ ਡਰਾਏਗਾ!" ਇਹ ਕਹਾਣੀ ਸੱਚ ਹੈ ਜਾਂ ਮਿੱਥ, ਮੈਨੂੰ ਨਹੀਂ ਪਤਾ। ਪਰ ਕੁਝ ਵੀ ਹੋਵੇ, ਇਹ ਜ਼ਮੀਨ ਸੰਬੰਧੀ ਸਾਡੇ ਮੱਤ ਦੀ ਪੁਸ਼ਟੀ ਕਰਦੀ ਹੈ। ਅੰਗਰੇਜ਼ ਦੇ ਸਮੇਂ ਵੀ ਜੱਟ ਜ਼ਮੀਨ ਨੂੰ, ਭਾਵੇਂ ਕਿੰਨੀ ਕਦੀਂ-ਕਦਾਈਂ ਹੋਵੇ ਤੇ ਕਿੰਨੀ ਥੋੜ੍ਹੀ ਹੋਵੇ, ਛੱਡਣ ਲਈ ਸੌਖਿਆਂ ਤਿਆਰ ਨਹੀਂ ਸਨ ਹੁੰਦੇ।

ਆਜ਼ਾਦੀ ਪਿੱਛੋਂ ਬੰਨ੍ਹ ਲੱਗੇ ਵਿਕਾਸ ਦੇ ਰਵਾਂ ਹੋਣ ਨਾਲ ਜ਼ਮੀਨ ਦੀ ਲੋੜ ਪੈਣੀ ਲਾਜ਼ਮੀ ਸੀ। ਨਵੇਂ ਉਸਰਨ ਵਾਲੇ, ਨਹਿਰੂ ਦੇ ਸ਼ਬਦਾਂ ਵਿਚ 'ਵਿਕਾਸ ਦੇ ਮੰਦਰਾਂ' ਲਈ ਜ਼ਮੀਨ ਤਾਂ ਆਖ਼ਰ ਚਾਹੀਦੀ ਹੀ ਸੀ। ਇਹ ਜਾਣਦਿਆਂ ਖੇਤੀ ਵਾਲੀ ਜ਼ਮੀਨ ਲਏ ਜਾਣ ਦੀ ਸੂਰਤ ਵਿਚ ਇਨਸਾਫ਼ੀ ਨੀਤੀ ਬਣਾਏ ਜਾਣੀ ਜ਼ਰੂਰੀ ਸੀ, ਪਰ ਹਾਲਤ ਹੋਰ ਜ਼ਿਆਦਾ ਖ਼ਰਾਬ ਹੋ ਗਈ। ਕੁਦਰਤੀ ਸੀ ਕਿ ਗ਼ੁਲਾਮ ਦੇਸ ਵਿਚ ਰੁਕਿਆ ਰਿਹਾ ਵਿਕਾਸ ਲੀਹ ਉੱਤੇ ਪਿਆ ਤਾਂ ਸੜਕਾਂ ਤੇ ਰੇਲਾਂ ਦਾ ਜਾਲ ਵਧਾਉਣ ਤੋਂ ਇਲਾਵਾ ਕਾਰਖਾਨੇ, ਫ਼ੈਕਟਰੀਆਂ, ਡੈਮ ਅਤੇ ਨਵੀਂ ਭੂਗੋਲਕ ਹਾਲਤ ਕਾਰਨ ਛਾਉਣੀਆਂ ਤੇ ਨਵੇਂ ਸ਼ਹਿਰ ਆਦਿ ਉਸਰਨ ਲੱਗੇ। ਆਜ਼ਾਦ ਦੇਸ ਵਿਚ ਇਨਸਾਫ਼ ਮੰਗ ਕਰਦਾ ਸੀ ਕਿ ਜ਼ਮੀਨ-ਮਾਲਕਾਂ ਨੂੰ ਭਰੋਸੇ ਵਿਚ ਲੈ ਕੇ ਵਾਜਬ ਮੁਆਵਜ਼ੇ ਆਦਿ ਦੇ ਮੁੱਦੇ ਸਪਸ਼ਟ ਕਰ ਲਏ ਜਾਂਦੇ, ਪਰ ਅਜਿਹਾ ਹੋਇਆ ਨਾ। ਵਿਕਾਸ ਵਾਸਤੇ ਦੇਸ ਲਈ ਜ਼ਮੀਨ ਦੀ ਲੋੜ ਦਾ ਰੌਲ਼ਾ ਪਾ ਕੇ ਅੰਗਰੇਜ਼ਾਂ ਦੇ ਜ਼ਮਾਨੇ ਨਾਲੋਂ ਬਹੁਤੀ ਮਾਤਰਾ ਵਿਚ ਅਤੇ ਵੱਧ ਧੱਕੇਸ਼ਾਹੀ ਨਾਲ ਜ਼ਮੀਨ ਹਥਿਆਈ ਜਾਣ ਲੱਗੀ। ਮੈਨੂੰ ਚੇਤੇ ਹੈ, ਸੱਤ-ਅੱਠ ਸਾਲ ਪਹਿਲਾਂ ਕਿਸੇ ਟੀ.ਵੀ. ਚੈਨਲ ਨੇ ਉਹ ਖੇਤ-ਮਾਲਕ ਦਿਖਾਏ ਸਨ ਜਿਨ੍ਹਾਂ ਦੀਆਂ ਜ਼ਮੀਨਾਂ ਕਿਸੇ ਪ੍ਰੋਜੈਕਟ ਲਈ ਨਹਿਰੂ ਦੇ ਜ਼ਮਾਨੇ ਵਿਚ ਲਈਆਂ ਗਈਆਂ ਸਨ ਪਰ ਜੋ ਅੱਜ ਵੀ ਮੁਆਵਜ਼ੇ ਲਈ ਅਦਾਲਤਾਂ ਦੇ ਕੁੰਡੇ ਖੜਕਾ ਰਹੇ ਹਨ। ਇਸ ਕਿਸਾਨ-ਦੋਖੀ ਨੀਤੀ ਦਾ ਵਰਤਮਾਨ ਸਰਕਾਰ ਅਧੀਨ ਤਿੱਖੀ ਹੋਣਾ ਕੁਦਰਤੀ ਸੀ ਜੋ ਐਲਾਨੀਆ ਅੰਬਾਨੀ-ਅਦਾਨੀ ਦਾ ਪੱਖ ਪੂਰਦੀ ਹੈ।

ਹਰ ਸਰਕਾਰ ਦੀ ਜ਼ਮੀਨ-ਪ੍ਰਾਪਤੀ ਦੀ ਨੀਤੀ ਦਾ ਇਕ ਦੇਖਣਜੋਗ ਪੱਖ ਇਹ ਰਿਹਾ ਹੈ ਕਿ ਉਹਦੀ ਅੱਖ ਹਮੇਸ਼ਾ ਖੇਤੀ ਵਾਲੀ ਜ਼ਮੀਨ ਉੱਤੇ ਹੀ ਰਹੀ ਹੈ। ਸ਼ਹਿਰੀ ਜ਼ਮੀਨ ਦੇ ਵੱਡੇ ਵੱਡੇ ਟੁਕੜੇ ਦਹਾਕਿਆਂ ਤੋਂ ਉਜੜੇ ਤੇ ਬੇਆਬਾਦ ਵੀ ਪਏ ਹੋਣ, ਕੋਈ ਵੀ ਸਰਕਾਰ ਉਨ੍ਹਾਂ ਨੂੰ ਵਿਕਾਸ ਦੇ ਨਾਂ ਉੱਤੇ ਨਹੀਂ ਲੈਂਦੀ। ਮਿਸਾਲ ਵਜੋਂ ਜੇ ਤੁਸੀਂ ਦਿੱਲੀ ਤੋਂ ਮੋਦੀ ਜੀ ਦੇ ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਜਾਓ, ਕਿਸੇ ਸਮੇਂ ਸੂਤੀ ਕੱਪੜੇ ਦੇ ਸਭ ਤੋਂ ਵੱਡੇ ਪੈਦਾਕਾਰ ਰਹੇ ਉਸ ਸ਼ਹਿਰ ਦੇ ਬਾਹਰ ਰੇਲ ਦੇ ਨਾਲ ਨਾਲ ਅਨੇਕ ਉਜੜੇ ਤੇ ਬੇਆਬਾਦ ਪਏ ਕਾਰਖਾਨੇ ਦਿੱਸਣਗੇ। ਉਹ ਕੱਪੜੇ ਦੀ ਸਨਅਤ ਦੇ ਤੇਜ਼ ਵਿਕਾਸ ਨਾਲ ਕਦਮ ਮਿਲਾ ਕੇ ਚੱਲਣ ਤੋਂ ਅਸਮਰੱਥ ਰਹਿਣ ਕਾਰਨ ਬਹੁਤ ਪਹਿਲਾਂ ਬੰਦ ਹੋ ਗਏ। ਇਸੇ ਤਰ੍ਹਾਂ ਮੁੰਬਈ ਦੇ ਐਨ ਵਿਚਕਾਰ ਅਜਿਹੇ ਅਨੇਕ ਬੰਦ ਹੋਏ ਕਾਰਖਾਨੇ ਬੇਆਬਾਦ ਪਏ ਹਨ। ਇਹ ਸਭ ਅਪਰਾਧੀਆਂ, ਨਸ਼ੇੜੀਆਂ ਤੇ ਬਲਾਤਕਾਰੀਆਂ ਦੇ ਅੱਡੇ ਹਨ, ਪਰ ਇਨ੍ਹਾਂ ਉੱਤੇ ਮਾਲਕੀ ਕਾਰਖਾਨੇਦਾਰਾਂ ਦੀ ਬਣੀ ਰਹਿੰਦੀ ਹੈ ਜੋ ਸਮੇਂ ਨਾਲ ਮਿੱਟੀ ਤੋਂ ਚਾਂਦੀ ਬਣੀ ਇਸ ਜ਼ਮੀਨ ਨੂੰ ਮਾਲਾਂ ਜਾਂ ਰਿਹਾਇਸ਼ੀ ਫ਼ਲੈਟਾਂ ਵਿਚ ਪਲਟਣ ਦੀ ਆਗਿਆ ਲੈ ਕੇ ਸੋਨਾ ਬਣਾਉਣ ਦੇ ਯਤਨ ਕਰਦੇ ਰਹਿੰਦੇ ਹਨ ਤੇ ਬਹੁਤ ਵਾਰ ਸਫਲ ਹੋ ਜਾਂਦੇ ਹਨ। ਸਰਕਾਰ ਇਹ ਜ਼ਮੀਨਾਂ ਢੁੱਕਵੀਂ ਥਾਂ ਹੋਣ ਦੇ ਬਾਵਜੂਦ ਸਕੂਲਾਂ, ਕਾਲਜਾਂ, ਹਸਪਤਾਲਾਂ ਆਦਿ ਵਾਸਤੇ ਲੈਣ ਦਾ ਕਦੀ ਨਹੀਂ ਸੋਚਦੀ।



ਅੱਜ ਕੱਲ੍ਹ ਸਰਕਾਰ-ਪੱਖੀ ਬੁਲਾਰੇ ਟੀ.ਵੀ. ਦੀਆਂ ਬਹਿਸਾਂ ਵਿਚ ਇਕ ਹੋਰ ਅਜੀਬ ਦਲੀਲ ਦਿੰਦੇ ਹਨ। ਉਹ ਕਹਿੰਦੇ ਹਨ, "ਕਿਸਾਨੀ ਜ਼ਮੀਨ ਦਾ ਕੀ ਮਹੱਤਵ ਹੈ। ਹਰ ਪੀੜ੍ਹੀ ਨਾਲ ਇਹਦੀ ਟੁਕੜੇਬੰਦੀ ਹੋ ਜਾਂਦੀ ਹੈ।" ਹਾਕਮ ਪਾਰਟੀ ਦੇ ਇਕ ਬੁਲਾਰੇ ਨੇ ਤਾਂ ਇਹ ਦਾਅਵਾ ਵੀ ਕੀਤਾ ਕਿ ਸੱਤਰ ਫ਼ੀਸਦੀ ਕਿਸਾਨ ਜ਼ਮੀਨ ਤੋਂ ਖਹਿੜਾ ਛੁਡਾਉਣ ਲਈ ਉਤਾਵਲੇ ਹਨ। ਇਹ ਅੰਕੜੇ ਉਹਨੇ ਕਿਥੋਂ ਲਏ ਹਨ, ਇਸ ਸਵਾਲ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਇਥੇ ਇਹ ਪੁੱਛਣਾ ਵੀ ਵਾਜਬ ਹੈ ਕਿ ਕੀ ਔਲਾਦ ਵਿਚ ਵੰਡਣ ਸਮੇਂ ਸ਼ਹਿਰੀ ਜਾਇਦਾਦ ਦੀ ਟੁਕੜੇਬੰਦੀ ਨਹੀਂ ਹੁੰਦੀ? ਜਦੋਂ ਦੇਸ ਦਾ ਸਭ ਤੋਂ ਵੱਡਾ ਕਾਰੋਬਾਰੀ ਧੀਰੂਭਾਈ ਅੰਬਾਨੀ ਗੁਜ਼ਰਿਆ, ਉਹਦੀ ਜਾਇਦਾਦ ਦੀ ਨਾ ਕੇਵਲ ਵੰਡ ਹੋਈ ਸਗੋਂ ਇਹ ਵੰਡ ਬੜੇ ਕਾਟੋ-ਕਲੇਸ਼ ਮਗਰੋਂ ਹੋਈ। ਕੀ ਸਰਕਾਰ ਇਸ ਬਹਾਨੇ ਉਸ ਜਾਇਦਾਦ ਦਾ ਕੋਈ ਹਿੱਸਾ ਜਨਤਕ ਹਿਤ ਵਿਚ ਲੈਣ ਦਾ ਜੇਰਾ ਕਰੇਗੀ ਜਾਂ ਸੁਫ਼ਨਾ ਵੀ ਲਵੇਗੀ?

***ਕਾਰਪੋਰੇਟ-ਪੱਖੀ ਤੇ ਕਿਸਾਨ-ਵਿਰੋਧੀ ਨੀਤੀ ਪਿੱਛੇ ਦੋ ਗੱਲਾਂ ਕੰਮ ਕਰਦੀਆਂ ਹਨ। ਇਕ ਤਾਂ ਵਰਤਮਾਨ ਸਰਕਾਰ ਅਧੀਨ ਸਾਡੇ ਬਹੁਪੱਖੀ ਤੇ ਭਾਰੇ-ਗੌਰੇ ਸਭਿਆਚਾਰ ਦਾ ਜੋ ਧਾਰਮਿਕ ਪੱਖ, ਸਭ ਨਰੋਏ ਪੱਖਾਂ ਨੂੰ ਨਜ਼ਰ-ਅੰਦਾਜ਼ ਕਰ ਕੇ, ਉਭਾਰਿਆ ਜਾ ਰਿਹਾ ਹੈ, ਉਸ ਵਿਚ ਜੀਵ-ਬਲੀ ਦੇ ਨਾਲ ਨਾਲ ਨਰਬਲੀ ਦੀ ਬੜੀ ਮਹਿਮਾ ਹੈ। ਇਸ ਲਈ ਜੇ ਦੇਸ ਦੇ ਵਿਕਾਸ ਦੇ ਮਹਾਂਯੱਗ ਵਿਚ ਜੱਟ ਦੀ ਨਰਬਲੀ ਦੀ ਲੋੜ ਹੈ, ਉਸ ਵਿਚ ਬਲੀ ਲੈਣ ਵਾਲੇ ਨੂੰ ਕੋਈ ਸੰਕੋਚ ਅਤੇ ਬਲੀ ਦੇਣ ਵਾਲੇ ਨੂੰ ਕੋਈ ਉਜਰ ਨਹੀਂ ਹੋਣਾ ਚਾਹੀਦਾ।***

ਜ਼ਮੀਨ ਤੋਂ ਵਿਰਵੇ ਕੀਤੇ ਜਾਣ ਵਾਲੇ ਲੋਕਾਂ ਉੱਤੇ ਪੈਣ ਵਾਲੇ ਸਮਾਜਕ-ਆਰਥਿਕ ਅਸਰ ਦਾ ਪਤਾ ਲਾਉਣ ਦੀ ਲੋੜ ਨੂੰ ਰੱਦ ਕਰਦਿਆਂ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਇਸ ਅਮਲ ਨੂੰ ਸਮਾਂ ਲੈਣ ਵਾਲਾ ਕਿਹਾ ਜਾ ਰਿਹਾ ਹੈ; ਭਾਵ ਇਹ ਕਿ ਪ੍ਰੋਜੈਕਟ-ਮਾਲਕਾਂ ਦੇ ਸਮੇਂ ਸਾਹਮਣੇ ਕਿਸਾਨਾਂ ਦੀ ਹੋਂਦ-ਅਣਹੋਂਦ ਦੇ ਮੁੱਦੇ ਦਾ ਵੀ ਕੋਈ ਮਹੱਤਵ ਨਹੀਂ। ਜ਼ਮੀਨ ਦੇ ਚੰਗੇ ਮੁਆਵਜ਼ੇ ਦਾ ਅਤੇ ਉਸਰਨ ਵਾਲੇ ਪ੍ਰੋਜੈਕਟ ਵਿਚ ਇਕ ਜੀਅ ਨੂੰ ਕੰਮ ਮਿਲਣ ਦਾ ਜ਼ਿਕਰ ਵੀ ਕੀਤਾ ਜਾ ਰਿਹਾ ਹੈ। ਇਹ ਦੋਵੇਂ ਗੱਲਾਂ ਬੜੀਆਂ ਖ਼ਤਰਨਾਕ ਹਨ। ਥੁੜੀ-ਟੁੱਟੀ ਹੋਈ ਪੇਂਡੂ ਆਰਥਿਕਤਾ ਵਿਚ ਮੁਆਵਜ਼ੇ ਦੀ ਰਕਮ ਦਾ ਕਰਜ਼ੇ ਦੀ ਵਾਪਸੀ ਅਤੇ ਅਟਕੀਆਂ ਹੋਈਆਂ ਹੋਰ ਪਰਿਵਾਰਕ ਲੋੜਾਂ ਦੀ ਪੂਰਤੀ ਵਿਚ ਖੁਰ ਜਾਣਾ ਲਾਜ਼ਮੀ ਹੈ। ਜੇ ਕੋਈ ਠੀਕ ਆਰਥਿਕਤਾ ਵਾਲਾ ਜ਼ਮੀਨ ਮਾਲਕ ਇਸ ਮੁਆਵਜ਼ੇ ਨਾਲ ਜ਼ਮੀਨ ਖ਼ਰੀਦਣਾ ਵੀ ਚਾਹੇ, ਜ਼ਰੂਰੀ ਨਹੀਂ, ਉਹਨੂੰ ਜ਼ਮੀਨ ਉਹਦੇ ਪਿੰਡ ਜਾਂ ਨੇੜ-ਤੇੜ ਵਿਚ ਹੀ ਮਿਲ ਜਾਵੇ। ਜ਼ਮੀਨ ਬਾਰੇ ਇਹ ਕਥਨ ਚੇਤੇ ਰੱਖਣ ਵਾਲਾ ਹੈ, "ਹੱਥ ਆਈ ਜ਼ਮੀਨ ਕਦੀ ਨਾ ਛੱਡੋ ਕਿਉਂਕਿ ਇਕ ਵਾਰ ਬਣਾ ਕੇ ਰੱਬ ਨੇ ਹੋਰ ਜ਼ਮੀਨ ਬਣਾਉਣੀ ਸਦਾ ਸਦਾ ਵਾਸਤੇ ਬੰਦ ਕਰ ਦਿੱਤੀ ਹੈ।" ਮੰਨ ਲਵੋ, ਜ਼ਮੀਨ ਦੇ ਬਦਲੇ ਵਿਚ ਪਰਿਵਾਰ ਦੇ ਇਕ ਜੀਅ ਨੂੰ ਰੁਜ਼ਗਾਰ ਦੇ ਦਿੱਤਾ ਜਾਂਦਾ ਹੈ, ਇਹ ਗੱਲ ਅੱਖੋਂ ਓਹਲੇ ਕਿਵੇਂ ਕੀਤੀ ਜਾ ਸਕਦੀ ਹੈ ਕਿ ਦੂਜੇ ਜੀਆਂ ਅਤੇ ਅਗਲੀਆਂ ਪੀੜ੍ਹੀਆਂ ਦੇ ਤਾਂ ਸਭ ਰਾਹ ਬੰਦ ਹੋ ਜਾਣਗੇ!

ਇਸ ਕਾਰਪੋਰੇਟ-ਪੱਖੀ ਤੇ ਕਿਸਾਨ-ਵਿਰੋਧੀ ਨੀਤੀ ਪਿੱਛੇ ਦੋ ਗੱਲਾਂ ਕੰਮ ਕਰਦੀਆਂ ਹਨ। ਇਕ ਤਾਂ ਵਰਤਮਾਨ ਸਰਕਾਰ ਅਧੀਨ ਸਾਡੇ ਬਹੁਪੱਖੀ ਤੇ ਭਾਰੇ-ਗੌਰੇ ਸਭਿਆਚਾਰ ਦਾ ਜੋ ਧਾਰਮਿਕ ਪੱਖ, ਸਭ ਨਰੋਏ ਪੱਖਾਂ ਨੂੰ ਨਜ਼ਰ-ਅੰਦਾਜ਼ ਕਰ ਕੇ, ਉਭਾਰਿਆ ਜਾ ਰਿਹਾ ਹੈ, ਉਸ ਵਿਚ ਜੀਵ-ਬਲੀ ਦੇ ਨਾਲ ਨਾਲ ਨਰਬਲੀ ਦੀ ਬੜੀ ਮਹਿਮਾ ਹੈ। ਇਸ ਲਈ ਜੇ ਦੇਸ ਦੇ ਵਿਕਾਸ ਦੇ ਮਹਾਂਯੱਗ ਵਿਚ ਜੱਟ ਦੀ ਨਰਬਲੀ ਦੀ ਲੋੜ ਹੈ, ਉਸ ਵਿਚ ਬਲੀ ਲੈਣ ਵਾਲੇ ਨੂੰ ਕੋਈ ਸੰਕੋਚ ਅਤੇ ਬਲੀ ਦੇਣ ਵਾਲੇ ਨੂੰ ਕੋਈ ਉਜਰ ਨਹੀਂ ਹੋਣਾ ਚਾਹੀਦਾ। ਦੂਜੀ ਗੱਲ, ਸਾਡੇ ਹਾਕਮਾਂ ਨੂੰ ਉੱਕਾ ਹੀ ਇਲਮ ਨਹੀਂ ਕਿ ਜੱਟ ਦਾ ਜ਼ਮੀਨ ਨਾਲ ਕੀ ਰਿਸ਼ਤਾ ਹੁੰਦਾ ਹੈ। ਜਿਥੇ ਕਾਰਖਾਨੇਦਾਰ ਦੀ ਜਾਂ ਵੀਹ-ਤੀਹ ਮੰਜ਼ਲੇ ਫ਼ਲੈਟ ਉਸਾਰਨ ਵਾਲੇ ਕਾਰੋਬਾਰੀ ਦੀ ਨਜ਼ਰ ਵਿਚ ਆਪਣੀ ਜ਼ਮੀਨ ਮਿੱਟੀ ਤੇ ਸਿਰਫ਼ ਮਿੱਟੀ ਹੁੰਦੀ ਹੈ, ਜੱਟ ਲਈ ਜ਼ਮੀਨ ਮਿੱਟੀ ਨਹੀਂ ਹੁੰਦੀ, ਜੀਵਤ ਹੋਂਦ ਹੁੰਦੀ ਹੈ। ਜੱਟ ਜਦੋਂ ਜ਼ਮੀਨ ਖ਼ਾਤਰ ਸ਼ਰੀਕਾਂ ਨਾਲ ਲੜਦਾ-ਝਗੜਦਾ ਹੈ, ਉਹਦਾ ਕਾਰਨ ਕੇਵਲ ਉਹਦੀ ਮਾਇਕ ਕੀਮਤ ਹੀ ਨਹੀਂ ਹੁੰਦੀ, ਸਭਿਆਚਾਰਕ ਕਦਰ ਵੀ ਹੁੰਦੀ ਹੈ।

ਜੱਟ ਦੇ ਜ਼ਮੀਨ ਨਾਲ ਰਿਸ਼ਤੇ ਦੀ ਗਿਰੀ ਉਹਨੂੰ ਪਾਲਕ ਸਮਝਣ ਵਿਚ ਹੁੰਦੀ ਹੈ। ਜਿਵੇਂ ਮਾਂ ਆਪਣੇ ਬਾਲਾਂ ਨੂੰ ਪਾਲਦੀ ਹੈ, ਜ਼ਮੀਨ ਸਾਰੀ ਮਨੁੱਖਜਾਤੀ ਨੂੰ ਪਾਲਦੀ ਹੈ। ਇਸੇ ਕਰ ਕੇ ਜੱਟ ਜ਼ਮੀਨ ਨੂੰ ਮਾਂ ਆਖਦਾ ਹੈ। ਇਸੇ ਕਰ ਕੇ ਹੀ ਉਹ ਭੋਇੰ ਵਿਚ ਬੀ ਪਾਉਣ ਤੋਂ ਪਹਿਲਾਂ ਭੋਇੰ ਨੂੰ ਸੀਸ ਝੁਕਾ ਕੇ ਅਰਦਾਸ ਕਰਦਾ ਹੈ ਕਿ ਉਹ ਉਹਨੂੰ ਕਿਨ੍ਹਾਂ ਕਿਨ੍ਹਾਂ ਦਾ ਪੇਟ ਭਰਨ ਵਾਸਤੇ ਭਰਵੀਂ ਫਸਲ ਦੇਵੇ। ਉਹ ਕਹਿੰਦਾ ਹੈ, "ਜੀਆ-ਜੰਤ ਦੇ ਭਾਗੀਂ, ਚਿੜੀ-ਚੜੂੰਗੇ ਦੇ ਭਾਗੀਂ, ਡੰਗਰ-ਵੱਛੇ ਦੇ ਭਾਗੀਂ, ਆਏ-ਗਏ ਦੇ ਭਾਗੀਂ, ਰਾਹੀ-ਪਾਂਧੀ ਦੇ ਭਾਗੀਂ, ਹਾਲ਼ੀ-ਪਾਲ਼ੀ ਦੇ ਭਾਗੀਂ, ਸੀਰੀ-ਸਾਂਝੀ ਦੇ ਭਾਗੀਂ, ਸਕੇ-ਸਬੰਧੀ ਦੇ ਭਾਗੀਂ" ਤੇ ਸਭ ਤੋਂ ਪਿੱਛੋਂ "ਘਰ-ਪਰਿਵਾਰ ਦੇ ਭਾਗੀਂ!" ਜੱਟ ਦੀ ਇਸ ਅਰਦਾਸ ਤੋਂ ਹੀ ਸਾਫ਼ ਹੈ ਕਿ ਉਹਦੀ ਜ਼ਮੀਨ ਨਾਲ ਉਹਦੇ ਹੀ ਨਹੀਂ, ਅਨੇਕ ਹੋਰਾਂ ਦੇ ਹਿਤ ਵੀ ਜੁੜੇ ਹੋਏ ਹੁੰਦੇ ਹਨ। ਵਿਰੋਧੀ ਧਿਰ ਵਿਚ ਹੁੰਦਿਆਂ ਭਾਜਪਾ ਬਹੁ-ਫ਼ਸਲੀ ਉਪਜਾਊ ਜ਼ਮੀਨ ਲਏ ਜਾਣ ਦੇ ਵਿਰੁੱਧ ਸੀ। ਸੱਤਾ ਵਿਚ ਆਉਂਦਿਆਂ ਹੀ ਹੋਰ ਅਨੇਕ ਮੁੱਦਿਆਂ ਵਾਂਗ ਇਸ ਬਾਰੇ ਵੀ ਉਹਨੇ ਪਲਟੀ ਮਾਰ ਲਈ। ਉਹ ਖੇਤੀ ਵਾਲੀ ਜ਼ਮੀਨ ਖੋਹ ਕੇ ਧਨਾਢਾਂ ਦੇ ਹਵਾਲੇ ਕਰਨ ਲਈ ਇੰਨੀ ਉਤਾਵਲੀ ਹੈ ਕਿ ਰਾਜ ਸਭਾ ਵਿਚ ਬਿਲ ਪਾਸ ਕਰਾਉਣ ਤੋਂ ਅਸਮਰੱਥ ਰਹਿਣ ਪਿੱਛੋਂ ਸੰਵਿਧਾਨਕ ਚੋਰ-ਮੋਰੀਆਂ ਵਿਚੋਂ ਲੰਘਣ ਲਈ ਵਾਹ ਲਾ ਰਹੀ ਹੈ। ਰਾਸ਼ਟਰਪਤੀ ਨੇ ਪਹਿਲੇ ਆਰਡੀਨੈਂਸ ਉੱਤੇ ਮੋਹਰ ਤਾਂ ਲਾ ਦਿੱਤੀ ਸੀ ਪਰ ਨਾਲ ਹੀ ਸਾਫ਼ ਕਰ ਦਿੱਤਾ ਸੀ ਕਿ "ਸੰਸਦੀ ਵਿਚਾਰ-ਵਟਾਂਦਰੇ ਤੋਂ ਬਿਨਾਂ ਕੋਈ ਕਾਨੂੰਨ ਬਣਾਏ ਜਾਣਾ ਸੰਸਦ ਵਿਚ ਲੋਕਾਂ ਦੇ ਕੀਤੇ ਭਰੋਸੇ ਨੂੰ ਤੋੜਦਾ ਹੈ।" ਇਸ ਦੇ ਬਾਵਜੂਦ ਚਾਲੂ ਬਜਟ ਸੈਸ਼ਨ ਨੂੰ ਵਿਚਕਾਰੋਂ ਤੋੜ ਕੇ ਸਰਕਾਰ ਨੇ ਮਿਆਦ ਮੁੱਕਣ ਦੇ ਨੇੜੇ ਪੁੱਜਿਆ ਹੋਇਆ ਉਹੋ ਆਰਡੀਨੈਂਸ ਦੁਬਾਰਾ ਜਾਰੀ ਕਰ ਦਿੱਤਾ ਹੈ ਭਾਵੇਂ ਇਹ ਢੰਗ ਅਪਣਾ ਕੇ ਵੀ ਛੇ ਮਹੀਨਿਆਂ ਦੇ ਅੰਦਰ ਅੰਦਰ ਉਸ ਉੱਤੇ ਰਾਜ ਸਭਾ ਦੀ ਮੋਹਰ ਲੁਆਉਣ ਦੀ ਸਮੱਸਿਆ ਜਿਉਂ-ਦੀ-ਤਿਉਂ ਬਣੀ ਰਹੇਗੀ।

ਸਰਕਾਰ ਦੇ ਇਸ ਜ਼ਮੀਨ-ਖੋਹੂ ਅੜੀਅਲ ਰਵੱਈਏ ਨੇ ਦੇਸ ਭਰ ਦੇ ਖੇਤ-ਮਾਲਕ ਤਾਂ ਜਗਾ ਹੀ ਦਿੱਤੇ ਹਨ, ਟੋਟੇ ਟੋਟੇ ਹੋਈ ਵਿਰੋਧੀ ਧਿਰ ਨੂੰ ਵੀ ਇਕਮੁੱਠ ਕਰ ਦਿੱਤਾ ਹੈ। ਇਨ੍ਹਾਂ ਸਭਨਾਂ ਦੀ ਗੱਲ ਸੁਣੇ ਬਿਨਾਂ ਸਰਕਾਰ ਦਾ ਰਾਹ ਸੌਖਾ ਨਹੀਂ ਹੋਣ ਲਗਿਆ। ਸਰਕਾਰ ਦਾ ਰਵੱਈਆ ਉਸ ਕਟਾਰ ਵਾਲੇ ਵਰਗਾ ਹੈ ਜੋ ਕਿਸੇ ਦੀ ਸਾਹਰਗ ਚੀਰ ਕੇ ਕਹਿ ਰਿਹਾ ਹੋਵੇ, ਮੈਂ ਨੱਕ ਤੇ ਮੂੰਹ ਦੇ ਨਾਲ ਨਾਲ ਤੇਰੇ ਸੌਖਾ ਸਾਹ ਲੈਣ ਵਾਸਤੇ ਤੀਜਾ ਰਾਹ ਬਣਾ ਰਿਹਾ ਹਾਂ। ਭਾਰਤੀ ਇਤਿਹਾਸ-ਮਿਥਿਹਾਸ ਦਾ ਮਾਣ ਕਰਨ ਵਾਲੀ ਭਾਜਪਾ ਸਰਕਾਰ ਨੂੰ ਹੋਰ ਨਹੀਂ ਤਾਂ ਮਹਾਂਭਾਰਤ ਦਾ ਸਬਕ ਹੀ ਚੇਤੇ ਰੱਖਣਾ ਚਾਹੀਦਾ ਹੈ। ਮਹਾਂਭਾਰਤ ਦਾ ਸਰਬਨਾਸ਼ਕ ਯੁੱਧ ਉਸ ਸਮੇਂ ਹੋਇਆ ਸੀ ਜਦੋਂ ਪਾਂਡਵਾਂ ਨੂੰ ਉਨ੍ਹਾਂ ਦੇ ਪੂਰੇ ਹੱਕ ਦੀ ਥਾਂ ਸਿਰਫ਼ ਪੰਜ ਪਿੰਡ ਦੇਣ ਦੀ ਕ੍ਰਿਸ਼ਨ ਦੀ ਸਲਾਹ ਨੂੰ ਵੀ ਦੁਰਯੋਧਨ ਨੇ ਇਹ ਆਖ ਕੇ ਰੱਦ ਕਰ ਦਿੱਤਾ ਸੀ ਕਿ ਉਹ "ਪੰਜ ਪਿੰਡ ਤਾਂ ਕੀ, ਸੂਈ ਦੀ ਨੋਕ ਜਿੰਨੀ ਥਾਂ ਵੀ ਨਹੀਂ ਦੇਵੇਗਾ!" ਜ਼ਮੀਨ ਦੇ ਹੱਕਦਾਰਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਿਰਵਾ ਕਰਨਾ ਮਹਾਂਭਾਰਤ ਨੂੰ ਹੀ ਜਨਮ ਦਿੰਦਾ ਹੈ।

# ਧਾਈਂ ਦਾ ਢੇਰ

**ਕਹਾਣੀ**

*ਜੰਮੂ ਕਸ਼ਮੀਰ ਰਿਆਸਤ ਦੇ ਪਿੰਡ ਕਨਹਾਮਾ ਵਿਚ ਜਨਮੇ ਸ. ਸਰਨ ਸਿੰਘ ਨੇ ਪੰਜਾਬੀ ਵਿਚ ਕਈ ਯਾਦਗਾਰੀ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਤੋਂ ਕਸ਼ਮੀਰੀ ਮਾਹੌਲ ਪ੍ਰਚੰਡ ਰੂਪ ਵਿਚ ਝਾਤੀਆਂ ਮਾਰਦਾ ਦਿਸ ਪੈਂਦਾ ਹੈ। ਪੰਜਾਬੀ ਕਹਾਣੀਆਂ ਤੋਂ ਇਲਾਵਾ ਉਨ੍ਹਾਂ ਕਸ਼ਮੀਰੀ ਵਿਚ ਇਕ ਨਾਵਲ ਵੀ ਲਿਖਿਆ। ਉਨ੍ਹਾਂ ਦੇ ਕਹਾਣੀ ਸੰਗ੍ਰਹਿਆਂ ਵਿਚ 'ਨੰਗੀ ਧੁੱਪ ਦੇ ਵੈਰੀ', 'ਪੰਜ ਪੀਰ', 'ਭੌਂ ਭਾਲ', 'ਭੁਲੇਖਾ' ਆਦਿ ਸ਼ਾਮਲ ਹਨ। 'ਧਾਈਂ ਦਾ ਢੇਰ' ਨਾਂ ਦੀ ਕਹਾਣੀ ਵਿਚ ਕਹਾਣੀਕਾਰ ਨੇ ਆਮ ਲੋਕਾਂ ਦੀ ਬੇਵਸੀ ਦੀ ਬਾਤ ਤਾਂ ਪਾਈ ਹੀ ਹੈ, ਨਾਲ ਹੀ ਬਦਲ ਰਹੇ ਜ਼ਮਾਨੇ ਦੀ ਗੱਲ ਕੀਤੀ ਹੈ। ਪੁਰਾਣਾ ਢਾਂਚਾ ਤਹਿਸ-ਨਹਿਸ ਹੋਣ ਨਾਲ ਆਮ ਲੋਕਾਂ ਨੂੰ ਸੁੱਖ ਦਾ ਜੋ ਸਾਹ ਆਉਂਦਾ ਹੈ, ਉਹ ਇਸ ਕਹਾਣੀ ਦਾ ਸੁੱਖ-ਸੁਨੇਹਾ ਬਣਦਾ ਹੈ। -ਸੰਪਾਦਕ*

"ਦਫ਼ਾ ਹੋ... ਬਦਮਾਸ਼... ਕੁੱਤਾ... ਬੇਸ਼ਰਮ... ਬਦਜ਼ਾਤ। ਸੱਦਾਂ ਮੈਂ ਆਪਣੇ ਖਸਮ ਨੂੰ। ਕਰਾਵਾਂ ਤੇਰੇ ਡੱਕਰੇ...ਤੈਨੂੰ ਸ਼ਰਮ ਆਣੀ ਚਾਹੀਦੀ ਹੈ...ਤੇਰੀ ਧੀ ਭੈਣ ਨਹੀਂ?"

ਜੂਨੀ ਤੇਜ਼ ਤੇਜ਼ ਕਦਮ ਪੁੱਟਦੀ ਖਲਵਾੜੇ ਵੱਲ ਤੁਰੀ ਜਾ ਰਹੀ ਸੀ। ਉਸ ਦੇ ਸਿਰ 'ਤੇ ਵੱਡੀ ਟੋਕਰੀ ਤੇ ਸੱਜੇ ਹੱਥ ਭਾਫ਼ ਛੱਡਦਾ ਸੋਮਾਵਾਰ ਸੀ। ਉਸ ਟੋਕਰੀ ਲਾਹ ਸੋਮਾਵਾਰ ਦਾ ਢੱਕਣ ਚੁੱਕ ਤੱਕਿਆ। ਸੋਮਾਵਾਰ ਨੱਕੋ-ਨੱਕ ਗੁਲਾਬੀ ਰੰਗ ਦੀ ਚਾਹ ਜੋ ਉਬਾਲੇ ਖਾ ਰਹੀ ਸੀ, ਨਾਲ ਭਰਿਆ ਪਿਆ ਸੀ। ਸਾਰੇ ਕਿਸਾਨ ਜੋ ਧਾਈਂ ਛਿੰਬ ਰਹੇ ਸਨ, ਆਪਣਾ ਆਪਣਾ ਪੂਲਾ ਮੁਕਾ ਬਹਿੰਦੇ ਗਏ। ਜੂਨੀ ਦਾ ਪਤੀ ਅਜੇ ਵੀ ਪੂਲਾ ਛਿੰਬ ਰਿਹਾ ਸੀ। ਜੂਨੀ ਦੀ ਮਾਂ ਹੱਥ ਵਿਚ ਵੱਡੀ ਮਾਜ਼ਨ ਦੀ ਬਾਰ੍ਹੀ ਲੈ, ਧਾਈਂ ਦੇ ਲੱਗੇ ਢੇਰ ਤੋਂ ਘਾਹ ਦੇ ਨਿੱਕੇ ਨਿੱਕੇ ਤੀਲੇ ਤੇ ਕੇਸਰੀ ਨਿਖੇੜ ਰਹੀ ਸੀ।

ਟੋਕਰੀ ਵਿਚੋਂ ਜੂਨੀ ਨੇ ਸਾਰੇ ਪਿੜ ਵਿਚ ਬੈਠੇ ਕਿਸਾਨਾਂ ਨੂੰ ਮੱਕੀ ਦੀਆਂ ਰੋਟੀਆਂ ਕੱਢ ਕੇ ਦਿੱਤੀਆਂ। ਗੁਲਾਬੀ ਰੰਗ ਦੀ ਚਾਹ ਨਾਲ ਪਿਆਲੇ ਭਰ ਭਰ ਉਨ੍ਹਾਂ ਦੇ ਹੱਥਾਂ ਵਿਚ ਥੰਮ੍ਹਾਂਦੀ ਗਈ। ਸਾਰੇ ਕਿਸਾਨ ਖੁਸ਼ ਖੁਸ਼ ਫੂਕਾਂ ਮਾਰ ਮਾਰ ਸ਼ੜੂ ਸ਼ੜੂ ਕਰ ਕੇ ਚਾਹ ਪੀਣ ਲਗ ਪਏ। ਕਿਸਾਨ ਆਪੋ ਵਿਚ ਵੀ ਗੱਲਾਂ ਕਰਨ ਲੱਗ ਪਏ।

"ਤੂੰ ਵੀ ਆ ਨਾ", ਜੂਨੀ ਨੇ ਆਪਣੇ ਪਤੀ ਮੁਹੰਮਦੇ ਨੂੰ 'ਵਾਜ਼ ਮਾਰ ਕੇ ਆਖਿਆ। ਮੁਹੰਮਦਾ ਆਪਣੇ ਪੇਟ ਤੋਂ ਬੱਕਰੇ ਦੀ ਖੱਲ ਦਾ ਪਟਾ ਖੋਲ੍ਹ ਕੇ ਬਹਿ ਗਿਆ। ਜੂਨੀ ਨੇ ਚਾਹ ਦਾ ਪਿਆਲਾ ਭਰ ਉਸ ਨੂੰ ਫੜਾਇਆ ਤੇ ਟੋਕਰੀ



**ਸਰਨ ਸਿੰਘ**

ਵਿਚੋਂ ਮੱਕੀ ਦੀਆਂ ਰੋਟੀਆਂ ਵੀ ਕੱਢ ਕੇ ਦਿੱਤੀਆਂ।

"ਤੂੰ ਵੀ ਆ ਨਾ ਮਾਂ...ਘੁੱਟ ਚਾਹ ਦਾ ਪੀ ਲੈ", ਜੂਨੀ ਮਾਂ ਵੱਲ ਪਰਤ ਕੇ ਬੋਲੀ।

"ਪੀ ਲੈਣ ਦੇ ਸਾਰਿਆਂ ਨੂੰ...ਮੈਂ ਪਿਛੋਂ ਪੀਵਾਂਗੀ", ਉਸ ਸਿਰੇ ਤੋਂ ਬਾਹਰੀ ਫੇਰਨੀ ਸ਼ੁਰੂ ਕਰ ਦਿੱਤੀ।

"ਪੀ ਲੈ...ਪਿਆਲਾ ਵਿਹਲਾ ਹੈ", ਜੂਨੀ ਨੇ ਮਾਂ ਲਈ ਚਾਹ ਦਾ ਪਿਆਲਾ ਭਰ ਦਿੱਤਾ।

"ਜੇ ਕਿਸੇ ਸੱਤੂ ਲੈਣੇ ਨੇ ਤਾਂ ਉਹ ਲੈ ਲਵੇ।" ਉਸ ਟੋਕਰੀ ਵਿਚੋਂ ਵੱਡਾ ਪਿਆਲਾ ਕੱਢ ਕਿਸਾਨਾਂ ਦੇ ਵਿਚਕਾਰ ਕਰ ਦਿੱਤਾ। ਸਾਰਿਆਂ ਨੇ ਬੁਰਕੀ ਬੁਰਕੀ ਸੱਤੂ ਪਿਆਲਿਆਂ ਵਿਚ ਪਾ ਲਏ ਤੇ ਚੌਥਾ ਪਿਆਲਾ ਨਮਕੀਨ ਚਾਹ ਦਾ ਪੀਣ ਲੱਗ ਪਏ। ਦੋ ਦੋ ਰੋਟੀਆਂ ਉਸ ਹੋਰ ਕਿਸਾਨਾਂ ਨੂੰ ਵੰਡੀਆਂ।

"ਸ਼ਾਮ ਤੱਕ ਤੇਰੀ ਸਾਰੀ ਧਾਈਂ ਛਿੰਬੀ ਜਾਏਗੀ ਤੇ ਕੱਲ੍ਹ ਅਸੀਂ ਖਿਜ਼ਰੇ ਦੀ ਛਿੰਬੜਨੀ ਹੈ", ਸੁਬਹਾਨਾ ਬੋਲਿਆ।

ਨਿਬਰਾ ਚਾਹ ਪੀ ਚੁੱਕਾ ਸੀ। ਉਸ ਚਿਲਮ ਵਿਚ ਤਮਾਕੂ ਭਰਿਆ ਤੇ ਕਾਂਗੜੀ ਵਿਚ ਚਿਮਟੇ ਨਾਲ ਅੰਗਾਰ ਕੱਢ ਤਮਾਕੂ 'ਤੇ ਧਰ ਤਮਾਕੂ ਪੀਣ ਲੱਗ ਪਿਆ। ਜੂਨੀ ਦੀ ਮਾਂ ਜਦ ਵਿਆਹ ਕੇ ਅਸਦਬਟ ਲਿਆਇਆ ਸੀ ਤਾਂ ਉਸ ਵੇਲੇ ਉਸ ਕੋਲ ਆਪਣੀ ਕੁਝ ਵੀ ਜ਼ਮੀਨ ਨਹੀਂ ਸੀ ਹੁੰਦੀ। ਉਹ ਹਾਜ਼ੀ ਖਿਜ਼ਰ ਬੇਗ ਚੱਕਦਾਰ ਦਾ ਕਾਸ਼ਤਕਾਰ ਸੀ। ਉਸ ਦਾ ਮਕਾਨ ਉਸ ਦੇ ਪਿਉ ਦੇ ਵੇਲੇ ਦਾ ਬਣਿਆ ਸੀ। ਅਸਦਬਟ ਹਰ ਤੀਜੇ ਚੌਥੇ ਸਾਲ ਉਸ ਦੀ ਛੱਤ ਦੀ ਛੇਹ ਬਦਲ ਦਿੰਦਾ ਸੀ। ਮਕਾਨ ਕੀ ਸੀ, ਬਸ ਝੌਂਪੜੀ ਸੀ। ਇਕ ਕਮਰੇ ਵਿਚ ਉਹ ਆਪ ਤੇ ਦੂਜੇ ਵਿਚ ਡੰਗਰ ਬੰਨ੍ਹਦੇ ਸਨ।

ਜੂਨੀ ਦੀ ਮਾਂ ਨੇ ਕਈ ਬੱਚੇ ਜੰਮੇ, ਪਰ ਜਿਉਂਦੇ ਨਾ ਰਹੇ। ਜੂਨੀ ਲਈ ਉਨ੍ਹਾਂ ਥਾਂ ਥਾਂ ਅਸਤਾਨੇ ਪੂਜੇ...ਤਾਰ੍ਹੀਆਂ ਵੰਡੀਆਂ, ਬੱਕਰੇ ਕੁਰਬਾਨ ਕੀਤੇ। ਜੂਨੀ ਗਰੀਬ ਮਾਪਿਆਂ ਲਈ ਅਣਮੁੱਲੀ ਦਾਤ ਸੀ। ਗਰੀਬੀ ਦਾਅਵੇ ਦਾ ਜਿੰਨਾ ਵੀ ਲਾਡ ਪਿਆਰ ਹੋ ਸਕਦਾ ਹੈ, ਉਹ ਜੂਨੀ ਨੂੰ ਮਿਲਿਆ। ਜੂਨੀ ਜਦ ਤੇਰ੍ਹਾਂ ਵਰ੍ਹਿਆਂ ਦੀ ਹੋਈ ਉਸ ਦੀ ਮੰਗਣੀ ਉਸ ਦੀ ਭੂਆ ਦੇ ਮੁੰਡੇ ਮੁਹੰਮਦ ਨਾਲ ਹੋ ਗਈ। ਜੂਨੀ ਇਸ ਨਿੱਕੀ ਉਮਰ ਵਿਚ ਵੀ ਮੁਟਿਆਰ ਲੱਗ ਰਹੀ ਸੀ। ਉਹ ਬਹੁਤ ਸੁੰਦਰ ਤੇ ਖਿਚਵੇਂ ਨਕਸ਼ ਨੈਣਾਂ ਵਾਲੀ ਸੀ। ਜੂਨੀ ਦੇ ਰੂਪ ਦਾ ਚਰਚਾ ਸਾਰੇ ਪਿੰਡ ਦੇ ਮੁੰਡਿਆਂ ਵਿਚ ਲੁਕੇ-ਛਿਪੇ ਹੁੰਦਾ ਹੀ ਰਹਿੰਦਾ ਸੀ। ਕਈ ਇਕ ਮੁੰਡਿਆਂ ਭਾਵੇਂ ਉਸ 'ਤੇ ਅੱਖ ਰੱਖੀ ਸੀ, ਪਰ ਉਹ ਕਿਸੇ ਦੀ ਵੀ ਪ੍ਰਵਾਹ ਨਾ ਕਰਦੀ। ਬਜ਼ੁਰਗ ਕਿਸਾਨ ਉਸ ਨੂੰ ਬੜਾ ਪਿਆਰ ਕਰਦੇ ਸਨ। ਮੁੰਡੇ ਵੀ ਉਸ ਤੋਂ ਦੂਰ ਰਹਿਣਾ ਪਸੰਦ ਨਾ ਕਰਦੇ, ਆਮ ਤੌਰ 'ਤੇ ਸ਼ਾਮ ਨੂੰ ਕੰਮਾਂ ਤੋਂ ਵਿਹਲੇ ਹੋ ਉਹ ਉਸ ਦੇ ਵਿਹੜੇ ਜਾਂ ਤਾਂ ਗੱਪਾਂ ਮਾਰਨ ਬਹਿ ਜਾਂਦੇ ਤੇ ਗੁੜਗੁੜੀ ਛਿਕਦੇ ਰਹਿੰਦੇ, ਜਾਂ ਫਿਰ ਘੜਾ ਤੁਮਕਨਾੜੀ ਲੈ ਗਾਣ ਬਹਿ ਜਾਂਦੇ।

ਜੂਨੀ ਪਿਉ ਦੀਆਂ ਨਜ਼ਰਾਂ ਵਿਚ ਬੱਚੀ ਹੀ ਸੀ, ਭਾਵੇਂ ਉਸ ਕਈ ਦਿਲਾਂ ਦੀ ਨੀਂਦਰ ਹਰਾਮ ਕਰ ਦਿੱਤੀ ਸੀ। ਜੂਨੀ ਦੇ ਹੁਸਨ ਨੇ ਮੁੰਡਿਆਂ ਨੂੰ ਤਿੰਨਾਂ ਟੋਲੀਆਂ ਵਿਚ ਵੰਡ ਦਿੱਤਾ। ਹਰ ਟੋਲੀ ਵਿਚ ਉਸ ਦਾ ਇਕ ਆਸ਼ਕ ਸੀ। ਜੂਨੀ ਨੂੰ ਆਸ਼ਕਾਂ ਦਾ ਪੂਰਾ ਅਹਿਸਾਸ ਹੋ ਗਿਆ, ਪਰ ਉਸ ਦੀ ਹਿੱਕ ਵਿਚ ਕਿਸੇ ਲਈ ਵੀ ਧੜਕਣ ਨਾ ਪੁੰਗਰੀ। ਜੂਨੀ ਜਿੰਨੀ ਸੁੰਦਰ ਸੀ, ਉਨੀ ਹੀ ਆਪਣੇ ਹੁਸਨ ਤੋਂ ਬੇਪ੍ਰਵਾਹ ਸੀ। ਉਹ ਆਪਣੀ ਨਿੱਕੀ ਜਿਹੀ ਮਸਤੀ ਵਿਚ ਹਮੇਸ਼ਾ ਫਸੀ ਰਹਿੰਦੀ। ਇਕ ਦਿਨ ਜੂਨੀ ਖਾਤਰ ਮੁੰਡਿਆਂ ਦੀਆਂ ਦੋਹਾਂ ਟੋਲੀਆਂ ਵਿਚ ਖੜਕ ਪਈ। ਜੂਨੀ ਨੂੰ ਪਤਾ ਲੱਗਿਆ...ਉਸ ਦੇ ਪਿਉ ਨੂੰ ਰਿਸ਼ਤੇਦਾਰਾਂ ਨੇ ਜੂਨੀ ਦਾ ਵਿਆਹ ਕਰਨ ਲਈ ਜ਼ੋਰ ਪਾਇਆ, ਪਰ ਬਿਨਾਂ ਪੈਸਿਆਂ ਵਿਆਹ ਕਿਵੇ ਹੋਵੇ? ਕਰਜ਼ ਚੁੱਕਣ ਤੋਂ ਬਿਨਾਂ ਉਸ ਨੂੰ ਕੋਈ ਚਾਰਾ ਨਾ ਦਿਸਿਆ। ਆਖਰ ਪੈਸੇ ਲਵੇ ਕਿਸ ਤੋਂ। ਇਕ ਦਿਨ ਜੂਨੀ ਦਾ ਪਿਉ ਬਿਮਾਰ ਪੈ ਗਿਆ। ਤੇਜ਼ ਬੁਖ਼ਾਰ ਉਸ ਨੂੰ ਚਾਰ ਦਿਨ ਹੀ ਰਿਹਾ, ਪਰ ਤਾਪ ਉਤਰਨ ਨਾਲ ਉਸ ਦੀਆਂ ਲੱਤਾਂ ਹੀ ਰਹਿ ਗਈਆਂ।

ਚੱਕਦਾਰ ਦਾ ਮੁਨਸ਼ੀ ਅੱਸੂ ਦੇ ਆਖਰੀ ਦਿਨਾਂ ਨੂੰ ਹਰ ਸਾਲ ਵਾਂਗ ਇਸ ਸਾਲ ਵੀ ਪਿੰਡ ਆ ਗਿਆ। ਧਾਈਂ ਛਿੰਬ ਕੇ ਲੈਣ ਦਾ ਵੇਲਾ ਆ ਗਿਆ ਸੀ। ਉਹ ਨੰਬਰਦਾਰ ਵਲੀ ਮੀਰ ਦੇ ਚੁਬਾਰੇ ਠਹਿਰਿਆ ਸੀ। ਜੂਨੀ ਦਾ ਘਰ ਵੀ ਨੰਬਰਦਾਰ ਦੇ ਘਰ ਦੇ ਸਾਹਮਣੇ ਸੀ। ਮੁਨਸ਼ੀ ਪੈਂਤੀਆਂ ਕੁ ਸਾਲਾਂ ਦਾ, ਮਾਤਾ ਦੇ ਦਾਗਾਂ ਵਾਲਾ ਚਿਹਰਾ, ਉਚੇ ਉਚੇ ਪੀਲੇ ਥਿਮ੍ਹਾਂ ਵਾਲੇ ਦੰਦ, ਰੰਗ ਕਾਲਾ, ਤੇ ਲੰਮੇ ਪਤਲੇ ਸਰੀਰ ਦਾ ਬੰਦਾ ਸੀ। ਆਪਣੇ ਮਾਲਕ ਕਰ ਕੇ ਲੋਕ ਉਸ ਨੂੰ ਮੰਨਦੇ ਸਨ। ਇਸ ਪਿੰਡ ਦੇ ਸਾਰੇ ਦੇ ਸਾਰੇ ਕਿਸਾਨ ਉਸ ਦੇ ਮਾਲਕ ਦੇ ਮੁਜਾਰੇ ਸਨ। ਇਸ ਭੈੜੀ ਜਿਹੀ ਸ਼ਕਲ ਦਾ ਬੰਦਾ ਆਪਣੇ ਮਾਲਕ ਦੀ ਸ਼ਹਿ ਕਰ ਕੇ ਇੰਨਾ ਬਦਮਸਤ ਸੀ ਕਿ ਉਹ ਸਿੱਧੇ ਮੂੰਹ ਮੁਜਾਰਿਆਂ ਨਾਲ ਗੱਲ ਵੀ ਨਾ ਕਰਦਾ। ਆਮ ਰਵਾਇਤ ਅਨੁਸਾਰ ਪਿੰਡ ਦੇ ਕਿਸਾਨ ਅੰਡੇ, ਮੁਰਗੇ, ਘਿਉ, ਮੱਖਣ, ਸਬਜ਼ੀ ਆਦਿ ਲਿਆ ਕੇ ਉਸ ਦੇ ਰਸੋਈਏ ਨੂੰ ਦਿੰਦੇ ਗਏ।

ਮੁਨਸ਼ੀ ਦੀਆਂ ਲੱਤਾਂ ਜੁਆਨ ਮੁਜਾਰਾ ਘੁੱਟਣ ਬਹਿ ਗਿਆ। ਥੋੜ੍ਹੀ ਦੇਰ ਬਾਅਦ ਰਸੋਈਏ ਨੇ ਚਾਹ ਪਰਾਉਂਠੇ ਤੇ ਉਬਲੇ ਅੰਡੇ ਉਸ ਅੱਗੇ ਆਣ ਧਰੇ।

"ਅਸਦਬਟ ਨਹੀਂ ਦਿਸਿਆ?" ਮੁਨਸ਼ੀ ਨੇ ਪੁਛਿਆ।

"ਉਹ ਤੇ ਜਨਾਬ ਮਰਨ ਵਾਲਾ ਹੈ...ਵਿਚਾਰੇ ਨੂੰ ਵਜ੍ਹ ਹੋ ਗਿਆ ਹੈ।"

"ਅੱਛਾ...ਪਰ ਉਸ ਦੀ ਫਸਲ ਦਾ ਕੀ ਬਣਿਆ ਵਲੀ ਮੀਰਾ।"

"ਉਹ ਤੇ ਹਜ਼ੂਰ ਅਸਾਂ ਐਤਕੀਂ ਵਟ ਲਈ ਹੈ।"


"ਉਸ ਦਾ ਲੜਕਾ ਹੈ ਕੋਈ?"

ਮੁਨਸ਼ੀ ਦੀ ਗੱਲ ਦਾ ਉਤਰ ਦੇਣ ਲਈ ਵਲੀ ਮੀਰ ਅਜੇ ਤਿਆਰ ਹੀ ਹੋ ਰਿਹਾ ਸੀ ਕਿ ਇੰਨੇ ਨੂੰ ਜੂਨੀ ਦੇ ਸਲਾਮ ਨੇ ਦੋਵਾਂ ਦੀ ਰੁਚੀ ਮੋੜੀ। ਜੂਨੀ ਨੇ ਮੁਨਸ਼ੀ ਅੱਗੇ, ਲੱਤਾਂ ਤੋਂ ਬੰਨ੍ਹਿਆਂ ਚੂਜ਼ਾ, ਪਿਆਲੇ ਵਿਚ ਅੱਧ ਕੁ ਸੇਰ ਮੱਖਣ ਤੇ ਗੰਢ 'ਚ ਬੰਨ੍ਹੇ ਦਰਜਨ ਕੁ ਅੰਡੇ ਧਰ ਦਿੱਤੇ।

"ਕੀ ਹੈ?" ਮੁਨਸ਼ੀ ਨੇ ਹੁੱਕੇ ਦੀ ਨਲੀ ਮੂੰਹ ਵਿਚੋਂ ਕੱਢਦਿਆਂ ਪੁੱਛਿਆ।

"ਮਾਂ ਨੇ ਭੇਜੇ ਹਨ।"

ਪਿਉ ਤੇਰਾ ਅਜੇ ਮਰਿਆ ਹੈ ਕਿ ਨਹੀਂ?" ਮੁਨਸ਼ੀ ਦੇ ਬਦਬੂ ਵਾਲੇ ਮੂੰਹ ਵਿਚੋਂ ਇਹ ਸ਼ਬਦ



*ਪੰਡਿਤ ਵਿਸ਼ੂ ਨਾਥ ਵਲੋਂ 19ਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਖਿੱਚੀ ਕਸ਼ਮੀਰੀ ਮੁਟਿਆਰ ਦੀ ਤਸਵੀਰ। ਵਿਸ਼ੂ ਨਾਥ ਨੂੰ ਕਸ਼ਮੀਰ ਦਾ ਪਹਿਲਾ ਫੋਟੋਗ੍ਰਾਫਰ ਮੰਨਿਆ ਜਾਂਦਾ ਹੈ।*

ਸੁਣ ਜੂਨੀ ਕੁਝ ਬੋਲ ਨਾ ਸਕੀ।

ਵਲੀ ਮੀਰ ਮੁਨਸ਼ੀ ਦਾ ਇਸ਼ਾਰਾ ਸਮਝ ਕੇ ਉਥੋਂ ਤਿਤਰ ਹੋ ਗਿਆ। ਵਲੀ ਮੀਰ ਮੁਨਸ਼ੀ ਦਾ ਭੇਤੀ ਸੀ। ਉਸ ਕਈ ਇਕ ਕਾਮਿਆਂ ਦੀ ਮੁਨਸ਼ੀ ਦੇ ਆਖਣ 'ਤੇ ਕੁਟਾਈ ਵੀ ਕੀਤੀ ਸੀ। ਕਈ ਇਕ ਪਿੰਡ ਦੀਆਂ ਕੁੜੀਆਂ ਦੀ ਦੋਵਾਂ ਨੇ ਮਿਲ ਕੇ ਪੱਤ ਵੀ ਲਾਹੀ ਸੀ। ਵਲੀ ਮੀਰ ਜੂਨੀ ਨੂੰ ਕਾਬੂ ਵਿਚ ਲਿਆਣ ਦਾ ਕਈ ਵਾਰ ਜਤਨ ਭਾਵੇਂ ਕਰ ਚੁੱਕਾ ਸੀ, ਪਰ ਉਸ ਨੂੰ ਸਫ਼ਲਤਾ ਨਹੀਂ ਸੀ ਹੋਈ।

"ਤੇਰਾ ਕੀ ਨਾਂ ਹੈ? ਮੁਨਸ਼ੀ ਨੇ ਪੁੱਛਿਆ।

"ਜੂਨੀ।"

"ਜਾਹ, ਮਾਂ ਨੂੰ ਆਖ ਦੇ ਕਿ ਅਗਲੇ ਸਾਲ ਤੋਂ ਉਨ੍ਹਾਂ ਨੂੰ ਜ਼ਮੀਨ ਕਾਸ਼ਤ ਕਰਨ ਲਈ ਨਹੀਂ ਮਿਲੇਗੀ, ਕਿਉਂਕਿ ਤੇਰਾ ਪਿਉ ਹੁਣ ਮਰ ਜਾਵੇਗਾ। ਜੇ ਮਰਿਆ ਨਹੀਂ, ਪਰ ਮਰੇ ਬਰਾਬਰ ਹੀ ਹੈ।"

"ਹਜ਼ੂਰ...।" ਜੂਨੀ ਦੀ ਜਿਵੇਂ ਕਿਸੇ ਜ਼ਬਾਨ ਹੀ ਖਿੱਚ ਲਈ, ਉਹ ਕੰਬਦੀ-ਕੰਬਦੀ ਉਠ ਕੇ ਜਾਣ ਲੱਗੀ।

"ਕਿੱਥੇ ਚਲੀ ਹੈਂ?"

"ਘਰ।"

"ਇਹ ਚੀਜ਼ਾਂ ਵੀ ਲੈ ਜਾ। ਮੈਨੂੰ ਨਹੀਂ ਲੋੜ।"

"ਕਿਉਂ ਜਨਾਬ...ਇਹ ਤੇ ਮਾਂ ਨੇ ਤੁਸਾਂ ਲਈ ਘੱਲੀਆਂ ਹਨ।"

"ਲੈ ਜਾਹ...ਬਹੁਤੀਆਂ ਗੱਲਾਂ ਨਾ ਕਰ।"

ਜੂਨੀ ਨੇ ਚੀਜ਼ਾਂ ਵਾਪਸ ਚੁੱਕ ਲਈਆਂ ਤੇ ਘਰ ਪਰਤ ਆਈ।

ਜੂਨੀ ਨੂੰ ਜਾਂਦਿਆਂ ਤੱਕ ਵਲੀ ਮੀਰ, ਮੁਨਸ਼ੀ ਕੋਲ ਪਰਤ ਆਇਆ, "ਹਜ਼ੂਰ...ਕਬੂਤਰੀ ਨੂੰ ਕਿਉਂ ਛੱਡ ਦਿੱਤਾ। ਸੋਹਣਾ ਮੌਕਾ ਸੀ।"

"ਬਕ ਬਕ ਨਾ ਕਰ...ਤੈਨੂੰ ਕੀ ਪਤਾ ਮੇਰੀ ਸਬੀਲ ਦਾ। ਹੁਣ ਵੇਖ ਕੀ ਬਣਦਾ ਹੈ।" ਵਲੀ ਮੀਰ ਨੂੰ ਮੁਨਸ਼ੀ ਦੀ ਗੱਲ ਭਾਵੇਂ ਸਮਝ ਨਾ ਆਈ, ਤਾਂ ਵੀ ਉਹ ਮੁਸਕਰਾਇਆ।

"ਵਲੀਆ, ਅੱਜ ਤੱਕ ਤੂੰ ਇਸ ਪਰੀ ਦਾ ਦੱਸਿਆ ਹੀ ਨਾ।"

"ਹਜ਼ੂਰ ਇਹ ਕਿਸੇ ਤੋਂ ਕਾਬੂ ਨਹੀਂ ਆਈ। ਮੈਂ ਤੇ ਬਹੁਤ ਜ਼ੋਰ ਲਾ ਹਟਿਆ ਹਾਂ। ਮੈਂ ਤੇ ਇਸ ਨਾਲ ਵਿਆਹ ਵੀ ਕਰਨ ਨੂੰ ਤਿਆਰ ਹੋ ਗਿਆ ਸਾਂ ਪਰ ਇਸ ਦਾ ਪਿਉ ਕਿਤੇ ਮੰਨਿਆ ਹੀ ਨਾ, ਆਖਣ ਲੱਗਾ, ਮੈਂ ਧੀ ਨੂੰ ਸੌਕਣ ਨਹੀਂ ਬਣਨ ਦੇਣਾ।"

ਮੁਨਸ਼ੀ ਹੁੱਕੇ ਦਾ ਧੂੰਆਂ ਮੂੰਹ ਵਿਚੋਂ ਕੱਢਦਾ ਰਿਹਾ ਤੇ ਸੋਚਾਂ ਵਿਚ ਡੁੱਬ ਗਿਆ। ਥੋੜ੍ਹੀ ਦੇਰ ਨੂੰ ਜੂਨੀ ਦੀ ਮਾਂ ਉਹੀ ਚੀਜ਼ਾਂ ਚੁਕ ਕੇ ਆਈ। ਉਸ ਆਪਣੇ ਸਿਰ ਤੋਂ ਕਸਾਬਾ ਲਾਹ ਮੁਨਸ਼ੀ ਦੇ ਪੈਰਾਂ ਵਿਚ ਧਰ ਦਿੱਤਾ। ਉਹ ਤਰਲੇ ਪਾਣ ਲੱਗ ਪਈ। ਉਸ ਦੀਆਂ ਅੱਖਾਂ ਵਿਚ ਅੱਥਰੂ ਤਰਨ ਲੱਗ ਪਏ।

"ਤੇਰੇ ਰੋਣ-ਧੋਣ ਦਾ ਮਤਲਬ ਮੈਨੂੰ ਨਹੀਂ ਸਮਝ ਆਉਂਦਾ। ਤੂੰ ਹੀ ਦੱਸ, ਜਦ ਤੇਰਾ ਖਸਮ ਵਜ੍ਹ ਨਾਲ ਅੱਧਾ ਮਰਿਆ ਪਿਆ ਹੈ ਤੇ ਤੂੰ ਜ਼ਮੀਨ ਦੀ ਕਾਸ਼ਤ ਕਿਵੇਂ ਰੱਖ ਸਕਦੀ ਹੈ, ਕੌਣ ਹੈ ਤੇਰਾ...ਕੌਣ ਕੰਮ ਕਰੇਗਾ?"

"ਜਨਾਬ ਮੈਂ ਇਸੇ ਫਸਲ ਜੂਨੀ ਦਾ ਵਿਆਹ ਕਰਾਂਗੀ ਤੇ ਮੁੰਡਾ ਘਰ ਲਿਆਵਾਂਗੀ।"

"ਵਿਆਹ ਕਰੇਂਗੀ! ਪੈਸੇ ਹੈਨ ਨੀ?"

"ਜਨਾਬ ਦਾ ਇਕਬਾਲ ਉਚਾ...ਤੁਹਾਡੇ ਖਜ਼ਾਨੇ ਵਿਚ ਕਿਸ ਚੀਜ਼ ਦੀ ਘਾਟ ਹੈ...ਗਰੀਬਾਂ 'ਤੇ ਮਿਹਰ ਦੀ ਨਜ਼ਰ ਕਰੋ।" ਉਸ ਮੁਨਸ਼ੀ ਦੇ ਪੈਰ ਫੜ ਲਏ।

"ਅੱਛਾ...ਅੱਛਾ...ਕਰ ਲੈ ਉਸ ਦਾ ਵਿਆਹ। ਦੇ ਦਿਆਂਗਾ ਤੈਨੂੰ ਪੈਸੇ।"

ਉਸ ਆਪਣੇ ਅੱਥਰੂ ਪੂੰਝੇ। ਉਹਦਾ ਚਿਹਰਾ ਖਿੜ ਗਿਆ।

"ਅੱਛਾ ਜਾਹ ਪਰ ਥੋੜ੍ਹੀ ਦੇਰ ਬਾਅਦ ਜੂਨੀ ਨੂੰ ਭੇਜੀਂ...।" ਮੁਨਸ਼ੀ ਨੇ ਮੂੰਹ ਵਿਚ ਧੂੰਏਂ ਦੀ ਹਵਾੜ੍ਹ ਹਵਾ ਵਿਚ ਰਲਾਂਦਿਆਂ ਆਖਿਆ।

"ਸਮਝ ਗਈ ਨਾ...ਜ਼ਰਾ ਠਹਿਰ ਕੇ...।"

"ਅੱਛਾ", ਕਹਿ ਕੇ ਉਹ ਸੋਚਦੀ-ਸੋਚਦੀ ਆਪਣੇ ਘਰ ਟੁਰ ਗਈ।

ਮੁਨਸ਼ੀ ਖਾਣਾ ਖਾ ਕੇ ਬਿਸਤਰ 'ਤੇ ਬੈਠਾ ਤਮਾਕੂ ਪੀ ਰਿਹਾ ਸੀ...ਵਲੀ ਮੀਰ ਉਸ ਕੋਲ ਬੈਠਾ ਸੀ। ਜੂਨੀ ਨਿੱਕੀ ਜਿਹੀ ਟੋਕਰੀ ਵਿਚ ਅਖਰੋਟ ਲੈ ਕੇ ਆਈ।

"ਕੀ ਹੈ?" ਮੁਨਸ਼ੀ ਨੇ ਖਹੁਰੀ ਤਰ੍ਹਾਂ ਪੁੱਛਿਆ।

"ਜਨਾਬ ਮਾਂ ਨੇ ਭੇਜੇ ਹਨ।"

"ਅੱਛਾ, ਅੱਛਾ ਬਹਿ ਜਾ। ਵਲੀਆ ਅੰਦਰ ਰੱਖ।" ਉਹ ਟੋਕਰੀ ਲੈ ਉਠ ਗਿਆ।

"ਇਥੇ ਬਹਿ।" ਮੁਨਸ਼ੀ ਨੇ ਦੱਸਿਆ।

"ਲੱਤਾਂ ਘੁੱਟ।" ਮੁਨਸ਼ੀ ਦੀਆਂ ਲੱਤਾਂ ਘੁੱਟਣ ਉਹ ਬਹਿ ਗਈ। ਮੁਨਸ਼ੀ ਨੇ ਥੋੜ੍ਹੀ ਦੇਰ ਬਾਅਦ ਜੂਨੀ ਦੇ ਦੋਵੇਂ ਹੱਥ ਪਕੜ ਕੇ ਆਪਣੇ ਕੋਲ ਖਿੱਚ ਲਿਆ। ਉਹ ਚੁੱਪ-ਚਾਪ ਬੇਜ਼ਾਨ ਜਿਹੀ ਬਣ ਮੁਨਸ਼ੀ ਦਾ ਆਖਾ ਮੰਨਦੀ ਗਈ। ਮੁਨਸ਼ੀ ਸਮਝ ਗਿਆ ਕਿ ਜੂਨੀ ਨੇ ਰੌਲਾ ਨਹੀਂ ਪਾਣਾ...ਉਸ ਹੱਥ ਲੰਮਾ ਕਰ ਬਲਦਾ ਲਾਲਟੈਣ ਬੁਝਾ ਦਿੱਤਾ। ਜੂਨੀ ਹੈਰਾਨ ਪਰੇਸ਼ਾਨ ਹੋ ਉਸ ਦੇ ਕਲਾਵੇ ਵਿਚ ਘੁੱਟੀ ਗਈ। ਜੂਨੀ ਸੁੰਨ ਹੋ ਗਈ। ਉਸ ਨੂੰ ਮਹਿਸੂਸ ਹੋਇਆ ਜਿਵੇਂ ਵਜ੍ਹ ਉਸ ਦੇ ਪਿਉ ਨੂੰ ਨਹੀਂ, ਉਸ ਨੂੰ ਹੋ ਗਿਆ ਹੈ। ਨਾ ਜੂਨੀ ਰੋਈ, ਨਾ ਚੀਕੀ...ਚੁੱਪ-ਚਾਪ ਮੁਨਸ਼ੀ ਦਾ ਆਖਾ ਮੰਨ ਗਈ। ਉਹ ਕਿੰਨਾ ਚਿਰ ਬੇਸੁਧ ਲੇਟੀ ਰਹੀ। ਨਿੱਕੀ ਨਿੱਕੀ ਲੋਅ ਫੁਟ ਰਹੀ ਸੀ ਜਦ ਜੂਨੀ ਨੂੰ ਮੁਨਸ਼ੀ ਨੇ ਆਪਣੇ ਘਰ ਭੇਜਿਆ।

ਇਸ ਸਾਲ ਵੀ ਮੁਨਸ਼ੀ ਪਿੰਡ ਬੀਤੇ ਸਾਲਾਂ ਵਾਂਗ ਆਇਆ, ਪਰ ਅੱਜ ਨਾ ਉਸ ਅੱਗੇ ਕਿਸਾਨਾਂ ਅੰਡੇ, ਮੁਰਗੇ ਆਦਿ ਧਰੇ, ਤੇ ਨਾ ਅੱਜ ਉਸ ਤੋਂ ਕਿਸੇ ਨੂੰ ਭੈਅ ਆ ਰਿਹਾ ਸੀ। ਚੱਕਦਾਰੀ ਖਤਮ ਹੋਣ ਕਰ ਕੇ ਜ਼ਮੀਨ ਮੁਜਾਰਿਆਂ ਵਿਚ ਵੰਡੀ ਜਾ ਚੁੱਕੀ ਸੀ। ਹਰ ਮੁਜਾਰਾ ਆਪਣੀ ਮਿਲੀ ਜ਼ਮੀਨ ਦਾ ਆਪ ਮਾਲਕ ਸੀ। ਪਿੰਡ ਵਿਚ ਮਸਾਂ ਚੱਕਦਾਰ ਨੂੰ ਸੌ ਕਨਾਲਾਂ ਜ਼ਮੀਨ ਤੇ ਕੁਝ ਫਲਦਾਰ ਬਾਗ ਰਹਿ ਗਿਆ ਸੀ।

ਜੂਨੀ ਦੇ ਪਿਉ ਨੂੰ ਮਰਿਆਂ ਕਈ ਸਾਲ ਬੀਤ ਚੁੱਕੇ ਸਨ। ਜੂਨੀ ਦੀ ਸੌ ਕਨਾਲ ਜ਼ਮੀਨ ਅੱਜ ਵੀ ਉਸ ਦੀ ਆਪਣੀ ਸੀ। ਮੁਨਸ਼ੀ ਉਸ ਨੂੰ ਖੋਹ ਨਾ ਸਕਿਆ। ਜੂਨੀ ਨੇ ਇਸ ਨੂੰ ਆਪਣਾ ਆਪ ਦੇ ਕੇ ਸਾਂਭਿਆ ਸੀ। ਜੂਨੀ ਦਾ ਵਿਆਹ ਮੁਹੰਮਦੇ ਨਾਲ ਹੋ ਚੁੱਕਾ ਸੀ। ਉਸ ਦੇ ਘਰ ਤਿੰਨ ਬੱਚੇ ਵੀ ਪੈਦਾ ਹੋ ਚੁੱਕੇ ਸਨ।

ਧਾਈਂ ਛਿੰਬਦੇ ਕਿਸਾਨਾਂ ਕੋਲ ਬੈਠਾ ਮੁਨਸ਼ੀ ਕਿੰਨਾ ਚਿਰ ਗੱਪਾਂ ਮਾਰਦਾ ਰਿਹਾ। ਪਤਾ ਨਹੀਂ ਕੀ ਸੋਚ ਉਹ ਉਥੋਂ ਉਠ ਕੇ ਤੁਰ ਪਿਆ। ਉਹ ਸੋਚਾਂ ਵਿਚ ਡੁੱਬਿਆ ਟੁਰਿਆ ਜਾ ਰਿਹਾ ਸੀ ਕਿ ਉਸ ਦੀਆਂ ਨਜ਼ਰਾਂ ਆ ਰਹੀ ਜੂਨੀ 'ਤੇ ਪਈਆਂ। ਉਸ ਦੇ ਸਿਰ 'ਤੇ ਵੱਡੀ ਟੋਕਰੀ ਤੇ ਹੱਥ ਵਿਚ ਜ਼ੰਜੀਰ ਤੋਂ ਫੜਿਆ ਭਾਫ਼ ਛੱਡਦਾ ਸੋਮਾਵਾਰ ਸੀ। ਮੁਨਸ਼ੀ ਨੇ ਅੱਗੇ ਪਿੱਛੇ ਨਜ਼ਰ ਦੁੜਾਈ ਤੇ ਰਾਹ ਮੱਲ ਕੇ ਖਲੋ ਗਿਆ। ਜੂਨੀ ਨੇ ਮੁਨਸ਼ੀ ਨੂੰ ਵੇਖ, ਪਲ ਦੀ ਪਲ ਸੋਚਿਆ ਕਿ ਗਰਮ ਗਰਮ ਚਾਹ ਦਾ ਭਰਿਆ ਸੋਮਾਵਾਰ ਮੁਨਸ਼ੀ ਦੇ ਪਿੰਡੇ 'ਤੇ ਪਲਟ ਕੇ ਉਸ ਦੀ ਬੁਸਰੀ ਲਾਹ ਦੇਵੇ ਤੇ ਆਪਣੀ ਉਸ ਰਾਤ ਦਾ ਤੇ ਉਸ ਤੋਂ ਪਿੱਛੇ ਕਈ ਰਾਤਾਂ ਦਾ ਬਦਲਾ ਲਵੇ ਪਰ ਕਿਸਾਨ ਚਾਹ ਦੀ ਉਡੀਕ ਵਿਚ ਸਨ; ਸੋ ਉਸ ਆਪਣਾ ਇਹ ਇਰਾਦਾ ਬਦਲ ਦਿੱਤਾ। ਮੁਨਸ਼ੀ ਨੇ ਉਸ ਦੀਆਂ ਅੱਖਾਂ ਤੋਂ ਨਵੀਂ ਚਮਕ ਵੇਖੀ। "ਦਫ਼ਾ ਹੋ...ਬਦਮਾਸ਼...ਮੁਰਦਾ...ਬੇਸ਼ਰਮ...ਬਦਜ਼ਾਤ। ਸੱਦਾਂ ਮੈਂ ਆਪਣੇ ਖਸਮ ਨੂੰ ਤੇ ਕਰਾਵਾਂ ਤੇਰੇ ਡੱਕਰੇ। ਤੈਨੂੰ ਸ਼ਰਮ ਆਣੀ ਚਾਹੀਦੀ ਹੈ...ਤੇਰੀ ਧੀ ਭੈਣ ਨਹੀਂ?"

ਜੂਨੀ ਖਾਲੀ ਪਿਆਲੇ ਖਾਲੀ ਸੋਮਾਵਾਰ ਟੋਕਰੀ ਵਿਚ ਪਾ ਤੇਜ਼ ਤੇਜ਼ ਘਰ ਆ ਰਹੀ ਸੀ। ਉਸ ਕਿਸਾਨਾਂ ਲਈ ਸ਼ਾਮ ਦਾ ਖਾਣਾ ਤਿਆਰ ਕਰਨਾ ਸੀ। ਉਸ ਆਪ ਵੀ ਧਾਈਂ ਦਾ ਪਿਛਲੇ ਸਾਲ ਨਾਲੋਂ ਵੱਡਾ ਢੇਰ ਤੱਕਿਆ ਸੀ। ਐਤਕੀਂ ਤੇ ਉਸ ਨੇ ਜ਼ਮੀਨ ਵਿਚ ਨਿਰਾ ਗੋਹਾ ਹੀ ਨਹੀਂ, ਪਰੰਤੂ ਕਾਰਖਾਨੇ ਦੀ ਬਣੀ ਖਾਦ ਵੀ ਪਾਈ ਸੀ।

**ਮਿੰਨੀ ਕਹਾਣੀ**

## ਰੀਝ

ਕਈ ਸਾਲਾਂ ਮਗਰੋਂ ਉਸ ਦੇ ਇਕਲੌਤੇ ਬੇਟੇ ਨੇ ਅੱਜ ਵਿਦੇਸ਼ੋਂ ਆਪਣੇ ਘਰ ਪਰਤਣਾ ਸੀ। ਅੱਜ ਉਹ ਆਪਣੀਆਂ ਲੱਤਾਂ ਵਿਚ ਜੋ ਵਡੇਰੀ ਉਮਰ ਹੋਣ ਕਰਕੇ ਨਿਰਜਿੰਦ ਹੋ ਗਈਆਂ ਸਨ, ਕੁਝ ਹਰਕਤ ਜਿਹੀ ਮਹਿਸੂਸ ਕਰ ਰਿਹਾ ਸੀ। ਉਸ ਨੇ ਥੋੜ੍ਹਾ ਜਿਹਾ ਜ਼ੋਰ ਲਾਇਆ, ਲੱਤਾਂ ਸਿੱਧੀਆਂ ਹੋ ਗਈਆਂ। ਕਾਫੀ ਦੇਰ ਉਹ ਇਸੀ ਤਰ੍ਹਾਂ ਢਿੱਲ੍ਹੀ ਜਿਹੀ ਮੰਜੀ 'ਤੇ ਬੈਠਾ ਇਹ ਸੋਚਦਾ ਰਿਹਾ ਕਿ ਹੁਣੇ ਹੀ ਉਸ ਦਾ ਬੇਟਾ ਆਏਗਾ ਤੇ ਮੇਰੇ ਪੈਰੀਂ ਹੱਥ ਲਾ ਕੇ ਕਹੇਗਾ, "ਮੱਥਾ ਟੇਕਦਾਂ ਬਾਪੂ ਜੀ।" ਪਰ ਮੈਂ ਉਠ ਕੇ ਉਸ ਨੂੰ ਸੀਨੇ ਨਾਲ ਲਾ ਲਵਾਂਗਾ, ਤੇ ਉਹ ਅੱਖੀਆਂ ਭਰ ਕੇ ਕਹੇਗਾ, "ਬਾਪੂ ਮੈਂ ਬਹੁਤ ਔਖਾ ਸਮਾਂ ਕੱਟਿਆ, ਹੁਣ ਨਹੀਂ ਜਾਵਾਂਗਾ ਕਿਸੇ ਬਾਹਰਲੇ ਦੇਸ਼, ਬਾਪੂ ਤੇਰੀ ਹੀ ਸੇਵਾ ਕਰਾਂਗਾ" ਤੇ ਮੈਂ ਉਸ ਨੂੰ ਹੋਰ ਘੁੱਟ ਕੇ ਸੀਨੇ ਨਾਲ ਲਾ ਲਵਾਂਗਾ।

ਦਰਵਾਜ਼ਾ ਖੜਕਿਆ, ਉਸ ਦੇ ਖਿਆਲਾਂ ਦੀ ਲੜੀ ਟੁੱਟੀ ਤੇ ਲੱਤਾਂ ਵਿਚ ਵੀ ਹਰਕਤ ਜਿਹੀ ਹੋਈ, ਹੁਣ ਉਹ ਖੜ੍ਹਾ ਹੋ ਕੇ ਆਪਣੇ ਬੇਟੇ ਨੂੰ ਜੱਫੀ ਵਿਚ ਲੈਣ ਲਈ ਤਿਆਰ ਹੋਣ ਲੱਗਾ। ਉਸ ਦੀ ਨੂੰਹ ਨੇ ਆ ਕੇ ਦਰਵਾਜ਼ਾ ਖੋਲਿਆ, ਉਸ ਦਾ ਬੇਟਾ ਸੱਚੀਂ ਹੀ ਆ ਗਿਆ ਸੀ। ਇਕ ਵੱਡਾ ਬੈਗ ਆਪਣੀ ਵਹੁਟੀ ਨੂੰ ਫੜਾਉਂਦਿਆਂ ਜਿਉਂ ਹੀ ਉਸ ਦੀ ਨਿਗਾਹ ਬਾਪੂ ਵੱਲ ਗਈ ਤੇ ਬੋਲਿਆ, "ਬਾਪੂ ਜੀ ਤੁਸੀਂ ਠੀਕ ਠਾਕ ਹੋ?" ਬਦਲੇ ਵਿਚ ਬਾਪੂ ਕੋਈ ਉਤਰ ਦਿੰਦਾ ਏਨੇ ਨੂੰ ਉਹ ਆਪਣੀ ਵਹੁਟੀ ਦੇ ਮਗਰੇ ਹੀ ਅੰਦਰ ਲੰਘ ਗਿਆ। ਬਾਪੂ ਨੇ ਉਸ ਵੱਲ ਬੜੀ ਹੀ ਰੀਝ ਨਾਲ ਵੇਖਿਆ ਤੇ ਹੰਝੂ ਡਿੱਗਣ ਤੋਂ ਪਹਿਲਾਂ ਹੀ ਉਹ ਢਿੱਲ੍ਹੀ ਜਿਹੀ ਮੰਜੀ ਵਿਚ ਸਮਾ ਗਿਆ ਤੇ ਟੁੱਟੀ ਹੋਈ ਖਿਆਲਾਂ ਦੀ ਲੜੀ ਨੂੰ ਫਿਰ ਤੋਂ ਜੋੜਨ ਦੀ ਕੋਸ਼ਿਸ਼ ਕਰਨ ਲੱਗਾ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

# ਪੁਸਤਕ 'ਗੋਲਡਨ ਗੋਲ' ਦੇ ਕੁਝ ਅੰਸ਼

*92 ਸਾਲ ਦੀ ਉਮਰ ਵਿਚ ਮੈਂ ਪਿੱਛਲਝਾਤ ਮਾਰਦਾਂ ਤਾਂ ਮੈਨੂੰ ਮੇਰਾ ਨਾਨਕਾ ਪਿੰਡ ਹਰੀਪੁਰ ਯਾਦ ਆ ਜਾਂਦੈ। ਮੈਂ ਪਿੰਡ ਦੇ ਨਿਆਣੇ ਖਿੱਦੋ-ਖੂੰਡੀ ਖੇਡਦੇ ਦੇਖੇ। ਲੀਰਾਂ ਦੀਆਂ ਮੜ੍ਹੀਆਂ ਖਿੱਦੋਆਂ ਹੁੰਦੀਆਂ ਤੇ ਰੁੱਖਾਂ ਤੋਂ ਵੱਢੀਆਂ ਖੂੰਡੀਆਂ। ਪੰਜ ਕੁ ਸਾਲ ਦਾ ਸਾਂ ਜਦੋਂ ਮੋਗੇ ਗਿਆ। ਉਥੇ ਮੇਰੇ ਪਿਤਾ ਜੀ ਅਧਿਆਪਕ ਸਨ। ਸਕੂਲ ਦੇ ਨਾਲ ਹੀ ਹਾਤਾ ਸੀ ਜਿਸ ਵਿਚ ਅਸੀਂ ਰਹਿੰਦੇ ਸਾਂ। ਮੈਂ ਬੂਹੇ 'ਚ ਬੈਠਾ ਮੁੰਡਿਆਂ ਨੂੰ ਸਕੂਲ ਦੇ ਮੈਦਾਨ ਵਿਚ ਖੇਡਦੇ ਦੇਖੀ ਜਾਂਦਾ। ਹਾਕੀ ਮੈਨੂੰ ਮੈਸਮਰਾਈਜ਼ ਕਰ ਦਿੰਦੀ ਤੇ ਮੈਨੂੰ ਸੁਰਤ ਨਾ ਰਹਿੰਦੀ ਕਿ ਧੁੱਪੇ ਬੈਠਾਂ ਜਾਂ ਛਾਵੇਂ? ਹਾਕੀ ਦੇਖਦਾ ਮੈਂ ਭੁੱਖ ਤੇਹ ਭੁੱਲ ਜਾਂਦਾ। ਫਿਰ ਮੇਰਾ ਜਨਮ ਦਿਨ ਆਇਆ। ਪਿਤਾ ਜੀ ਨੇ ਪੁੱਛਿਆ, "ਕਿਹੜਾ ਖਿਡਾਉਣਾ ਲੈਣਾ?" ਮੈਂ ਹਾਕੀ ਦੀ ਮੰਗ ਕੀਤੀ ਜੋ ਮੈਨੂੰ ਜਨਮ ਦਿਨ ਦੇ ਤੋਹਫ਼ੇ ਵਜੋਂ ਮਿਲੀ। ਉਹ ਦਿਨ ਤੇ ਆਹ ਦਿਨ, ਹਾਕੀ ਮੇਰਾ ਇਸ਼ਕ ਹੈ...।*

*ਮੈਂ ਸਮਝਦਾਂ ਮੇਰੇ 'ਤੇ ਰੱਬ ਦੀ ਰਹਿਮਤ ਹੈ ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇਜ਼ਤ ਕਰਨੀ ਸਿਖਾਈ। ਮੈਨੂੰ ਅਨੁਸਾਸ਼ਨ ਸਿਖਾਇਆ, ਹਾਰ ਸਹਿਣੀ ਤੇ ਜਿੱਤ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨਾਂ, ਟੀਮ ਸਾਥੀਆਂ, ਦੋਸਤਾਂ ਮਿੱਤਰਾਂ ਤੇ ਪਰਿਵਾਰ ਦੇ ਸਹਿਯੋਗ ਸਦਕਾ ਹਾਂ। ਮੈਂ ਆਪਣੀ ਪਤਨੀ ਸੁਸ਼ੀਲ ਦੇ ਸਹਿਯੋਗ ਬਿਨਾਂ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਤਾਂ ਕੀ ਪੁਲਿਸ ਖੇਡਾਂ ਦੇ ਮੈਡਲ ਵੀ ਨਹੀਂ ਸੀ ਜਿੱਤ ਸਕਦਾ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹੀ ਹਨ। ਮੈਂ ਅਕਸਰ ਆਖਦਾ ਹਾਂ ਮੇਰੀ ਇਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ। ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।*

*-ਬਲਬੀਰ ਸਿੰਘ*

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਉਥੇ ਹਾਲੈਂਡ ਵਿਰੁਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦਾ ਰਿਕਾਰਡ ਹੈ। ਉਸ ਤੋਂ ਪਹਿਲਾਂ ਫਾਈਨਲ ਮੈਚ ਵਿਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਇੰਗਲੈਂਡ ਦੇ ਰੈਗੀ ਪ੍ਰਿਡਮੋਟ ਦਾ ਸੀ।

## ਪ੍ਰਿੰ. ਸਰਵਣ ਸਿੰਘ

ਉਸ ਨੇ ਲੰਡਨ-1908 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ 8 ਵਿਚੋਂ 4 ਗੋਲ ਕੀਤੇ ਸਨ। ਬਰਲਿਨ-1936 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਵਿਚ ਧਿਆਨ ਚੰਦ ਦੇ 8 ਵਿਚੋਂ 3 ਗੋਲ ਸਨ। ਬਲਬੀਰ ਸਿੰਘ ਦਾ ਰਿਕਾਰਡ ਪਤਾ ਨਹੀਂ ਕਦੋਂ ਟੁੱਟੇ?

***

ਬਲਬੀਰ ਸਿੰਘ ਦਾ ਜਨਮ 31 ਦਸੰਬਰ 1923 ਨੂੰ ਉਸ ਦੇ ਨਾਨਕੇ ਪਿੰਡ ਹਰੀਪੁਰ ਵਿਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਹੈ। ਦੋਵੇਂ ਪਿੰਡ ਤਹਿਸੀਲ ਫਿਲੌਰ ਵਿਚ ਹਨ। ਉਸ ਦਾ ਦਾਦਕਾ ਗੋਤ ਦੁਸਾਂਝ ਹੈ ਤੇ ਨਾਨਕਾ ਧਨੋਆ। ਉਹਦੇ ਸਹੁਰੇ ਲਹੌਰੀਏ ਸੰਧੂ ਹਨ ਜਿਨ੍ਹਾਂ ਦਾ ਪਿਛਲਾ ਪਿੰਡ ਭੜਾਣਾ ਸੀ। ਉਸ ਦੇ ਤਿੰਨੇ ਪੁੱਤਰ ਕੈਨੇਡੀਅਨ ਹਨ ਜਿਨ੍ਹਾਂ ਦੀਆਂ ਪਤਨੀਆਂ ਸਿੰਘਾਪੁਰ, ਚੀਨ ਤੇ ਯੂਕਰੇਨ ਤੋਂ ਹਨ। ਉਹਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ। ਇਹ ਬੰਸਾਵਲੀ ਬਲਬੀਰ ਸਿੰਘ ਤੋਂ ਉਪਰ ਤੁਰਦੀ ਦਲੀਪ ਸਿੰਘ, ਬਸੰਤ ਸਿੰਘ, ਜੈਮਲ ਸਿੰਘ, ਦਲ ਸਿੰਘ, ਚੜ੍ਹਤ ਸਿੰਘ, ਗੁਰ ਸਿੰਘ, ਜੱਸੂ, ਦਲਪਤ, ਬਿਧੀ ਚੰਦ, ਡੱਲਾ, ਰਜਾਣੀਆਣ, ਸਾਬਾ ਤੇ ਦੁਸਾਂਝ ਤੋਂ ਹੁੰਦੀ ਹੋਈ ਸਰੋਇਆ ਤਕ ਜਾਂਦੀ ਹੈ।

***

ਭੂਪਿੰਦਰਾ ਖਾਲਸਾ ਸਕੂਲ ਮੋਗੇ ਦੇ ਸਾਲਾਨਾ ਸਮਾਗਮ ਉਤੇ ਪਟਿਆਲੇ ਦਾ ਮਹਾਰਾਜਾ ਭੂਪਿੰਦਰ ਸਿੰਘ ਇਨਾਮ ਵੰਡਣ ਆਇਆ। ਉਸ ਦਾ ਚੂੜੀਦਾਰ ਪਜਾਮਾ ਬਲਬੀਰ ਹੋਰਾਂ ਨੂੰ ਜਚ ਗਿਆ। ਉਹਦੇ ਦੋਸਤਾਂ ਨੇ ਹਾਤੇ ਵਿਚ ਡਰਾਮਾ ਖੇਡਣ ਦੀ ਸਕੀਮ ਬਣਾਈ ਜਿਸ ਵਿਚ ਇਕ ਜਣੇ ਨੇ ਚੂੜੀਦਾਰ ਪਜਾਮਾ ਪਾ ਕੇ ਮਹਾਰਾਜੇ ਦਾ ਰੋਲ ਕਰਨਾ ਸੀ। ਉਨ੍ਹਾਂ ਨੇ ਬਜ਼ਾਰ 'ਚੋਂ ਚੂੜੀਦਾਰ ਪਜਾਮਾ ਖਰੀਦ ਲਿਆ ਤੇ ਡਰਾਮਾ ਵਿਖਾਉਣ ਦੀ ਟਿਕਟ ਦੋ ਆਨੇ ਰੱਖ ਲਈ।

ਡਰਾਮੇ ਵਾਲੇ ਦਿਨ ਦਰਸ਼ਕਾਂ ਨਾਲ ਹਾਤਾ ਭਰ ਗਿਆ। ਮੱਛਰਦਾਨੀ ਦੀਆਂ ਸੋਟੀਆਂ ਖੜ੍ਹੀਆਂ ਕਰ ਕੇ ਮੱਛਰਦਾਨੀ ਦਾ ਹੀ ਪਰਦਾ ਬਣਾ ਲਿਆ। ਪਰਦਾ ਉਠਣ ਵਾਲਾ ਸੀ ਕਿ ਬਲਬੀਰ ਸਿੰਘ ਤੇ ਇਕ ਹੋਰ ਮੁੰਡਾ ਚੂੜੀਦਾਰ ਪਜਾਮਾ ਪਾਉਣ ਲਈ ਲੜ ਪਏ। ਦੋਵੇਂ ਮਹਾਰਾਜੇ ਦਾ ਰੋਲ ਕਰਨਾ ਚਾਹੁੰਦੇ ਸਨ ਪਰ ਪਜਾਮਾ ਇਕੋ ਸੀ। ਇਕ ਜਣੇ ਨੇ ਆਪਣੀ ਲੱਤ ਇਕ ਪੌਂਚੇ 'ਚ ਫਸਾ ਲਈ ਤੇ ਦੂਜੇ ਨੇ ਦੂਜੇ ਪੌਂਚੇ ਵਿਚ। ਦੋਵੇਂ ਨੰਗ ਧੜੰਗੇ! ਲੱਗ ਪਏ ਪਜਾਮਾ ਆਪੋ ਆਪਣੇ ਵੱਲ ਖਿੱਚਣ। ਉਧਰੋਂ ਪਰਦਾ ਚੁੱਕਿਆ ਗਿਆ। ਜੋ ਸੀਨ ਦਰਸ਼ਕਾਂ ਨੂੰ ਦਿਸਿਆ ਉਹ ਹੱਸ-ਹੱਸ ਵੱਖੀਆਂ ਤੁੜਾਉਣ ਵਾਲਾ ਸੀ। ਖਿੱਚਾਧੂਹੀ ਵਿਚ ਚੂੜੀਦਾਰ ਪਜਾਮੇ ਨਾਲ ਜੋ ਭਾਣਾ ਵਰਤਣਾ ਸੀ, ਵਰਤ ਗਿਆ। ਪਜਾਮਾ ਭਾਵੇਂ ਵਿਚਕਾਰੋਂ ਪਾਟ ਗਿਆ ਤੇ ਦੋਹਾਂ ਦੇ ਹਿੱਸੇ-ਹਿੱਸੇ ਬਹਿੰਦਾ ਇਕ-ਇਕ ਪੌਂਚਾ ਆ ਵੀ ਗਿਆ ਪਰ ਦੋਵੇਂ 'ਮਹਾਰਾਜੇ' ਇਕ ਇਕ ਲੱਤ ਪਜਾਮੇ 'ਚ ਫਸਾਈ ਇਕ ਦੂਜੇ ਦੇ ਜੁੰਡਿਆਂ ਨੂੰ ਪੈ ਗਏ!

ਆਖਰ ਮਾਪਿਆਂ ਨੇ ਉਨ੍ਹਾਂ ਨੂੰ ਛੁਡਾਇਆ। ਬਲਬੀਰ ਸਿੰਘ ਦੀ ਮਾਤਾ ਨੇ ਆਂਢਣਾਂ-ਗੁਆਂਢਣਾਂ ਤੋਂ ਮੁਆਫੀ ਮੰਗਦਿਆਂ ਕਿਹਾ, "ਭੈਣ ਜੀ, ਸਾਡੇ ਮੁੰਡਿਆਂ ਨੇ ਥੋਡੀਆਂ ਦੁਆਨੀ-ਦੁਆਨੀ ਦੀਆਂ ਟਿਕਟਾਂ ਦਾ ਮੁੱਲ ਨ੍ਹੀਂ ਮੋੜਿਆ। ਡਰਾਮਾ ਨੀ ਦਿਖਾਇਆ ਗਿਆ। ਮਾਫ ਕਰ ਦਿਓ ਬੱਚਿਆਂ ਨੂੰ।" ਅੱਗੋਂ ਗੁਆਂਢਣਾਂ ਨੇ ਕਿਹਾ, "ਭੈਣ ਜੀ ਮਾਫੀ ਕਾਹਦੀ? ਬੱਚਿਆਂ ਨੇ ਤਾਂ ਦੁਆਨੀ ਦੁਆਨੀ 'ਚ ਉਹ ਡਰਾਮਾ ਦਿਖਾਤਾ ਜਿਹੜਾ ਸਾਨੂੰ ਦੋ ਦੋ ਰੁਪਏ ਦੀਆਂ ਟਿਕਟਾਂ ਨਾਲ ਵੀ ਨਹੀਂ ਸੀ ਦਿਸਣਾ!"

***

ਮੁੱਕੇਬਾਜ਼ ਮੁਹੰਮਦ ਅਲੀ ਨੇ ਚਾਰ ਵਿਆਹ ਕਰਾਏ। ਤਿੰਨਾਂ ਨੂੰ ਤਲਾਕ ਦਿੱਤਾ ਚੌਥੀ ਨਾਲ ਨਿਭਿਆ। ਬਲਬੀਰ ਸਿੰਘ ਦੀਆਂ ਤਿੰਨ ਮੰਗਣੀਆਂ ਹੋਈਆਂ ਜੋ ਸਿਰੇ ਨਾ ਚੜ੍ਹੀਆਂ। ਵਿਆਹ ਚੌਥੀ ਥਾਂ ਹੋਇਆ ਜਿਥੇ ਮੰਗਣੀ ਨਹੀਂ ਸੀ ਹੋਈ। ਮੋਗਿਓਂ ਚੜ੍ਹੀ ਜੰਨ ਅਜੇ ਲਾਹੌਰ ਨਹੀਂ ਸੀ ਢੁੱਕੀ ਕਿ ਲਾੜਾ ਕੋਠੀ ਦੇ ਪਿਛਲੇ ਬੂਹੇ ਥਾਣੀ ਸਹੁਰੇ ਘਰ ਸੀ। ਏਨੇ ਕਾਹਲੇ ਨੂੰ ਫਿਰ ਸਾਲੀਆਂ ਦੇ ਮਖੌਲ ਤਾਂ ਸੁਣਨੇ ਈ ਪੈਣੇ ਸਨ!

***

ਬਲਬੀਰ ਸਿੰਘ ਪੁਲਿਸ ਦੀ ਭਰਤੀ ਤੋਂ ਬਚਦਾ ਅੰਮ੍ਰਿਤਸਰੋਂ ਦਿੱਲੀ ਦੌੜ ਗਿਆ। ਝੋਰਾ ਸੀ ਤਾਂ ਇਹੋ ਕਿ ਐਮ. ਏ. ਕਰਨੀ ਵਿਚਾਲੇ ਰਹਿ ਗਈ। ਸੁਸ਼ੀਲ ਨਾਲ ਪ੍ਰੇਮ ਪੱਤਰ ਚੱਲ ਰਿਹਾ ਸੀ। ਉਹ ਸੁਫਨੇ ਲੈ ਰਿਹਾ ਸੀ ਕਿ ਸੁਸ਼ੀਲ ਨਾਲ ਵਿਆਹ ਕਰਾਵੇਗਾ ਤੇ ਸੁਸ਼ੀਲ ਲਾਹੌਰ ਤੋਂ ਦਿੱਲੀ ਆ ਜਾਵੇਗੀ...। ਉਹ ਭਾਰਤ ਵਲੋਂ ਖੇਡੇਗਾ। ਓਲੰਪਿਕ ਖੇਡਾਂ ਵਿਚ ਜਾਵੇਗਾ ਤੇ ਮੈਡਲ ਜਿੱਤੇਗਾ...ਸੁਫਨਿਆਂ ਵਿਚ ਮਸਤ ਸੀ ਕਿ ਕਿਸੇ ਨੇ ਬੂਹਾ ਠਕੋਰਿਆ। ਕੌਣ ਹੋ ਸਕਦਾ ਸੀ ਇਸ ਵੇਲੇ? ਕੀ ਪਤਾ ਸੁਸ਼ੀਲ ਹੀ ਆ ਗਈ ਹੋਵੇ?

ਉਸ ਨੇ ਕੱਚੀ ਨੀਂਦੇ ਉਠਦਿਆਂ ਬੂਹਾ ਖੋਲ੍ਹਿਆ। ਸਾਹਮਣੇ ਬਾਵਰਦੀ ਪੁਲਿਸ ਸਾਰਜੈਂਟ ਸੀ। ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ, "ਲਾ ਲਓ ਹੱਥਕੜੀ।" ਬਲਬੀਰ ਸਿੰਘ ਹੱਕਾ-ਬੱਕਾ ਰਹਿ ਗਿਆ। ਉਸ ਨੇ ਪੁੱਛਿਆ, "ਕਿਹੜੇ ਜੁਰਮ ਵਿਚ?" ਸਾਰਜੈਂਟ ਨੇ ਕਿਹਾ, "ਜਲੰਧਰ ਜਾ ਕੇ ਦੱਸਾਂਗੇ। ਅਸੀਂ ਜਲੰਧਰੋਂ ਆਏ ਆਂ। ਸਮਝ ਗਿਆ ਹੋਵੇਂਗਾ ਸਾਰੀ ਗੱਲ!"

ਉਸ ਨੂੰ ਹੱਥਕੜੀ ਲਾ ਕੇ ਪੁਲਿਸ ਪਾਰਟੀ ਰਾਤ ਦੇ ਹਨੇਰੇ ਵਿਚ ਹੀ ਰੇਲਵੇ ਸਟੇਸ਼ਨ 'ਤੇ ਪਹੁੰਚੀ ਅਤੇ ਅੰਮ੍ਰਿਤਸਰ ਵਾਲੀ ਗੱਡੀ ਚੜ੍ਹ ਗਈ। 'ਗੋਲ ਕਿੰਗ' ਬਣਨਾ ਉਸ ਦਾ ਜੁਰਮ ਬਣ ਗਿਆ! ਰਾਹ ਵਿਚ ਬਲਬੀਰ ਸਿੰਘ ਨੇ ਹੱਥਕੜੀ ਖੋਲ੍ਹਣ ਲਈ ਕਿਹਾ ਤਾਂ ਜਵਾਬ ਮਿਲਿਆ, "ਉਤੋਂ ਹੁਕਮ ਹੈ, ਪਈ ਜਲੰਧਰ ਲਿਆ ਕੇ ਈ ਖੋਲ੍ਹਣੀ। ਉਹਦਾ ਪਤਾ ਨ੍ਹੀਂ ਰਾਹ 'ਚ ਫੇਰ ਨਾ ਡਾਜ ਮਾਰ ਜੇ!"

***

1947 ਦੇ ਖੂਨੀ ਦਿਨ ਸਨ। ਅਚਾਨਕ ਬਲਬੀਰ ਸਿੰਘ ਨਾਲ ਵੀ ਇਕ ਦੁਰਘਟਨਾ ਵਾਪਰ ਗਈ। ਜੇ ਰਾਈਫਲ 'ਚੋਂ ਨਿਕਲੀ ਗੋਲੀ ਰਤਾ ਕੁ ਨੀਵੀਂ ਹੁੰਦੀ ਤਾਂ ਨਾ ਬਲਬੀਰ ਸਿੰਘ ਬਚਦਾ ਤੇ ਨਾ ਉਹਤੋਂ ਓਲੰਪਿਕ ਖੇਡਾਂ ਦਾ 'ਗੋਲਡਨ ਹੈਟ ਟ੍ਰਿਕ' ਵੱਜਦਾ। ਪਰ ਬਲਬੀਰ ਸਿੰਘ ਕਿਸਮਤ ਦਾ ਬਲੀ ਨਿਕਲਿਆ ਜੋ ਲੰਮੀ ਉਮਰ ਜਿਊਣ ਲਈ ਮੌਤ ਦੇ ਹੱਥ ਆਉਣੋਂ ਬਚ ਗਿਆ। ਗੋਲੀ ਉਹਦੇ ਮੱਥੇ ਉਪਰ ਦੀ ਵਾਲਾਂ ਨੂੰ ਛੋਂਹਦੀ ਪੱਗ ਵਿਚ ਦੀ ਨਿਕਲ ਗਈ ਸੀ!

***

ਬਲਬੀਰ ਸਿੰਘ ਦੀ ਪੁਲਿਸ ਪਾਰਟੀ ਬੱਦੋਵਾਲ ਗਈ। ਉਥੇ ਹਾਦਸਾ ਵਾਪਰਿਆ ਸੀ। ਇਕ ਔਰਤ ਆਪਣੇ ਦੋ ਬੱਚਿਆਂ ਨਾਲ ਬੱਸ ਤੋਂ ਉਤਰੀ ਸੀ। ਬੱਚਿਆਂ ਦਾ ਬਾਪ ਲਾਇਲਪੁਰ ਵੱਲ ਹਮਲਾਵਰਾਂ ਹੱਥੋਂ ਮਾਰਿਆ ਗਿਆ ਸੀ। ਔਰਤ ਬੱਚਿਆਂ ਨੂੰ ਬਚਾਈ ਕਿਵੇਂ ਨਾ ਕਿਵੇਂ ਆਪਣੇ ਪੇਕੇ ਪਹੁੰਚ ਗਈ ਸੀ। ਪੇਕੇ ਉਥੋਂ ਦੋ ਮੀਲ ਦੂਰ ਸਨ। ਔਰਤ ਨੇ ਭੁੱਖ ਨਾਲ ਬੇਹਾਲ ਹੋਏ ਬੱਚਿਆਂ ਨੂੰ ਰੁੱਖ ਦੀ ਛਾਂਵੇਂ ਬਹਾ ਕੇ ਬਚਦੀ ਰੋਟੀ ਖੁਆਈ। ਫਿਰ ਸਮਾਨ ਦੀ ਗੱਠੜੀ ਸਿਰ 'ਤੇ ਰੱਖੀ ਤੇ ਬੱਚਿਆਂ ਨੂੰ ਉਂਗਲ ਲਾ ਕੇ ਸੜਕ ਪਾਰ ਕਰਨ ਲੱਗੀ ਤਾਂ ਇਕ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਨੂੰ ਕੁਚਲ ਦਿੱਤਾ। ਲਾਸ਼ਾਂ ਦੇ ਸਮਾਨ ਤੇ ਟਿਕਟਾਂ ਤੋਂ ਪਤਾ ਲੱਗਾ ਕਿ ਉਹ ਬਾਰ 'ਚੋਂ ਉਜੜ ਕੇ ਆਏ ਸਨ। ਤੀਜੇ ਦਿਨ ਔਰਤ ਦੇ ਮਾਪੇ ਠਾਣੇ ਆਏ ਤੇ ਦੱਸਿਆ ਕਿ ਉਨ੍ਹਾਂ ਦੀ ਅਭਾਗੀ ਧੀ ਤੇ ਬੱਚਿਆਂ ਨੇ ਉਨ੍ਹਾਂ ਕੋਲ ਹੀ ਆਉਣਾ ਸੀ। ਉਹ ਮਾਰ-ਧਾੜ 'ਚੋਂ ਤਾਂ ਬਚ ਆਏ ਸਨ ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਹੋਣੀ ਪੇਕਿਆਂ ਕੋਲ ਹੀ ਸ਼ਹਿ ਲਾ ਕੇ ਬੈਠੀ ਸੀ!

***

ਬਲਬੀਰ ਸਿੰਘ ਦੇ ਦੋਸਤ ਗੁਰਿੰਦਰ ਨੇ ਮੋਗੇ ਦੀ ਇਕ ਮਾਈ ਦੀ ਗੱਲ ਦੱਸੀ। ਉਹ ਹਾਰਾਂ ਨਾਲ ਲੱਦੇ ਬਲਬੀਰ ਸਿੰਘ ਤੇ ਸੁਸ਼ੀਲ ਨੂੰ ਵੇਖ ਰਹੀ ਸੀ। ਲੋਕ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ। ਹੈਰਾਨ ਹੋਈ ਮਾਈ ਨੇ ਗੁਰਿੰਦਰ ਨੂੰ ਪੁੱਛਿਆ, "ਬੇਟਾ, ਇਹ ਕਿਹੜੇ ਸ਼ਹਿਜ਼ਾਦੇ ਦਾ ਵਿਆਹ ਹੋਇਐ?" ਗੁਰਿੰਦਰ ਨੇ ਕਿਹਾ, "ਮਾਤਾ, ਇਹ ਵਿਆਹ ਨ੍ਹੀਂ ਕਿਸੇ ਸ਼ਹਿਜ਼ਾਦੇ ਦਾ। ਇਹ ਤਾਂ ਗਿਆਨੀ ਦਲੀਪ ਸਿੰਘ ਦਾ ਲੜਕਾ ਬਲਬੀਰ ਲੰਡਨ ਦੀਆਂ ਖੇਡਾਂ 'ਚੋਂ ਹਾਕੀ ਦਾ ਗੋਲਡ ਮੈਡਲ ਜਿੱਤ ਕੇ ਲਿਆਇਆ। ਲੋਕ ਉਹਦਾ ਸਵਾਗਤੀ ਜਲੂਸ ਕੱਢਦੇ ਆ।" ਮਾਈ ਨੇ ਹੈਰਾਨੀ ਪਰਗਟ ਕੀਤੀ, "ਲੈ ਇਹਦੇ ਮੂੰਹ 'ਤੇ ਤਾਂ



*ਓਲੰਪੀਅਨ ਬਲਬੀਰ ਸਿੰਘ ਅਤੇ ਪ੍ਰਿੰ. ਸਰਵਣ ਸਿੰਘ*

ਦਾੜ੍ਹੀ ਆਈ ਹੋਈ ਐ। ਇਹ ਅਜੇ ਵੀ ਖੇਡੀ ਜਾਂਦੈ!"

***

ਲਾਸ ਏਂਜਲਸ-1984 ਦੀਆਂ ਓਲੰਪਿਕ ਖੇਡਾਂ ਵਿਚ ਭਾਰਤ/ਅਮਰੀਕਾ ਦਾ ਹਾਕੀ ਮੈਚ ਹੋਣ ਲੱਗਾ ਤਾਂ ਕੁਝ ਭਾਰਤੀ ਦਰਸ਼ਕਾਂ ਨੇ ਤਿਰੰਗੇ ਚੁੱਕੇ ਹੋਏ ਸਨ। ਅਸ਼ਵਨੀ ਕੁਮਾਰ ਹੋਰੀਂ ਉਪਰਲੀਆਂ ਸੀਟਾਂ ਉਪਰ ਬੈਠੇ ਸਨ ਤੇ ਬਲਬੀਰ ਸਿੰਘ ਇਕ ਕਤਾਰ ਹੇਠਾਂ ਬੈਠਾ ਸੀ। 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਾਉਂਦੇ ਇਕ ਨੌਜੁਆਨ ਨੇ ਕਿਸੇ ਕੋਲੋਂ ਤਿਰੰਗਾ ਖੋਹਿਆ ਤੇ ਪੈਰਾਂ ਹੇਠ ਮਸਲਣ ਲੱਗਾ। ਬਲਬੀਰ ਸਿੰਘ ਨੇ ਭੱਜ ਕੇ ਝੰਡਾ ਉਸ ਦੇ ਪੈਰਾਂ ਹੇਠੋਂ ਖਿੱਚ ਲਿਆ। ਉਹ ਉਸ ਝੰਡੇ ਦੀ ਬੇਅਦਬੀ ਨਾ ਸਹਿ ਸਕਿਆ ਜੋ ਉਹ ਓਲੰਪਿਕ ਖੇਡਾਂ ਵਿਚ ਝੁਲਾਉਂਦਾ ਰਿਹਾ ਸੀ। ਖਾਲਿਸਤਾਨੀ ਨੌਜੁਆਨ ਨੇ ਕਸ਼ਮਕਸ਼ ਵਿਚ ਤਿਰੰਗਾ ਪਾੜਨਾ ਚਾਹਿਆ। ਤਦ ਤਕ ਪੁਲਿਸ ਆ ਗਈ ਜਿਸ ਨੇ ਸਥਿਤੀ ਸੰਭਾਲ ਲਈ। ਪਰ ਬਲਬੀਰ ਸਿੰਘ ਉਸ ਦੀਆਂ ਅੱਖਾਂ ਵਿਚ ਰੜਕਣ ਲੱਗਾ।

ਲਾਸ ਏਂਜਲਸ ਤੋਂ ਉਹ ਆਪਣੇ ਪੁੱਤਰਾਂ ਨੂੰ ਮਿਲਣ ਵੈਨਕੂਵਰ ਗਿਆ ਤਾਂ ਕੁਝ ਸ਼ੁਭਚਿੰਤਕਾਂ ਨੇ ਕਿਹਾ ਕਿ ਉਸ ਨੇ ਤਿਰੰਗੇ ਲਈ ਐਵੇਂ ਰਿਸਕ ਲਿਆ ਹੈ। ਕੈਨੇਡਾ/ਅਮਰੀਕਾ ਵਿਚ ਖਾਲਿਸਤਾਨੀ ਹਵਾ ਹੈ। ਉਸ ਨੂੰ ਬਚ ਕੇ ਰਹਿਣਾ ਚਾਹੀਦੈ। ਉਹ ਭਾਰਤ ਪਰਤਣ ਲਈ ਹਵਾਈ ਜਹਾਜ ਚੜ੍ਹਿਆ। 2 ਨਵੰਬਰ 1984 ਦਾ ਦਿਨ ਸੀ। ਟੋਕੀਓ ਦੇ ਹਵਾਈ ਅੱਡੇ 'ਤੇ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਬਾਡੀ ਗਾਰਡਾਂ ਨੇ ਕਤਲ ਕਰ ਦਿੱਤੈ। ਦਿੱਲੀ ਵਿਚ ਸਿੱਖਾਂ ਦੀ ਜਾਨ ਖਤਰੇ ਵਿਚ ਹੈ। ਕੁਝ ਸਿੱਖ ਮੁਸਾਫਿਰ ਟੋਕੀਓ ਰੁਕ ਗਏ ਪਰ ਬਲਬੀਰ ਸਿੰਘ ਨਾ ਰੁਕਿਆ।

ਲਾਸ ਏਂਜਲਸ ਵਿਚ ਜਿਹੋ ਜਿਹਾ ਖਤਰਾ ਸਹੇੜਿਆ ਸੀ ਉਹੋ ਜਿਹਾ ਖਤਰਾ ਸਹੇੜਨ ਉਹ ਦਿੱਲੀ ਨੂੰ ਚੱਲ ਪਿਆ। ਉਸ ਨੇ ਧੀ ਸੁਸ਼ਬੀਰ ਤੇ ਜੁਆਈ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਪਾਸ ਦਿੱਲੀ ਆਉਣਾ ਸੀ। ਉਹ ਖੁਦ ਸਿੱਖਾਂ ਦੇ ਕਤਲੇਆਮ ਤੋਂ ਘਬਰਾਏ ਹੋਏ ਸਨ। ਮਲਵਿੰਦਰ ਸਿੰਘ ਦਾ ਛੋਟਾ ਭਰਾ ਗੁਰਿੰਦਰਜੀਤ ਸਿੰਘ ਬੀ. ਐਸ. ਐਫ. ਵਿਚ ਅਫਸਰ ਸੀ। ਉਸ ਦੀ ਡਿਊਟੀ ਲਾਈ ਗਈ ਕਿ ਉਹ ਹਵਾਈ ਅੱਡੇ 'ਤੇ ਜਾਵੇ ਤੇ ਬਲਬੀਰ ਸਿੰਘ ਨੂੰ ਲਿਆਵੇ। ਕੈਸੇ ਦਿਨ ਆ ਗਏ ਸਨ! ਉਹ ਓਲੰਪਿਕ ਮੈਡਲ ਜਿੱਤ ਕੇ ਮੁੜਦਾ ਸੀ ਤਾਂ ਨਾਇਕਾਂ ਵਾਲਾ ਸਵਾਗਤ ਹੁੰਦਾ ਸੀ। ਪਰ ਅੱਜ? ਪੱਗ ਦਾੜ੍ਹੀ ਕਰਕੇ ਉਸ ਦੀ ਜਾਨ ਖਤਰੇ ਵਿਚ ਸੀ!

ਸਿਰੋਂ ਮੋਨੇ ਗੁਰਿੰਦਰਜੀਤ ਨੇ ਬਲਬੀਰ ਸਿੰਘ ਨੂੰ ਗੱਡੀ ਵਿਚ ਬਿਠਾ ਕੇ ਪਰਦਾ ਤਾਣਨਾ ਤੇ ਪੱਗ ਢਕਣੀ ਚਾਹੀ ਤਾਂ ਬਲਬੀਰ ਸਿੰਘ ਨੇ ਰੋਕਿਆ ਕਿ ਇਥੇ ਮੈਨੂੰ ਕਾਹਦਾ ਖਤਰਾ ਹੈ? ਤਿਰੰਗੇ ਦੀ ਇੱਜ਼ਤ ਤੇ ਸਨਮਾਨ ਲਈ ਖਤਰੇ ਸਹੇੜਨ ਵਾਲੇ ਜ਼ਿੰਦਾਦਿਲ ਖਿਡਾਰੀ ਨੂੰ ਨਹੀਂ ਸੀ ਪਤਾ ਕਿ ਲਾਸ ਏਂਜਲਸ ਤੇ ਵੈਨਕੂਵਰ ਵਿਚਲੇ ਖਤਰਿਆਂ ਤੋਂ ਤਾਂ ਉਹ ਬਚ ਆਇਆ ਸੀ ਪਰ ਦਿੱਲੀ ਵਿਚਲਾ ਖਤਰਾ ਉਸ ਨੂੰ ਬਰੂਹਾਂ ਉਤੇ ਉਡੀਕ ਰਿਹਾ ਸੀ! ਇਹ ਤਾਂ ਗੁਰਿੰਦਰਜੀਤ ਦੀ ਹਿੰਮਤ ਸੀ ਕਿ ਉਹ ਬਲਬੀਰ ਸਿੰਘ ਨੂੰ ਸੁਰੱਖਿਅਤ ਲੈ ਆਇਆ।

ਫਿਰ ਉਸ ਨੂੰ ਕਰਾਚੀ ਸੱਦਿਆ ਗਿਆ। ਲਾਸ ਏਂਜਲਸ ਤੋਂ ਪਾਕਿਸਤਾਨ ਦੀ ਹਾਕੀ ਟੀਮ ਨੇ ਗੋਲਡ ਮੈਡਲ ਜਿੱਤਿਆ ਸੀ। ਕਰਾਚੀ ਵਿਚ ਓਲੰਪਿਕ ਜੇਤੂ ਟੀਮ ਦਾ ਰੈਸਟ ਆਫ ਵਰਲਡ ਦੀ ਹਾਕੀ ਟੀਮ ਨਾਲ ਮੈਚ ਕਰਾਉਣਾ ਸੀ। ਬਲਬੀਰ ਸਿੰਘ ਨੂੰ ਰੈਸਟ ਆਫ ਵਰਲਡ ਟੀਮ ਦਾ ਮੈਨੇਜਰ ਬਣਾਇਆ ਗਿਆ ਜਿਸ ਵਿਚ ਪੰਜ ਮੁਲਕਾਂ ਦੇ ਖਿਡਾਰੀ ਸ਼ਾਮਲ ਕੀਤੇ ਗਏ। ਉਨ੍ਹੀਂ ਦਿਨੀਂ ਭਾਰਤ-ਪਾਕਿਸਤਾਨ ਸਬੰਧ ਸੁਖਾਵੇਂ ਨਹੀਂ ਸਨ। ਮੈਚ ਸਮੇਂ ਪਾਕਿਸਤਾਨ ਦਾ ਪ੍ਰੈਜ਼ੀਡੈਂਟ ਜਨਰਲ ਜ਼ਿਆ ਉਲ ਹੱਕ ਸਟੇਡੀਅਮ ਵਿਚ ਮੌਜੂਦ ਸੀ। ਉਸ ਨੇ ਬਲਬੀਰ ਸਿੰਘ ਨੂੰ ਆਪਣੇ ਪਾਸ ਸੱਦਦਿਆਂ ਕਿਹਾ, "ਬਲਬੀਰ ਸਿੰਘ ਮੇਰੇ ਕੋਲ ਆਓ, ਆਪਾਂ ਇਕੋ ਪਿੰਡ ਦੇ ਹਾਂ। ਤੁਸੀਂ ਵੀ ਜ਼ਿਲ੍ਹਾ ਜਲੰਧਰ ਦੇ ਓਂ, ਤੇ ਮੈਂ ਵੀ ਜਲੰਧਰ ਦੀ ਬਸਤੀ ਦਾ ਹਾਂ।"

ਅਪਣੱਤ ਭਰੇ ਸੱਦੇ ਨਾਲ ਬਲਬੀਰ ਸਿੰਘ ਜਨਰਲ ਕੋਲ ਜਾ ਬੈਠਾ। ਜ਼ਿਆ ਉਲ ਹੱਕ ਨੇ ਅਮਲੇ ਨੂੰ ਹੁਕਮ ਕੀਤਾ ਕਿ ਬਲਬੀਰ ਸਿੰਘ ਨੂੰ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣੇ ਨੇ। ਹਾਫ ਟਾਈਮ ਵੇਲੇ ਬਲਬੀਰ ਸਿੰਘ ਮੈਦਾਨ 'ਚ ਗਿਆ ਤਾਂ ਸਟੈਂਡਾਂ ਤੋਂ 'ਬਲਬੀਰ ਸਿੰਘ ਜ਼ਿੰਦਾਬਾਦ' ਦੇ ਨਾਹਰੇ ਲੱਗਣ ਲੱਗੇ। ਉਸ ਨੇ ਹੱਥ ਹਿਲਾ ਕੇ ਸ਼ੁਕਰੀਆ ਅਦਾ ਕੀਤਾ। ਉਹ ਬਾਹਰ ਆਉਣ ਲੱਗਾ ਤਾਂ ਹਜੂਮ ਨੇ 'ਇੰਡੀਆ ਮੁਰਦਾਬਾਦ' ਦਾ ਨਾਹਰਾ ਲਾ ਦਿੱਤਾ ਜਿਸ ਲਈ ਬਲਬੀਰ ਸਿੰਘ ਨੇ ਸਿਰ ਫੇਰ ਕੇ ਉਨ੍ਹਾਂ ਨੂੰ ਅਜਿਹਾ ਕਰਨੋ ਰੋਕਿਆ। ਉਨ੍ਹਾਂ ਨੇ ਕਿਹਾ, "ਸਰਦਾਰ ਜੀ, ਅਸੀਂ ਤਾਂ ਤੁਹਾਨੂੰ ਖਾਲਿਸਤਾਨ ਦੇ ਰਹੇ ਹਾਂ, ਤੁਸੀ ਪਸੰਦ ਨਹੀਂ ਕਰ ਰਹੇ।" ਬਲਬੀਰ ਸਿੰਘ ਦਾ ਜਵਾਬ ਸੀ, "ਤੁਸੀ ਖਾਲਿਸਤਾਨ ਦੇ ਸਕਦੇ ਹੁੰਦੇ ਤਾਂ ਆਪਣਾ ਬੰਗਲਾ ਦੇਸ਼ ਨਾ ਖੁਹਾਉਂਦੇ!"

## ਗੁਰੂ ਜੀ ਦਾ ਖਾਲਸਾ

ਪਹੁਲ ਖੰਡੇ ਧਾਰ ਛਕ, ਗੁਰੂ ਜੀ ਦੇ ਲੜ ਲੱਗੇ,
ਗੁਰੂ ਦਿਆਂ ਚਰਨਾਂ ਤੋਂ ਸਭ ਕੁਝ ਵਾਰਦਾ।
ਰਸੀਆ ਬਾਣੀ ਦਾ, ਨਿਤਨੇਮ ਦਾ ਪ੍ਰੇਮੀ ਵੱਡਾ,
ਪੜ੍ਹੇ ਸੁਣੇ ਬਾਣੀ, ਗਾਵੇ ਜੱਸ ਨਿਰੰਕਾਰ ਦਾ।
ਮਿਠ ਬੋਲੜਾ ਨਿਮਾਣਾ, ਮੰਨੇ ਗੁਰੂ ਜੀ ਦਾ ਭਾਣਾ,
ਸੇਵਾ-ਦਯਾ, ਸਿਮਰਨ 'ਚ ਵਕਤ ਗੁਜ਼ਾਰਦਾ।
ਰਹਿਤ-ਬਹਿਤ ਵਿਚ ਪੂਰਾ, ਸੰਤ ਸਿਪਾਹੀ ਸੂਰਾ,
ਬਖਸ਼ੇ ਕੱਕਾਰ ਪੰਜੇ, ਗੁਰੂ ਜੀ ਦੇ ਧਾਰਦਾ।
ਹੱਕ, ਸੱਚ ਨਿਆਂ ਲਈ ਜਿੰਦ ਜਾਨ ਵਾਰ ਦੇਵੇ,
ਜਾਬਰਾਂ ਤੇ ਜ਼ਾਲਮਾਂ ਨੂੰ, ਅੱਗੋਂ ਲਲਕਾਰਦਾ।
ਔਰਤਾਂ, ਨਿਹੱਥਿਆਂ 'ਤੇ ਕਰਦਾ ਨ੍ਹੀਂ ਵਾਰ ਕਦੇ,
ਭੱਜੇ ਜਾਂਦੇ ਵੈਰੀ ਨੂੰ ਵੀ ਕਦੇ ਨਹੀਂ ਮਾਰਦਾ।

ਦੁਸ਼ਮਨ ਦੀ ਧੀ, ਭੈਣ, ਆਪਣੀ ਹੀ ਕਰ ਜਾਣੇ,
ਮੈਦਾਨੇ ਜੰਗ ਵਿਚ ਸ਼ੇਰਾਂ ਵਾਂਗਰਾਂ ਦਹਾੜਦਾ।
ਬਣਾਵੇ ਨਾ ਗੁਲਾਮ, ਨਾ ਅਧੀਨਗੀ ਕਬੂਲ ਕਰੇ,
ਲੁੱਟ ਖੋਹ ਕਰਦਾ ਨਾ, ਕਿਸੇ ਦੀ ਸਹਾਰਦਾ।
ਕਿਸੇ ਅਬਦਾਲੀ ਵੀ ਝੱਲੀ ਨਹੀਂ ਝਾਲ ਇਹਦੀ,
ਜਿੱਥੋਂ ਵੀ ਲੰਘਿਆ, ਗਿਆ ਮਾਰਾਂ ਮਾਰਦਾ।
ਕ੍ਰਿਤਾਂ ਕਮਾਈਆਂ ਕਰੇ, ਨਾਮ ਜਪੇ, ਵੰਡ ਛਕੇ,
ਲੋੜਵੰਦਾਂ ਦੀਆਂ ਲੋੜਾਂ, ਹਰ ਹੀਲੇ ਸਾਰਦਾ।
ਗੁਰੂ ਦੇ ਨਮਿੱਤ, ਦਸਵੰਧ ਕੱਢੇ ਕਿਰਤ ਵਿਚੋਂ,
ਹੱਥੀਂ ਗੁਰ ਚਰਨੀਂ ਚੜ੍ਹਾਵੇ, ਨਮਸਕਾਰਦਾ।

ਸਾਧ-ਸੰਗਤ, ਪੰਗਤ ਦੀ ਸੇਵਾ ਕਰੇ ਤਨੋ-ਮਨੋ,
ਊਚ-ਨੀਚ ਦਾ ਕੋਈ, ਭੇਦ ਨ੍ਹੀਂ ਵਿਚਾਰਦਾ।
ਅੰਮ੍ਰਿਤ ਵੇਲੇ ਉਠ ਕੇ, ਵਾਹਿਗੁਰੂ ਦਾ ਜਾਪ ਕਰੇ,
ਸਵਾਸ, ਸਵਾਸ ਰਵ੍ਹੇ ਗੁਰੂ ਨੂੰ ਚਿਤਾਰਦਾ।
ਮਨ ਨੀਵਾਂ, ਮੱਤ ਉਚੀ, ਮੰਗੇ ਨਿੱਤ ਗੁਰੂ ਕੋਲੋਂ,
ਕਰਦਾ ਨ੍ਹੀਂ ਲਾਲਚ ਰਾਜ, ਭਾਗ, ਮਾਲਦਾ।

ਸਬਰ, ਸੰਤੋਖ, ਨਾ ਤਿਆਗੇ ਰਾਹ ਬਿਬੇਕ ਵਾਲਾ,
ਪੰਥ ਨਾਲ ਬਹਿ ਕੇ ਹਰ ਮਸਲਾ ਵਿਚਾਰਦਾ।
ਅੰਮ੍ਰਿਤਸਰ ਪਹੁੰਚ, 'ਸਰ' ਦਾ ਇਸ਼ਨਾਨ ਲੋਚੇ,
ਗੁਰੂ ਨੂੰ ਨਿਵਾ ਕੇ ਸੀਸ, ਜਨਮ ਸਵਾਰਦਾ।
ਕਰਮ-ਕਾਂਡਾਂ, ਭਰਮਾਂ ਦੇ ਵਹਿਮਾਂ 'ਚ ਪੈਂਦਾ ਨ੍ਹੀਂ,
ਵਾਹਿਗੁਰੂ ਦੀ ਕਿਰਪਾ, ਦ੍ਰਿਸ਼ਟੀ ਨਿਹਾਰਦਾ।
ਦੁੱਖ-ਸੁਖ, ਸਮ ਕਰ ਜਾਣੇ ਭਾਣਾ ਵਾਹਿਗੁਰੂ ਦਾ,
ਚੜ੍ਹਦੀ ਕਲਾ 'ਚ ਰਵ੍ਹੇ, ਹੌਸਲਾ ਨ੍ਹੀਂ ਹਾਰਦਾ।

ਮੜ੍ਹੀਆਂ, ਮਸਾਣਾਂ ਦੀ, ਨਾ ਪੂਜਾ ਕਰੇ ਬੁੱਤਾਂ ਦੀ,
੧ਓ ਨੂੰ ਧਿਆਵੇ ਸਦਾ, ਨਾਮ ਨਿਰੰਕਾਰਦਾ।
ਹੱਥ ਜੋੜ ਵਾਹਿਗੁਰੂ ਨੂੰ, ਸਰਬੱਤ ਦਾ ਭਲਾ ਮੰਗੇ,
ਮਾਨਸ ਕੀ ਜਾਤ ਸਭੋ, ਸਭ ਨੂੰ ਪਿਆਰਦਾ।
ਤਨ, ਮਨ, ਧਨ ਸਾਰਾ, ਅਰਪ ਦੇਵੇ ਗੁਰੂ ਜੀ ਨੂੰ,
ਅੰਗ-ਸੰਗ ਰਵ੍ਹੇ ਗੁਰੂ ਕਦੇ ਨਹੀਂ ਵਿਸਾਰਦਾ।
ਸਭੋ, ਤੇਜ-ਪਰਤਾਪ, ਰੂਪ, ਆਪਣਾ ਬਖਸ਼ ਦੇਵੇ,
ਪੁੱਤਰਾਂ ਤੋਂ ਵੱਧ ਗੁਰੂ ਖਾਲਸੇ ਨੂੰ ਪਿਆਰਦਾ।

*-ਚੰਨ, ਫੋਨ: 908-788-8427*

# ਫਿਲਮ 'ਨਾਨਕ ਸ਼ਾਹ ਫ਼ਕੀਰ' ਦੇਖਣ ਤੋਂ ਬਾਅਦ...

## ਸਮੀਖਿਆ

**ਸੁਰਿੰਦਰ ਸੋਹਲ**

**ਨਿਊ ਯਾਰਕ:** ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਜਨਮ-ਸਾਖੀਆਂ ਵਿੱਚੋਂ ਕੁਝ ਸਾਖੀਆਂ ਚੁਣ ਕੇ ਬਣਾਈ ਗਈ ਫ਼ਿਲਮ 'ਨਾਨਕ ਸ਼ਾਹ ਫ਼ਕੀਰ' ਨਾਂਹ-ਪੱਖੀ ਅਤੇ ਹਾਂ-ਪੱਖੀ ਵਿਚਾਰਾਂ ਦੇ ਭੰਵਰਾਂ ਅਤੇ ਵਰੋਲਿਆਂ ਦੀ ਲਪੇਟ ਵਿਚ ਹੈ। ਵਿਰੋਧ ਦੇ ਭੰਵਰ ਜ਼ਿਆਦਾ ਤੇਜ਼ ਹਨ। ਇਹ ਹੈ ਵੀ ਸੁਭਾਵਿਕ। ਵਿਸ਼ਾ ਹੀ ਏਨਾ ਸੰਵੇਦਨਸ਼ੀਲ ਹੈ ਕਿ ਅਗਰ ਗੁਲਾਬ ਦੀ ਪੱਤੀ ਵਰਗਾ ਨਾਜ਼ੁਕ ਲਫ਼ਜ਼ ਵੀ ਸਹੀ ਸੰਦਰਭ ਵਿਚ ਨਾ ਵਰਤਿਆ ਜਾਵੇ ਤਾਂ ਸਤਿਕਾਰ, ਸ਼ਰਧਾ, ਵਿਸ਼ਵਾਸ 'ਤੇ ਜ਼ਰਬ ਆਉਣ ਦਾ ਖ਼ਤਰਾ ਬਰਾਬਰ ਬਣਿਆ ਰਹਿੰਦਾ ਹੈ।

ਫ਼ਿਲਮ ਦੀ ਸਮੁੱਚੀ ਕਹਾਣੀ ਨੂੰ ਭਾਈ ਮਰਦਾਨਾ ਦੀ ਦ੍ਰਿਸ਼ਟੀ ਤੋਂ ਦਿਖਾਇਆ ਗਿਆ ਹੈ। ਭਾਈ ਮਰਦਾਨਾ ਸਿੱਖ ਇਤਿਹਾਸ ਵਿਚ ਅਜਿਹੀ ਸ਼ਖ਼ਸੀਅਤ ਵਜੋਂ ਸਨਮਾਨਯੋਗ ਸਥਾਨ ਰੱਖਦੇ ਹਨ, ਜਿਨ੍ਹਾਂ ਨੇ ਸਭ ਤੋਂ ਵੱਧ ਸਮਾਂ ਗੁਰੂ ਨਾਨਕ ਦੇਵ ਜੀ ਨਾਲ ਬਿਤਾਇਆ। ਉਨ੍ਹਾਂ ਨੇ ਗੁਰੂ ਸਾਹਿਬ ਦੀ ਬਾਣੀ ਨੂੰ ਆਪਣੀ ਰਬਾਬ ਦੀਆਂ ਸੁਰਾਂ ਦੇ ਰਸ ਵਿਚ ਡੁਬੋ ਕੇ ਮਾਨਵਤਾ ਦੇ ਕੰਨਾਂ ਵਿਚ ਇਲਾਹੀ ਨਾਦ ਘੋਲਿਆ।

ਪ੍ਰਤੀਕਾਤਮਕ ਰੂਪ ਵਿਚ ਸਮੁੱਚੀ ਫ਼ਿਲਮ 'ਨਾਨਕ ਸ਼ਾਹ ਫਕੀਰ' ਦਾ ਸਾਰੰਸ਼ ਦੇਣਾ ਹੋਵੇ ਤਾਂ-ਇਲਾਹੀ ਬਾਣੀ ਦਾ ਦਰਜਾ ਰੱਖਦੀ ਗੁਰੂ ਸਾਹਿਬ ਦੀ ਬਾਣੀ ਨਾਲ ਪੱਥਰਾਂ ਵਰਗੇ ਹਿਰਦਿਆਂ ਵਿਚ ਪਰਮਾਤਮਾ ਦੇ ਨਾਮ ਦਾ ਪੰਜਾ ਲੱਗਦਾ ਹੈ, ਰੂਹ ਨੂੰ ਲੱਗੇ ਵਿਕਾਰਾਂ ਦੇ ਕੋਹੜ ਦਾ ਨਾਸ਼ ਹੁੰਦਾ ਹੈ, ਸਿੱਧਾਂ ਅੰਦਰ ਘਰ ਕਰ ਗਏ ਹੰਕਾਰ ਦੇ ਪਸ਼ੂਆਂ ਦਾ ਸੰਘਾਰ ਹੁੰਦਾ ਹੈ, ਫੋਕੇ ਕਰਮ-ਕਾਂਡਾਂ ਦਾ ਭਾਂਡਾ ਭੱਜਦਾ ਹੈ ਅਤੇ ਸਾਰੀ ਕਾਇਨਾਤ ਹੀ 'ੴ' ਦੇ ਨਾਦ ਵਿਚ ਵਿਸਮਾਦ ਅਵੱਸਥਾ ਵਿਚ ਵਿਚਰ ਰਹੀ ਪ੍ਰਤੀਤ ਹੁੰਦੀ ਹੈ।


ਪਰ ਫਿਰ ਵੀ ਫ਼ਿਲਮ ਦੇਖਦੇ ਸਮੇਂ ਫ਼ਿਲਮ ਦੇ ਨਿਰਮਾਣ ਨੂੰ ਲੈ ਕੇ ਇਤਰਾਜ਼ ਦਾ ਕੰਡਾ ਦਿਲ ਵਿਚ ਚੁੱਭਦਾ ਰਹਿੰਦਾ ਹੈ। ਇਸ ਦਾ ਕਾਰਨ ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਦੀ ਲੋਅ ਵਿਚ ਸਪੱਸ਼ਟ ਨਜ਼ਰ ਆ ਜਾਂਦਾ ਹੈ, "ਰੰਗ ਮੰਚ ਉਤੇ ਖੇਡਣ ਦੇ ਨੁਕਤੇ ਤੋਂ ਲਿਖੇ ਗਏ ਨਾਟਕਾਂ ਅਤੇ ਫ਼ਿਲਮਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ, ਗੁਰਬਾਣੀ ਅਤੇ ਅਭਿਨੈ ਦਾ ਸੰਜੋਗ ਅਤੇ ਗੁਰਮੁਖਾਂ ਦੇ ਰੂਪ ਪੇਸ਼ ਕਰਨੇ, ਰੂਹਾਨੀ ਖ਼ੁਦਕੁਸ਼ੀ ਸਾਬਿਤ ਹੋਣਗੇ।"

ਪਿਛਲੇ ਦਿਨੀਂ ਫਿਲਮ ਦੀ ਇਕ ਸਕਰੀਨਿੰਗ ਅਤੇ ਪ੍ਰੈਸ ਕਾਨਫਰੰਸ ਹੋਈ। ਫ਼ਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨਾਲ ਗੱਲਬਾਤ ਹੋਈ ਤਾਂ ਕੁਝ ਅਹਿਮ ਗੱਲਾਂ ਸਾਹਮਣੇ ਆਈਆਂ। ਸ. ਸਿੱਕਾ ਮੁਤਾਬਕ ਏਡਾ ਵੱਡਾ ਕਾਰਜ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ, ਨਾ ਹੀ ਉਨ੍ਹਾਂ ਨੇ ਕਦੇ ਇਸ ਤਰ੍ਹਾਂ ਦੇ ਪ੍ਰਾਜੈਕਟ ਬਾਰੇ ਸੋਚਿਆ ਹੀ ਸੀ। ਇਕ ਦਿਨ ਸੁਪਨ-ਅਵੱਸਥਾ ਵਿਚ ਉਨ੍ਹਾਂ ਨੂੰ ਇਲਾਹੀ ਨੂਰ ਦੀ ਝਲਕ ਦਿਖਾਈ ਦਿੱਤੀ। ਉਸ ਛਵੀ ਦੇ ਨਕਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਦੇ-ਜੁਲਦੇ ਸਨ। ਬਸ ਓਹੀ ਇਲਾਹੀ ਨੂਰ ਦੀ ਝਲਕ ਫ਼ਿਲਮ ਦੀ ਪ੍ਰੇਰਨਾ ਬਣੀ।

ਕਿਸੇ ਨੇ ਸਵਾਲ ਕੀਤਾ-ਸਿੱਕਾ ਜੀ, ਕੀ ਤੁਹਾਡੀ ਫ਼ਿਲਮ ਦੇ ਪਿੱਛੇ ਫ਼ਿਲਮ 'ਚਾਰ ਸਾਹਿਬਜ਼ਾਦੇ' ਦੀ ਸਫ਼ਲਤਾ ਦੀ ਚਮਕ ਤਾਂ ਨਹੀਂ? ਸਿੱਕਾ ਸਾਹਿਬ ਦਾ ਕਹਿਣਾ ਸੀ-ਉਹ ਫ਼ਿਲਮ ਕਮੱਰਸ਼ੀਅਲ ਐਂਗਲ ਤੋਂ ਬਣਾਈ ਗਈ ਸੀ, ਇਹ ਫ਼ਿਲਮ ਨਿਸ਼ਕਾਮ ਸੇਵਾ ਦੀ ਭਾਵਨਾ ਨਾਲ ਬਣਾਈ ਗਈ ਹੈ। ਇਸ ਫ਼ਿਲਮ ਦੀ ਕਮਾਈ ਬਿਨਾਂ ਕਿਸੇ ਜ਼ਾਤੀ ਭੇਦ-ਭਾਵ ਦੇ ਲੋੜਵੰਦਾਂ ਨੂੰ ਵੰਡ ਦਿੱਤੀ ਜਾਵੇਗੀ।

ਫ਼ਿਲਮ 'ਨਾਨਕ ਸ਼ਾਹ ਫ਼ਕੀਰ' ਵਿਚ ਕੈਮਰੇ ਦੀ ਅੱਖ ਨੂੰ ਭਾਈ ਮਰਦਾਨਾ ਦੀ ਅੱਖ ਵਜੋਂ ਵਰਤਣ ਦਾ ਯਤਨ ਕੀਤਾ ਗਿਆ ਹੈ। ਭਾਈ ਮਰਦਾਨਾ ਦਾ ਰੋਲ ਕਰਨ ਵਾਲਾ ਐਕਟਰ ਆਰਿਫ਼ ਜ਼ਕਰੀਆ ਇਸ ਸਕਰੀਨਿੰਗ ਮੌਕੇ ਮੌਜੂਦ ਸੀ। ਉਸ ਦਾ ਕਹਿਣਾ ਸੀ-ਮੈਂ ਇਸ ਯਾਤਰਾ 'ਚ ਸੱਚਮੁੱਚ ਕੋਈ ਵਿਲੱਖਣ ਯਾਤਰਾ ਕੀਤੀ ਮਹਿਸੂਸ ਕਰਦਾ ਹਾਂ।

ਸੋਚਣ ਵਾਲੀ ਗੱਲ ਇਹ ਹੈ ਕਿ ਭਾਈ ਮਰਦਾਨਾ ਨੇ ਜ਼ਿੰਦਗੀ ਦਾ ਵੱਡਾ ਹਿੱਸਾ ਗੁਰੂ ਨਾਨਕ ਦੇਵ ਜੀ ਨਾਲ ਕੁਦਰਤੀ ਅਤੇ ਪੈਗੰਬਰੀ ਜਲਵਿਆਂ ਨੂੰ ਮਾਣਦਿਆਂ ਬਿਤਾਇਆ। ਇਕ ਪੈਗੰਬਰ ਨਾਲ ਰਹਿ ਕੇ ਆਤਮਕ ਤੌਰ 'ਤੇ ਭਾਈ ਮਰਦਾਨਾ ਕਿੰਨੀ ਉਚ-ਅਵੱਸਥਾ ਦੇ ਧਾਰਨੀ ਹੋ ਗਏ ਹੋਣਗੇ, ਉਸ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਸ ਸ਼ਖ਼ਸੀਅਤ ਦੀ ਬਾਹਰੀ ਦਿਖ ਅਤੇ ਅੰਦਰੂਨੀ ਬੁਲੰਦੀ ਨੂੰ ਐਕਟਰ (ਭਾਵੇਂ ਉਹ ਕਿੰਨੀ ਵੀ ਪ੍ਰਤਿਭਾ ਦਾ ਮਾਲਕ ਕਿਉਂ ਨਾ ਹੋਵੇ) ਕਿੰਨੀ ਕੁ ਸਫ਼ਲਤਾ ਨਾਲ ਨਿਭਾ ਸਕਦਾ ਹੈ? ਪਹਿਲੀ ਗੱਲ ਤਾਂ ਇਹ ਕਿ ਕਿਸੇ ਵੀ ਐਕਟਰ ਨੂੰ ਭਾਈ ਮਰਦਾਨਾ ਜੀ ਦਾ ਕਦ, ਬੁਲੰਦੀ ਅਤੇ ਮਾਨਸਿਕ-ਅਵੱਸਥਾ ਦੀ ਉਚਾਈ ਦੇ ਸਾਹਮਣੇ ਆਪਣੀ ਹੋਂਦ ਦਾ ਅਹਿਸਾਸ ਕਰਦੇ ਹੋਏ ਕਿਰਦਾਰ ਨਿਭਾਉਣ ਦੀ ਹਾਮੀ ਭਰਨੀ ਹੀ ਨਹੀਂ ਸੀ ਚਾਹੀਦੀ।




ਫ਼ਿਲਮ ਵਿਚ ਭਾਈ ਮਰਦਾਨੇ ਜੀ ਦਾ ਰੋਲ ਕਰਨ ਵਾਲੇ ਆਰਿਫ਼ ਜ਼ਕਰੀਆ



ਫ਼ਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ।

ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਸਿੱਕਾ ਜੀ ਦਾ ਕਹਿਣਾ ਸੀ-ਗੁਰੂ ਸਾਹਿਬ ਨੂੰ ਅਸੀਂ ਕੰਪਿਊਟਰ ਗ੍ਰਾਫ਼ਿਕਸ ਦੀ ਮਦਦ ਨਾਲ ਸਿਰਫ਼ ਰੌਸ਼ਨੀ ਦੇ ਰੂਪ ਵਿਚ ਪਿਛਾੜੀ ਤੋਂ ਹੀ ਵਿਖਾਇਆ ਹੈ, ਪਰ ਉਨ੍ਹਾਂ ਦੀ ਇਹ ਗੱਲ ਸਿਰਫ਼ ਪੈਰ ਟਿਕਾਉਣਾ ਹੀ ਸਾਬਿਤ ਹੋਈ, ਬੈਠਣ ਦਾ ਹੀਲਾ ਉਨ੍ਹਾਂ ਨੇ ਆਪੇ ਕਰ ਲਿਆ। ਫ਼ਿਲਮ ਵਿਚ ਦਿਖਾਏ ਗਏ ਗੁਰੂ ਸਾਹਿਬ ਦਾ ਰੂਪ ਗ੍ਰਾਫ਼ਿਕਸ ਘੱਟ, ਵਿਅਕਤੀ ਦੁਆਰਾ ਕੀਤਾ ਗਿਆ ਵੱਧ ਲੱਗਿਆ, ਜਿਸ ਨੂੰ ਕੰਪਿਊਟਰੀ ਜੁਗਤਾਂ ਰਾਹੀਂ ਫੇਡ ਕੀਤਾ ਗਿਆ ਜਾਪਦਾ ਹੈ। ਫਿਰ ਸੰਵਾਦ ਬੋਲਦੇ ਵੀ ਦਿਖਾਇਆ ਗਿਆ ਹੈ।

ਰੱਬੀ ਗੁਣਾਂ ਨਾਲ ਵਰੋਸਾਏ ਗੁਰੂ ਸਾਹਿਬ ਦੇ ਅਕਸ਼ ਅਤੇ ਉਨ੍ਹਾਂ ਦੇ ਰਹੱਸਮਈ ਪੈਗ਼ੰਬਰੀ ਬੋਲਾਂ ਨੂੰ ਮਨੁੱਖੀ ਯਤਨ ਅਤੇ ਮਨੁੱਖ ਦਾ ਬਣਾਇਆ ਕੈਮਰਾ ਕਿੰਨਾ ਕੁ ਪਕੜ ਸਕਦਾ ਹੈ? ਪੈਗ਼ੰਬਰੀ ਰੂਹਾਂ ਖ਼ੂਬਸੂਰਤ ਰੂਹਾਨੀ ਓਹਲੇ ਦੀਆਂ ਧਾਰਨੀ ਹੁੰਦੀਆਂ ਹਨ। ਉਨ੍ਹਾਂ ਰੂਹਾਨੀ ਓਹਲਿਆਂ ਨੂੰ ਮਨੁੱਖੀ ਮੱਤ ਨਾਲ ਤਾਰ-ਤਾਰ ਕਰਨ ਦੀ ਕੋਸ਼ਿਸ਼ ਨੂੰ ਹੀ ਸ਼ਾਇਦ ਹਰਿੰਦਰ ਸਿੰਘ ਮਹਿਬੂਬ ਨੇ 'ਰੂਹਾਨੀ ਖ਼ੁਦਕੁਸ਼ੀ' ਦਾ ਨਾਮ ਦਿੱਤਾ ਹੈ।

ਮਾਤਾ ਤ੍ਰਿਪਤਾ, ਬੇਬੇ ਨਾਨਕੀ, ਬੀਬੀ ਸੁਲੱਖਣੀ ਵਰਗੀਆਂ ਬੇਜੋੜ ਸ਼ਖ਼ਸੀਅਤਾਂ ਨੂੰ ਪਰਦੇ 'ਤੇ ਪੇਸ਼ ਕਰਨ ਦਾ ਫ਼ਿਲਮ ਵਾਲਿਆਂ ਨੂੰ ਹੌਸਲਾ ਹੀ ਨਹੀਂ ਸੀ ਕਰਨਾ ਚਾਹੀਦਾ। ਕਲਾ ਦੀ ਦੁਨੀਆਂ ਵਿਚ ਗੱਲ ਕਹਿਣ ਦੇ ਹੋਰ ਬਥੇਰੇ ਤਰੀਕੇ ਨੇ।

ਦਰਸ਼ਕਾਂ ਦੇ ਵਿਚਾਰ ਸਾਧਾਰਨਤਾ ਦੀ ਪੱਧਰ ਪਾਰ ਨਹੀਂ ਕਰ ਸਕੇ। ਕੁਝ ਦਰਸ਼ਕਾਂ ਨੂੰ ਫ਼ਿਲਮ ਦੀ ਤਕਨੀਕ ਬਾਰੇ ਇਤਰਾਜ਼ ਸੀ ਜਾਂ ਗੁਰੂ ਸਾਹਿਬ ਦੇ ਬੱਚੇ ਮੋਨੇ ਕਿਉਂ ਦਿਖਾਏ ਗਏ ਹਨ। ਮੇਰੇ ਖ਼ਿਆਲ ਵਿਚ ਉਨ੍ਹਾਂ ਦਾ ਇਤਰਾਜ਼ ਹੋਣਾ ਇਹ ਚਾਹੀਦਾ ਸੀ ਕਿ ਗੁਰੂ ਸਾਹਿਬ ਦੇ ਬੱਚੇ ਦਿਖਾਏ ਹੀ ਕਿਉਂ ਗਏ ਹਨ!


ਇਕ ਦਰਸ਼ਕ ਦਾ ਕਹਿਣਾ ਸੀ-ਇਸ ਫ਼ਿਲਮ ਨੂੰ ਚੰਗਾ ਕਹਿਣਾ ਵੀ ਮਾੜਾ ਹੈ ਅਤੇ ਮਾੜਾ ਕਹਿਣਾ ਵੀ ਮਾੜਾ, ਚੁੱਪ ਬਿਹਤਰ ਹੈ। ਇਕ ਹੋਰ ਦਰਸ਼ਕ ਨੇ ਗੱਲ ਹੀ ਨਿਬੇੜ ਦਿੱਤੀ-ਦੇਖੋ ਜੀ ਸਿੱਕਾ ਸਾਹਿਬ ਨੇ ਕਿਹਾ ਹੈ ਕਿ ਇਹ ਫ਼ਿਲਮ ਨਾ ਉਨ੍ਹਾਂ ਨੇ ਲਿਖੀ ਹੈ ਨਾ ਬਣਾਈ ਹੈ। ਇਹ ਲਿਖੀ ਵੀ ਗੁਰੂ ਸਾਹਿਬ ਨੇ ਹੈ, ਬਣਾਈ ਵੀ ਗੁਰੂ ਸਾਹਿਬ ਨੇ। ਹੁਣ ਚੰਗਾ ਮਾੜਾ ਵਿਚਾਰ ਦੇਣ ਵੇਲੇ ਤੁਸੀਂ ਆਪ ਸੋਚ ਲਵੋ।

ਇਕ ਦਰਸ਼ਕ ਦਾ ਵਿਚਾਰ ਸੀ ਕਿ ਸਿੱਕਾ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਨੇ ਫ਼ਿਲਮ ਬਣਾਉਣ ਤੋਂ ਪਹਿਲਾਂ ਬਹੁਤ 'ਰਿਸਰਚ' ਕਰਵਾਈ ਸੀ, ਪਰ ਫ਼ਿਲਮ ਦੇਖ ਕੇ ਸਿੱਕਾ ਜੀ ਦਾ ਇਹ ਕਥਨ ਸਹੀ ਨਹੀਂ ਜਾਪਦਾ। ਇਕ ਦਰਸ਼ਕ ਨੇ ਫ਼ਿਲਮ ਦੀ ਤਕਨੀਕ ਪੱਖੋਂ ਬੜੀ ਸਿਫ਼ਤ ਕੀਤੀ ਸੀ।


**ਪੋਸਟ ਸਕ੍ਰਿਪਟ:** ਚਲੋ ਠੀਕ ਹੈ, ਅੱਜ ਦੇ ਦੌਰ ਵਿਚ ਕੰਪਿਊਟਰ, ਬਲਿਊ ਸਕਰੀਨ ਆਦਿ ਨਾਲ ਮਨਚਾਹੇ ਖ਼ੂਬਸੂਰਤ ਸੀਨ ਫ਼ਿਲਮਾਏ ਜਾ ਸਕਦੇ ਹਨ, ਪਰ ਨਿਰੀ ਤਕਨੀਕ ਹੀ ਸਭ ਕੁਝ ਨਹੀਂ ਹੁੰਦੀ, ਫ਼ਿਲਮ ਦਾ ਵਿਸ਼ਾ, ਵਿਸ਼ੇ ਦੀ ਸੰਵੇਦਨਸ਼ੀਲਤਾ ਵੀ ਤਾਂ ਮਹੱਤਵਪੂਰਨ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਸੇ ਸਿਆਣੇ ਦੇ ਬੋਲ ਯਾਦ ਆਉਂਦੇ ਹਨ-ਅਗਰ ਸੋਨੇ ਦੀ ਛੁਰੀ ਹੱਥ ਆ ਜਾਵੇ ਤਾਂ ਉਸ ਨਾਲ ਆਪਣਾ ਢਿੱਡ ਹੀ ਨਹੀਂ ਪਾੜ ਲੈਣਾ ਚਾਹੀਦਾ।

# ਇਨਕਲਾਬ ਜ਼ਿੰਦਾਬਾਦ
## ਫੋਟੋ ਫੀਚਰ


*23 ਮਾਰਚ ਦੇ ਸ਼ਹੀਦਾਂ- ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨਾਲ ਸਬੰਧਤ ਕੁਝ ਤਸਵੀਰਾਂ ਸਾਨੂੰ ਸਾਡੇ ਸਨੇਹੀ ਗੁਲਸ਼ਨ ਸ਼ਰਮਾ (ਗੈਲਵੈਸਟਨ, ਟੈਕਸਸ) ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀਆਂ ਕਰਨ ਹਿਤ ਭੇਜੀਆਂ ਹਨ। ਇਹ ਤਿੰਨੇ ਸੂਰਬੀਰ ਅਤੇ ਉਨ੍ਹਾਂ ਦੇ ਸਾਥੀ ਆਜ਼ਾਦੀ ਦੇ ਸੰਘਰਸ਼ ਦੀਆਂ ਉਹ ਹਸਤੀਆਂ ਹਨ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਨੂੰ ਸਮੁੱਚੀ ਲੋਕਾਈ ਦੀ ਆਜ਼ਾਦੀ ਨਾਲ ਜੋੜ ਕੇ ਚਿਤਵਿਆ ਅਤੇ ਇਸ ਸੰਘਰਸ਼ ਵਿਚ ਆਪਣੇ ਵਿਤ ਮੁਤਾਬਕ ਹਿੱਸਾ ਪਾਇਆ। 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਬੁਲੰਦ ਕਰਨ ਵਾਲੇ ਇਨ੍ਹਾਂ ਨੌਜਵਾਨਾਂ ਨੇ ਹਰ ਪੱਧਰ ਉਤੇ ਅੰਗਰੇਜ਼ ਹਾਕਮਾਂ ਨੂੰ ਹੀ ਨਹੀਂ ਵੰਗਾਰਿਆ, ਸਗੋਂ ਆਜ਼ਾਦੀ ਦੇ ਸੰਘਰਸ਼ ਦੀਆਂ ਚੂਲਾਂ ਢਿੱਲੀਆਂ ਕਰਨ ਵਾਲੇ 'ਆਪਣੇ' ਲੀਡਰਾਂ ਖਿਲਾਫ ਵੀ ਡਟ ਕੇ ਆਵਾਜ਼ ਬੁਲੰਦ ਕੀਤੀ। ਇਸੇ ਕਰ ਕੇ ਅੱਜ ਵੀ ਲੱਖਾਂ-ਕਰੋੜਾਂ ਨੌਜਵਾਨ ਇਨ੍ਹਾਂ ਯੋਧਿਆਂ ਵਲੋਂ ਮਘਾਈ ਚਿਣਗ ਤੋਂ ਉਠ ਖਲੋਣ ਦਾ ਸੇਕ ਲੈ ਰਹੇ ਹਨ। ਇਨ੍ਹਾਂ ਨੌਜਵਾਨਾਂ ਦੀਆਂ ਲਿਖਤਾਂ ਵਿਚੋਂ ਇਨ੍ਹਾਂ ਨੌਜਵਾਨਾਂ ਦਾ ਲੋਕ-ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਹੈ। -ਸੰਪਾਦਕ*



*ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਅੰਤਿਮ ਸੰਸਕਾਰ ਦੀ ਦੁਰਲੱਭ ਫੋਟੋ ਅਤੇ (ਹੇਠਾਂ) ਤਿੰਨਾਂ ਦੀਆਂ ਅਸਲ ਫੋਟੋਆਂ।*



*ਅੰਗਰੇਜ਼ ਹਾਕਮਾਂ ਵਲੋਂ ਫਾਂਸੀ ਲਾਉਣ ਲਈ ਭਗਤ ਸਿੰਘ ਦੇ ਨਾਂ ਜਾਰੀ ਕਾਲੇ ਵਰੰਟ ਦੀ ਕਾਪੀ।*



I hereby certify that the sentence of death passed on Bhagat Singh has been duly executed, and that the said Bhagat Singh was accordingly hanged by the neck till he was dead, at [illegible] the 23rd day of March 1931, and that the body remained suspended for a full hour, and was not taken down until life was ascertained by a medical officer to be extinct; and that no accident, error or other misadventure occurred.

Superintendent of the Jail at

*ਫਾਂਸੀ ਤੋਂ ਬਾਅਦ ਅੰਗਰੇਜ਼ ਅਧਿਕਾਰੀ ਵਲੋਂ ਭਗਤ ਸਿੰਘ ਦੀ ਮੌਤ ਬਾਰੇ ਜਾਰੀ ਕੀਤਾ ਸਰਟੀਫਿਕੇਟ।*









# ਦਰਿਆਈ ਪਾਣੀਆਂ 'ਤੇ ਸਿਆਸਤ

***ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਭਾਵੇਂ ਵਾਰ-ਵਾਰ ਕਹਿ ਰਹੇ ਹਨ ਕਿ ਹਰਿਆਣਾ ਨੂੰ ਇੱਕ ਬੂੰਦ ਵੀ ਹੋਰ ਪਾਣੀ ਨਹੀਂ ਦਿੱਤਾ ਜਾਵੇਗਾ, ਪਰ ਇਹ ਹੁਣ ਰਿਕਾਰਡ ਉੱਤੇ ਆ ਗਿਆ ਹੈ ਕਿ ਬਰਵਾਲਾ ਨਹਿਰ ਰਾਹੀਂ ਹਰਿਆਣਾ ਨੂੰ 450 ਕਿਊਸਿਕ ਪਾਣੀ ਹੋਰ ਦਿੱਤੇ ਜਾਣ ਦੀ ਤਿਆਰੀ ਚੱਲ ਰਹੀ ਹੈ। ਦਰਿਆਈ ਪਾਣੀਆਂ ਦੀ ਵੰਡ ਅਤੇ ਐਸ.ਵਾਈ.ਐਲ. ਨਹਿਰ ਬਾਰੇ ਮਿਲੀ ਹੁਣ ਤੱਕ ਦੀ ਜਾਣਕਾਰੀ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਇਸ ਨਾਜ਼ੁਕ ਮਾਮਲੇ ਉੱਤੇ ਕਾਂਗਰਸ ਨੇ ਜਿੱਥੇ ਪੰਜਾਬ ਨਾਲ ਬੇਇਨਸਾਫੀ ਤੇ ਧੱਕੇਸ਼ਾਹੀ ਕੀਤੀ, ਉਥੇ ਅਕਾਲੀ ਇਸ ਮੁੱਦੇ ਉੱਤੇ ਲੋਕਾਂ ਦੀਆਂ ਭਾਵਨਾਵਾਂ ਤਾਂ ਭੜਕਾਉਂਦੇ ਰਹੇ, ਪਰ ਮੌਕਾ ਆਉਣ ਉੱਤੇ ਹਮੇਸ਼ਾ ਪੰਜਾਬ ਦੇ ਹਿੱਤਾਂ ਵਿਰੁੱਧ ਭੁਗਤਦੇ ਰਹੇ।***

ਪਟਿਆਲਾ ਜ਼ਿਲੇ ਦੇ ਪਿੰਡ ਕਪੂਰੀ ਨੇੜੇ 8 ਅਪਰੈਲ 1982 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਖੁਦ ਟੱਕ ਲਾ ਕੇ ਪੁੱਟਣੀ ਸ਼ੁਰੂ ਕੀਤੀ ਗਈ ਸਤਲੁਜ-ਜਮਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਪੂਰੇ 33 ਸਾਲ ਬੀਤ ਜਾਣ ਤੋਂ ਬਾਅਦ ਵੀ ਮੁਕੰਮਲ ਨਹੀਂ ਹੋਈ, ਪਰ ਅੱਜ ਵੀ ਇਸ ਨੇ ਪੰਜਾਬ ਤੇ ਹਰਿਆਣਾ ਦੀ ਸਿਆਸਤ ਵਿਚ ਹਲਚਲ ਮਚਾਈ ਹੋਈ ਹੈ। ਖਨੌਰੀ ਹੈੱਡ ਤੋਂ ਪਹਿਲਾਂ ਭਾਖੜਾ ਨਹਿਰ ਦੇ ਕਿਨਾਰੇ ਡੇਢ ਫੁੱਟ ਉੱਚੇ ਕੀਤੇ ਜਾਣ ਲਈ ਜੰਗੀ ਪੱਧਰ ਉੱਤੇ ਚੱਲ ਰਹੇ ਕੰਮ ਦੀ ਮੀਡੀਆ ਵਿਚ ਹੋ ਰਹੀ ਚਰਚਾ ਨੇ ਇੱਕ ਵਾਰ ਫਿਰ ਐਸ.ਵਾਈ.ਐਲ. ਨਹਿਰ ਅਤੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਤਿੱਖੀ ਬਹਿਸ ਛੇੜ ਦਿੱਤੀ ਹੈ।

ਪੰਜਾਬ ਤੇ ਹਰਿਆਣਾ ਦਰਮਿਆਨ ਝਗੜੇ ਦਾ ਕਾਰਨ ਬਣੀ ਹੋਈ ਐਸ.ਵਾਈ.ਐਲ. ਨਹਿਰ

**ਜਗਤਾਰ ਸਿੰਘ**
**ਫੋਨ: +91-97797-11201**

ਲਈ ਲੋੜੀਂਦੀ ਜ਼ਮੀਨ ਲੈਣ ਸਬੰਧੀ ਪਹਿਲੇ ਨੋਟੀਫੀਕੇਸ਼ਨ 20 ਫਰਵਰੀ 1978 ਨੂੰ ਜਾਰੀ ਹੋਏ ਸਨ। ਉਸ ਸਮੇਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਹਰਿਆਣੇ ਵਿਚ ਉਸ ਵੇਲੇ ਚੌਧਰੀ ਦੇਵੀ ਲਾਲ ਮੁੱਖ ਮੰਤਰੀ ਸਨ ਤੇ ਉਨ੍ਹਾਂ ਨਾਲ ਬਾਦਲ ਦੇ ਬਹੁਤ ਨੇੜਲੇ ਸਬੰਧ ਸਨ। ਦੋਹਾਂ ਆਗੂਆਂ ਦਾ ਇਹ ਰਿਸ਼ਤਾ ਅਗਲੀ ਪੀੜ੍ਹੀ ਤੱਕ ਵੀ ਨਿਭ ਰਿਹਾ ਹੈ। ਐਸ.ਵਾਈ.ਐਲ. ਨਹਿਰ ਵਾਲੀ ਇਹ ਜ਼ਮੀਨ ਪਟਿਆਲੇ ਜ਼ਿਲੇ ਵਿਚ ਪੈਂਦੀ ਸੀ। ਇਸ ਤੋਂ ਪਹਿਲਾਂ ਹਰਿਆਣੇ ਨੇ ਇਸ ਨਹਿਰ ਦੀ ਖੁਦਾਈ ਲਈ ਲੋੜੀਂਦੇ ਅਮਲੇ ਫੈਲੇ ਲਈ ਇੱਕ ਕਰੋੜ ਰੁਪਏ ਗਿਆਨੀ ਜ਼ੈਲ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ 16 ਨਵੰਬਰ 1976 ਵਿਚ ਪੰਜਾਬ ਨੂੰ ਦਿੱਤੇ ਸਨ। ਇਸ ਤੋਂ ਬਾਅਦ ਬਾਦਲ ਦੇ ਜੂਨ 1978 ਵਿਚ ਪੰਜਾਬ ਦਾ ਦੂਜੀ ਵਾਰੀ ਮੁੱਖ ਮੰਤਰੀ ਬਣਦਿਆਂ ਸਾਰ ਹੀ ਸੂਬਾ ਸਰਕਾਰ ਨੇ 4 ਜੁਲਾਈ 1978 ਨੂੰ ਹਰਿਆਣਾ ਸਰਕਾਰ ਤੋਂ ਆਪਣੇ ਪੱਤਰ ਰਾਹੀਂ ਨਹਿਰ ਦੀ ਉਸਾਰੀ ਸ਼ੁਰੂ ਕਰਾਉਣ ਲਈ ਤਿੰਨ ਕਰੋੜ ਰੁਪਏ ਮੰਗੇ। ਇਸ ਪੱਤਰ ਉੱਤੇ ਅਮਲ ਕਰਦਿਆਂ ਹਰਿਆਣੇ ਨੇ 31 ਮਾਰਚ 1979 ਨੂੰ ਇੱਕ ਕਰੋੜ ਰੁਪਿਆ ਪੰਜਾਬ ਸਰਕਾਰ ਨੂੰ ਹੋਰ ਦਿੱਤਾ।

ਇਸ ਦੌਰਾਨ ਹੀ ਚੌਧਰੀ ਦੇਵੀ ਲਾਲ ਤੇ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਦੀ ਉਸਾਰੀ ਸ਼ੁਰੂ ਕਰਨ ਦੀ ਜਿਹੜੀ ਵਿਉਂਤ ਬਣਾਈ ਸੀ, ਉਸ ਦਾ ਖੁਲਾਸਾ ਕਈ ਸਾਲ ਬਾਅਦ, ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਸ ਲੇਖਕ ਕੋਲ ਕੀਤਾ ਸੀ। ਉਨ੍ਹਾਂ ਅਨੁਸਾਰ, ਬਾਦਲ ਤੇ ਉਨ੍ਹਾਂ ਦੇ ਮਿੱਤਰ ਚੌਧਰੀ ਦੇਵੀ ਲਾਲ ਨੇ ਇਹ ਵਿਉਂਤ ਬਣਾਈ ਸੀ ਕਿ ਇਸ ਨਹਿਰ ਦੇ ਹਰਿਆਣੇ ਵਿਚ ਦਾਖਲ ਹੋਣ ਵਾਲੀ ਥਾਂ ਉੱਤੇ ਖੁਦਾਈ ਦਾ ਅਰੰਭ ਸਾਂਝੇ ਤੌਰ ਉੱਤੇ ਟੱਕ ਲਾ ਕੇ ਕੀਤਾ ਜਾਵੇ। ਇਸ ਮੌਕੇ ਦੋਹਾਂ ਸੂਬਿਆਂ ਦਾ ਸਾਂਝਾ ਸਮਾਗਮ ਵੀ ਉਲੀਕ ਲਿਆ ਗਿਆ ਸੀ। ਖੁਦਾਈ ਦੇ ਕੰਮ ਦਾ ਆਰੰਭ ਸੋਨੇ ਦੀ ਕਹੀ ਨਾਲ ਟੱਕ ਲਾ ਕੇ ਕੀਤਾ ਜਾਣਾ ਸੀ, ਪਰ ਜਦੋਂ ਚੌਧਰੀ ਦੇਵੀ ਲਾਲ ਨੇ ਪਾਰਲੀਮੈਂਟ ਦੇ ਸੈਂਟਰਲ ਹਾਲ ਵਿਚ ਜਥੇਦਾਰ ਟੌਹੜਾ ਨਾਲ ਉਨ੍ਹਾਂ ਦੀ ਸਹਿਮਤੀ ਲੈਣ ਤੇ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਗੱਲ ਕੀਤੀ ਤਾਂ ਉਨ੍ਹਾਂ ਨਾ ਸਿਰਫ ਕੋਰੀ ਨਾਂਹ ਕੀਤੀ, ਬਲਕਿ ਕਿਹਾ ਕਿ ਉਹ ਬਾਦਲ ਨੂੰ ਵੀ ਅਜਿਹਾ ਨਹੀਂ ਕਰਨ ਦੇਣਗੇ। ਜਥੇਦਾਰ ਟੌਹੜਾ ਨੇ ਫੌਰਨ ਬਾਦਲ ਨੂੰ ਸਾਵਧਾਨ ਕਰਦਿਆਂ ਕਿਹਾ ਕਿ ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਲਈ ਘਾਤਕ ਸਿੱਧ ਹੋਵੇਗੀ। ਇਸ ਤੋਂ ਬਾਅਦ ਇਹ ਸਕੀਮ ਛੱਡ ਦਿੱਤੀ ਗਈ। ਇਸ ਨਹਿਰ ਦਾ ਸਾਰਾ ਸਰਵੇਖਣ ਅਤੇ ਮੁਕੰਮਲ ਨਕਸ਼ਾ ਬਾਦਲ ਸਰਕਾਰ ਸਮੇਂ ਬਣ ਗਿਆ ਸੀ, ਪਰ ਖੁਦਾਈ ਇਸ ਲਈ ਨਹੀਂ ਸ਼ੁਰੂ ਹੋ ਸਕੀ ਸੀ, ਕਿਉਂਕਿ ਪੰਜਾਬ ਤੇ ਹਰਿਆਣਾ ਦਰਿਆਈ ਪਾਣੀਆਂ ਦੀ ਵੰਡ ਦੇ ਝਗੜੇ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਚਲੇ ਗਏ ਸਨ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਪਾਣੀਆਂ ਦੀ ਵੰਡ ਬਾਰੇ ਦਿੱਤਾ ਅਵਾਰਡ ਲਾਗੂ ਕਰਾਉਣ ਲਈ ਹਰਿਆਣਾ ਸਰਕਾਰ ਸਭ ਤੋਂ ਪਹਿਲਾਂ ਸੁਪਰੀਮ ਕੋਰਟ ਵਿਚ ਗਈ। ਬਾਅਦ ਵਿਚ ਪੰਜਾਬ ਸਰਕਾਰ ਨੇ ਇਸ ਅਵਾਰਡ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਵਾਰ-ਵਾਰ ਕੀਤਾ ਜਾਂਦਾ ਇਹ ਦਾਅਵਾ ਦਰੁਸਤ ਨਹੀਂ ਹੈ ਕਿ ਦਰਿਆਈ ਪਾਣੀਆਂ ਦੀ ਵੰਡ ਵਿਰੁੱਧ ਪਹਿਲਾਂ ਸੁਪਰੀਮ ਕੋਰਟ ਵਿਚ ਪੰਜਾਬ ਸਰਕਾਰ ਗਈ ਸੀ। ਇਹ ਕੇਸ ਸੁਪਰੀਮ ਕੋਰਟ ਵਿਚੋਂ ਇਸ ਲਈ ਵਾਪਸ ਲਿਆ ਗਿਆ ਕਿਉਂਕਿ ਪੰਜਾਬ, ਹਰਿਆਣਾ ਤੇ ਰਾਜਸਥਾਨ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਬਾਰੇ 1981 ਵਿਚ ਇਕ ਹੋਰ ਸਮਝੌਤਾ ਹੋ ਗਿਆ ਸੀ।

ਐਸ.ਵਾਈ.ਐਲ. ਨਹਿਰ ਦੀ ਉਸਾਰੀ ਦਾ ਕੰਮ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸਮੇਂ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਸ਼ੁਰੂ ਹੋਇਆ ਸੀ। 24 ਜੁਲਾਈ 1985 ਨੂੰ ਹੋਏ ਇਸ ਸਮਝੌਤੇ ਦੀ ਧਾਰਾ 9 ਵਿਚ ਅਕਾਲੀ ਇਹ ਮੰਨ ਕੇ ਆਏ ਕਿ ਨਹਿਰ ਉੱਤੇ ਕੰਮ ਤੁਰੰਤ ਸ਼ੁਰੂ ਕਰਵਾ ਦਿੱਤਾ ਜਾਵੇਗਾ ਅਤੇ 15 ਅਗਸਤ 1986 ਤੱਕ ਮੁਕੰਮਲ ਕਰ ਲਈ ਜਾਵੇਗੀ। ਕਈ ਸਾਲ ਬਾਅਦ ਇਸ ਨਹਿਰ ਦਾ ਕੰਮ ਉਸ ਸਮੇਂ ਰੁਕਿਆ ਸੀ ਜਦੋਂ 90ਵਿਆਂ ਦੇ ਸ਼ੁਰੂ ਵਿਚ ਖਾੜਕੂਆਂ ਨੇ ਇਸ ਪ੍ਰੋਜੈਕਟ ਦੇ ਮੁੱਖ ਇੰਜਨੀਅਰ ਸਮੇਤ ਕਈ ਅਧਿਕਾਰੀਆਂ ਨੂੰ ਮਾਰ ਦਿੱਤਾ ਸੀ। ਨਹਿਰ ਦੀ ਉਸਾਰੀ ਵਿਚ ਲੱਗੇ ਕੁਝ ਪਰਵਾਸੀ ਮਜ਼ਦੂਰ ਵੀ ਮਜਾਤ ਪਿੰਡ ਨੇੜੇ ਮਾਰ ਦਿੱਤੇ ਗਏ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ ਕੰਮ ਦੁਬਾਰਾ ਸ਼ੁਰੂ ਨਹੀਂ ਹੋਇਆ।

4 ਜੂਨ 2004 ਨੂੰ ਸੁਪਰੀਮ ਕੋਰਟ ਵਲੋਂ ਨਹਿਰ ਨੂੰ ਮੁਕੰਮਲ ਕਰਨ ਲਈ ਦਿੱਤੇ ਗਏ ਆਦੇਸ਼ ਤੋਂ ਬਾਅਦ ਕੇਂਦਰ ਸਰਕਾਰ ਨੇ ਇਹ ਕਾਰਜ ਕੇਂਦਰੀ ਲੋਕ ਨਿਰਮਾਣ ਵਿਭਾਗ ਨੂੰ ਸੌਂਪ ਕੇ 15 ਜੁਲਾਈ ਤੱਕ ਕੰਮ ਸ਼ੁਰੂ ਕਰਾਉਣ ਲਈ ਕਹਿ ਦਿੱਤਾ। ਕੇਂਦਰੀ ਜਲ ਕਮਿਸ਼ਨ ਨੂੰ ਪੰਜਾਬ ਤੇ ਹਰਿਆਣਾ ਸਰਕਾਰਾਂ ਸਮੇਤ ਸਾਰੀਆਂ ਸਬੰਧਤ ਧਿਰਾਂ ਵਿਚ ਤਾਲਮੇਲ ਕਰਨ ਦੀ ਜ਼ਿੰਮੇਵਾਰੀ ਦੇ ਦਿੱਤੀ, ਪਰ ਉਸ ਸਮੇਂ ਕਮਾਲ ਦੀ ਰਾਜਸੀ ਜ਼ੁਰਅਤ ਦਿਖਾਉਂਦਿਆਂ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਕੁਰਸੀ ਦਾਅ ਉਤੇ ਲਾ ਕੇ 12 ਜੁਲਾਈ 2004 ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਪੰਜਾਬ ਸਿਰ ਥੋਪੇ ਗਏ ਦਰਿਆਈ ਪਾਣੀਆਂ ਬਾਰੇ ਸਾਰੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਸਰਬਸੰਮਤੀ ਨਾਲ ਪਾਸ ਕਰਾ ਕੇ ਨਹਿਰ ਬਣਾਉਣ ਸਬੰਧੀ ਕੇਂਦਰ ਸਰਕਾਰ ਦੀ ਸਕੀਮ ਉੱਤੇ ਪਾਣੀ ਫੇਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਪਾਣੀਆਂ ਦੇ ਮਾਮਲੇ



ਉੱਤੇ ਸੱਚਮੁੱਚ ਆਪਣਾ ਸਿਆਸੀ ਕਰੀਅਰ ਦਾਅ ਉੱਤੇ ਲਗਾ ਦਿੱਤਾ ਸੀ ਕਿਉਂਕਿ ਉਸ ਨੇ ਇਸ ਨਾਜ਼ੁਕ ਮਾਮਲੇ ਬਾਰੇ ਨਾ ਤਾਂ ਆਪਣੀ ਪਾਰਟੀ ਹਾਈ ਕਮਾਂਡ ਨੂੰ ਭਰੋਸੇ ਵਿਚ ਲਿਆ ਸੀ ਅਤੇ ਨਾ ਹੀ ਪ੍ਰਧਾਨ ਮੰਤਰੀ ਨੂੰ।

ਪੰਜਾਬ ਵਿਧਾਨ ਸਭਾ ਵਿਚ ਉਸ ਵੇਲੇ ਵਿਰੋਧੀ ਧਿਰ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਅਕਾਲੀ ਦਲ ਦੀ ਸਰਕਾਰ ਬਣਦਿਆਂ ਹੀ ਇਸ ਐਕਟ ਦੀ ਪੰਜਵੀਂ ਧਾਰਾ ਖਤਮ ਕੀਤੀ ਜਾਵੇਗੀ, ਕਿਉਂਕਿ ਇਸ ਨਾਲ ਹਰਿਆਣੇ ਤੇ ਰਾਜਸਥਾਨ ਨੂੰ ਜਾ ਰਹੇ ਪਾਣੀ ਉਤੇ ਕਾਨੂੰਨੀ ਮੋਹਰ ਲੱਗ ਗਈ ਹੈ, ਪਰ ਇਹ ਧਾਰਾ ਅੱਜ ਤੱਕ ਰੱਦ ਨਹੀਂ ਹੋਈ। ਇਹ ਮਾਮਲਾ ਹੁਣ ਰਾਸ਼ਟਰਪਤੀ ਦੀ ਪ੍ਰਵਾਨਗੀ ਹਿੱਤ ਸੁਪਰੀਮ ਕੋਰਟ ਵਿਚ ਹੈ। ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਵਿਚ ਕੇਂਦਰ ਦੀ ਵਾਜਪਾਈ ਸਰਕਾਰ ਵਲੋਂ ਇੱਕ ਹੋਰ ਮਹੱਤਵਪੂਰਨ ਫੈਸਲਾ 2002 ਵਿਚ ਕੀਤਾ ਗਿਆ। ਕੇਂਦਰ ਸਰਕਾਰ ਨੇ ਦਰਿਆਈ ਪਾਣੀਆਂ ਦੇ ਅੰਤਰ-ਰਾਜੀ ਝਗੜੇ ਨਿਬੇੜਨ ਲਈ ਬਣੇ 1956 ਦੇ ਕਾਨੂੰਨ ਵਿਚ ਸੋਧ ਕਰ ਕੇ ਇਹ ਵਿਵਸਥਾ ਕਰ ਦਿੱਤੀ ਕਿ ਝਗੜੇ ਵਾਲੇ ਸੂਬਿਆਂ ਵਿਚੋਂ ਕਿਸੇ ਇੱਕ ਦੀ ਬੇਨਤੀ ਦੇ ਆਧਾਰ ਉੱਤੇ ਵੀ ਕੇਂਦਰ ਸਰਕਾਰ ਟ੍ਰਿਬਿਊਨ ਬਣਾ ਸਕਦੀ ਹੈ ਅਤੇ ਇਸ ਟ੍ਰਿਬਿਊਨਲ ਦਾ ਫੈਸਲਾ ਸੁਪਰੀਮ ਕੋਰਟ ਦੇ ਫੈਸਲੇ ਦੇ ਬਰਾਬਰ ਮੰਨਿਆ ਜਾਵੇਗਾ, ਭਾਵ ਕਿਧਰੇ ਅਪੀਲ ਵੀ ਨਹੀਂ ਹੋ ਸਕੇਗੀ। ਇਸ ਤੋਂ ਪਹਿਲਾਂ ਝਗੜੇ ਵਾਲੇ ਸਾਰੇ ਸੂਬਿਆਂ ਦੀ ਸਹਿਮਤੀ ਨਾਲ ਹੀ ਟ੍ਰਿਬਿਊਨਲ ਬਣਾਇਆ ਜਾ ਸਕਦਾ ਸੀ ਤੇ ਇਸ ਦੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਸੀ; ਤੇ ਵਾਜਪਾਈ ਸਰਕਾਰ ਵਿਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰਾਂ ਨੇ ਸੂਬਿਆਂ ਦੇ ਹੱਕ ਖੋਹਣ ਵਾਲੀ ਇਸ ਸੋਧ ਦੇ ਹੱਕ ਵਿਚ ਵੋਟ ਪਾਈ ਸੀ।

ਖਨੌਰੀ ਨੇੜੇ ਭਾਖੜਾ ਨਹਿਰ ਦੇ ਕਿਨਾਰੇ ਉੱਚੇ ਚੁੱਕਣ ਦੇ ਪ੍ਰਸੰਗ ਵਿਚ ਹੀ ਹਰਿਆਣੇ ਦੇ ਆਗੂ ਸ਼ਮਸ਼ੇਰ ਸਿੰਘ ਸੁਰਜੇਵਾਲਾ ਨਾਲ ਸੂਬੇ ਦੇ ਸਿੰਜਾਈ ਮੰਤਰੀ ਹੋਣ ਸਮੇਂ ਇਸ ਲੇਖਕ ਦੀ ਹੋਈ ਗੱਲਬਾਤ ਵੀ ਗੌਰਤਲਬ ਹੈ। ਉਸ ਨੇ ਕਿਹਾ ਸੀ ਕਿ ਪੰਜਾਬ ਦੀ ਵਰਤੋਂ ਤੋਂ ਬਾਅਦ ਬਚਿਆ ਹੋਇਆ ਫਾਲਤੂ ਪਾਣੀ ਭਾਖੜਾ ਨਹਿਰ ਰਾਹੀਂ ਇਸ ਦੇ ਕਿਨਾਰੇ ਉੱਚੇ ਕਰ ਕੇ ਹਰਿਆਣਾ ਨੂੰ ਦਿੱਤਾ ਜਾ ਸਕਦਾ ਹੈ। ਹਰਿਆਣਾ ਸਮੇਂ ਸਮੇਂ ਉੱਤੇ ਇਹ ਪਾਣੀ ਪੰਜਾਬ ਨਾਲ ਹੋਏ ਇੱਕ ਅਲਿਖਤੀ ਸਮਝੌਤੇ ਅਧੀਨ ਚੁੱਪ-ਚੁੱਪੀਤੇ ਲੈਂਦਾ ਵੀ ਰਿਹਾ ਹੈ ਅਤੇ ਇਹ ਸਮਝੌਤਾ ਸਾਲਾਂਬੱਧੀ ਚਲਦਾ ਰਿਹਾ ਹੈ।

1977 ਵਿਚ ਹਰਿਆਣੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਮਿੱਤਰਾਂ ਦੀ ਸਰਕਾਰ ਸੀ ਅਤੇ ਖੁਦ ਅਕਾਲੀ ਦਲ ਕੇਂਦਰ ਦੀ ਜਨਤਾ ਸਰਕਾਰ ਵਿਚ ਭਾਈਵਾਲ ਸੀ। ਹੁਣ ਵੀ ਉਹੋ ਜਿਹੀ ਹੀ ਸਥਿਤੀ ਹੈ, ਬਲਕਿ ਹੁਣ ਤਾਂ ਰਾਜਸਥਾਨ ਵਿਚ ਵੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਸ਼ਾਇਦ ਇਸੇ ਕਰ ਕੇ ਹੀ ਕੇਂਦਰੀ ਰਾਜ ਮੰਤਰੀ ਉਮਾ ਭਾਰਤੀ ਨੇ ਕਿਹਾ ਹੈ ਕਿ ਛੇਤੀ ਹੀ ਤਿੰਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾ ਕੇ ਦਰਿਆਈ ਪਾਣੀਆਂ ਦੇ ਚੱਲ ਰਹੇ ਝਗੜਿਆਂ ਨੂੰ ਨਿਬੇੜਨਗੇ।

ਇਸ ਵੇਲੇ ਸਭ ਤੋਂ ਮਹੱਤਵਪੂਰਨ ਮਾਮਲਾ ਭਾਖੜਾ ਨਹਿਰ ਦੇ ਜੰਗੀ ਪੱਧਰ ਉੱਤੇ ਉੱਚੇ ਕੀਤੇ ਜਾ ਰਹੇ ਕਿਨਾਰਿਆਂ ਦੇ ਮਕਸਦ ਨੂੰ ਸਮਝਣ ਦਾ ਹੈ। ਇਹ ਕੰਮ ਕਰਵਾ ਰਹੇ ਅਫਸਰਾਂ ਦਾ ਮੰਨਣਾ ਹੈ ਕਿ ਇਸ ਕੰਮ ਲਈ ਸਾਰਾ ਪੈਸਾ ਹਰਿਆਣਾ ਸਰਕਾਰ ਖਰਚ ਰਹੀ ਹੈ। ਇਹ ਗੱਲ ਹਰ ਇੱਕ ਦੇ ਸਮਝੋਂ ਬਾਹਰ ਹੈ ਕਿ ਜੇ ਹਰਿਆਣੇ ਨੂੰ ਫਾਲਤੂ ਪਾਣੀ ਨਹੀਂ ਮਿਲਣਾ, ਤਾਂ ਉਹ ਪੰਜਾਬ ਦੇ ਇਲਾਕੇ ਵਿਚ ਪੈਂਦੀ ਭਾਖੜਾ ਨਹਿਰ ਦੇ ਕਿਨਾਰਿਆਂ ਨੂੰ ਉੱਚਾ ਚੁੱਕਣ ਲਈ ਖਰਚਾ ਕਿਉਂ ਕਰ ਰਿਹਾ ਹੈ?

ਸਤਲੁਜ ਤੇ ਜਮਨਾ ਦਰਿਆਵਾਂ ਵਿਚਕਾਰ ਅਸਲੀ ਲਿੰਕ ਬਰਵਾਲਾ ਨਹਿਰ ਰਾਹੀਂ ਬਣਦਾ ਹੈ ਜਿਹੜੀ ਭਾਖੜਾ ਨਹਿਰ ਨੂੰ ਪੱਛਮੀ ਯਮਨਾ ਨਾਲ ਜੋੜਦੀ ਹੈ। ਇਸ ਨਹਿਰ ਰਾਹੀਂ ਹੀ ਹਰਿਆਣਾ ਵਾਧੂ ਪਾਣੀ ਲੈਣ ਲਈ ਹੀ ਭਾਖੜਾ ਨਹਿਰ ਦੇ ਕਿਨਾਰੇ ਉੱਚੇ ਕੀਤੇ ਜਾ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਭਾਵੇਂ ਵਾਰ-ਵਾਰ ਕਹਿ ਰਹੇ ਹਨ ਕਿ ਹਰਿਆਣਾ ਨੂੰ ਇੱਕ ਬੂੰਦ ਵੀ ਹੋਰ ਪਾਣੀ ਨਹੀਂ ਦਿੱਤਾ ਜਾਵੇਗਾ, ਪਰ ਇਹ ਹੁਣ ਰਿਕਾਰਡ ਉੱਤੇ ਆ ਗਿਆ ਹੈ ਕਿ ਬਰਵਾਲਾ ਨਹਿਰ ਰਾਹੀਂ ਹਰਿਆਣਾ ਨੂੰ 450 ਕਿਊਸਿਕ ਪਾਣੀ ਹੋਰ ਦਿੱਤੇ ਜਾਣ ਦੀ ਤਿਆਰੀ ਚੱਲ ਰਹੀ ਹੈ। ਦਰਿਆਈ ਪਾਣੀਆਂ ਦੀ ਵੰਡ ਅਤੇ ਐਸ.ਵਾਈ.ਐਲ. ਨਹਿਰ ਬਾਰੇ ਮਿਲੀ ਹੁਣ ਤੱਕ ਦੀ ਜਾਣਕਾਰੀ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਇਸ ਨਾਜ਼ੁਕ ਮਾਮਲੇ ਉੱਤੇ ਕਾਂਗਰਸ ਨੇ ਜਿੱਥੇ ਪੰਜਾਬ ਨਾਲ ਬੇਇਨਸਾਫੀ ਤੇ ਧੱਕੇਸ਼ਾਹੀ ਕੀਤੀ, ਉਥੇ ਅਕਾਲੀ ਇਸ ਮੁੱਦੇ ਉੱਤੇ ਲੋਕਾਂ ਦੀਆਂ ਭਾਵਨਾਵਾਂ ਤਾਂ ਭੜਕਾਉਂਦੇ ਰਹੇ, ਪਰ ਮੌਕਾ ਆਉਣ ਉੱਤੇ ਹਮੇਸ਼ਾ ਪੰਜਾਬ ਦੇ ਹਿੱਤਾਂ ਵਿਰੁੱਧ ਭੁਗਤਦੇ ਰਹੇ।

ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ ਇਹ ਨੁਕਤਾ ਵੀ ਗੌਰਤਲਬ ਹੈ ਕਿ ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਨਾ ਤਾਂ ਖਰਚੇ ਦਾ ਕੋਈ ਅਨੁਮਾਨ ਬਣਾਇਆ ਤੇ ਪ੍ਰਵਾਨ ਕਰਾਇਆ ਗਿਆ ਸੀ ਅਤੇ ਨਾ ਹੀ ਕਾਨੂੰਨੀ ਤੌਰ ਉੱਤੇ ਲਾਜ਼ਮੀ, ਵਾਤਾਵਰਨ ਪ੍ਰਭਾਵ ਅਧਿਐਨ ਕਰਵਾਇਆ ਗਿਆ। ਹਰਿਆਣਾ ਦੇ ਬੰਜਰ ਇਲਾਕਿਆਂ ਵਿਚ ਖੇਤੀ ਲਈ ਪਾਣੀ ਪੁੱਜਦਾ ਕਰਨ ਵਾਲੀਆਂ ਨਹਿਰਾਂ ਲਿਫਟ ਸਿਸਟਮ ਉੱਤੇ ਆਧਾਰਤ ਹਨ। ਘੱਗਰ ਦਰਿਆ ਦੇ ਬੇਸਿਨ ਵਿਚ ਪੈਂਦੇ ਇਲਾਕਿਆਂ ਨੂੰ ਛੱਡ ਕੇ ਮੀਂਹ ਦੇ ਪਾਣੀ ਨੂੰ ਵੀ ਕੁਦਰਤੀ ਵਹਾਅ ਨਾ ਹੋਣ ਕਰ ਕੇ ਲਿਫਟ ਕਰ ਕੇ ਹੀ ਨਹਿਰਾਂ ਵਿਚ ਪਾਇਆ ਜਾਂਦਾ ਹੈ। ਇਹ ਮਾਮਲਾ ਵੀ ਵਿਚਾਰਨ ਵਾਲਾ ਹੈ ਕਿ ਇਨ੍ਹਾਂ ਇਕਾਕਿਆਂ ਵਿਚ ਕਣਕ ਤੇ ਝੋਨਾ ਉਗਾਉਣ ਲਈ ਕੀਤਾ ਜਾ ਰਿਹਾ ਐਨਾ ਖਰਚ ਵਾਜਬ ਵੀ ਹੈ, ਕਿਉਂਕਿ ਪੰਜਾਬ ਉੱਤੇ ਤਾਂ ਪਹਿਲਾਂ ਹੀ ਕਣਕ-ਝੋਨਾ ਫਸਲੀ ਚੱਕਰ ਛੱਡ ਕੇ ਹੋਰ ਫਸਲਾਂ ਪੈਦਾ ਕਰਨ ਲਈ ਦਬਾਅ ਪੈ ਰਿਹਾ ਹੈ। ਰਾਜਸਥਾਨ ਵਿਚ ਇੰਦਰਾ ਗਾਂਧੀ ਕਨਾਲ ਸਿਸਟਮ ਅਜੇ ਵੀ ਮੁਕੰਮਲ ਨਹੀਂ ਹੋਇਆ ਅਤੇ ਰਾਜਸਥਾਨ ਫੀਡਰ ਰਾਹੀਂ ਲਿਆ ਜਾਂਦਾ ਬਹੁਤਾ ਪਾਣੀ ਅਜਾਈਂ ਜਾ ਰਿਹਾ ਹੈ।

# ਅੰਬੇਦਕਰ ਦੀ ਵਿਰਾਸਤ

14 ਅਪਰੈਲ ਨੂੰ ਭਾਰਤ ਭਰ ਵਿਚ ਅੰਬੇਦਕਰ ਜਯੰਤੀ ਮਨਾਈ ਗਈ। ਨੇਤਾ ਸੰਸਦ ਭਵਨ ਵਿਚ ਅਤੇ ਹੋਰ ਥਾਂਈਂ ਉਨ੍ਹਾਂ ਦੀਆਂ ਮੂਰਤੀਆਂ 'ਤੇ ਹਾਰ ਚੜ੍ਹਾਉਣ ਲਈ ਲਾਈਨਾਂ 'ਚ ਖੜ੍ਹੇ ਹੋਏ। ਉਨ੍ਹਾਂ ਦੀ ਪ੍ਰਸ਼ੰਸਾ ਵਿਚ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ। ਉਨ੍ਹਾਂ ਦੇ ਨਾਂ 'ਤੇ ਹੋਰ ਟਰੱਸਟ ਬਣਾਏ ਗਏ। ਇਹ ਇਸ ਲਈ ਵੀ ਕੀਤਾ ਜਾ ਰਿਹਾ ਹੈ ਕਿਉਂਕਿ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਇਹ ਨੇਤਾ ਦਲਿਤ ਵੋਟ ਬੈਂਕ ਖਿੱਚਣਾ ਚਾਹੁੰਦੇ ਹਨ।

ਸਵਾਲ ਹੈ ਕਿ, ਕੀ ਜਾਤ, ਧਰਮ,

**ਪੂਨਮ ਆਈ. ਕੌਸ਼ਿਸ਼**

ਸਿਆਸਤ ਅਤੇ ਵਿਚਾਰਕ ਆਧਾਰਾਂ 'ਤੇ ਵੰਡੇ ਨੇਤਾ ਜਿਨ੍ਹਾਂ ਵਿਚ ਭਾਰਤ ਦੇ ਭਵਿੱਖ ਨੂੰ ਲੈ ਕੇ ਕੋਈ ਨਜ਼ਰੀਆ ਨਹੀਂ ਹੈ, ਅਸਲ ਵਿਚ ਅੰਬੇਦਕਰ ਦੀ ਇਸ ਵਿਚਾਰਧਾਰਾ 'ਤੇ ਯਕੀਨ ਕਰਦੇ ਹਨ? ਉਨ੍ਹਾਂ ਕਿਹਾ ਸੀ- "ਮੈਂ ਉਸ ਧਰਮ 'ਚ ਯਕੀਨ ਕਰਦਾ ਹਾਂ ਜੋ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਸਿੱਖਿਆ ਦਿੰਦਾ ਹੈ ਅਤੇ ਅਜਿਹੇ ਸੰਵਿਧਾਨ 'ਚ ਯਕੀਨ ਕਰਦਾ ਹਾਂ ਜੋ ਪ੍ਰਭੂਸੱਤਾ ਸੰਪੰਨ ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰਿਕ ਤੰਤਰ ਵਜੋਂ ਜੋੜਦਾ ਹੈ ਅਤੇ ਵਿਅਕਤੀ ਦੇ ਵੱਕਾਰ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਯਕੀਨੀ ਬਣਾਉਂਦਾ ਹੈ।"

ਜ਼ਾਹਿਰ ਹੈ ਕਿ ਇਹ ਨੇਤਾ ਇਸ ਵਿਚਾਰਧਾਰਾ ਵਿਚ ਯਕੀਨ ਨਹੀਂ ਰੱਖਦੇ। ਇਸ ਦੀ ਪਹਿਲੀ ਮਿਸਾਲ ਸੰਵਿਧਾਨ ਦੀ ਧਾਰਾ 44 ਹੈ ਜਿਸ ਵਿਚ ਕਿਹਾ ਗਿਆ ਹੈ ਕਿ ਰਾਜ ਭਾਰਤ ਦੇ ਸਮੁੱਚੇ ਜ਼ਮੀਨੀ ਹਿੱਸੇ 'ਚ ਇਕਸਾਰ ਸਿਵਲ ਕੋਡ ਬਣਾਉਣ ਦੀ ਕੋਸ਼ਿਸ਼ ਕਰੇਗਾ। ਭਾਜਪਾ ਇਸ ਦਾ ਸਮਰਥਨ ਕਰਦੀ ਹੈ ਕਿਉਂਕਿ ਇਕ ਪਾਰਟੀ ਵਜੋਂ ਉਸ ਦਾ ਮੰਨਣਾ ਹੈ ਕਿ ਵਿਚਾਰਧਾਰਾ ਦੇ ਆਧਾਰ 'ਤੇ ਆਪਾ-ਵਿਰੋਧਾਂ ਨੂੰ ਦੂਰ ਕਰਕੇ ਕੌਮੀ ਏਕਤਾ ਕਾਇਮ ਕਰਨ 'ਚ ਮਦਦ ਮਿਲੇਗੀ। ਅਖੌਤੀ ਧਰਮ ਨਿਰਪੱਖ ਪਾਰਟੀਆਂ ਇਸ ਆਧਾਰ 'ਤੇ ਇਕਸਾਰ ਸਿਵਲ ਕੋਡ ਦਾ ਵਿਰੋਧ ਕਰਦੀਆਂ ਹਨ ਕਿ ਅਜਿਹਾ ਕਰਨ ਨਾਲ ਲੋਕਾਂ ਦੀ ਧਾਰਮਿਕ ਆਜ਼ਾਦੀ ਅਤੇ ਵੱਖ-ਵੱਖ ਧਾਰਮਿਕ ਸਮੂਹਾਂ ਦੇ ਨਿੱਜੀ ਕਾਨੂੰਨਾਂ ਵਿਚ ਦਖ਼ਲਅੰਦਾਜ਼ੀ ਹੋਵੇਗੀ।

ਅੰਬੇਦਕਰ ਇਕਸਾਰ ਸਿਵਲ ਕੋਡ ਦੇ ਹਮਾਇਤੀ ਸਨ। ਉਨ੍ਹਾਂ ਅਨੁਸਾਰ ਧਾਰਮਿਕ ਅਤੇ ਨਿੱਜੀ ਕਾਨੂੰਨਾਂ ਲਈ ਸਭਿਅਕ ਸਮਾਜ 'ਚ ਕੋਈ ਥਾਂ ਨਹੀਂ ਅਤੇ ਇਨ੍ਹਾਂ ਨੂੰ ਕਿਸੇ ਬੰਦੇ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਿਉਂ ਮੰਨਿਆ ਜਾਵੇ? ਜਾਂ ਇਸ ਨੂੰ ਘੱਟਗਿਣਤੀ ਵਿਰੋਧੀ ਕਿਉਂ ਮੰਨਿਆ ਜਾਣਾ ਚਾਹੀਦਾ ਹੈ? ਸੰਵਿਧਾਨ ਵਿਚ ਧਾਰਾ-35 (ਹੁਣ ਧਾਰਾ-44) 'ਤੇ ਚਰਚਾ ਦੌਰਾਨ 3 ਨਵੰਬਰ 1948 ਨੂੰ ਉਨ੍ਹਾਂ ਕਿਹਾ ਸੀ ਕਿ ਪੂਰੇ ਭਾਰਤ ਵਿਚ ਮੁਸਲਿਮ ਪਰਸਨਲ ਲਾਅ, ਭਾਵ ਕਾਨੂੰਨ ਇਕੋ ਜਿਹੇ ਨਹੀਂ ਹਨ, ਜਿਵੇਂ ਮੁਸਲਿਮ ਮੈਂਬਰਾਂ ਵਲੋਂ ਪੇਸ਼ ਕੀਤੀਆਂ ਗਈਆਂ ਸੋਧਾਂ 'ਚ ਕਿਹਾ ਜਾ ਰਿਹਾ ਹੈ।

ਅੱਜ ਦੇ ਸਿਆਸੀ ਮਾਹੌਲ 'ਚ ਜਿਥੇ ਸੌੜੇ ਨਿੱਜੀ ਅਤੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਧਰਮ ਨੂੰ ਜਾਣਬੁੱਝ ਕੇ ਵਿਗਾੜਿਆ ਜਾ ਰਿਹਾ ਹੈ, ਉਥੇ ਹੀ ਇਸ ਦਾ ਸਰੋਕਾਰ ਪੂਰੀ ਤਰ੍ਹਾਂ ਵੋਟ ਬੈਂਕ ਦੀ ਸਿਆਸਤ ਨਾਲ ਹੈ ਜਿਸ ਕਾਰਨ ਰਾਮ ਅਤੇ ਰਹੀਮ ਨੂੰ ਸਿਰਫ ਚੋਣ ਮੁੱਦੇ ਬਣਾ ਦਿੱਤਾ ਗਿਆ ਹੈ। ਕੀ ਇਸ ਨਾਲ ਅੰਬੇਦਕਰ ਫਿਰਕੂ ਜਾਂ ਹਿੰਦੂ ਕੱਟੜਵਾਦੀ ਬਣ ਜਾਂਦੇ ਹਨ?

ਨੇਤਾ ਭੁੱਲ ਗਏ ਹਨ ਕਿ ਸੰਵਿਧਾਨ ਦਾ ਨਿਰਮਾਣ ਸਾਡੇ ਮਹਾਨ ਆਗੂਆਂ ਨੇ ਕੀਤਾ ਸੀ ਅਤੇ ਇਸ ਦੀ ਧਾਰਾ 'ਤੇ ਚੋਟੀ ਦੇ ਕਾਨੂੰਨ ਮਾਹਿਰਾਂ ਨੇ ਬਹਿਸ ਤੇ ਚਰਚਾ ਕੀਤੀ ਤੇ ਫਿਰ ਇਹ ਯਕੀਨੀ ਬਣਾਇਆ ਕਿ ਦੇਸ਼ ਦਾ ਧਰਮ ਨਿਰਪੱਖ ਤਾਣਾ-ਬਾਣਾ ਬਣਿਆ ਰਹੇ। ਕੀ ਅੱਜ ਦੇ ਨੇਤਾ ਖੁਦ ਨੂੰ ਸਹੀ ਅਰਥਾਂ 'ਚ ਧਰਮ ਨਿਰਪੱਖ ਕਹਿ ਸਕਦੇ ਹਨ, ਕਿਉਂਕਿ ਉਹ ਮੌਕੇ ਦੇ ਹਿਸਾਬ ਨਾਲ ਧਰਮ ਨਿਰਪੱਖ ਤੇ ਫਿਰਕੂ ਬਣ ਜਾਂਦੇ ਹਨ? ਨਾਲ ਹੀ ਇਕਸਾਰ ਸਿਵਲ ਕੋਡ ਨੂੰ ਘੱਟਗਿਣਤੀ ਵਿਰੋਧੀ ਕਿਉਂ ਮੰਨਿਆ ਜਾਵੇ? ਜੇ ਹਿੰਦੂ ਪਰਸਨਲ ਕਾਨੂੰਨ 'ਚ ਸੋਧ ਕੀਤੀ ਜਾ ਸਕਦੀ ਹੈ ਅਤੇ ਈਸਾਈਆਂ ਦੀਆਂ ਰਵਾਇਤਾਂ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਜਾ ਸਕਦਾ ਹੈ ਤਾਂ ਫਿਰ ਦੇਸ਼ ਦੀ ਧਰਮ ਨਿਰਪੱਖਤਾ ਲਈ ਮੁਸਲਿਮ ਪਰਸਨਲ ਕਾਨੂੰਨ ਨੂੰ ਉਲੰਘਣਾਯੋਗ ਕਿਉਂ ਮੰਨਿਆ ਜਾਵੇ? ਬਦਕਿਸਮਤੀ ਨਾਲ ਧਾਰਾ 44 'ਮਰ ਚੁੱਕੀ' ਧਾਰਾ ਬਣ ਗਈ ਹੈ। ਹਿੰਦੂ ਤੇ ਮੁਸਲਿਮ ਕਾਨੂੰਨਾਂ 'ਚ ਬਹੁਤ ਸੁਧਾਰ ਦੀ ਗੁੰਜਾਇਸ਼ ਹੈ ਤੇ ਦੋਹਾਂ ਧਰਮਾਂ ਦੇ ਲੋਕਾਂ ਨੂੰ ਕੱਟੜਵਾਦੀਆਂ ਵਲੋਂ ਗੁੰਮਰਾਹ ਕੀਤਾ ਜਾ ਰਿਹਾ ਹੈ। ਹਾਲਤ ਇਹ ਬਣ ਗਈ ਹੈ ਕਿ ਪੜ੍ਹਿਆ-ਲਿਖਿਆ ਵਰਗ ਵੀ ਹਿੰਦੂ ਤੇ ਮੁਸਲਿਮ ਕੱਟੜਵਾਦੀਆਂ ਦੀ ਭਾਸ਼ਾ ਬੋਲਣ ਲੱਗਾ ਹੈ। ਇਸ 'ਤੇ ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਧਰਮ ਖ਼ਤਰੇ 'ਚ ਹੈ। ਕੀ ਉਨ੍ਹਾਂ ਨੂੰ ਇਕਸਾਰ ਸਿਵਲ ਕੋਡ ਵਾਲੇ ਅੰਬੇਦਕਰ ਦੇ ਮੱਧ ਮਾਰਗ (ਵਿਚਕਾਰਲੇ ਰਾਹ) ਦਾ ਸਮਰਥਨ ਨਹੀਂ ਕਰਨਾ ਚਾਹੀਦਾ?

ਇਸ ਤੋਂ ਇਲਾਵਾ ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ ਕਿ ਡਾ. ਅੰਬੇਦਕਰ ਨੇ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ-370 ਦਾ ਵਿਰੋਧ ਕੀਤਾ ਸੀ ਤੇ ਸੰਵਿਧਾਨ 'ਚ ਇਸ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਰੱਖਿਆ ਗਿਆ ਸੀ। ਕੀ ਭਾਰਤੀ ਨੇਤਾ ਅੰਬੇਦਕਰ ਦੀ ਵਿਰਾਸਤ ਨੂੰ ਅੱਗੇ ਲਿਜਾਣ ਲਈ ਤਿਆਰ ਹਨ? ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਇਹ ਨੇਤਾ ਵੱਖ-ਵੱਖ ਵਾਅਦਿਆਂ ਤੋਂ ਦੂਰ ਰਹਿ ਕੇ ਅਸਲੀ ਧਰਮ ਨਿਰਪੱਖਤਾ ਨੂੰ ਅਪਣਾਉਂਦੇ ਹਨ ਜਾਂ ਨਹੀਂ ਪਰ ਅੱਜ ਦੀ ਸਿਆਸੀ, ਸਮਾਜਕ ਅਸਲੀਅਤ ਵਿਚ ਡਾ. ਅੰਬੇਦਕਰ ਦੀ ਇਸ ਚੰਗੀ ਸਲਾਹ ਨੂੰ ਕਲਪਨਾ ਹੀ ਮੰਨਿਆ ਜਾਵੇਗਾ। ਸਮਾਂ ਆ ਗਿਆ ਹੈ ਕਿ ਨੇਤਾ ਉਨ੍ਹਾਂ ਦੀ ਇਸ ਗੱਲ 'ਤੇ ਜ਼ਰੂਰ ਵਿਚਾਰ ਕਰਨ ਕਿ "ਮਨੁੱਖ ਨਾਸ਼ਵਾਨ ਹੈ ਤੇ ਇਸੇ ਤਰ੍ਹਾਂ ਵਿਚਾਰ ਵੀ ਨਾਸ਼ਵਾਨ ਹਨ। ਇਕ ਵਿਚਾਰ ਨੂੰ ਉਸੇ ਤਰ੍ਹਾਂ ਪ੍ਰਚਾਰਤ ਕਰਨ ਦੀ ਲੋੜ ਹੁੰਦੀ ਹੈ, ਜਿਵੇਂ ਪੌਦੇ ਨੂੰ ਪਾਣੀ ਦੇਣ ਦੀ, ਨਹੀਂ ਤਾਂ ਦੋਵੇਂ ਮੁਰਝਾ ਜਾਣਗੇ।"


Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸਾ ਸਿਰਜਣਾ ਦਿਹਾੜੇ
ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

# ਸੂਰਜ ਕੀ ਗਠੜੀ ਖੋਲ੍ਹੀ ਤੋ...

## ਜ਼ਿੰਦਗੀ ਚੈਨਲ ਦੀਆਂ ਕਹਾਣੀਆਂ

Zindagi
JODEY DILON KO

ਕੀਰਤ ਕਾਸ਼ਣੀ

ਜ਼ੀ ਐਂਟਰਟੇਨਮੈਂਟ ਐਂਟਰਪ੍ਰਾਈਜ਼ਜ਼ ਵਲੋਂ ਪਿਛਲੇ ਸਾਲ 23 ਜੂਨ ਨੂੰ ਲਾਂਚ ਕੀਤਾ 'ਜ਼ਿੰਦਗੀ' ਚੈਨਲ ਬਹੁਤ ਵੱਡੀ ਪਰਵਾਜ਼ ਭਰ ਗਿਆ ਹੈ। ਇਸ ਚੈਨਲ ਤੋਂ ਪਾਕਿਸਤਾਨ ਵਿਚ ਬਣੇ ਲੜੀਵਾਰ ਪ੍ਰਸਾਰਤ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਲੜੀਵਾਰਾਂ ਨੂੰ ਲੋਕਾਂ ਨੇ ਬੜਾ ਪਸੰਦ ਕੀਤਾ ਹੈ। ਅਸਲ ਵਿਚ ਇਹ ਲੜੀਵਾਰ ਜ਼ਿੰਦਗੀਆਂ ਦੀਆਂ ਤਲਖ ਹਕੀਕਤਾਂ ਦੇ ਬਹੁਤ ਨੇੜੇ ਹਨ। ਇਨ੍ਹਾਂ ਵਿਚ ਭਾਰਤੀ ਲੜੀਵਾਰਾਂ ਵਾਂਗ ਫਜ਼ੂਲ ਘਸੋੜੀਆਂ ਕਹਾਣੀਆਂ ਨਹੀਂ ਹਨ।


ਇਸ ਚੈਨਲ ਲਈ ਮਾਲਕਾਂ ਨੇ 'ਜੋੜੇ ਦਿਲੋਂ ਕੋ' ਦਾ ਸਲੋਗਨ ਲਾਇਆ ਹੈ। ਇਸ ਦਾ ਮਤਲਬ ਭਾਰਤ ਅਤੇ ਪਾਕਿਸਤਾਨ ਵਿਚ ਰਿਸ਼ਤਿਆਂ ਨੂੰ ਹੋਰ ਨਿੱਘਾ ਕਰਨਾ ਹੈ। ਅੱਜ-ਕੱਲ੍ਹ ਇਸ ਚੈਨਲ ਉਤੇ ਵਕਤ ਨੇ ਕੀਆ ਕਿਆ ਹਸੀਂ ਸਿਤਮ, ਖੇਲ ਕਿਸਮਤ ਦਾ, ਸ਼ਿਕਨ, ਥਕਾਨ, ਰੰਜਿਸ, ਮੇਰੇ ਹਮਨਵਾ, ਮੈਂ ਗੁਨਾਹਗਾਰ ਨਹੀਂ, ਖਵਾਹਸ਼ੇਂ, ਕਭੀ ਆਸ਼ਨਾ ਕਭੀ ਅਜਨਬੀ, ਇਹ ਸਸੁਰਾਲ ਬੇਮਿਸਾਲ, ਸਾਰੇ ਮੌਸਮ ਤੁਮ ਸੇ ਹੀ ਆਦਿ ਲੜੀਵਾਰ ਪੇਸ਼ ਕੀਤੇ ਜਾ ਰਹੇ ਹਨ। 'ਵਕਤ ਨੇ ਕੀਆ...' ਲੜੀਵਾਰ ਭਾਰਤ-ਪਾਕਿਸਤਾਨ ਵੰਡ ਨਾਲ ਸਬੰਧਤ ਹੈ ਅਤੇ ਇਸ ਵੰਡ ਦੀ ਕਹਾਣੀ ਬੜੇ ਮਾਰਮਿਕ ਢੰਗ ਨਾਲ ਬਿਆਨ ਕੀਤੀ ਗਈ ਹੈ। ਇਸ ਵਿਚ ਉਸ ਦੌਰ ਦੀ ਸਿਆਸਤ ਦਾ ਮੂੰਹ ਮੱਥਾ ਵੀ ਖੂਬ ਉਘੜ ਰਿਹਾ ਹੈ। ਇਸ ਲੜੀਵਾਰ ਵਿਚ ਮੁੱਖ ਭੂਮਿਕਾਵਾਂ ਫਵਾਦ ਖਾਨ ਅਤੇ ਸਨਮ ਬਲੋਚ ਦੀਆਂ ਹਨ।

'ਖੇਲ ਕਿਸਮਤ ਕਾ' ਅਜਿਹੀ ਮਾਂ ਦੀ ਕਹਾਣੀ ਹੈ ਜਿਸ ਨੂੰ ਆਪਣੇ ਖਾਵੰਦ ਦੀ ਮੌਤ ਤੋਂ ਬਾਅਦ ਆਪਣੇ ਬੱਚਿਆਂ ਖਾਤਰ ਦੂਜਾ ਵਿਆਹ ਕਰਵਾਉਣਾ ਪੈਂਦਾ ਹੈ। ਇਸ ਸੀਰੀਅਲ ਵਿਚ ਮਾਂ ਅਤੇ ਬੱਚਿਆਂ ਵਿਚਕਾਰ ਤਣਾਅ ਰਾਹੀਂ ਪਾਕਿਸਤਾਨੀ ਸਮਾਜ ਉਤੇ ਤਿੱਖੀਆਂ ਚੋਟਾਂ ਕੀਤੀਆਂ ਗਈਆਂ ਹਨ। ਇਸ ਲੜੀਵਾਰ ਵਿਚ ਮੁੱਖ ਭੂਮਿਕਾ ਯਾਸਿਰਾ ਰਿਜ਼ਵੀ ਨੇ ਨਿਭਾਈ ਹੈ ਜੋ ਪਾਕਿਸਤਾਨ ਦੀ ਬੜੀ ਪ੍ਰਸਿੱਧ ਰੰਗ-ਕਰਮੀ ਹੈ। ਇਸ ਲੜੀਵਾਰ ਦਾ ਮੁਖੜਾ ਗੀਤ 'ਸੂਰਜ ਕੀ ਗਠੜੀ ਖੋਲ੍ਹੀ ਤੋ, ਅੰਦਰ ਰਾਤ ਹੈ ਰੋਤੀ, ਪੱਥਰ ਕੇ ਤਕੀਏ ਪਰ ਸੋਤੇ, ਕਿਸ ਕੇ ਮਨ ਕੇ ਮੋਤੀ' ਬੜਾ ਪਾਪੂਲਰ ਹੋਇਆ ਹੈ।

'ਸ਼ਿਕਨ' ਨਾਂ ਦਾ ਲੜੀਵਾਰ ਪਾਕਿਸਤਾਨ ਵਿਚ 'ਸਿਲਵਟੇਂ' ਨਾਂ ਹੇਠ ਨਸ਼ਰ ਹੋਇਆ ਸੀ। ਇਸ ਵਿਚ ਆਮਨਾ ਸ਼ੇਖ, ਮੀਰਾ ਸੇਠੀ, ਅਦੀਲ ਹੁਸੈਨ ਅਤੇ ਦਾਨਿਆਲ ਰਹੀਲ ਦੀਆਂ ਮੁੱਖ ਭੂਮਿਕਾਵਾਂ ਹਨ। ਅਸਲ ਵਿਚ ਇਹ ਲੜੀਵਾਰ ਦੋ ਭਾਣਾਂ ਨਤਾਸ਼ਾ (ਮੀਰਾ ਸੇਠੀ) ਅਤੇ ਜ਼ੇਬ (ਅਮੀਨਾ ਸ਼ੇਖ) ਵਿਚਕਾਰ ਕਸ਼-ਮਕਸ਼ ਦੀ ਕਹਾਣੀ ਹੈ। ਇਸ ਲੜੀਵਾਰ ਰਾਹੀਂ ਪੱਤਰਕਾਰੀ ਛੱਡ ਕੇ ਅਦਾਕਾਰੀ ਵੱਲ ਆਈ ਮੀਰਾ ਸੇਠੀ ਦਾ ਕਿਰਦਾਰ ਬੜਾ ਜ਼ੋਰਦਾਰ ਹੈ ਅਤੇ ਇਸ ਕਿਰਦਾਰ ਰਾਹੀਂ ਉਸ ਨੇ ਅਦਾਕਾਰੀ ਦੇ ਖੇਤਰ ਵਿਚ ਪੂਰੀ ਪੈਂਠ ਪਾਈ ਹੈ। ਮੀਰਾ ਸੇਠੀ 'ਫਰਾਈਡੇ ਟਾਈਮਜ਼' ਵਾਲੇ ਪੱਤਰਕਾਰ ਨਜਮ ਸੇਠੀ ਦੀ ਧੀ ਹੈ ਅਤੇ ਪਹਿਲਾਂ ਵਾਲ ਸਟਰੀਟ ਜਨਰਲ ਵਿਚ ਕੰਮ ਕਰਦੀ ਸੀ। ਜ਼ੀ ਦੇ ਮਾਲਕ ਸੁਭਾਸ਼ ਚੰਦਰ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਨੂੰ ਲੋਕਾਂ ਨੂੰ ਨੇ ਬਹੁਤ ਹੁੰਗਾਰਾ ਭਰਿਆ ਹੈ ਕਿਉਂਕਿ ਦੋਵਾਂ ਦੇਸ਼ਾਂ ਦੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਸਾਂਝਾਂ ਹਨ। ਹੁਣ ਉਹ ਤੁਰਕੀ, ਇਰਾਨ, ਮਿਸਰ, ਸ੍ਰੀਲੰਕਾ ਅਤੇ ਬੰਗਲਾਦੇਸ਼ ਦੇ ਲੜੀਵਾਰਾਂ ਨੂੰ ਨਸ਼ਰ ਕਰਨ ਦੀ ਯੋਜਨਾ ਬਣਾ ਰਹੇ ਹਨ।



ਯਾਸਿਰਾ ਰਿਜ਼ਵੀ










'ਸ਼ਿਕਨ' ਰਾਹੀਂ ਅਦਾਕਾਰੀ ਵੱਲ ਮੁੜੀ ਪੱਤਰਕਾਰ ਮੀਰਾ ਸੇਠੀ, (ਵਿਚਕਾਰ) 'ਸ਼ਿਕਨ' ਅਤੇ (ਐਨ ਸੱਜੇ) 'ਵਕਤ ਨੇ ਕੀਆ, ਕਿਆ ਹਸੀਂ ਸਿਤਮ' ਦੇ ਪੋਸਟਰ।

# ਕਾਲਕੀ ਦੀ ਕਣਵਾਲੀ ਕਹਾਣੀ

ਅਦਾਕਾਰਾ ਕਾਲਕੀ ਕੋਚਲਿਨ ਅੱਜ-ਕੱਲ੍ਹ 7ਵੇਂ ਆਸਮਾਨ ਉਤੇ ਹੈ। ਉਸ ਦੀ ਫਿਲਮ 'ਮਾਰਗਰੀਟਾ ਵਿਦ ਏ ਸਟਰਾਅ' ਦੀਆਂ ਹਰ ਪਾਸੇ ਧੁੰਮਾਂ ਹਨ। ਇਹ ਫਿਲਮ ਸੋਨਾਲੀ ਬੋਸ ਨੇ ਬਣਾਈ ਹੈ ਅਤੇ ਇਸ ਵਿਚ ਕਾਲਕੀ ਨੇ ਲੈਲਾ ਨਾਮ ਦੀ ਮੁਟਿਆਰ ਦਾ ਕਿਰਦਾਰ ਨਿਭਾਇਆ ਹੈ। ਫਿਲਮ ਦੀ ਕਹਾਣੀ ਇੰਨੀ ਕੁ ਹੈ ਕਿ ਲੈਲਾ ਵ੍ਹੀਲ-ਚੇਅਰ ਉਤੇ ਸਿਮਟੀ ਹੋਈ ਹੈ। ਉਹ ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ ਹੈ ਅਤੇ ਕਵਿਤਾਵਾਂ ਵੀ ਲਿਖਦੀ ਹੈ। ਆਪਣੀ ਹਿੰਮਤ ਸਦਕਾ ਉਸ ਨੂੰ ਨਿਊ ਯਾਰਕ ਯੂਨੀਵਰਸਿਟੀ ਵਿਚ ਦਾਖ਼ਲਾ ਮਿਲ ਜਾਂਦਾ ਹੈ ਅਤੇ ਉਹ ਆਪਣੀ ਮਾਂ ਨਾਲ ਮਨਹਟਨ ਚਲੀ ਜਾਂਦੀ ਹੈ। ਇਸੇ ਦੌਰਾਨ ਉਸ ਦੀ ਨੇੜਤਾ ਇਕ ਸਰਗਰਮ ਕਾਰਕੁਨ ਖਾਨਮ ਨਾਲ ਹੋ ਜਾਂਦੀ ਹੈ ਅਤੇ ਇਸ ਕੁੜੀ ਨਾਲ ਵਿਚਰਦਿਆਂ ਉਸ ਨੂੰ ਆਪਣੀਆਂ ਸਰੀਰਕ ਲੋੜਾਂ ਦਾ ਅਹਿਸਾਸ ਬਹੁਤ ਤੀਬਰਤਾ ਨਾਲ ਹੁੰਦਾ ਹੈ। ਉਹ ਸਰੀਰਕ ਤੌਰ 'ਤੇ ਅਪੰਗ ਹੋਣ ਦੇ ਬਾਵਜੂਦ ਸਰੀਰਕ ਪਿਆਰ ਲੋਚਦੀ ਹੈ।

ਇਸ ਫਿਲਮ ਦਾ ਵਿਸ਼ਾ ਇੰਨਾ ਜ਼ੋਰਦਾਰ ਅਤੇ ਕਾਲਕੀ ਦੀ ਅਦਾਕਾਰੀ ਇੰਨੀ ਦਮਦਾਰ ਹੈ ਕਿ ਆਮਿਰ ਖ਼ਾਨ ਵਰਗਾ ਅਦਾਕਾਰ ਫਿਲਮ ਦੇਖਦੇ ਸਾਰ ਸਿਸਕੀਆਂ ਭਰਨ ਲੱਗ ਪਿਆ। ਅਮਿਤਾਭ ਬਚਨ ਨੇ ਇਸ ਫਿਲਮ ਦਾ ਵਿਸ਼ੇਸ਼ ਸ਼ੋਅ ਦੇਖਣ ਖਾਤਰ ਆਪਣੇ ਹੋਰ ਸਾਰੇ ਕੰਮ ਮੁਲਤਵੀ ਕਰ ਦਿੱਤੇ। ਇਨ੍ਹਾਂ ਦੋਹਾਂ ਅਦਾਕਾਰਾਂ ਨੇ ਇਸ ਫਿਲਮ ਦੀ ਡਾਇਰੈਕਟਰ ਸੋਨਾਲੀ ਬੋਸ ਅਤੇ ਅਦਾਕਾਰਾ ਕਾਲਕੀ ਕੋਚਲਿਨ ਦੀਆਂ ਤਾਰੀਫ਼ਾਂ ਨੇ ਪੁਲ ਬੰਨ੍ਹੇ ਹਨ। ਇਹ ਫਿਲਮ ਕੌਮਾਂਤਰੀ ਫਿਲਮ ਮੇਲਿਆਂ ਵਿਚ ਪਹਿਲਾਂ ਹੀ ਖੂਬ ਧੁੰਮਾਂ ਪਾ ਚੁੱਕੀ ਹੈ ਅਤੇ ਭਾਰਤ ਵਿਚ ਇਹ 17 ਅਪਰੈਲ ਨੂੰ ਰਿਲੀਜ਼ ਹੋ ਗਈ ਹੈ।



ਇਸ ਫਿਲਮ ਤੋਂ ਬਾਅਦ ਕਾਲਕੀ ਕੋਚਲਿਨ ਦੀ ਅਦਾਕਾਰੀ ਬਾਰੇ ਕਹਾਣੀਆਂ ਫਿਰ ਤੁਰ ਪਈਆਂ ਹਨ। 10 ਜਨਵਰੀ 1984 ਨੂੰ ਤਾਮਿਲਨਾਡੂ ਵਿਚ ਜੰਮੀ ਕਾਲਕੀ ਦੀ ਪਹਿਲੀ ਫਿਲਮ 'ਦੇਵ ਡੀ' 2009 ਵਿਚ ਆਈ ਸੀ। ਇਸ ਫਿਲਮ ਲਈ ਉਸ ਨੂੰ ਸਰਵੋਤਮ ਸਹਾਇਕ ਅਦਾਕਾਰਾ ਦਾ ਫਿਲਮਫੇਅਰ ਐਵਾਰਡ ਵੀ ਮਿਲਿਆ। ਕਾਲਕੀ ਦਾ ਪਿਛੋਕੜ ਫਰਾਂਸ ਦਾ ਹੈ। ਉਸ ਦੇ ਪਿਤਾ ਜੋਲ ਕੋਚਲਿਨ ਤੇ ਮਾਂ ਫਰਾਂਸਵਾ ਆਰਬਨ ਨੇ ਪੁਡੂਚੇਰੀ ਵਿਚ ਸ੍ਰੀ ਅਰਵਿੰਦੋ ਆਸ਼ਰਮ ਵਿਚ ਵਿਆਹ ਕਰਵਾਇਆ ਅਤੇ ਫਿਰ ਤਾਮਿਲਨਾਡੂ ਜਾ ਵਸੇ। ਕਾਲਕੀ ਨੇ 'ਸ਼ੰਘਾਈ', 'ਏਕ ਥੀ ਡਾਇਨ', 'ਯਹ ਜਵਾਨੀ ਹੈ ਦੀਵਾਨੀ', 'ਸ਼ੈਤਾਨ' ਵਰਗੀਆਂ ਫਿਲਮਾਂ ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਉਸ ਦੀਆਂ ਦੋ ਹੋਰ ਫਿਲਮ 'ਮੰਤਰਾ' ਅਤੇ 'ਲਵ ਅਫ਼ੇਅਰ' ਰਿਲੀਜ਼ ਹੋ ਰਹੀਆਂ ਹਨ।

# PCS SACRAMENTO

Presents

Non Profit Since 1990 (USA)

26ਵਾਂ

# ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

**Celebration On Saturday 18th April 2015 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

Spcl. Appearance **Bhangra & Gidda**



ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੋਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਛੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੰਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖ਼ਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਬੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੱਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੈਂਪਾਰਾਏ, ਜਸਵੀਰ ਥਾਂਦੀ (World Financial Group), ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਅਟਵਾਲ ਬ੍ਰਦਰਜ਼ (ਮਰਸਿੰਦ) Shaheed Baba Deep Singh Ji Sports Club ਸੁਖਚੈਨ ਸਿੰਘ ਅਤੇ ਕਿਰਨਜੀਤ ਢੱਡਾ।

For More Information Please Contact : Participation: Rashpal Pharwala (916) 880-0531, Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)

ਸਭਨਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਵਿਸਾਖੀ ਦੀ ਲੱਖ ਲੱਖ ਮੁਬਾਰਕ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist


We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.





2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
Asking: $219,000



32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
Asking: $710,000

Coming Soon

1643 Orleans Dr.,
San Jose, CA 95122
Updated 3 bedrooms
2 full bath, Separate
family room, 2 car garage
1283 sq ft living area
Asking: $559000



824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
Asking: $325,000



240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880 sq ft
Asking: $849,000

### JUST SOLD

1. 32535 Karen Ct. Union City, CA 94587
2. 2506 Dry Creek Way Stockton, CA 95206
3. 32469 Monterey Dr., Union City 94587
4. 129 Orchard Park Pl., Hayward, CA 94544
5. 31305 Meadowbrook Ave., Hayward, CA 94544
6. 6560 Rochelle Ave., Newark, CA 94560
7. 6092 Sunstone Dr., San Jose, CA 95123

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095